


**One Stop Solutions: CPA Office**

*Income Tax Returns Preparation *Business and Personal *Income Tax Preparation.

*Setting up New Corporation or LLC, Domestic & Foreign Corps, Non-Profit Organizations.
*Accounting & Book-Keeping Services *Payroll Services.

KESHAV LAL, *Certified Public Accountant*
300 Kimball St., Ste. 204, Woodbridge, NJ 07095
Ph: 732-602-1120 KLALCPA@GMAIL.COM



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



Eighteenth Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 19, May 13, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਮਰਜ਼ ਬੜਤਾ ਗਯਾ ਜਿਉਂ ਜਿਉਂ ਦਵਾ ਕੀ...

## ਪੰਜਾਬ ਵਿਚ ਆਮ ਆਦਮੀ ਪਾਰਟੀ ਅੰਦਰ ਫਿਰ ਕਲੇਸ਼

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਆਮ ਆਦਮੀ ਪਾਰਟੀ ਨੂੰ ਨਿੱਤ ਨਵੇਂ ਵਿਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰੀ ਵਿਰੋਧ ਦੇ ਬਾਵਜੂਦ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਮੁਖੀ ਥਾਪਣ ਪਿੱਛੋਂ ਪਾਰਟੀ ਵਿਚ ਬਾਗੀ ਸੁਰਾਂ ਤਿੱਖੀਆਂ ਹੋ ਗਈਆਂ ਹਨ। ਇਹ ਵੀ ਖੁਲਾਸਾ ਹੋਇਆ ਹੈ ਕਿ ਕੇਜਰੀਵਾਲ ਭਗਵੰਤ ਮਾਨ ਨੂੰ ਕਮਾਨ ਸੌਂਪਣ ਦਾ ਮਨ ਪਹਿਲਾਂ ਹੀ ਬਣਾ ਚੁੱਕੇ ਸਨ ਅਤੇ ਮੀਟਿੰਗ ਤਾਂ ਸਿਰਫ ਰਸਮੀ ਕਾਰਵਾਈ ਹੀ ਸੀ।

ਗੌਰਤਲਬ ਹੈ ਕਿ ਭਗਵੰਤ ਮਾਨ ਉਹ ਸ਼ਖਸ ਹੈ ਜਿਸ ਦਾ ਹਮੇਸ਼ਾ ਵਿਵਾਦਾਂ ਨਾਲ ਵਾਹ-ਵਾਸਤਾ ਰਿਹਾ ਹੈ। ਅਜੇ ਪਿਛਲੇ ਹਫਤੇ ਹੀ ਉਸ ਦੀ ਕਾਂਗਰਸ ਨਾਲ ਰਲਣ ਦੀ ਚਰਚਾ ਚੱਲ ਪਈ ਸੀ। ਉਸ ਦੀਆਂ ਕੁਝ ਕਾਂਗਰਸੀ ਆਗੂਆਂ ਨਾਲ ਮੀਟਿੰਗਾਂ ਬਾਰੇ ਵੀ ਪਤਾ ਲੱਗਾ ਸੀ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹਾਰ ਪਿੱਛੋਂ ਉਸ ਨੇ ਕੇਜਰੀਵਾਲ ਨੂੰ ਖੁੱਲ੍ਹ ਕੇ ਨਿਸ਼ਾਨਾ ਬਣਾਇਆ ਸੀ। ਇਸ ਤੋਂ ਇਲਾਵਾ ਆਪ ਨਾਲ ਜੁੜੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਕੇਜਰੀਵਾਲ ਨੂੰ ਪੱਤਰ ਲਿਖ ਕੇ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਉਣ ਦਾ ਵਿਰੋਧ ਕੀਤਾ ਸੀ। ਇਨ੍ਹਾਂ ਆਗੂਆਂ ਦਾ ਤਰਕ ਸੀ ਕਿ ਪੰਜਾਬ ਚੋਣਾਂ ਦੌਰਾਨ ਮਾਨ ਸਟਾਰ ਪ੍ਰਚਾਰਕ ਸਨ ਤੇ ਲੋਕ ਫਤਵਾ ਉਨ੍ਹਾਂ ਦੇ ਖਿਲਾਫ ਭੁਗਤਿਆ ਹੈ।



### ਭਗਵੰਤ ਮਾਨ ਦੀ ਸ਼ਰਾਬਬੰਦੀ ਬਾਰੇ ਚਰਚਾ

**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਦੇ ਘਰ ਰੱਖੀ ਸਾਂਝੀ ਮੀਟਿੰਗ 'ਚ ਭਗਵੰਤ ਮਾਨ ਦੀ ਸ਼ਰਾਬ ਪੀਣ ਦੀ ਆਦਤ ਬਾਰੇ ਵੀ ਜ਼ਿਕਰ ਕੀਤਾ ਗਿਆ। ਕੇਜਰੀਵਾਲ ਨੇ ਮੀਟਿੰਗ ਵਿਚ ਮੌਜੂਦ ਸਾਰੇ ਅਹੁਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਭਗਵੰਤ ਮਾਨ ਅੱਗੇ ਤੋਂ ਸ਼ਰਾਬ ਨਹੀਂ ਪੀਣਗੇ, ਜੇ ਪੀਣਗੇ ਤਾਂ ਉਨ੍ਹਾਂ ਖਿਲਾਫ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਦੱਸ ਦਈਏ ਕਿ ਪਾਰਟੀ ਦੇ ਸਟਾਰ ਪ੍ਰਚਾਰਕ ਵਜੋਂ ਜਾਣੇ ਜਾਂਦੇ ਭਗਵੰਤ ਮਾਨ ਦੀਆਂ ਕਈ ਅਜਿਹੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਵਿਚ ਉਹ ਨਸ਼ੇ 'ਚ ਟੱਲੀ ਨਜ਼ਰ ਆ ਰਹੇ ਹਨ।

ਪੰਜਾਬ ਚੋਣਾਂ ਤੋਂ ਪਹਿਲਾਂ ਤਾਕਤਵਰ ਤੀਜੀ ਧਿਰ ਵਜੋਂ ਉਭਰਨ ਦੇ ਬਾਵਜੂਦ ਆਮ ਆਦਮੀ ਪਾਰਟੀ ਨੂੰ ਕੁੱਲ 117 ਸੀਟਾਂ ਵਿਚੋਂ ਸਿਰਫ 20 ਸੀਟਾਂ ਪ੍ਰਾਪਤ ਹੋਈਆਂ ਸਨ। ਦੋ ਸੀਟਾਂ ਇਸ ਦੀ ਭਾਈਵਾਲ ਲੋਕ ਇਨਸਾਫ ਪਾਰਟੀ ਨੇ ਜਿੱਤੀ ਸਨ।

*(ਬਾਕੀ ਸਫਾ 6 'ਤੇ)*

# ਆਖਰਕਾਰ ਤੇਤੀ ਸਾਲਾਂ ਪਿਛੋਂ ਮਿਲਿਆ ਨਿਆਂ

## ਜੋਧਪੁਰ ਦੇ ਸਿੱਖਾਂ ਨੂੰ ਮੁਆਵਜ਼ਾ ਦੇਣ ਦੇ ਹੁਕਮ

**ਅੰਮ੍ਰਿਤਸਰ:** ਸ੍ਰੀ ਹਰਮੰਦਿਰ ਸਾਹਿਬ ਵਿਖੇ ਓਪਰੇਸ਼ਨ ਬਲੂ ਸਟਾਰ ਦੌਰਾਨ ਫੜੇ ਗਏ 40 ਸਿੱਖਾਂ ਨੂੰ ਹੁਣ ਅਦਾਲਤ ਨੇ 33 ਵਰ੍ਹਿਆਂ ਬਾਅਦ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਅਦਾਲਤ ਮੁਤਾਬਕ ਇਨ੍ਹਾਂ ਸਾਰਿਆਂ ਨੂੰ ਫੌਜ ਅਤੇ ਪੰਜਾਬ ਪੁਲਿਸ ਨੇ 'ਗੈਰ ਕਾਨੂੰਨੀ' ਹਿਰਾਸਤ ਵਿਚ ਰੱਖਿਆ ਸੀ। ਗੌਰਤਲਬ ਹੈ ਕਿ ਫੌਜ ਅਤੇ ਪੁਲਿਸ ਨੇ ਇਨ੍ਹਾਂ 40 ਸਿੱਖਾਂ ਨੂੰ ਪਹਿਲਾਂ 8 ਦਿਨ ਆਪਣੀ ਹਿਰਾਸਤ ਵਿਚ ਰੱਖਿਆ ਅਤੇ ਅਦਾਲਤ ਵੱਲੋਂ ਛੱਡਣ ਦੇ ਹੁਕਮਾਂ ਦੇ ਬਾਵਜੂਦ, ਫਿਰ ਜੋਧਪੁਰ (ਰਾਜਸਥਾਨ) ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਜੋਧਪੁਰ ਜੇਲ੍ਹ ਕਰ ਕੇ ਇਨ੍ਹਾਂ ਸਿੱਖਾਂ ਦਾ ਨਾਂ 'ਜੋਧਪੁਰੀਏ ਸਿੱਖ' ਪੈ ਗਿਆ ਸੀ।

ਅੰਮ੍ਰਿਤਸਰ ਦੇ ਜ਼ਿਲ੍ਹਾ ਜੱਜ ਗੁਰਬੀਰ ਸਿੰਘ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਹੁਕਮ ਦਿੱਤਾ ਹੈ ਕਿ ਇਨ੍ਹਾਂ 40 ਸਿੱਖਾਂ ਨੂੰ 4-4 ਲੱਖ ਰੁਪਏ ਮੁਆਵਜ਼ੇ ਵਜੋਂ ਦਿੱਤੇ ਜਾਣ। ਅਦਾਲਤ ਨੇ ਇਹ ਫੈਸਲਾ 12 ਅਪਰੈਲ ਨੂੰ ਸੁਣਾਇਆ ਸੀ, ਪਰ ਅੱਜ ਤੱਕ ਇਸ ਦੀ ਸੂਹ ਨਹੀਂ ਸੀ ਨਿਕਲੀ। ਆਪਣੇ ਹੁਕਮਾਂ ਵਿਚ ਅਦਾਲਤ ਨੇ ਕਿਹਾ ਹੈ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਦਾ ਜਿਸ ਤੋਂ ਇਹ ਸਾਬਤ ਹੋਵੇ ਕਿ ਇਨ੍ਹਾਂ ਬੰਦਿਆਂ ਨੇ ਫੌਜੀਆਂ 'ਤੇ ਕੋਈ ਹਮਲਾ ਵਗੈਰਾ ਕੀਤਾ ਹੋਵੇ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਸਾਰੇ ਜਣਿਆਂ ਨੂੰ ਹੁਣ ਤੱਕ 4-4 ਲੱਖ ਰੁਪਏ ਉਤੇ 6 ਫੀਸਦੀ ਸਾਲਾਨਾ ਦੇ ਹਿਸਾਬ ਵਿਆਜ ਵੀ



ਦਿੱਤਾ ਜਾਵੇ। ਇਨ੍ਹਾਂ ਸਿੱਖਾਂ ਵੱਲੋਂ ਅਦਾਲਤ ਵਿਚ ਪਾਈ ਪਟੀਸ਼ਨ ਮੁਤਾਬਕ, ਉਨ੍ਹਾਂ ਨੂੰ ਓਪਰੇਸ਼ਨ ਬਲੂ ਸਟਾਰ ਦੌਰਾਨ ਹਿਰਾਸਤ ਵਿਚ ਲਿਆ ਗਿਆ ਸੀ। 14 ਜੂਨ ਤੱਕ ਇਨ੍ਹਾਂ ਨੂੰ ਕੇਂਦਰੀ ਵਿਦਿਆਲਾ ਵਿਚ ਬਣਾਈ ਆਰਜ਼ੀ ਜੇਲ੍ਹ ਵਿਚ ਰੱਖਿਆ ਗਿਆ ਅਤੇ ਫਿਰ ਜੋਧਪੁਰ ਭੇਜ ਦਿੱਤਾ ਗਿਆ।

ਇਨ੍ਹਾਂ 40 ਸਿੱਖਾਂ ਵਿਚੋਂ ਇਕ ਹਰਪਾਲ ਸਿੰਘ ਨੇ ਦੱਸਿਆ ਕਿ ਉਸ ਨੂੰ 3 ਜੂਨ 1984 ਨੂੰ ਗੁਰੂ ਰਾਮਦਾਸ ਸਰਾਂ ਵਿਚੋਂ ਫੜਿਆ ਗਿਆ

*(ਬਾਕੀ ਸਫਾ 6 'ਤੇ)*


**Ad space available**
**Please call**
**Ph: 847-359-0756**

**Ghot Pokar Enterprises Inc**
120-19 101 Ave. S. Richmond Hill, NY 11419




We rent black@green CARS at very low rate. All new model cars-Honda, Acura, Toyota Camry, Hybrid, Chrysler and Chevy Sub.

Please Contact: 718-578-2880
Ph: 718-223-3174 or 718-846-0800
Fax: 718-846-0811

# ਸਤਿਗੁਰੂ ਜਗਜੀਤ ਸਿੰਘ ਦੀ ਯਾਦ ਵਿਚ ਸੰਗੀਤ ਸੰਮੇਲਨ

**ਨਿਊ ਯਾਰਕ (ਬਿਊਰੋ):** ਨਾਮਧਾਰੀ ਸੰਗਤ ਨਿਊ ਯਾਰਕ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿਤਰ ਯਾਦ ਵਿਚ ਕਲਾਸੀਕਲ ਸੰਗੀਤ ਸੰਮੇਲਨ ਕਰਵਾਇਆ ਗਿਆ। ਸੰਗਤ ਨੂੰ ਸੰਬੋਧਨ ਕਰਦਿਆਂ ਸ. ਸਰਮੁਖ ਸਿੰਘ ਨੇ ਦੱਸਿਆ ਕਿ ਸੰਗੀਤ ਇਕ ਰੂਹ ਦੀ ਖੁਰਾਕ ਹੈ ਅਤੇ ਸਾਨੂੰ ਸਤਿਗੁਰੂ ਜਗਜੀਤ ਸਿੰਘ ਨੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਕਰਕੇ ਗੁਰਬਾਣੀ ਨੂੰ ਸ਼ੁਧ ਰਾਗਾਂ ਵਿਚ ਗਾਉਣ ਦੀ ਜਾਚ ਦੱਸੀ। ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਪਰੰਤ ਕਾਕਾ ਸੰਤਾ ਸਿੰਘ (ਸਪੁੱਤਰ ਸੁਦਰਸ਼ਨ ਸਿੰਘ) ਨੇ ਰਾਗ ਆਸਾਵਰੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੰਪੋਜ਼ ਕੀਤਾ ਗਿਆਰਾਂ ਮਾਤਰਾ ਵਿਚ ਧਰੁਪਦ ਗਾਇਨ ਕਰਕੇ ਸਾਧ ਸੰਗਤ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਸਮਾਗਮ ਦੇ ਮੁੱਖ ਕਲਾਕਾਰ ਅਭਿਸ਼ੇਕ ਲੈਹਰੀ (ਸਰੋਦ ਵਾਦਕ) ਅਤੇ ਸੁਬਰੱਤਾ ਭੱਟਾਚਾਰੀਆ (ਤਬਲਾ ਵਾਦਕ) ਨੇ



ਉਹ ਜਦੋਂ ਦਿਲਰੁਬਾ ਤੇ ਗਜ ਫੇਰਦੇ, ਪੋਟਿਆਂ ਦੀ ਛੋਹ ਪਾ ਕੇ ਰਾਗਾਂ ਦਾ ਸਰੂਪ ਰੂਪਮਾਨ ਹੋ ਜਾਂਦਾ। ਪ੍ਰੇਮ ਰਸ, ਵੈਰਾਗ ਰਸ, ਭਗਤੀ ਰਸ ਸਾਕਸ਼ਾਤ ਹੋ ਜਾਂਦਾ।

ਕੀਰਤਨ ਸਮੇਂ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਇਸ ਭਾਵੁਕਤਾ ਨਾਲ ਕਰਦੇ ਕਿ ਗੁਰਬਾਣੀ ਦੇ ਭਾਵ ਸਪਸ਼ਟ ਹੋ ਜਾਂਦੇ। ਸੰਗੀਤ, ਗੁਰਬਾਣੀ ਅਤੇ ਸਤਿਗੁਰੂ ਜੀ ਇਕ-ਮਿਕ ਹੋ ਜਾਂਦੇ।

ਸੰਗੀਤ ਸੰਮੇਲਨ ਵਿਚ ਪਹਿਲਾਂ ਕਾਕਾ ਸੰਤਾ ਸਿੰਘ (ਸਪੁੱਤਰ ਸਰਮੁਖ ਸਿੰਘ) ਨੇ ਆਸਾ ਰਾਗ ਵਿਚ (ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ) ਇਕ ਤਾਲੇ ਵਿਚ ਸ਼ਬਦ ਗਾਇਨ ਕੀਤਾ ਅਤੇ ਬਹੁਤ ਵਧੀਆ ਤਾਨਾਂ ਗਾ ਕੇ ਸਾਧ ਰਾਗ ਭਟਿਆਰ (ਰੂਪਕ ਤੇ ਤਿੰਨ ਤਾਲ) ਵਿਚ ਸਰੋਦ ਵਾਦਨ ਕੀਤਾ। ਅੰਤ ਵਿਚ ਲੈਹਰੀ ਜੀ ਨੇ ਰਾਗ ਅਹੀਰੀ ਵਿਚ ਸਰੋਦ ਵਜਾ ਕੇ ਸਰੋਤਿਆਂ ਨੂੰ ਸਰੋਦ ਦੀ ਧੁਨ ਨਾਲ ਮਸਤ ਕਰ ਦਿੱਤਾ। ਸੁਬਰੱਤਾ ਭੱਟਾਚਾਰੀਆ ਨੇ ਤਬਲੇ ਦੇ ਖੂਬ ਜੌਹਰ ਵਿਖਾਏ ਤੇ ਤਾੜੀਆਂ ਨਾਲ ਹਾਲ ਗੂੰਜ ਉਠਿਆ।

ਸ. ਜਗਜੀਤ ਸਿੰਘ ਮਠਾੜੂ ਅਤੇ ਸ. ਸੁਰਜੀਤ ਸਿੰਘ ਜੋਗੀ ਨੇ ਕਲਾਕਾਰਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ। ਸੁਖਦੇਵ ਸਿੰਘ ਸੇਵਕ ਅਤੇ ਸ਼ੇਰ ਸਿੰਘ ਰਾਗੀ ਨੇ ਉਨ੍ਹਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਪ੍ਰਧਾਨ ਸਵਰਨ ਸਿੰਘ ਅਤੇ ਜਸਬੀਰ ਸਿੰਘ ਨੇ ਨਾਮਧਾਰੀ ਪੰਥ ਦੀ ਪਛਾਣ ਉਨ ਦੀ ਮਾਲਾ ਕਲਾਕਾਰਾਂ ਦੇ ਗਲਾਂ ਵਿਚ ਪਾ ਕੇ ਉਨ੍ਹਾਂ ਦਾ ਸਨਮਾਨ ਕੀਤਾ।

# ਸੁਨੀਲ ਜਾਖੜ ਨੂੰ ਪੰਜਾਬ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ



**ਨਿਊ ਯਾਰਕ (ਬਿਊਰੋ):** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ-ਯੂ.ਐਸ.ਏ. ਦੇ ਪੰਜਾਬ ਚੈਪਟਰ ਦੀ ਇਥੇ ਹੋਈ ਮੀਟਿੰਗ ਵਿਚ ਸ੍ਰੀ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ 'ਤੇ ਕਾਂਗਰਸ ਸਮਰਥਕਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲੱਡੂ ਵੰਡੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ-ਯੂ.ਐਸ.ਏ. ਦੇ ਪ੍ਰਧਾਨ ਸ. ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਸ੍ਰੀ ਸੁਨੀਲ ਜਾਖੜ ਇਕ ਨਿਪੁੰਨ ਆਗੂ ਹਨ ਅਤੇ ਉਹ ਖਾਨਦਾਨੀ ਕਾਂਗਰਸੀ ਹਨ। ਉਹ ਅਗਾਂਹਵਧੂ ਸੋਚ ਰੱਖਦੇ ਹਨ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਸਭ ਨੂੰ ਨਾਲ ਲੈ ਕੇ ਚੱਲਦੇ ਹਨ।

ਸ. ਗਿਲਜ਼ੀਆਂ ਨੇ ਕਿਹਾ ਕਿ ਪਹਿਲਾਂ ਪੰਜਾਬ ਕਾਂਗਰਸ ਦੀ ਅਗਵਾਈ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਵਿਚ ਲਾਸਾਨੀ ਜਿੱਤ ਦਿਵਾਈ ਹੈ ਅਤੇ ਹੁਣ ਸ੍ਰੀ ਸੁਨੀਲ ਜਾਖੜ ਪੰਜਾਬ ਕਾਂਗਰਸ ਕਮੇਟੀ ਦੀ ਵਾਗਡੋਰ ਸੰਭਾਲਦਿਆਂ ਕੈਪਟਨ ਅਮਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਵਿਚ ਪਾਰਟੀ ਨੂੰ ਹੋਰ ਵੀ ਬੁਲੰਦੀਆਂ 'ਤੇ ਲੈ ਕੇ ਜਾਣਗੇ।

ਮੀਟਿੰਗ ਨੂੰ ਓਵਰਸੀਜ਼ ਕਾਂਗਰਸ ਦੇ ਨੈਸ਼ਨਲ ਚੇਅਰਮੈਨ ਜਾਰਜ ਇਬਰਾਹਿਮ, ਜਰਨਲ ਸਕੱਤਰ ਸਰਬਜੀਤ ਸਿੰਘ ਐਡਵੋਕੇਟ ਤੇ ਐਗਜ਼ੈਕਟਿਵ ਮੈਂਬਰ ਗਰੀਸ਼ ਵੈਦਿਆ ਅਤੇ ਪੰਜਾਬ ਚੈਪਟਰ ਦੇ ਪ੍ਰਧਾਨ ਜਸਵੀਰ ਸਿੰਘ ਨਵਾਂ ਸ਼ਹਿਰ, ਜਨਰਲ ਸਕੱਤਰ ਕੁਲਬੀਰ ਸਿੰਘ ਪ੍ਰੇਮਪੁਰ ਤੇ ਮੀਤ ਪ੍ਰਧਾਨ ਸ਼ਿੰਗਾਰਾ ਸਿੰਘ ਰਾਣਾ ਨੇ ਵੀ ਸੰਬੋਧਨ ਕੀਤਾ।

## ਨੌਕਰਸ਼ਾਹ ਤੋਂ ਫਰਾਂਸ ਦੇ ਰਾਸ਼ਟਰਪਤੀ ਬਣੇ ਮੈਕਰੋਨ

**ਪੈਰਿਸ:** ਫਰਾਂਸ ਦੇ ਰਾਸ਼ਟਰਪਤੀ ਦੀ ਚੋਣ ਜਿੱਤ ਕੇ ਇਤਿਹਾਸ ਰਚਣ ਵਾਲੇ ਇਮੈਨੂਅਲ ਮੈਕਰੋਨ (39) ਮੁਲਕ ਦੇ ਸਭ ਤੋਂ ਨੌਜਵਾਨ ਰਾਸ਼ਟਰਪਤੀ ਬਣ ਗਏ ਹਨ। ਮੈਕਰੋਨ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਨੌਕਰਸ਼ਾਹ ਦੇ ਰੂਪ 'ਚ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨਿਵੇਸ਼ ਬੈਂਕਰ ਦੇ ਰੂਪ 'ਚ ਹੱਥ ਅਜਮਾਇਆ।

ਐਨ ਮਾਰਸ਼ੇ ਨਾਂ ਦੀ ਸਿਆਸੀ ਪਾਰਟੀ ਬਣਾਉਣ ਵਾਲੇ ਮੈਕਰੋਨ ਉਦਾਰ ਮੱਧ-ਮਾਰਗੀ ਹਨ। ਉਨ੍ਹਾਂ ਨੂੰ ਕਿਸਮਤ ਦਾ ਧਨੀ ਹੀ ਕਿਹਾ ਜਾਵੇਗਾ ਕਿ ਪਹਿਲੀ ਵਾਰ ਚੋਣ ਲੜ ਕੇ ਤੇ ਉਸ ਨੂੰ ਜਿੱਤ ਕੇ ਉਹ ਸਭ ਤੋਂ ਉਚੇ ਅਹੁਦੇ 'ਤੇ ਬਿਰਾਜਮਾਨ ਹੋ ਗਏ ਹਨ। ਉਨ੍ਹਾਂ ਕੋਲ ਕਿਸੇ ਰਵਾਇਤੀ ਪਾਰਟੀ ਦਾ ਸਮਰਥਨ ਨਹੀਂ ਸੀ ਤੇ ਨਾ ਹੀ ਵੋਟਰਾਂ ਦਾ ਆਧਾਰ। ਉਹ ਮੁਲਕ ਦੇ ਮੌਜੂਦਾ ਰਾਸ਼ਟਰਪਤੀ ਫਰਾਂਸਵਾ ਹੋਲਾਂਡੇ ਦੀ ਅਗਵਾਈ 'ਚ ਵਿੱਤ ਮੰਤਰੀ ਰਹੇ ਅਤੇ ਸਿਰਫ ਇਹੀ ਉਨ੍ਹਾਂ ਦਾ ਰਾਜਨੀਤਿਕ ਤਜਰਬਾ ਰਿਹਾ ਹੈ। ਉਨ੍ਹਾਂ ਚੋਣ ਪ੍ਰਚਾਰ ਦੌਰਾਨ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਆਪਣੀ ਤਰਜੀਹ ਵਿਚ ਸਭ ਤੋਂ ਉਪਰ ਰੱਖਿਆ।


Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

# ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਕਲਗੀਧਰ ਸੁਸਾਇਟੀ ਉਠਾਏਗੀ

**ਸ਼ਿਕਾਗੋ (ਬਿਊਰੋ):** ਕਲਗੀਧਰ ਸੁਸਾਇਟੀ, ਬੜੂ ਸਾਹਿਬ ਨੇ 30 ਅਪਰੈਲ ਨੂੰ ਪਾਕਿਸਤਾਨੀ ਫੌਜ ਵਲੋਂ ਕੀਤੇ ਗਏ ਇਕ ਹਮਲੇ ਵਿਚ ਮਾਰੇ ਗਏ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਬੱਚਿਆਂ ਨੂੰ ਅਕਾਲ ਅਕੈਡਮੀ, ਢੋਟੀਆਂ (ਤਰਨ ਤਾਰਨ) ਵਿਚ ਮੁਫਤ ਸਿਖਿਆ ਮੁਹੱਈਆ ਕਰਨ ਦਾ ਐਲਾਨ ਕੀਤਾ ਹੈ। ਇਸ ਖਾਤਰ ਪੈਸੇ ਦੀ ਮਦਦ (ਕਰੀਬ 15 ਹਜ਼ਾਰ ਡਾਲਰ) ਕਲਗੀਧਰ ਸੁਸਾਇਟੀ ਦੇ ਦੋ ਸ਼ਿਕਾਗੋ ਵਾਸੀ ਸੇਵਾਦਾਰਾਂ ਨੇ ਆਪਣੇ ਜ਼ਿੰਮੇ ਲਈ ਹੈ।



*ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਪਤਨੀ ਪਰਮਜੀਤ ਕੌਰ, ਪੁੱਤਰ ਸਾਹਿਲਦੀਪ ਸਿੰਘ ਅਤੇ ਧੀਆਂ ਖੁਸ਼ਦੀਪ ਕੌਰ ਤੇ ਸਿਮਰਦੀਪ ਕੌਰ*

ਜ਼ਿਕਰਯੋਗ ਹੈ ਕਿ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਕ੍ਰਿਸ਼ਨਾ ਘਾਟੀ ਸੈਕਟਰ ਵਿਚ ਪਾਕਿਸਤਾਨੀ ਫੌਜ ਨੇ ਘਾਤ ਲਾ ਕੇ ਕੀਤੇ ਹਮਲੇ ਵਿਚ ਦੋ ਜਵਾਨਾਂ ਦੇ ਸਿਰ ਕਲਮ ਕਰ ਦਿੱਤੇ ਸਨ ਜਿਨ੍ਹਾਂ ਵਿਚੋਂ ਇਕ 22 ਸਿੱਖ ਰੈਜੀਮੈਂਟ ਦਾ ਨਾਇਬ ਸੂਬੇਦਾਰ ਪਰਮਜੀਤ ਸਿੰਘ ਅਤੇ ਦੂਜਾ ਬੀ.ਐਸ.ਐਫ. ਦੀ 200ਵੀਂ ਬਟਾਲੀਅਨ ਦਾ ਹੈਡ ਕਾਂਸਟੇਬਲ ਪ੍ਰੇਮ ਸਾਗਰ ਸੀ। ਹਮਲੇ ਵਿਚ ਬੀ.ਐਸ.ਐਫ. ਦਾ ਇਕ ਜਵਾਨ ਰਾਜਿੰਦਰ ਸਿੰਘ ਜ਼ਖ਼ਮੀ ਹੋ ਗਿਆ ਸੀ।

42 ਸਾਲਾ ਪਰਮਜੀਤ ਸਿੰਘ ਤਰਨ ਤਾਰਨ ਨੇੜਲੇ ਪਿੰਡ ਵੇਈਂ ਪੂਈਂ ਦਾ ਵਸਨੀਕ ਸੀ। ਉਹ ਆਪਣੇ ਪਿਛੇ ਪਤਨੀ ਤੋਂ ਇਲਾਵਾ ਦੋ ਧੀਆਂ, ਇਕ ਪੁੱਤਰ, ਬਜ਼ੁਰਗ ਪਿਤਾ ਤੇ ਇਕ ਭਰਾ ਛੱਡ ਗਿਆ ਹੈ।

ਪੰਜਾਬ ਸਰਕਾਰ ਨੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਪਰਿਵਾਰ ਨੂੰ 12 ਲੱਖ ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ। ਇਸ ਐਲਾਨ 'ਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਸ਼ਿਕਾਗੋ ਵਾਸੀ ਮੇਜਰ ਗੁਰਚਰਨ ਸਿੰਘ ਝੱਜ ਨੇ ਕਿਹਾ ਹੈ ਕਿ ਇਹ ਰਕਮ ਘੱਟੋ ਘੱਟ ਇਕ ਕਰੋੜ ਰੁਪਏ ਹੋਣੀ ਚਾਹੀਦੀ ਸੀ। ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਨਾਇਬ ਸੂਬੇਦਾਰ ਪਰਮਜੀਤ ਸਿੰਘ ਨੇ ਦੇਸ਼ ਖਾਤਰ ਸ਼ਹੀਦੀ ਪਾਈ ਹੈ, ਉਸ ਦੇ ਪਰਿਵਾਰ ਦੀ ਮਦਦ ਲਈ ਸਾਨੂੰ ਇਥੋਂ (ਅਮਰੀਕਾ) ਘੱਟੋ ਘੱਟ ਇਕ ਕਰੋੜ ਰੁਪਏ ਇਕੱਠੇ ਕਰਕੇ ਭੇਜਣੇ ਚਾਹੀਦੇ ਹਨ। ਇਸ ਖਾਤਰ ਬਹੁਤ ਸਾਰੇ ਲੋਕ ਆਪਣਾ ਹਿੱਸਾ ਪਾਉਣ ਲਈ ਤਿਆਰ ਹਨ। ਇਸ ਸਬੰਧੀ ਹੋਰ ਜਾਣਕਾਰੀ ਲਈ ਮੇਜਰ ਝੱਜ ਨਾਲ ਫੋਨ: 847-330-1421 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਲੜਕੀ ਦੀ ਲੋੜ

Well settled Kamboj Sikh family looking for a suitable US citizen or Green Card holder match for their son 31, 5'-7", architect on work visa. Pl. E-mail details & photo: nyrbik26@gmail.com 19-22

ਜੱਟ ਸਿੱਖ ਉਮਰ 25 ਸਾਲ ਕੱਦ 5'-10" ਵਰਕ ਪਰਮਿਟ 'ਤੇ ਕੰਮ ਕਰ ਰਹੇ ਲੜਕੇ ਲਈ ਯੂ.ਐਸ.-ਕੈਨੇਡਾ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 612-481-4662 16-19

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ ਵੈਸ਼ਨੂੰ ਬੀ.ਟੈਕ ਇਲੈਕਟ੍ਰਾਨਿਕਸ, ਉਮਰ 32 ਸਾਲ, 6' ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ, ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 416-898-7144 ਅਤੇ ਬਾਇਓਡਾਟਾ ਤੇ ਤਸਵੀਰ ਈਮੇਲ ਕਰੋ: hbhangu@hotmail.com 17-20

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361 15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361 15-18

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*



ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
18-21



ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 262-391-7666
18-20


# ਐਫ.ਡੀ.ਏ. ਵਲੋਂ ਏ.ਐਲ.ਐਸ. ਦੀ ਨਵੀਂ ਦਵਾਈ ਨੂੰ ਪ੍ਰਵਾਨਗੀ

**ਨਿਊ ਯਾਰਕ (ਬਿਊਰੋ):** ਅਮਰੀਕੀ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ (ਐਫ.ਡੀ.ਏ.) ਨੇ 1995 ਤੋਂ ਬਾਅਦ ਪਹਿਲੀ ਵਾਰ ਐਮਾਇਓਟਰੌਫਿਕ ਲੇਟਰਲ ਸਿਕਲਰੋਸਿਸ (ਏ.ਐਲ.ਐਸ) ਜਾਂ ਲੂ ਗੈਰਿਗਜ਼ ਬਿਮਾਰੀ ਦੇ ਇਲਾਜ ਲਈ ਇਕ ਨਵੀਂ ਦਵਾਈ ਨੂੰ ਪ੍ਰਵਾਨਗੀ ਦਿੱਤੀ ਹੈ।

ਇਕ ਜਪਾਨੀ ਕੰਪਨੀ ਮਿਤਸੂਬਿਸ਼ੀ ਟੈਨੇਬਲ ਵਲੋਂ ਤਿਆਰ ਕੀਤੀ ਗਈ ਰੈਡੀਕਾਵਾ ਨਾਂ ਦੀ ਇਹ ਦਵਾਈ ਅਮਰੀਕਾ ਵਿਚ ਇਸ ਰੋਗ ਲਈ ਪ੍ਰਵਾਨ ਕੀਤੀ ਗਈ ਦੂਜੀ ਦਵਾਈ ਹੈ। ਇਸ ਤੋਂ ਪਹਿਲਾਂ 22 ਸਾਲ ਪਹਿਲਾਂ 1995 ਵਿਚ ਸੈਨੋਫੀ ਕੰਪਨੀ ਦੀ ਦਵਾਈ ਰਾਈਲੁਟੈਕ ਨੂੰ ਪ੍ਰਵਾਨਗੀ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਏ.ਐਲ.ਐਸ. ਇਕ ਅਜਿਹਾ ਰੋਗ ਹੈ ਜਿਸ ਵਿਚ ਤੰਤੂ ਯਾਨਿ ਮੱਸਲ ਖਤਮ ਹੁੰਦੇ ਜਾਂਦੇ ਹਨ ਤੇ ਸਰੀਰ ਨਕਾਰਾ ਹੋ ਜਾਂਦਾ ਹੈ। ਅਮਰੀਕਾ ਵਿਚ ਇਸ ਸਮੇਂ 12 ਤੋਂ 15 ਹਜ਼ਾਰ ਦੇ ਕਰੀਬ ਮਰੀਜ ਇਸ ਰੋਗ ਦੇ ਸ਼ਿਕਾਰ ਹਨ। ਆਮ ਤੌਰ 'ਤੇ ਮਰੀਜ ਸਾਹ ਦੀ ਤਕਲੀਫ ਕਰਕੇ ਤਿੰਨ ਤੋਂ ਪੰਜ ਸਾਲ ਦੇ ਅੰਦਰ ਖਤਮ ਹੋ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਵੀ ਇਸੇ ਰੋਗ ਨਾਲ ਪਿਛਲੇ ਚਾਲੀ ਸਾਲਾਂ ਤੋਂ ਜੂਝ ਰਹੇ ਹਨ।

ਅਮਰੀਕੀ ਬਾਜ਼ਾਰ ਵਿਚ ਰੈਡੀਕਾਵਾ ਦੀ ਆਮਦ ਵੀ ਅਚਾਨਕ ਹੋਈ ਹੈ। ਅਸਲ ਵਿਚ ਬਾਅਦ ਵਿਚ ਜਪਾਨ ਵਿਚ ਰੈਡੀਕਾਵਾ ਨਾਲ ਏ.ਐਲ.ਐਸ. ਮਰੀਜਾਂ ਨੂੰ ਫਾਇਦਾ ਹੋਣ ਪਿਛੋਂ ਐਫ.ਡੀ.ਏ. ਨੇ ਮਿਤਸੂਬਿਸ਼ੀ ਟੈਨੇਬਲ ਤੱਕ ਪਹੁੰਚ ਕੀਤੀ ਸੀ ਕਿ ਉਹ ਇਹ ਦਵਾਈ ਪ੍ਰਵਾਨਗੀ ਲਈ ਐਫ.ਡੀ.ਏ. ਨੂੰ ਪੇਸ਼ ਕਰੇ। ਦਵਾਈ ਦਾ ਵਿਸ਼ਲੇਸ਼ਣ ਕਰਨ ਪਿਛੋਂ ਐਫ.ਡੀ.ਏ. ਨੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦਵਾਈ ਆਈ.ਵੀ. ਰਾਹੀਂ ਦਿੱਤੀ ਜਾਵੇਗੀ ਅਤੇ ਇਕ ਵਾਰ ਦੀ ਖੁਰਾਕ $1000 ਅਤੇ ਸਾਲ ਭਰ ਦਾ ਖਰਚਾ ਕਰੀਬ $146,000 ਹੋਵੇਗਾ। ਇਸ ਦਵਾਈ ਨੇ ਏ.ਐਲ.ਐਸ. ਦੀਆਂ ਅਲਾਮਤਾਂ ਉਤੇ ਕਾਬੂ ਪਾਉਣ ਵਿਚ ਕੁਝ ਕਾਮਯਾਬੀ ਦਰਸਾਈ ਹੈ ਪਰ ਇਹ ਏ.ਐਲ.ਐਸ. ਦਾ ਇਲਾਜ ਨਹੀਂ ਹੈ। ਦਵਾਈ ਦੀ ਵਰਤੋਂ ਨਾਲ ਏ.ਐਲ.ਐਸ. ਕਰਕੇ ਆ ਰਹੀ ਕਮਜ਼ੋਰੀ ਵਿਚ 33% ਤੱਕ ਕਮੀ ਹੋ ਸਕਦੀ ਹੈ। ਪਰ ਇਸ ਦੇ ਕਈ ਸਾਈਡ ਇਫੈਕਟ ਵੀ ਹੋਣਗੇ। ਪਿਛਲੇ ਕੁਝ ਸਾਲਾਂ ਵਿਚ ਏ.ਐਲ.ਐਸ. ਦੇ ਇਲਾਜ ਲਈ ਕੁਝ ਨਵੀਆਂ ਕਾਢਾਂ ਹੋਈਆਂ ਹਨ। 2015 ਵਿਚ ਅਮਰੀਕਾ ਅੰਦਰ ਪੈਸਾ ਇਕੱਤਰ ਕਰਨ ਲਈ ਚਲਾਈ ਗਈ 'ਆਈਸ ਬਕਟ ਚੈਲੇਂਜ' ਮੁਹਿੰਮ ਰਾਹੀਂ ਇਕੱਠੇ ਹੋਏ ਪੈਸੇ ਨਾਲ ਇਸ ਰੋਗ ਨਾਲ ਸਬੰਧਤ ਕੁਝ ਜੀਨਾਂ ਦੀ ਖੋਜ ਸੰਭਵ ਹੋ ਸਕੀ ਹੈ।







ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**
Email: Homeomedicine@yahoo.com

# ਪੰਜਾਬ ਕਾਂਗਰਸ ਦੀ ਕਮਾਨ ਸੁਨੀਲ ਜਾਖੜ ਹੱਥ

**ਚੰਡੀਗੜ੍ਹ:** ਕਾਂਗਰਸ ਹਾਈਕਮਾਂਡ ਨੇ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਥਾਪਿਆ ਹੈ। ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਥਾਂ 'ਤੇ ਪ੍ਰਧਾਨ ਬਣਾਇਆ ਗਿਆ ਹੈ ਜੋ ਹੁਣ ਪੰਜਾਬ ਦੇ ਮੁੱਖ ਮੰਤਰੀ ਹਨ। ਕਾਂਗਰਸ ਹਾਈਕਮਾਂਡ ਨੇ ਇਸ ਨਿਯੁਕਤੀ ਨਾਲ ਸੂਬੇ ਵਿਚ ਸਮਾਜਿਕ ਸੰਤੁਲਨ ਕਾਇਮ ਕਰਨ ਦਾ ਯਤਨ ਕੀਤਾ ਹੈ। ਭਾਵੇਂ ਸੂਬੇ 'ਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਹੈ, ਪਰ ਉਨ੍ਹਾਂ ਨੂੰ ਢੇਰ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।



ਪੰਜਾਬ ਵਿਚ ਕਾਂਗਰਸ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਨਵੇਂ ਸੂਬਾਈ ਪ੍ਰਧਾਨ ਦੀ ਨਿਯੁਕਤੀ ਬਾਰੇ ਅਟਕਲਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਉਂਜ ਸ੍ਰੀ ਜਾਖੜ ਦਾ ਪ੍ਰਧਾਨ ਬਣਨਾ ਲਗਭਗ ਤੈਅ ਹੋ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਪੂਰਨ ਹਮਾਇਤ ਹਾਸਲ ਸੀ। ਕੈਪਟਨ ਨੇ ਜਨਤਕ ਤੌਰ 'ਤੇ ਵੀ ਉਨ੍ਹਾਂ ਦੀ ਹਮਾਇਤ ਕੀਤੀ ਸੀ ਅਤੇ ਪਿਛਲੇ ਦਿਨੀਂ ਜਦੋਂ ਉਹ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਨਵੀਂ ਦਿੱਲੀ ਵਿਚ ਮਿਲੇ ਸਨ ਤਾਂ ਉਸ ਵੇਲੇ ਵੀ ਉਨ੍ਹਾਂ ਸ੍ਰੀ ਜਾਖੜ ਨੂੰ ਪ੍ਰਧਾਨ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਉਨ੍ਹਾਂ ਪ੍ਰਧਾਨਗੀ ਦਾ ਅਹੁਦਾ ਛੱਡਣ ਦੀ ਖਾਹਿਸ਼ ਜ਼ਾਹਿਰ ਕਰ ਕੇ ਇਹ ਜ਼ਿੰਮੇਵਾਰੀ ਕਿਸੇ ਹੋਰ ਆਗੂ ਨੂੰ ਸੌਂਪ ਦੇਣ ਲਈ ਕਿਹਾ ਸੀ। ਸੂਤਰਾਂ ਮੁਤਾਬਕ ਸੂਬੇ ਦੇ ਕੁਝ ਕਾਂਗਰਸ ਆਗੂ ਚਾਹੁੰਦੇ ਸਨ ਕਿ ਪ੍ਰਧਾਨਗੀ ਦੇ ਮਸਲੇ ਨੂੰ ਇਕ ਸਾਲ ਲਈ ਟਾਲ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਸੱਤਾ ਦਾ ਸਮਾਨੰਤਰ ਕੇਂਦਰ ਬਣਨ ਦਾ ਖਦਸ਼ਾ ਜ਼ਾਹਿਰ ਕੀਤਾ ਸੀ।

ਸ੍ਰੀ ਜਾਖੜ ਸੂਬੇ ਦੇ ਟਕਸਾਲੀ ਕਾਂਗਰਸ ਪਰਿਵਾਰ ਨਾਲ ਸਬੰਧ ਰੱਖਦੇ ਹਨ ਤੇ ਉਨ੍ਹਾਂ ਦੇ ਮਰਹੂਮ ਪਿਤਾ ਬਲਰਾਮ ਜਾਖੜ ਕਾਂਗਰਸ ਸਰਕਾਰਾਂ ਵਿਚ ਉਚ ਅਹੁਦਿਆਂ 'ਤੇ ਰਹੇ ਸਨ। ਥੋੜ੍ਹੇ ਦਿਨ ਪਹਿਲਾਂ ਉਨ੍ਹਾਂ ਦੇ ਭਤੀਜੇ ਅਜੇਵੀਰ ਜਾਖੜ ਨੂੰ ਪੰਜਾਬ ਫਾਰਮਰਜ਼ ਕਮਿਸ਼ਨ ਦਾ ਚੇਅਰਮੈਨ ਲਾਇਆ ਗਿਆ ਸੀ।

ਸ੍ਰੀ ਜਾਖੜ ਇਸ ਵਾਰ ਅਬੋਹਰ ਤੋਂ ਵਿਧਾਨ ਸਭਾ ਦੀ ਚੋਣ ਹਾਰ ਗਏ ਸਨ। ਜੇਕਰ ਉਹ ਚੋਣ ਜਿੱਤ ਜਾਂਦੇ ਤਾਂ ਉਨ੍ਹਾਂ ਨੇ ਕੈਪਟਨ ਵਜ਼ਾਰਤ ਦੇ ਸੀਨੀਅਰ ਮੰਤਰੀਆਂ ਵਿਚ ਸ਼ੁਮਾਰ ਹੋਣਾ ਸੀ। ਪਿਛਲੀ ਪੰਜਾਬ ਵਿਧਾਨ ਸਭਾ ਵਿਚ ਉਹ ਕੁਝ ਸਮਾਂ ਕਾਂਗਰਸ ਵਿਧਾਇਕ ਦਲ ਅਤੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ ਸਨ। ਭਾਵੇਂ ਕਿ ਪ੍ਰਧਾਨਗੀ ਦੀ ਦੌੜ ਵਿਚ ਸੂਬੇ ਦੇ ਕੁਝ ਹੋਰ ਆਗੂ ਵੀ ਸ਼ਾਮਲ ਸਨ, ਪਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਨੂੰ ਪੰਜਾਬ ਮੰਡੀ ਬੋਰਡ ਦਾ ਚੇਅਰਮੈਨ ਬਣਾਏ ਜਾਣ ਨਾਲ ਉਨ੍ਹਾਂ ਦਾ ਰਾਹ ਪੱਧਰਾ ਹੋ ਗਿਆ ਸੀ।

## ਹਰਿਆਣਾ ਲਈ ਜੀ.ਐਸ.ਟੀ. ਅਹਿਮ ਕਿ ਐਸ.ਵਾਈ.ਐਲ.?

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਵਿਸ਼ੇਸ਼ ਇਕ ਰੋਜ਼ਾ ਸੈਸ਼ਨ ਦੌਰਾਨ ਹਰਿਆਣਾ ਗੁੱਡਜ਼ ਐਂਡ ਸਰਵਿਸਜ਼ ਟੈਕਸ (ਜੀ.ਐਸ.ਟੀ.) ਬਿੱਲ-2017 ਸਮੇਤ 9 ਬਿੱਲ ਪਾਸ ਕੀਤੇ ਗਏ। ਹਰਿਆਣਾ ਵਿਧਾਨ ਸਭਾ ਨੇ ਸੂਬੇ ਲਈ ਵੱਖਰਾ ਹਾਈ ਕੋਰਟ ਬਣਾਉਣ ਦਾ ਮਤਾ ਪਾਸ ਕਰ ਕੇ ਐਸ.ਵਾਈ.ਐਲ. ਦੇ ਨਾਲ ਇਕ ਹੋਰ ਸਿਆਸੀ ਮੁੱਦਾ ਛੇੜ ਦਿੱਤਾ ਹੈ। ਇਸ ਮੌਕੇ ਵਿਰੋਧੀ ਧਿਰ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਜੀ.ਐਸ.ਟੀ. ਤੋਂ ਪਹਿਲਾਂ ਐਸ.ਵਾਈ.ਐਲ. ਦੇ ਮੁੱਦੇ ਉਪਰ ਚਰਚਾ ਕਰਨ ਦੀ ਮੰਗ ਕੀਤੀ। ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹਰਿਆਣਾ ਦੇ ਲੋਕਾਂ ਲਈ ਜੀ.ਐਸ.ਟੀ. ਨਹੀਂ ਐਸ.ਵਾਈ.ਐਲ. ਦਾ ਮੁੱਦਾ ਅਹਿਮ ਹੈ।

# ਟਰੱਕ ਯੂਨੀਅਨਾਂ ਦੀ ਪ੍ਰਧਾਨਗੀ 'ਚ ਕਾਂਗਰਸੀਆਂ ਦਾ ਘਾਲਾਮਾਲਾ

**ਬਠਿੰਡਾ:** ਪੰਜਾਬ ਵਿਚ ਸੱਤਾ ਪਰਿਵਰਤਨ ਤੋਂ ਬਾਅਦ ਕਾਂਗਰਸੀਆਂ ਵੱਲੋਂ ਧੜਾਧੜ ਟਰੱਕ ਯੂਨੀਅਨਾਂ ਉਤੇ ਕਬਜ਼ੇ ਕੀਤੇ ਜਾ ਰਹੇ ਹਨ। ਕਈ ਕਾਂਗਰਸ ਬਿਨਾਂ ਟਰੱਕ ਦੇ ਯੂਨੀਅਨ ਦੇ ਪ੍ਰਧਾਨ ਬਣ ਗਏ ਹਨ। ਮਿਲੇ ਵੇਰਵਿਆਂ ਅਨੁਸਾਰ ਸੂਬੇ ਦੀਆਂ ਤਕਰੀਬਨ 55 ਟਰੱਕ ਯੂਨੀਅਨਾਂ ਉਤੇ ਕਾਂਗਰਸੀਆਂ ਨੇ ਕਬਜ਼ਾ ਕਰ ਲਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਸਭ ਤੋਂ ਪਹਿਲਾਂ ਕਾਂਗਰਸੀ ਨੇ ਜਿਹੜੇ ਕੰਮ ਕੀਤਾ, ਉਹ ਸੀ ਟਰੱਕ ਯੂਨੀਅਨਾਂ ਉਤੇ ਕਬਜ਼ਾ ਕਰਨਾ।

ਇਸ ਕਾਰਵਾਈ ਨੂੰ ਲੈ ਕੇ ਝਰੇਟਾ ਵਿਚ ਹੋਈ ਲੜਾਈ ਦੌਰਾਨ ਦੋ ਜਾਨਾਂ ਵੀ ਚਲੀਆਂ ਗਈਆਂ। ਪੰਜਾਬ ਵਿਚ ਤਕਰੀਬਨ 134 ਟਰੱਕ ਯੂਨੀਅਨਾਂ ਹਨ, ਜਿਨ੍ਹਾਂ ਵਿਚ ਕਰੀਬ 93 ਹਜ਼ਾਰ ਟਰੱਕ ਹਨ। ਇਨ੍ਹਾਂ ਯੂਨੀਅਨਾਂ ਵੱਲੋਂ ਇਕੱਲੀ ਜਿਣਸ ਦੀ ਢੋਆ-ਢੁਆਈ ਵਿਚ ਕਰੀਬ ਇਕ ਹਜ਼ਾਰ ਕਰੋੜ ਦਾ ਕਾਰੋਬਾਰ ਕੀਤਾ ਜਾਂਦਾ ਹੈ। ਨਵੀਂ ਹਕੂਮਤ ਨੇ ਕਰੀਬ 50 ਫੀਸਦੀ ਟਰੱਕ ਯੂਨੀਅਨਾਂ ਦੇ ਅਜਿਹੇ ਨਵੇਂ ਪ੍ਰਧਾਨ ਜਾਂ ਕਮੇਟੀ ਮੈਂਬਰ ਥਾਪੇ ਹਨ, ਜਿਨ੍ਹਾਂ ਕੋਲ ਨਾ ਕੋਈ ਟਰੱਕ



ਹੈ ਅਤੇ ਨਾ ਕੋਈ ਟਾਇਰ ਹੈ।

ਮੁਕਤਸਰ, ਮਲੋਟ, ਕਿੱਲਿਆਂਵਾਲੀ ਅਤੇ ਗਿੱਦੜਬਾਹਾ ਟਰੱਕ ਯੂਨੀਅਨਾਂ ਦੇ ਕਿਸੇ ਵੀ ਪ੍ਰਧਾਨ ਕੋਲ ਕੋਈ ਟਰੱਕ ਨਹੀਂ ਹੈ, ਜਦੋਂ ਕਿ ਉਹ ਅਗਵਾਈ ਟਰੱਕਾਂ ਵਾਲਿਆਂ ਦੀ ਕਰਨਗੇ। ਗਿੱਦੜਬਾਹਾ ਵਿਚ ਦੋ ਪ੍ਰਧਾਨ ਥਾਪੇ ਗਏ, ਪਰ ਦੋਵਾਂ ਕੋਲ ਹੀ ਟਰੱਕ ਨਹੀਂ ਹਨ। ਮਹਿਲ ਕਲਾਂ ਟਰੱਕ ਯੂਨੀਅਨ ਦੀ ਸਰਪ੍ਰਸਤ ਸਾਬਕਾ ਕਾਂਗਰਸੀ ਵਿਧਾਇਕ ਬੀਬੀ ਹਰਚੰਦ ਕੌਰ ਖੁਦ ਬਣ ਗਈ ਹੈ, ਜਦੋਂ ਕਿ ਉਨ੍ਹਾਂ ਦੇ ਪਤੀ ਸੰਤ ਸਿੰਘ ਟਰੱਕ ਯੂਨੀਅਨ ਦੇ ਪ੍ਰਧਾਨ ਬਣ ਗਏ ਹਨ। ਬੀਬੀ ਹਰਚੰਦ ਕੌਰ ਦਾ ਕਹਿਣਾ ਹੈ ਕਿ ਯੂਨੀਅਨ ਸਰਬਸੰਮਤੀ ਨਾਲ ਬਣੀ ਹੈ।

ਉਨ੍ਹਾਂ ਨੂੰ ਅਪਰੇਟਰਾਂ ਨੇ ਸਰਬਸੰਮਤੀ ਨਾਲ ਇਹ ਜ਼ਿੰਮੇਵਾਰੀ ਦਿੱਤੀ ਹੈ, ਜਦੋਂ ਕਿ ਉਨ੍ਹਾਂ ਦੀ ਕੋਈ ਇੱਛਾ ਨਹੀਂ ਸੀ। ਟਰੱਕ ਯੂਨੀਅਨ, ਤਪਾ ਵਿਚ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਦਾ ਮੋਹਰੀ ਮੈਂਬਰ ਵਿਕੀ ਬਰਾੜ (ਫਰੀਦਕੋਟ) ਨੂੰ ਬਣਾਇਆ ਗਿਆ ਹੈ, ਜੋ ਸਾਬਕਾ ਵਿਧਾਇਕ ਜਗਿੰਦਰ ਸਿੰਘ ਪੰਜਗਰਾਈਂ ਦੇ ਪੀ.ਏ ਵਜੋਂ ਵਿਚਰਦਾ ਹੈ। ਜਲਾਲਾਬਾਦ ਯੂਨੀਅਨ ਦੇ ਦੋ ਪ੍ਰਧਾਨ ਹਨ, ਜਿਨ੍ਹਾਂ ਕੋਲ ਟਰੱਕ ਨਹੀਂ ਹਨ। ਰਾਮਾਂ ਮੰਡੀ ਯੂਨੀਅਨ ਦੀ ਚਾਰ ਮੈਂਬਰੀ ਕਮੇਟੀ ਵਿਚੋਂ ਸਿਰਫ ਇਕ ਮੈਂਬਰ ਕੋਲ ਆਪਣੇ ਟਰੱਕ ਹਨ। ਤਲਵੰਡੀ ਸਾਬੋ ਯੂਨੀਅਨ ਦੇ ਪੰਜ ਮੈਂਬਰਾਂ ਵਿਚੋਂ ਦੋ ਕੋਲ ਅਤੇ ਭੁੱਚੋ ਮੰਡੀ ਯੂਨੀਅਨ ਦੇ ਪੰਜ ਨਵੇਂ ਮੈਂਬਰਾਂ ਵਿਚੋਂ ਸਿਰਫ ਇਕ ਕੋਲ ਟਰੱਕ ਹੈ। ਬਾਜਾਖਾਨਾ, ਨਿਹਾਲ ਸਿੰਘ ਵਾਲਾ ਅਤੇ ਅਜੀਤਵਾਲ ਦੀ ਯੂਨੀਅਨ ਦੇ ਪ੍ਰਧਾਨ ਬਿਨਾਂ ਟਰੱਕਾਂ ਤੋਂ ਬਣੇ ਹਨ। ਮਾਨਸਾ ਤੇ ਭੀਖੀ ਯੂਨੀਅਨ ਲਈ ਕਾਂਗਰਸ ਦੇ ਦੋ ਧੜੇ ਆਪਸ ਵਿਚ ਉਲਝੇ ਪਏ ਹਨ।

ਲਹਿਰਾਗਾਗਾ ਯੂਨੀਅਨ ਦੀ ਕੁਰਸੀ ਤੋਂ ਕਾਫੀ ਕਲੇਸ਼ ਪਿਆ ਹੈ ਅਤੇ ਹੁਣ ਸਰਬਸੰਮਤੀ ਨਾਲ ਦੋ ਮਹੀਨੇ ਮਗਰੋਂ ਸ਼ਰਾਬ ਦੇ ਇਕ ਠੇਕੇਦਾਰ ਨੂੰ ਪ੍ਰਧਾਨਗੀ ਮਿਲਣੀ ਹੈ। ਅਮਰਗੜ੍ਹ ਯੂਨੀਅਨ ਦੇ ਪ੍ਰਧਾਨ ਨੇ ਹੁਣ ਟਰੱਕ ਲਿਆ ਹੈ। ਬਨੂੜ ਤੇ ਨਾਭਾ ਦੀ ਟਰੱਕ ਯੂਨੀਅਨ ਦੇ ਪ੍ਰਧਾਨ ਵੀ ਖੁਦ ਟਰੱਕ ਮਾਲਕ ਨਹੀਂ ਹਨ। ਮੋਗਾ, ਸੰਗਰੂਰ, ਪਟਿਆਲਾ, ਕੋਟਕਪੂਰਾ, ਸ਼ੇਰਪੁਰ, ਜਗਰਾਉਂ ਆਦਿ ਉਤੇ ਹਾਲੇ ਪੁਰਾਣੇ ਅਕਾਲੀ ਪ੍ਰਧਾਨ ਹੀ ਕਾਬਜ਼ ਹਨ। ਬਠਿੰਡਾ, ਰਾਮਪੁਰਾ, ਭਗਤਾ ਅਤੇ ਗੋਨਿਆਣਾ ਯੂਨੀਅਨ 'ਤੇ ਰਾਤੋ-ਰਾਤ ਕਾਂਗਰਸੀ ਕਾਬਜ਼ ਹੋਏ ਹਨ।

## ਹਿੰਦੀ ਲਾਜ਼ਮੀ ਕਰਨ ਬਾਰੇ ਪਟੀਸ਼ਨ ਨਾਮਨਜ਼ੂਰ

**ਨਵੀਂ ਦਿੱਲੀ:** ਪਹਿਲੀ ਤੋਂ ਅੱਠਵੀਂ ਜਮਾਤ ਤੱਕ ਹਿੰਦੀ ਦੀ ਪੜ੍ਹਾਈ ਲਾਜ਼ਮੀ ਕਰਨ ਦੀ ਮੰਗ ਕਰਦੀ ਇਕ ਪਟੀਸ਼ਨ ਉਤੇ ਸੁਪਰੀਮ ਕੋਰਟ ਨੇ ਗੌਰ ਕਰਨ ਤੋਂ ਨਾਂਹ ਕਰ ਦਿੱਤੀ। ਪਟੀਸ਼ਨਰ ਅਸ਼ਵਨੀ ਕੁਮਾਰ ਉਪਾਧਿਆਏ ਦੇ ਭਾਜਪਾ ਦਿੱਲੀ ਦਾ ਤਰਜਮਾਨ ਹੋਣ ਦੇ ਤੱਥ ਉਤੇ ਗੌਰ ਕਰਦਿਆਂ ਚੀਫ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਬੈਂਚ ਨੇ ਆਖਿਆ ਕਿ ਉਹ ਆਪਣੀ ਪਾਰਟੀ ਨੂੰ ਅਜਿਹਾ ਕਰਨ ਲਈ ਕਿਉਂ ਨਹੀਂ ਕਹਿੰਦਾ? ਉਹ ਹਾਕਮ ਪਾਰਟੀ ਨਾਲ ਸਬੰਧਤ ਹੈ। ਉਹ ਸਰਕਾਰ ਦਾ ਹਿੱਸਾ ਹੈ।

ਪਟੀਸ਼ਨਰ ਨੇ ਕੌਮੀ ਏਕਤਾ ਵਧਾਉਣ ਲਈ ਹਿੰਦੀ ਪੜ੍ਹਾਏ ਜਾਣ ਉਤੇ ਜ਼ੋਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਇੰਜ ਤਾਂ ਹੋਰ ਭਾਸ਼ਾਵਾਂ ਬੋਲਣ ਵਾਲੇ ਵੀ ਮੰਗ ਕਰਨਗੇ ਕਿ ਉਨ੍ਹਾਂ ਦੀ ਭਾਸ਼ਾ ਪੜ੍ਹਾਈ ਜਾਵੇ। ਅਦਾਲਤ ਨੇ ਕਿਹਾ ਕਿ ਇਹ ਮਾਮਲਾ ਸਰਕਾਰ ਵਿਚਾਰ ਸਕਦੀ ਹੈ।

# ਜਸਟਿਸ ਕਰਨਨ ਨੂੰ ਛੇ ਮਹੀਨੇ ਕੈਦ

**ਦਿੱਲੀ:** ਸੁਪਰੀਮ ਕੋਰਟ ਨੇ ਕਲਕੱਤਾ ਹਾਈ ਕੋਰਟ ਦੇ ਵਿਵਾਦਾਂ ਵਿਚ ਘਿਰੇ ਜੱਜ ਸੀ.ਐਸ. ਕਰਨਨ ਨੂੰ ਅਦਾਲਤੀ ਤੌਹੀਨ ਦਾ ਦੋਸ਼ੀ ਕਰਾਰ ਦਿੰਦਿਆਂ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਸੱਤ ਮੈਂਬਰੀ ਸੰਵਿਧਾਨਕ ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ ਜਸਟਿਸ ਕਰਨਨ ਨੇ ਅਦਾਲਤ, ਨਿਆਂ ਪਾਲਿਕਾ ਤੇ ਪ੍ਰਕਿਰਿਆ ਦੀ ਤੌਹੀਨ ਕੀਤੀ ਹੈ। ਇਹ ਪਹਿਲੀ ਵਾਰ ਹੈ, ਜਦੋਂ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਜੱਜ ਨੂੰ ਅਦਾਲਤੀ ਤੌਹੀਨ ਦੇ ਦੋਸ਼ਾਂ ਤਹਿਤ ਕੈਦ ਦੀ ਸਜ਼ਾ ਸੁਣਾਈ ਹੋਵੇ। ਇਸ ਦੇ ਨਾਲ ਹੀ ਬੈਂਚ ਨੇ ਮੀਡੀਆ ਉਤੇ ਵੀ ਜਸਟਿਸ ਕਰਨਨ ਵੱਲੋਂ ਜਾਰੀ ਕੀਤੇ ਜਾਣ ਵਾਲੇ ਅਗਲੇਰੇ ਹੁਕਮਾਂ ਨੂੰ ਪ੍ਰਕਾਸ਼ਿਤ ਤੇ ਨਸ਼ਰ ਕਰਨ ਉਤੇ ਪਾਬੰਦੀ ਲਾ ਦਿੱਤੀ ਹੈ।

ਪੱਛਮੀ ਬੰਗਾਲ ਵੱਲੋਂ ਪੇਸ਼ ਵਕੀਲ ਰਾਕੇਸ਼ ਦਿਵੇਦੀ ਨੇ ਬੈਂਚ ਨੂੰ ਦੱਸਿਆ ਕਿ ਅਦਾਲਤ ਦੇ ਪਹਿਲੇ ਹੁਕਮਾਂ ਤਹਿਤ ਡੀ.ਜੀ.ਪੀ. ਤੇ ਪੁਲਿਸ ਮੁਲਾਜ਼ਮਾਂ ਸਮੇਤ ਮੈਡੀਕਲ ਬੋਰਡ ਜਸਟਿਸ ਕਰਨਨ ਦੀ ਰਿਹਾਇਸ਼ ਉਤੇ ਉਨ੍ਹਾਂ ਦੀ ਜਾਂਚ ਲਈ ਗਿਆ ਸੀ। ਜਸਟਿਸ ਕਰਨਨ ਨੇ ਬੋਰਡ ਨੂੰ ਦਿੱਤੇ ਪੱਤਰ ਵਿਚ ਆਖਿਆ ਹੈ ਕਿ ਉਹ ਤੰਦਰੁਸਤ ਹਨ ਤੇ ਉਨ੍ਹਾਂ ਦੀ ਮਾਨਸਿਕ ਹਾਲਤ ਬਿਲਕੁਲ ਸਹੀ ਹੈ। ਦੂਜੇ ਪਾਸੇ ਐਡੀਸ਼ਨਲ ਸੌਲਿਸਟਰ ਜਨਰਲ ਮਹਿੰਦਰ ਸਿੰਘ ਨੇ ਕਿਹਾ ਕਿ ਜਸਟਿਸ ਕਰਨਨ ਜਾਣਦੇ ਹਨ ਕਿ ਉਹ ਕੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਸੁਪਰੀਮ ਕੋਰਟ ਦੇ ਜੱਜਾਂ ਖ਼ਿਲਾਫ਼ ਅਨੇਕਾਂ ਹੁਕਮ ਜਾਰੀ ਕੀਤੇ ਹਨ। ਗੌਰਤਲਬ ਹੈ ਕਿ ਜਸਟਿਸ ਕਰਨਨ ਨੇ ਕੋਲਕਾਤਾ 'ਚ ਆਪਣੀ ਰਿਹਾਇਸ਼ ਉਤੇ ਲਾਈ ਅਦਾਲਤ ਵਿਚ ਸੋਮਵਾਰ ਨੂੰ ਜਸਟਿਸ ਖੇਹਰ ਸਣੇ ਸੱਤ ਜੱਜਾਂ ਨੂੰ ਐਸ.ਸੀ./ਐਸ.ਟੀ. ਐਕਟ ਤਹਿਤ ਪੰਜ-ਪੰਜ ਸਾਲ ਕੈਦ ਬਾਮੁਸ਼ੱਕਤ ਸੁਣਾਈ ਸੀ।

## ਅਦਾਲਤ ਵੱਲੋਂ ਆਖਰਕਾਰ ਟਾਈਟਲਰ ਨਾਲ ਸਖਤੀ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸ ਦੇ ਆਗੂ ਜਗਦੀਸ਼ ਟਾਈਟਲਰ ਨੂੰ ਹਦਾਇਤ ਦਿੱਤੀ ਕਿ ਉਹ ਸਾਫ ਤੌਰ 'ਤੇ ਦੱਸੇ ਕਿ ਉਹ ਝੂਠ ਬੋਲਣ ਵਾਲੀ ਮਸ਼ੀਨ (ਲਾਈ ਡਿਟੈਕਟਰ) ਰਾਹੀਂ ਟੈਸਟ ਕਰਾਉਣਾ ਚਾਹੁੰਦੇ ਹਨ ਜਾਂ ਨਹੀਂ। ਗੌਰਤਲਬ ਹੈ ਕਿ ਸੀ.ਬੀ.ਆਈ. ਨੇ ਉਸ ਨੂੰ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚੋਂ ਕਲੀਨ ਚਿੱਟ ਦਿੱਤੀ ਹੋਈ ਹੈ।

ਇਹ ਹੁਕਮ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਨੇ ਜਾਰੀ ਕੀਤੇ। ਜੱਜ ਨੇ ਕਿਹਾ ਕਿ ਉਹ ਕੋਈ ਬਾਸ਼ਰਤ ਰਜ਼ਾਮੰਦੀ ਨਹੀਂ ਚਾਹੁੰਦੀ। ਉਨ੍ਹਾਂ ਸ੍ਰੀ ਟਾਈਟਲਰ ਨੂੰ ਕਿਹਾ ਕਿ ਉਹ ਹਲਫਨਾਮਾ ਦਾਖ਼ਲ ਕਰਨ ਜਾਂ ਖੁਦ ਅਦਾਲਤ 'ਚ ਪੇਸ਼ ਹੋਣ। ਅਦਾਲਤ ਨੇ ਅਜਿਹੇ ਹੁਕਮ ਕਾਰੋਬਾਰੀ ਅਭਿਸ਼ੇਕ ਵਰਮਾ ਬਾਰੇ ਵੀ ਜਾਰੀ ਕੀਤੇ। ਅਦਾਲਤ ਮੁਤਾਬਕ, ਸੀ.ਬੀ.ਆਈ. ਵੱਲੋਂ ਉਨ੍ਹਾਂ ਦੋਵਾਂ ਦੇ ਲਾਈ ਡਿਟੈਕਟਰ ਟੈਸਟ ਲਈ ਦਿੱਤੀ ਅਰਜ਼ੀ ਮੰਨਣਯੋਗ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਦੋਹਾਂ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਬਾਰੇ ਸੀ.ਬੀ.ਆਈ. ਵੱਲੋਂ ਦਿੱਤੀ ਅਰਜ਼ੀ ਉਤੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਦੱਸਣਯੋਗ ਹੈ ਕਿ ਟਾਈਟਲਰ ਨੇ ਟੈਸਟ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਵਰਮਾ ਨੇ ਟੈਸਟ ਲਈ ਬਾਸ਼ਰਤ ਹਾਮੀ ਭਰੀ ਸੀ।

# ਬਾਦਲਾਂ ਵਾਲੇ ਅਕਾਲੀ ਦਲ ਦੇ ਇੰਨੇ ਮਾੜੇ ਦਿਨ!

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬਹੁਤ ਮਾੜੇ ਦਿਨ ਆ ਗਏ ਹਨ। ਪਾਰਟੀ ਕੋਲ ਦਫਤਰ ਦਾ ਖਰਚਾ ਵੀ ਨਹੀਂ। ਦਫਤਰ ਦਾ ਖਰਚ ਚੁੱਕਣ ਲਈ ਪਾਰਟੀ ਨੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਤੋਂ ਹਰ ਮਹੀਨੇ 5 ਹਜ਼ਾਰ ਰੁਪਏ ਉਗਰਾਹੁਣ ਦਾ ਫੈਸਲਾ ਕੀਤਾ ਹੈ। ਮੀਡੀਆ ਰਿਪੋਰਟ ਮੁਤਾਬਕ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਦਾਇਤ ਕੀਤੀ ਹੈ ਕਿ ਸਾਰੇ ਸਾਬਕਾ ਤੇ ਮੌਜੂਦਾ ਵਿਧਾਇਕ ਤੇ ਸੰਸਦ ਮੈਂਬਰ ਆਪਣੀ ਤਨਖਾਹ ਤੇ ਪੈਨਸ਼ਨ ਵਿਚੋਂ 5-5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪਾਰਟੀ ਨੂੰ ਅਦਾ ਕਰਨਗੇ। ਇਹ ਪਹਿਲੀ ਵਾਰੀ ਹੋਇਆ ਹੈ ਜਦੋਂ ਪਾਰਟੀ ਦਫਤਰ ਦਾ ਖਰਚਾ ਚਲਾਉਣ ਲਈ ਅਕਾਲੀ ਆਗੂਆਂ ਤੋਂ ਵਿੱਤੀ ਇਮਦਾਦ ਦਾ ਸਹਾਰਾ ਲੈਣਾ ਪੈ ਰਿਹਾ ਹੈ।



ਸੂਤਰਾਂ ਮੁਤਾਬਕ ਪਿਛਲੇ 10 ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਵਪਾਰਕ ਘਰਾਣਿਆਂ ਤੋਂ 101 ਕਰੋੜ ਰੁਪਏ ਦੀ ਰਾਸ਼ੀ ਦਾਨ ਵਿਚ ਮਿਲੀ ਹੈ। ਅਕਾਲੀ ਦਲ ਦੇਸ਼ ਦੀਆਂ ਅਮੀਰ ਪਾਰਟੀਆਂ ਵਿਚੋਂ ਇਕ ਮੰਨੀ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਚੰਡੀਗੜ੍ਹ ਦੇ ਸੈਕਟਰ-28 ਵਿਚ ਆਲੀਸ਼ਾਨ ਦਫਤਰ ਹੈ। ਇਸ ਦਫਤਰ ਤੋਂ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਸਾਲ 2009 ਵਿਚ ਸ਼ੁਰੂ ਹੋਈਆਂ ਸਨ। ਇਸ ਤੋਂ ਪਹਿਲਾਂ ਐਮ.ਐਲ.ਏ. ਹੋਸਟਲ ਤੋਂ ਹੀ ਦਫਤਰ ਦਾ ਕੰਮ ਚਲਾਇਆ ਜਾ ਰਿਹਾ ਸੀ।

ਪਾਰਟੀ ਸੂਤਰਾਂ ਮੁਤਾਬਕ ਇਸ ਦਫਤਰ ਨੂੰ ਚਲਾਉਣ ਤੇ ਹੋਰ ਖਰਚਿਆਂ ਲਈ ਤਕਰੀਬਨ 5 ਲੱਖ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਹਰ ਮਹੀਨੇ ਲੋੜੀਂਦੀ ਹੈ। ਦਰਜਨ ਤੋਂ ਵੱਧ ਮੁਲਾਜ਼ਮ ਇਸ ਸਮੇਂ ਦਫਤਰ 'ਚ ਕੰਮ ਕਰਦੇ ਹਨ। ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਦਫਤਰੀ ਖਰਚਿਆਂ ਦਾ ਭਾਰ ਚੁੱਕਣਾ ਔਖਾ ਹੋਇਆ ਪਿਆ ਹੈ।

## ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰ ਗਠਨ ਕਰਨ ਦਾ ਫੈਸਲਾ ਲੈਂਦਿਆਂ ਪਹਿਲਾਂ ਤੋਂ ਮੌਜੂਦ ਸਾਰੇ ਜਥੇਬੰਦਕ ਢਾਂਚੇ ਨੂੰ ਭੰਗ ਕਰ ਦਿੱਤਾ। ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਵੱਖ-ਵੱਖ ਪੱਧਰ ਤੇ ਵਿਚਾਰ ਵਟਾਂਦਰੇ ਮਗਰੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਿਸੂਸ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਜਥੇਬੰਦਕ ਢਾਂਚਾ ਨਵੇਂ ਸਿਰੇ ਤੋਂ ਗਠਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਬਦੀਲੀ ਦੌਰਾਨ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਜਿਥੇ ਪਾਰਟੀ ਦੇ ਟਕਸਾਲੀ ਅਤੇ ਮਿਹਨਤੀ ਵਰਕਰਾਂ ਨੂੰ ਵੱਧ ਸਨਮਾਨ ਮਿਲੇ, ਉਥੇ ਹੀ ਜਿਨ੍ਹਾਂ ਨੌਜਵਾਨਾਂ, ਬੀਬੀਆਂ ਅਤੇ ਵੱਖ-ਵੱਖ ਵਰਗਾਂ ਦੇ ਆਗੂਆਂ ਨੇ ਪਾਰਟੀ ਦੀ ਹਰ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ, ਨੂੰ ਵੀ ਜਥੇਬੰਦੀ ਵਿਚ ਢੁਕਵੀਂ ਥਾਂ ਦਿੱਤੀ ਜਾਵੇਗੀ।

# ਮਾੜੀ ਕਾਨੂੰਨ ਵਿਵਸਥਾ ਬਣਨ ਲੱਗੀ ਕੈਪਟਨ ਸਰਕਾਰ ਲਈ ਨਮੋਸ਼ੀ

**ਚੰਡੀਗੜ੍ਹ:** ਪੰਜਾਬ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਅਤੇ ਲੁੱਟ ਖੋਹ ਕਾਂਗਰਸ ਸਰਕਾਰ ਲਈ ਭਾਰੀ ਨਮੋਸ਼ੀ ਦਾ ਕਾਰਨ ਬਣ ਗਈ ਹੈ। ਸੱਤਾ ਸੰਭਾਲਣ ਤੋਂ ਡੇਢ ਮਹੀਨੇ ਵਿਚ ਹੀ ਵਾਪਰੀਆਂ ਕਈ ਵੱਡੀਆਂ ਘਟਨਾਵਾਂ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਾਇਆ ਹੈ। ਗੈਂਗਸਟਰਾਂ ਦੀ ਸਮੱਸਿਆ ਦੇ ਨਾਲ-ਨਾਲ ਲੁੱਟਾਂ-ਖੋਹਾਂ ਦੀਆਂ ਘਟਨਾਵਾਂ 'ਚ ਇਕਦਮ ਵਾਧਾ ਹੋਇਆ ਹੈ।

2 ਮਈ ਨੂੰ ਬਨੂੜ ਨੇੜੇ ਜਿਸ ਤਰ੍ਹਾਂ ਪੰਜ ਨਕਾਬਪੋਸ਼ਾਂ ਨੇ ਚਲਦੀ ਸੜਕ 'ਤੇ ਚਿੱਟੇ ਦਿਨ ਇਕ ਬੈਂਕ ਦੇ ਨਕਦੀ ਵਾਲੇ ਵਾਹਨ ਨੂੰ ਲੁੱਟਣ ਦੀ ਵਾਰਦਾਤ ਨੂੰ ਅੰਜਾਮ ਦਿੱਤਾ, ਉਹ ਕਈ ਪੱਖਾਂ ਤੋਂ ਅੱਖਾਂ ਖੋਲ੍ਹਣ ਵਾਲੀ ਗੱਲ ਹੈ। ਬੈਂਕ ਦੇ ਇਸ ਵਾਹਨ ਵਿਚ ਦੋ ਗੰਨਮੈਨ ਮੌਜੂਦ ਸਨ, ਆਵਾਜਾਈ ਵਾਲੀ ਸੜਕ 'ਤੇ ਇਹ ਵਾਹਨ ਦਿਨ ਸਮੇਂ ਜਾ ਰਿਹਾ ਸੀ। ਉਸ ਨੂੰ ਰੋਕਿਆ ਗਿਆ। ਇਕ ਗੰਨਮੈਨ ਨੂੰ ਜ਼ਖ਼ਮੀ ਕਰ ਦਿੱਤਾ ਗਿਆ।

ਦੂਸਰੇ ਤੋਂ ਬੰਦੂਕ ਖੋਹ ਲਈ ਗਈ ਅਤੇ ਫਿਰ ਇਸ ਮਜ਼ਬੂਤ ਅਤੇ ਸੁਰੱਖਿਅਤ ਵਾਹਨ ਵਿਚੋਂ 1.33 ਕਰੋੜ ਰੁਪਏ ਲੁੱਟ ਕੇ ਇਹ ਲੁਟੇਰੇ ਫਰਾਰ ਹੋ ਗਏ। ਉਸ ਤੋਂ ਅਗਲੇ ਦਿਨ ਹੀ ਮਲੋਟ ਨੇੜੇ ਇਕ ਪਿੰਡ ਵਿਚ ਬੈਂਕ ਦੀ ਇਕ ਸ਼ਾਖਾ 'ਤੇ ਦਿਨ-ਦਿਹਾੜੇ ਛੇ ਲੁਟੇਰਿਆਂ ਨੇ ਆ ਧਾਵਾ ਬੋਲਿਆ। 10 ਲੱਖ ਤੋਂ ਵਧੇਰੇ ਦੀ ਰਕਮ ਲੁੱਟੀ ਅਤੇ ਮੋਟਰ ਸਾਈਕਲਾਂ 'ਤੇ ਫਰਾਰ ਹੋ ਗਏ। ਅਜਿਹਾ ਲਗਾਤਾਰ ਵਾਪਰ ਰਿਹਾ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ ਵਿਚ ਵਾਪਰੀਆਂ ਘਟਨਾਵਾਂ ਦੇ ਮੁੱਦੇ 'ਤੇ ਸੀਨੀਅਰ ਪੁਲੀਸ ਅਧਿਕਾਰੀਆਂ ਨਾਲ ਨਾਖੁਸ਼ੀ ਵੀ ਪ੍ਰਗਟਾਈ। ਪੰਜਾਬ ਵਿਚ ਇਸ ਸਮੇਂ ਸਿਪਾਹੀ ਤੋਂ ਲੈ ਕੇ ਡੀ.ਜੀ.ਪੀ. ਤੱਕ ਦੀ ਕੁੱਲ ਨਫਰੀ 80 ਹਜ਼ਾਰ ਤੋਂ ਜ਼ਿਆਦਾ ਹੈ ਅਤੇ ਇਹ ਗਿਣਤੀ ਆਬਾਦੀ ਦੇ ਅਨੁਪਾਤ ਨਾਲ ਹੋਰ ਰਾਜਾਂ ਨਾਲੋਂ ਕਿਤੇ ਵੱਧ ਹੈ। ਭਾਰੀ ਪੁਲੀਸ ਫੋਰਸ ਦੇ ਬਾਵਜੂਦ ਕਾਨੂੰਨ ਵਿਵਸਥਾ ਲੀਹੋਂ ਲੱਥੀ ਹੋਈ ਹੈ।

ਪੰਜਾਬ ਵਿਚ ਪਿਛਲੇ ਕੁਝ ਦਿਨਾਂ ਦੌਰਾਨ ਹੀ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਦੇ ਕਤਲ ਹੋ ਚੁੱਕੇ ਹਨ। ਗੁਰਦਾਸਪੁਰ ਵਿਚ ਦਿਨ-ਦਿਹਾੜੇ ਗੈਂਗਵਾਰ ਹੋਈ। ਇਸ ਤੋਂ ਪਹਿਲਾਂ ਵਾਪਰੀਆਂ ਵੱਡੀਆਂ ਘਟਨਾਵਾਂ ਜਿਨ੍ਹਾਂ ਵਿਚ ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਗਗਨੇਜਾ, ਨਾਮਧਾਰੀ ਸੰਪਰਦਾ ਦੀ ਆਗੂ ਮਾਤਾ ਚੰਦ ਕੌਰ, ਲੁਧਿਆਣਾ ਤੇ ਖੰਨਾ ਸ਼ਹਿਰਾਂ ਵਿਚ ਹਿੰਦੂ ਨੇਤਾਵਾਂ ਅਤੇ ਖੰਨਾ ਪੁਲਿਸ ਜ਼ਿਲ੍ਹੇ ਵਿੱਚ ਹੀ ਡੇਰਾ ਸਿਰਸਾ ਨਾਲ ਸਬੰਧਤ ਦੋ ਵਿਅਕਤੀਆਂ ਦੀਆਂ ਮੌਤਾਂ ਦਾ ਪੁਲਿਸ ਕੋਈ ਸੁਰਾਗ ਨਹੀਂ ਲਾ ਸਕੀ।

## ਪੰਜਾਬ ਵਿਚ ਉਪਰੋਥਲੀ ਵਾਪਰੀਆਂ ਘਟਨਾਵਾਂ...

**ਚੰਡੀਗੜ੍ਹ:** ਮੁਹਾਲੀ ਜ਼ਿਲ੍ਹੇ ਵਿਚ ਬੈਂਕ ਦੀ ਕੈਸ਼ ਵੈਨ ਵਿਚੋਂ 1.33 ਕਰੋੜ ਰੁਪਏ ਦਿਨ-ਦਿਹਾੜੇ ਲੁੱਟੇ ਜਾਣਾ; ਇਸੇ ਜ਼ਿਲ੍ਹੇ ਵਿਚ ਇਕ ਗੈਸ ਏਜੰਸੀ ਵਿਚੋਂ 1.70 ਲੱਖ ਰੁਪਏ ਦੀ ਲੁੱਟ; ਫਿਰੋਜ਼ਪੁਰ ਜ਼ਿਲ੍ਹੇ ਵਿਚ ਅਕਾਲੀ ਪਿਉ-ਪੁੱਤ ਦੀ ਕਾਂਗਰਸੀ ਵਰਕਰ ਤੇ ਸਾਥੀਆਂ ਵੱਲੋਂ ਹੱਤਿਆ; ਫਰੀਦਕੋਟ ਵਿਚ ਨਗਰਪਾਲਕਾ ਦੇ ਅਕਾਲੀ ਪ੍ਰਧਾਨ ਨੂੰ ਅਹੁਦੇ ਤੋਂ ਜਬਰੀ ਹਟਾਏ ਜਾਣ ਦੀ ਕੋਸ਼ਿਸ਼ ਅਤੇ ਕੌਂਸਲਰਾਂ ਨੂੰ ਅਗਵਾ ਕਰਨ ਦੇ ਦੋਸ਼। ਸਿਰਫ਼ ਇਕ ਦਿਨ ਵਿਚ ਅਜਿਹੀਆਂ ਚਾਰ ਘਟਨਾਵਾਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਦੀ ਖ਼ੁਸ਼ਨੁਮਾ ਤਸਵੀਰ ਨਹੀਂ ਪੇਸ਼ ਕਰਦੀਆਂ। ਇਹ ਦਰਸਾਉਂਦੀਆਂ ਹਨ ਕਿ ਸਥਿਤੀ ਕਿੱਧਰ ਨੂੰ ਜਾ ਰਹੀ ਹੈ। ਪੰਜਾਬ ਸਰਕਾਰ ਦੇ ਤਰਜਮਾਨ ਇਸ ਨੂੰ ਕਦੇ ਕਦਾਈਂ ਵਾਪਰਨ ਵਾਲਾ ਵਰਤਾਰਾ ਕਹਿ ਸਕਦੇ ਹਨ, ਪਰ ਪਿਛਲੇ ਡੇਢ ਮਹੀਨੇ ਦੀ ਦ੍ਰਿਸ਼ਾਵਲੀ ਘੱਟੋ-ਘੱਟ ਅਮਨ ਕਾਨੂੰਨ ਦੀ ਵਿਵਸਥਾ ਦੇ ਮੁਹਾਜ਼ ਤੋਂ 'ਸਭ ਅੱਛਾ' ਨਾ ਹੋਣ ਦੇ ਸੰਕੇਤ ਦਿੰਦੀ ਆ ਰਹੀ ਹੈ। ਇਕੱਲੇ ਗਿੱਦੜਬਾਹਾ ਹਲਕੇ ਵਿਚ ਚਾਰ ਦਿਨਾਂ ਦੌਰਾਨ ਸਿਆਸੀ ਰੰਗਤ ਵਾਲੇ ਚਾਰ ਹਮਲਿਆਂ ਦੀਆਂ ਚਾਰ ਵਾਰਦਾਤਾਂ ਵਾਪਰੀਆਂ ਜਿਨ੍ਹਾਂ ਵਿਚ ਸ਼ੱਕ ਦੀ ਉਂਗਲ ਸਥਾਨਕ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਹਮਾਇਤੀਆਂ ਵੱਲ ਉਠੀ।

## ਢਿੱਲੇ-ਮੱਠੇ ਪੁਲਿਸ ਅਫਸਰ ਖ਼ਬਰਦਾਰ!

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੇ ਸੂਬੇ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਅਤੇ ਡਕੈਤੀ ਦੀਆਂ ਵਾਰਦਾਤਾਂ ਤੋਂ ਬਾਅਦ ਸਮੁੱਚੀ ਪੁਲਿਸ ਫੋਰਸ ਦੀ ਜ਼ਿੰਮੇਵਾਰੀ ਤੈਅ ਕਰਨ ਦੇ ਕਦਮ ਚੁੱਕਦਿਆਂ ਜ਼ੋਨਾਂ ਦੇ ਆਈ.ਜੀ., ਰੇਂਜਾਂ ਦੇ ਡੀ.ਆਈ.ਜੀ. ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਭਵਿੱਖ ਵਿਚ ਜੇਕਰ ਕੋਈ ਘਟਨਾ ਵਾਪਰੀ ਤਾਂ ਸਮੁੱਚੇ ਅਫਸਰਾਂ ਦੀ ਜਵਾਬ-ਤਲਬੀ ਕੀਤੀ ਜਾਵੇਗੀ। ਸ੍ਰੀ ਅਰੋੜਾ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਸਮੇਤ ਸੀਨੀਅਰ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕੀਤੀ। ਸੂਤਰਾਂ ਮੁਤਾਬਕ ਇੰਟੈਲੀਜੈਂਸ ਵਿੰਗ ਮੁਖੀ ਦਿਨਕਰ ਗੁਪਤਾ ਤੇ ਵਿੰਗ ਦੇ ਆਈ.ਜੀ. ਨਿਲਭ ਕਿਸ਼ੋਰ ਨੇ ਅਤਿਵਾਦੀ ਅਤੇ ਗੈਂਗਸਟਰਾਂ ਦੀਆਂ ਸਰਗਰਮੀਆਂ ਸਬੰਧੀ ਪੇਸ਼ਕਾਰੀ ਦਿੱਤੀ। ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਗੈਂਗਸਟਰਾਂ ਦੀਆਂ ਗਤੀਵਿਧੀਆਂ ਤੋਂ ਚੌਕਸ ਰਹਿਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ। ਫਿਰੋਜ਼ਪੁਰ 'ਚ ਵਿਰੋਧੀ ਧਿਰ ਅਕਾਲੀ ਦਲ ਨਾਲ ਸਬੰਧਤ ਵਿਅਕਤੀਆਂ ਦੇ ਕਤਲਾਂ ਦੇ ਮੁੱਦੇ 'ਤੇ ਪੁਲਿਸ ਦੀ ਭੂਮਿਕਾ ਨੂੰ ਲੈ ਕੇ ਡੀ.ਜੀ.ਪੀ. ਨੇ ਫਿਰੋਜ਼ਪੁਰ ਦੇ ਜ਼ਿਲ੍ਹਾ ਪੁਲਿਸ ਮੁਖੀ ਦੀ ਖਿਚਾਈ ਵੀ ਕੀਤੀ।

# ਕਾਂਗਰਸੀ ਵੀ ਅਕਾਲੀਆਂ ਵਾਲੇ ਰਾਹ ਹੋ ਤੁਰੇ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੀਡੀਆ ਨਾਲ ਆਪਣੇ ਵਾਰਤਾਲਾਪ ਦੌਰਾਨ ਇਹ ਅਕਸਰ ਹੀ ਕਹਿੰਦੇ ਹਨ ਕਿ ਉਹ ਇਤਿਹਾਸ ਤੋਂ ਸਬਕ ਸਿੱਖਣ ਦੇ ਮੁਦਈ ਹਨ। ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਅਕਾਲੀਆਂ, ਖਾਸ ਕਰ ਕੇ ਬਾਦਲਾਂ ਨੂੰ ਜੇਲ੍ਹਾਂ ਵਿਚ ਡੱਕਣ ਦਾ ਕੰਮ ਕਰ ਕੇ ਉਨ੍ਹਾਂ ਦੇ ਰਾਜਸੀ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ ਸੀ।

ਇਸੇ ਲਈ ਇਸ ਵਾਰ ਉਹ ਅਜਿਹੀ ਗਲਤੀ ਨਹੀਂ ਦੁਹਰਾਉਣਗੇ, ਪਰ ਉਨ੍ਹਾਂ ਦਾ ਪਾਰਟੀ ਕਾਡਰ ਇਸ ਫਲਸਫੇ ਵਿਚ ਯਕੀਨ ਕਰਦਾ ਨਹੀਂ ਜਾਪਦਾ। ਉਹ ਮਲਾਈਦਾਰ ਰੁਤਬੇ ਤੇ ਕਾਰੋਬਾਰ ਹਥਿਆਉਣ ਲਈ ਬੇਲੋੜੀ ਬੇਤਾਬੀ ਦਿਖਾ ਰਿਹਾ ਹੈ। ਇਸੇ ਲਈ ਟਰੱਕ ਯੂਨੀਅਨਾਂ ਉਪਰ ਜਬਰੀ ਕਬਜ਼ੇ ਹੋ ਰਹੇ ਹਨ, ਨਗਰ ਕੌਂਸਲਾਂ ਦੇ ਪ੍ਰਧਾਨਾਂ ਨੂੰ ਅਫ਼ਸਰਸ਼ਾਹੀ ਦੇ 'ਗਲ ਗੂਠੇ' ਦੇ ਕੇ ਜਬਰੀ ਹਟਾਇਆ ਜਾ ਰਿਹਾ ਹੈ, ਪਿੰਡ ਪੱਧਰ ਦੇ ਅਕਾਲੀ ਵਰਕਰ ਕੋਹੇ ਜਾ ਰਹੇ ਹਨ ਅਤੇ ਗੁੰਡਾ ਟੈਕਸ ਵਸੂਲੇ ਜਾਣ ਦੇ ਮਾਮਲੇ ਵੀ ਸਾਹਮਣੇ ਆਉਣ ਲੱਗੇ ਹਨ। ਜਿਸ ਕਿਸਮ ਦੀਆਂ ਬੁਰਾਈਆਂ ਅਕਾਲੀਆਂ ਨੇ ਲਗਾਤਾਰ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਦਿਖਾਉਣੀਆਂ ਸ਼ੁਰੂ ਕੀਤੀਆਂ



ਸਨ, ਕਾਂਗਰਸੀਆਂ ਨੇ ਸੱਤਾ ਉਤੇ ਦਸ ਸਾਲਾਂ ਬਾਅਦ ਵਾਪਸੀ ਦੇ ਪਹਿਲੇ ਮਹੀਨੇ ਹੀ ਉਨ੍ਹਾਂ ਦੀ ਨੁਮਾਇਸ਼ ਕਰਨੀ ਸ਼ੁਰੂ ਕਰ ਦਿੱਤੀ ਹੈ - ਉਹ ਵੀ ਮੁੱਖ ਮੰਤਰੀ ਵੱਲੋਂ ਬਾਜ਼ਬਤ ਰਹਿਣ ਅਤੇ ਸਬਰ ਤੇ ਸੰਜਮ ਨਾਲ ਵਿਚਰਨ ਦੀਆਂ ਹਦਾਇਤਾਂ ਦੇ ਬਾਵਜੂਦ। ਜਦੋਂ ਪੁਲਿਸ ਅਤੇ ਪ੍ਰਸ਼ਾਸਨ ਉਪਰ ਨਾਜਾਇਜ਼ ਨੂੰ ਜਾਇਜ਼ ਦਿਖਾਉਣ ਅਤੇ ਜਾਇਜ਼ ਨੂੰ ਨਾਜਾਇਜ਼ ਬਣਾਉਣ ਦਾ ਬੋਝ ਪੈ ਜਾਵੇ ਤਾਂ ਅਪਰਾਧੀ ਅਨਸਰਾਂ ਉਤੇ ਨਜ਼ਰ ਰੱਖਣ ਜਾਂ ਉਨ੍ਹਾਂ ਦੀ ਪੈੜ ਨੱਪਣ ਜਾਂ ਸਾਧਾਰਨ ਪ੍ਰਸ਼ਾਸਨਿਕ ਕਾਰਜ ਸਮੇਂ ਸਿਰ ਨੇਪਰੇ ਚਾੜ੍ਹਨ ਵਰਗੇ ਕੰਮ ਤਰਜੀਹਾਂ ਵਿਚੋਂ ਖਿਸਕ ਜਾਂਦੇ ਹਨ। ਇਹ ਵਰਤਾਰਾ ਸਾਡੇ ਸਾਹਮਣੇ ਵਾਪਰਨਾ ਸ਼ੁਰੂ ਹੋ ਚੁੱਕਾ ਹੈ। ਅਕਾਲੀ-ਭਾਜਪਾ ਗੱਠਜੋੜ ਦੇ ਕਾਰਜਕਾਲ ਦੌਰਾਨ ਪੁਲਿਸ, ਅਪਰਾਧੀਆਂ ਦਾ ਪਿੱਛਾ ਕਰਨ ਦੀ ਥਾਂ ਉਨ੍ਹਾਂ ਦੇ ਸਰਪ੍ਰਸਤਾਂ ਤੇ ਆਕਾਵਾਂ ਦੇ ਹੁਕਮ ਵਜਾਉਣ ਵਿਚ ਜ਼ਿਆਦਾ ਰੁੱਝੀ ਰਹਿੰਦੀ ਸੀ, ਇਹੀ ਕੁਝ ਹੁਣ ਵੀ ਵਾਪਰ ਰਿਹਾ ਹੈ।

ਆਪਣੇ ਪਿਛਲੇ ਕਾਰਜਕਾਲ ਦੇ ਮੁਕਾਬਲੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਜ-ਸ਼ੈਲੀ ਵਿਚ ਵਿਆਪਕ ਅੰਤਰ ਹੈ। ਪ੍ਰਸ਼ਾਸਨ ਉਤੇ ਉਨ੍ਹਾਂ ਦਾ ਸਪੱਸ਼ਟ ਫੋਕਸ ਹੈ। ਕੁਝ ਹੋਰ ਮੰਤਰੀ ਵੀ ਆਪੋ ਆਪਣੇ ਵਿਭਾਗਾਂ ਦੇ ਕੰਮ ਤੇ ਸਰਕਾਰੀ ਖਜ਼ਾਨੇ ਨੂੰ ਲੀਹ ਉਤੇ ਲਿਆਉਣ ਦੇ ਕਾਰਜ ਉਤੇ ਕੇਂਦ੍ਰਿਤ ਹਨ, ਪਰ ਜ਼ਮੀਨੀ ਪੱਧਰ ਉਤੇ ਜੋ ਕੁਝ ਨਾਖੁਸ਼ਗਵਾਰ ਵਾਪਰ ਰਿਹਾ ਹੈ, ਉਸ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ।

# ਜਦੋਂ ਪਾਇਲਟ ਨੇ ਲਾਇਆ ਠੌਂਕਾ!

**ਕਰਾਚੀ:** ਪਾਕਿਸਤਾਨ ਏਅਰ ਲਾਈਨਜ਼ ਦਾ ਇਕ ਸੀਨੀਅਰ ਪਾਈਲਟ ਰੱਬ ਭਰੋਸੇ ਯਾਤਰੀਆਂ ਨੂੰ ਛੱਡ ਕੇ ਅਸਮਾਨ ਵਿਚਾਲੇ ਸੌਣ ਲਈ ਚਲਾ ਗਿਆ, ਜਿਸ ਵਕਤ ਪਾਈਲਟ ਵੱਲੋਂ ਇਹ ਹਰਕਤ ਕੀਤੀ ਗਈ, ਉਸ ਸਮੇਂ ਪਾਕਿਸਤਾਨ ਏਅਰ ਲਾਈਨਜ਼ ਦਾ ਜਹਾਜ਼ ਇਸਲਾਮਾਬਾਦ ਤੋਂ ਲੰਡਨ ਜਾ ਰਿਹਾ ਸੀ।



ਪਾਈਲਟ ਖਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਹੈ। ਅਸਲ ਵਿਚ, ਫਲਾਈਟ ਦਾ ਮੁੱਖ ਪਾਈਲਟ ਜਹਾਜ਼ ਨੂੰ ਟੇਕ ਆਫ ਕਰਨ ਤੋਂ ਬਾਅਦ ਆਪਣੀ ਜੂਨੀਅਰ ਪਾਈਲਟ ਦੇ ਸਹਾਰੇ ਯਾਤਰੀਆਂ ਨੂੰ ਛੱਡ ਕੇ ਨੀਂਦ ਦੇ ਝੂਟੇ ਲੈਣ ਚਲਾ ਗਿਆ। ਏਅਰ ਲਾਈਨਜ਼ ਵਿਚ ਉਸ ਸਮੇਂ 300 ਯਾਤਰੀ ਸਫਰ ਕਰ ਰਹੇ ਸਨ। ਪਾਕਿਸਤਾਨ ਦੇ ਅਖ਼ਬਾਰ ਡਾਨ ਅਨੁਸਾਰ ਫਲਾਈਟ ਦੀ ਜ਼ਿੰਮੇਵਾਰੀ ਸੀਨੀਅਰ ਪਾਈਲਟ ਅਮੀਰ ਅਖ਼ਤਰ ਹਾਸ਼ਮੀ ਤੇ ਉਸ ਦੇ ਜੂਨੀਅਰ ਉਤੇ ਸੀ। ਹਾਸ਼ਮੀ ਨੇ ਜੂਨੀਅਰ ਪਾਈਲਟ ਨੂੰ ਕੋਕਪਿਟ ਵਿਚ ਰਹਿਣ ਦਾ ਆਦੇਸ਼ ਦਿੱਤਾ ਤੇ ਖੁਦ ਵੀ.ਆਈ.ਪੀ. ਸੀਟ ਉਤੇ ਸੌਂ ਗਿਆ।

# ਨਸ਼ਿਆਂ ਦੇ ਮੱਕੜਜਾਲ ਨੂੰ ਤੋੜਨ ਦੇ ਨੇੜੇ-ਤੇੜੇ ਵੀ ਨਹੀਂ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਰਾਜਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਪੰਜਾਬ ਵਿਚੋਂ ਇਕ ਮਹੀਨੇ ਦੇ ਅੰਦਰ-ਅੰਦਰ ਨਸ਼ਿਆਂ ਦੇ ਖ਼ਾਤਮੇ ਦਾ ਦਾਅਵਾ ਸਰਕਾਰ ਲਈ ਨਮੋਸ਼ੀ ਬਣਦਾ ਜਾ ਰਿਹਾ ਹੈ। ਕੈਪਟਨ ਸਰਕਾਰ ਦੀਆਂ ਕੋਸ਼ਿਸ਼ਾਂ ਨਸ਼ਿਆਂ ਦੇ ਇਸ ਮੱਕੜਜਾਲ ਨੂੰ ਤੋੜਨ ਦੇ ਨੇੜੇ ਤੇੜੇ ਵੀ ਨਹੀਂ ਪੁੱਜ ਸਕੀਆਂ।

ਕੈਪਟਨ ਸਰਕਾਰ ਵੱਲੋਂ ਇਸ ਸਬੰਧੀ ਸਪੈਸ਼ਲ ਟਾਸਕ ਫੋਰਸ ਸਥਾਪਤ ਕਰਨਾ, ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿਚ ਕਟੌਤੀ ਕਰਨਾ ਅਤੇ 5 ਸਾਲਾਂ ਵਿਚ ਸ਼ਰਾਬ ਦੇ 50 ਫੀਸਦੀ ਠੇਕੇ ਖ਼ਤਮ ਕਰਨਾ ਵਰਗੇ ਫੈਸਲੇ ਇਸ ਸਮੱਸਿਆ ਤੋਂ ਇੰਨੀ ਛੇਤੀ ਛੁਟਕਾਰਾ ਦਿਵਾਉਣ ਵਾਲੇ ਨਹੀਂ ਜਾਪਦੇ। ਸਿਆਸੀ ਵਿਰੋਧੀ ਇਸ ਮੁੱਦੇ ਉਤੇ ਸਰਕਾਰ ਨੂੰ ਘੇਰਨ ਲੱਗੇ ਹਨ। ਅਕਾਲੀ ਦਲ ਸਮੇਤ ਵਿਰੋਧੀ ਧਿਰ ਆਮ ਆਦਮੀ ਪਾਰਟੀ ਸਵਾਲ ਕਰ ਰਹੀ ਹੈ ਕਿ ਸਰਕਾਰ ਬਣੀ ਨੂੰ ਦੋ ਮਹੀਨੇ ਹੋ ਗਏ ਹਨ, ਪਰ ਨਸ਼ਿਆਂ ਦਾ ਦਰਿਆ ਡੱਕਣ ਲਈ ਸਿਰਫ ਕਾਗਜ਼ੀ ਕੋਸ਼ਿਸ਼ਾਂ ਹੀ ਹੋਈਆਂ ਹਨ।

ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਨਸ਼ਿਆਂ ਨੂੰ ਮੁੱਖ ਮੁੱਦਾ ਬਣਾਇਆ ਸੀ। ਦਾਅਵਾ ਕੀਤਾ ਸੀ ਕਿ ਕਾਂਗਰਸ ਸਰਕਾਰ ਆਈ ਤਾਂ ਇਕ ਮਹੀਨੇ ਵਿਚ ਪੰਜਾਬ ਨਸ਼ਾ ਮੁਕਤ ਹੋ ਜਾਵੇਗਾ। ਕਾਂਗਰਸ ਭਾਵੇਂ ਇਸ ਗੰਭੀਰ ਮੁੱਦੇ ਦਾ ਸਿਆਸੀ ਲਾਹਾ ਲੈ ਗਈ, ਪਰ ਹੁਣ ਵਾਅਦਾ ਨਿਭਾਉਣ ਵਿਚ ਨਾਕਾਮ ਨਜ਼ਰ ਆ ਰਹੀ ਹੈ।

2014 ਵਿਚ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਦੀ ਇਹ ਗੰਭੀਰ ਸਮੱਸਿਆ ਉਭਰ ਕੇ ਸਾਹਮਣੇ ਆਈ ਸੀ। ਉਸ ਵੇਲੇ ਰਾਜ ਸੱਤਾ 'ਤੇ ਕਾਬਜ਼ ਪਾਰਟੀ ਨੂੰ ਅੰਦਾਜ਼ਨ 12.5 ਫੀਸਦੀ ਵੋਟ ਬੈਂਕ ਦਾ ਖੋਰਾ ਲੱਗਣ ਕਾਰਨ ਉਨ੍ਹਾਂ ਨੂੰ ਇਸ ਗੰਭੀਰ ਸਮੱਸਿਆ ਨੇ ਝੰਜੋੜਿਆ ਸੀ। ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਰੇਡੀਓ ਵਾਰਤਾ ਰਾਹੀਂ ਪੰਜਾਬ ਵਿਚ ਨਸ਼ਿਆਂ ਪ੍ਰਤੀ ਚਿੰਤਾ ਪ੍ਰਗਟਾਈ ਸੀ। ਉਸ ਵੇਲੇ ਦੀ ਪੰਜਾਬ ਸਰਕਾਰ ਨੇ ਸਰਹੱਦ ਰਾਹੀਂ ਨਸ਼ਿਆਂ ਦੇ ਦਾਖਲ ਹੋਣ ਦਾ ਦੋਸ਼ ਲਾ ਕੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਸੁੱਟਣ ਤੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕੀਤੀ ਸੀ ਜਿਸ ਦੀ ਬੁੱਧੀਜੀਵੀ ਵਰਗ ਨੇ ਭਰਵੀਂ ਆਲੋਚਨਾ ਕੀਤੀ ਸੀ।

ਲੋਕਾਂ ਦਾ ਭਾਰੀ ਦਬਾਅ ਪੈਣ ਤੇ ਵੋਟ ਬੈਂਕ ਦੇ ਖੋਰੇ ਨੂੰ ਰੋਕਣ ਲਈ ਉਸ ਵੇਲੇ ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕਰ ਕੇ ਇਕ ਪਾਸੇ ਰਾਜ ਦੇ ਸਰਕਾਰੀ ਹਸਪਤਾਲਾਂ ਵਿਚ ਦਵਾਈਆਂ ਦਾ ਡਮਰੂ ਵਜਾਇਆ ਤੇ ਦੂਜੇ ਪਾਸੇ ਨਸ਼ੱਈਆਂ ਨੂੰ ਧੜਾਧੜ ਫੜ ਕੇ ਜੇਲ੍ਹਾਂ ਅੰਦਰ ਸੁੱਟਿਆ ਗਿਆ, ਪਰ ਨਸ਼ੇ ਦੇ ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾਇਆ।

## ਇੰਨਾ ਸੌਖਾ ਨਹੀਂ ਨਸ਼ਾ ਮੁਕਤ ਪੰਜਾਬ

**ਚੰਡੀਗੜ੍ਹ:** ਵੱਖ-ਵੱਖ ਸਰਵੇਖਣਾ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਨਾਲ ਲਗਦੀ 553 ਕਿਲੋਮੀਟਰ ਲੰਬੀ ਸਰਹੱਦ ਰਾਹੀਂ ਜਿਹੜੀ ਹੈਰੋਇਨ ਪੰਜਾਬ ਵਿਚ ਦਾਖਲ ਹੁੰਦੀ ਹੈ, ਉਸ ਦੀ ਅੰਦਾਜ਼ਨ 7 ਫੀਸਦੀ ਖਪਤ ਹੀ ਪੰਜਾਬ ਵਿਚ ਹੁੰਦੀ ਹੈ। ਦਰਅਸਲ, ਪੰਜਾਬ ਨੂੰ ਤਸਕਰ ਹੈਰੋਇਨ/ਸਮੈਕ ਦੀ ਸਪਲਾਈ ਲਈ ਅੰਤਰਰਾਸ਼ਟਰੀ ਪੜਾਅ ਵਜੋਂ ਵਰਤ ਰਹੇ ਹਨ। ਪਾਕਿਸਤਾਨ ਤੋਂ ਤਸਕਰ ਅੰਦਾਜ਼ਨ ਇਕ ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਹੈਰੋਇਨ ਖਰੀਦਦੇ ਹਨ, ਜਿਸ ਨੂੰ ਪੰਜਾਬ ਵਿਚ ਅੰਦਾਜ਼ਨ ਪੰਜ ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ। ਦਿੱਲੀ ਪਹੁੰਚ ਕੇ ਇਹ ਹੈਰੋਇਨ ਦਾ ਮੁੱਲ 8-10 ਲੱਖ ਰੁਪਏ ਹੋ ਜਾਂਦਾ ਹੈ। ਮੁੰਬਈ 15 ਤੋਂ 16 ਲੱਖ ਰੁਪਏ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਹ ਹੈਰੋਇਨ ਇਕ ਕਰੋੜ ਰੁਪਏ ਤੋਂ ਪੰਜ ਕਰੋੜ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ।

ਤਸਕਰ ਬੀ.ਐਸ.ਐਫ. ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਧੋਖਾ ਦੇ ਕੇ ਜਾਂ ਕੁਝ ਸੁਰੱਖਿਆ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਆਪਣਾ ਮਾਲ ਪੰਜਾਬ ਅੰਦਰ ਲੈ ਵੀ ਆਉਂਦੇ ਹਨ ਤਾਂ ਫਿਰ ਅਗਾਂਹ ਪੰਜਾਬ ਦਾ ਸੂਹੀਆ ਤੰਤਰ ਅਤੇ ਪੁਲਿਸ ਵਿਭਾਗ ਇਸ ਨੂੰ ਪੰਜਾਬ ਅੰਦਰ ਦਾਖਲ ਹੋਣ ਤੋਂ ਰੋਕਣ ਲਈ ਕਿੰਨਾ ਕੁ ਯਤਨਸ਼ੀਲ ਹੈ। ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਭੁੱਕੀ, ਅਫ਼ੀਮ ਅਤੇ ਸਿੰਥੈਟਿਕ ਡਰਗਜ਼ ਪੰਜਾਬ ਵਿਚ ਲੈ ਕੇ ਆਉਣ ਲਈ ਫਾਜ਼ਿਲਕਾ ਰਾਹੀਂ 25 ਲਾਂਘੇ ਹਨ। ਇਨ੍ਹਾਂ 25 ਲਾਂਘਿਆਂ 'ਤੇ ਸੁਰੱਖਿਆ ਏਜੰਸੀਆਂ ਦੀ ਬਾਜ਼ ਅੱਖ ਰੱਖਣ ਨਾਲ ਭੁੱਕੀ, ਅਫੀਮ ਅਤੇ ਸਿੰਥੈਟਿਕ ਡਰਗਜ਼ ਦੇ ਨਸ਼ੇ ਦੀ ਸਪਲਾਈ ਲਾਇਨ ਦਾ ਲੱਕ ਤੋੜਿਆ ਜਾ ਸਕਦਾ ਹੈ।

## ਅਮਰੀਕਾ ਲਈ ਨਵੀਆਂ ਉਡਾਣਾਂ ਸ਼ੁਰੂ ਕਰੇਗੀ ਏਅਰ ਇੰਡੀਆ

**ਨਵੀਂ ਦਿੱਲੀ:** ਏਅਰ ਇੰਡੀਆ ਅਮਰੀਕਾ ਲਈ ਛੇਤੀ ਤਿੰਨ ਨਵੀਆਂ ਉਡਾਣਾਂ ਸ਼ੁਰੂ ਕਰਨ ਤੋਂ ਇਲਾਵਾ ਸਟਾਕਹੋਮ, ਨੈਰੋਬੀ ਤੇ ਤਲ ਅਵੀਵ ਲਈ ਵੀ ਉਡਾਣਾਂ ਸ਼ੁਰੂ ਕਰੇਗੀ। ਏਅਰ ਇੰਡੀਆ ਦੇ ਚੇਅਰਮੈਨ ਅਸ਼ਵਨੀ ਲੋਹਾਨੀ ਨੇ ਦੱਸਿਆ ਕਿ ਕੰਪਨੀ ਵੱਲੋਂ ਵਾਸ਼ਿੰਗਟਨ ਲਈ ਉਡਾਣ 7 ਜੁਲਾਈ ਅਤੇ ਲਾਸ ਏਂਜਲਸ ਲਈ ਪਹਿਲੀ ਸਤੰਬਰ ਤੋਂ ਸ਼ੁਰੂ ਕੀਤੀ ਜਾਏਗੀ। ਇਸ ਤੋਂ ਬਾਅਦ ਡੈਲਸ ਲਈ ਉਡਾਣ ਸ਼ੁਰੂ ਕੀਤੀ ਜਾਵੇਗੀ। ਸਵੀਡਨ ਦੀ ਰਾਜਧਾਨੀ ਸਟਾਕਹੋਮ ਲਈ ਉਡਾਣ 15 ਅਗਸਤ ਤੋਂ ਸ਼ੁਰੂ ਕੀਤੀ ਜਾਵੇਗੀ।

ਇਸਰਾਈਲ ਦੇ ਸ਼ਹਿਰ ਤਲ ਅਵੀਵ ਅਤੇ ਕੀਨੀਆ ਦੇ ਸ਼ਹਿਰ ਨੈਰੋਬੀ ਲਈ ਵੀ ਉਡਾਣ ਇਸੇ ਸਾਲ ਸ਼ੁਰੂ ਹੋਵੇਗੀ। ਪਹਿਲੀ ਨਵੀਂ ਉਡਾਣ ਵਾਸ਼ਿੰਗਟਨ ਲਈ 7 ਜੁਲਾਈ ਤੋਂ, ਦੂਜੀ ਸਟਾਕਹੋਮ ਲਈ 15 ਅਗਸਤ, ਤੀਜੀ ਲਾਸ ਏਂਜਲਸ ਲਈ ਪਹਿਲੀ ਸਤੰਬਰ ਤੋਂ ਸ਼ੁਰੂ ਹੋਵੇਗੀ। ਇਸ ਤੋਂ ਪਹਿਲਾਂ ਅਮਰੀਕਾ ਵਿਚ ਨਿਊ ਯਾਰਕ, ਨੇਵਾਰਕ, ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾ ਚੁੱਕੀ ਹੈ।

**Punjab Times**
**Established in 2000**
**18th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਲਿਤਾਂ ਦੀ ਹਾਲਤ ਬਾਰੇ ਮੀਡੀਆ ਦੀ ਭੂਮਿਕਾ 'ਤੇ ਉਠੇ ਸਵਾਲ

**ਘਨੌਰ (ਪਟਿਆਲਾ):** ਇਥੇ ਯੂਨੀਵਰਸਿਟੀ ਕਾਲਜ ਵਿਚ ਪੋਲੀਟੀਕਲ ਸਾਇੰਸ ਸੁਸਾਇਟੀ ਵਲੋਂ ਪ੍ਰਿੰਸੀਪਲ ਡਾ. ਲਖਵੀਰ ਸਿੰਘ ਦੀ ਅਗਵਾਈ ਵਿਚ 'ਥਿੰਕਿੰਗ ਅਬਾਊਟ ਕਾਸਟ' ਵਿਸ਼ੇ ਉਤੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਬੀ.ਏ. ਭਾਗ ਦੋ ਅਤੇ ਤਿੰਨ ਦੇ 9 ਵਿਦਿਆਰਥੀਆਂ ਨੇ ਪੇਪਰ ਪੇਸ਼ ਕੀਤਾ। ਬੜੌਦਾ (ਹੁਣ ਵੜੋਦਰਾ) ਦੀ ਮਹਾਰਾਜਾ ਸੱਤਿਆਜੀ ਰਾਓ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸੇਵਾ ਮੁਕਤ ਪ੍ਰੋਫੈਸਰ ਰਾਜ ਕੁਮਾਰ ਹੰਸ ਨੇ ਸੈਮੀਨਾਰ ਦੀ ਪ੍ਰਧਾਨਗੀ ਕੀਤੀ। ਉਥੇ ਲੇਖਕ ਦੇਸ ਰਾਜ ਕਾਲੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਸੁਰਜੀਤ ਸਿੰਘ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।

ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਪਰਚੇ ਸਮਾਜ ਵਿਚ ਦਲਿਤਾਂ ਦੀ ਤਰਸਯੋਗ ਹਾਲਤ ਤੇ ਚੁਣੌਤੀ 'ਤੇ ਕੇਂਦਰਿਤ ਸਨ। ਵਿਦਿਆਰਥੀਆਂ ਨੇ 'ਦਲਿਤ' ਸ਼ਬਦ ਦੇ ਅਰਥ ਤੇ ਇਸ ਦੀ ਉਤਪਤੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਬਾਰੇ ਵੀ ਚਾਨਣਾ ਪਾਇਆ ਗਿਆ ਕਿ ਕਿਸ ਤਰ੍ਹਾਂ ਜਾਤੀਵਾਦ ਨੇ ਹੁਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਹੋਂਦ ਬਣਾਈ ਰੱਖੀ। ਦਲਿਤ ਭਾਈਚਾਰੇ ਨੂੰ ਬਣਦੇ ਹੱਕ ਦਿਵਾਉਣ ਲਈ ਆਵਾਜ਼ ਬੁਲੰਦ ਹੋਈ, ਪਰ ਸੱਤਾ ਤੇ ਰਾਜਨੀਤੀ ਦੀ ਚੌਧਰ ਦੀ ਸ਼ਿਕਾਰ ਹੋ ਗਈ। ਉਨ੍ਹਾਂ (ਦਲਿਤਾਂ) ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਬਦਲਿਆ, ਇਹ ਮਹੱਤਵਪੂਰਨ ਸਵਾਲ ਇਹ ਦਰਸਾਉਣ ਲਈ ਹੈ ਕਿ ਅਸੀਂ ਸਮਾਜਿਕ ਰੂਪ ਵਿਚ ਕਿਥੇ ਗਲਤ ਹਾਂ। ਇਕ ਹੋਰ ਪਰਚੇ ਵਿਚ ਪ੍ਰਿੰਟ ਮੀਡੀਆ ਦੀ ਭੂਮਿਕਾ ਉਤੇ ਸਵਾਲ ਉਠਾਏ ਗਏ। ਮੀਡੀਆ ਨੇ ਦਲਿਤਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਾਜ ਸਾਹਮਣੇ ਲਿਆਉਣ ਤੋਂ ਪਾਸਾ ਵੱਟੀ ਰੱਖਿਆ। ਇਹ ਚਿੰਤਾ ਵਾਲੀ ਗੱਲ ਹੈ ਕਿ ਪੰਜਾਬ ਦੇ ਖੇਤਰੀ ਅਖਬਾਰਾਂ ਵਿਚ ਵੀ ਦਲਿਤ ਮੁੱਦਿਆਂ ਨੂੰ ਪਾਸੇ ਰੱਖਿਆ ਗਿਆ। ਦਲਿਤ ਔਰਤਾਂ ਦਾ ਸ਼ੋਸ਼ਣ ਆਮ ਹੈ, ਪਰ ਇਸ ਗੰਭੀਰ ਮਸਲੇ ਨੂੰ ਹਮੇਸ਼ਾ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਰਿਹਾ ਹੈ।

ਇਸ ਮੌਕੇ ਦੇਸ ਰਾਜ ਕਾਲੀ ਨੇ ਕਈ ਅਹਿਮ ਮੁੱਦਿਆਂ 'ਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਮੀਡੀਆ ਇਕ ਖਾਸ ਵਰਗ ਦੇ ਹੱਕਾਂ ਦੀ ਤਰਜਮਾਨੀ ਕਰਦਾ ਦਿਸਦਾ ਹੈ, ਮੀਡੀਆ ਨੂੰ ਅਜਿਹੀ ਸੋਚ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਡਾ. ਸੁਰਜੀਤ ਸਿੰਘ ਨੇ ਕਾਲਜ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਰਾਜ ਕੁਮਾਰ ਹੰਸ ਨੇ ਆਖਿਆ ਕਿ ਜਾਤ ਪਾਤ ਮਨੁੱਖ ਵੱਲੋਂ ਬਣਾਈ ਧਾਰਨਾ ਹੈ। ਭਾਰਤੀ ਉਪ ਮਹਾਂਦੀਪ ਵਿਚ ਭਾਵੇਂ ਹੁਣ ਵੀ ਜਾਤ ਪਾਤ ਦੀ ਬੁਰਾਈ ਤੇਜ਼ੀ ਨਾਲ ਫੈਲ ਰਹੀ ਹੈ, ਪਰ ਦੂਜੇ ਰੂਪਾਂ ਵਿਚ ਭੇਦਭਾਵ ਦੁਨੀਆਂ ਭਰ ਵਿਚ ਹੈ, ਭਾਵੇਂ ਇਹ ਨਸਲ, ਲਿੰਗ ਤੇ ਰੰਗ ਦੇ ਨਾਂ ਉਤੇ ਹੋਵੇ। ਜੇ ਅਸੀਂ ਇਕ ਰਾਸ਼ਟਰ ਦੇ ਤੌਰ ਉਤੇ ਤਰੱਕੀ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਬੁਰਾਈ ਨੂੰ ਜੜ੍ਹਾਂ ਤੋਂ ਮਿਟਾਉਣ ਲਈ ਇਕਜੁਟ ਹੋ ਕੇ ਹੰਭਲਾ ਮਾਰਨਾ ਪਵੇਗਾ।

**'ਥਿੰਕਿੰਗ ਅਬਾਊਟ ਕਾਸਟ' ਵਿਸ਼ੇ ਬਾਰੇ ਸੈਮੀਨਾਰ**



# ਮੋਦੀ ਦਾ 'ਸਦਭਾਵਨਾ ਮਿਸ਼ਨ' ਡੋਲਿਆ

**ਅੰਮ੍ਰਿਤਸਰ:** ਭਾਰਤ ਯਾਤਰਾ ਉਤੇ ਆਏ ਲਾਹੌਰ ਗਰੈਮਰ ਸਕੂਲ ਦੇ 50 ਵਿਦਿਆਰਥੀਆਂ ਨੂੰ ਵਾਹਗਾ-ਅਟਾਰੀ ਸਰਹੱਦ ਤੋਂ ਦਾਖਲ ਹੋਣ ਦੀ ਆਗਿਆ ਨਾ ਦੇਣ ਅਤੇ ਵਾਪਸੀ ਲਈ ਕਹੇ ਜਾਣ ਬਾਰੇ ਭਾਰਤੀ ਫੈਸਲੇ ਦੀ ਖੁੱਲ੍ਹ ਕੇ ਨੁਕਤਾਚੀਨੀ ਹੋ ਰਹੀ ਹੈ। ਇਹ ਸਕੂਲੀ ਬੱਚੇ ਦਿੱਲੀ ਦੀ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਦੇ ਸੱਦੇ ਉਤੇ 'ਸਦਭਾਵਨਾ ਮਿਸ਼ਨ' ਲਈ ਭਾਰਤ ਆ ਰਹੇ ਸਨ। ਇਸ ਫੇਰੀ ਦੌਰਾਨ ਇਨ੍ਹਾਂ ਨੇ ਭਾਰਤੀ ਬੱਚਿਆਂ ਨੂੰ ਮਿਲਣਾ ਅਤੇ ਉਨ੍ਹਾਂ ਨਾਲ ਵਿਚਰਨਾ ਸੀ। ਅਜਿਹੀਆਂ ਫੇਰੀਆਂ ਨਵੀਆਂ ਪੀੜ੍ਹੀਆਂ ਦੇ ਅੰਦਰੋਂ ਕੜੱਤਣ ਘਟਾਉਣ ਅਤੇ ਸ਼ਰੀਕ ਮੰਨੇ ਜਾਂਦੇ ਮੁਲਕ ਦੇ ਲੋਕਾਂ ਨੂੰ ਨੇੜਿਉਂ ਦੇਖਣ ਸਮਝਣ ਪੱਖੋਂ ਬਹੁਤ ਸਾਜ਼ਗਾਰ ਹੁੰਦੀਆਂ ਹਨ, ਪਰ ਪੁਣਛ ਜ਼ਿਲ੍ਹੇ ਵਿਚ ਕੰਟਰੋਲ ਰੇਖਾ 'ਤੇ ਦੋ ਭਾਰਤੀ ਫੌਜੀਆਂ ਦੇ ਸਿਰ ਕਲਮ ਕਰਨ ਦੀ ਘਟਨਾ ਕਾਰਨ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਬੱਚਿਆਂ ਨੂੰ ਭਾਰਤ ਵਿਚ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ। ਮੇਜ਼ਬਾਨ ਸੰਸਥਾ ਨੂੰ ਸਲਾਹ ਦਿੱਤੀ ਗਈ ਕਿ ਮਾਹੌਲ ਸਾਜ਼ਗਾਰ ਹੋਣ ਤੱਕ ਇਨ੍ਹਾਂ ਬੱਚਿਆਂ ਨੂੰ ਭਾਰਤ ਨਾ ਲਿਆਂਦਾ ਜਾਵੇ। ਅਸਲ ਵਿਚ, ਇਹ ਫੈਸਲਾ ਆਰ.ਐਸ.ਐਸ. ਵੱਲੋਂ ਪਾਕਿਸਤਾਨੀ ਬੱਚਿਆਂ ਦੇ ਦਾਖਲੇ ਦਾ ਵਿਰੋਧ ਕਰਨ ਦੇ ਐਲਾਨ ਪਿੱਛੋਂ ਕੀਤਾ ਗਿਆ ਹੈ।

ਪਾਕਿਸਤਾਨੀ ਅਖਬਾਰ 'ਦਿ ਨੇਸ਼ਨ' ਵਿਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਘੱਟੋ ਘੱਟ 13 ਬੱਚਿਆਂ ਨੇ ਇਹ ਅਹਿਦ ਲਿਆ ਹੈ ਕਿ ਉਹ ਹੁਣ ਕਦੇ ਵੀ ਭਾਰਤ ਨਹੀਂ ਜਾਣਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਿਛਲੇ ਡੇਢ ਸਾਲਾਂ ਦੌਰਾਨ ਤਿੰਨ ਵਾਰ ਇਹ ਕਹਿ ਚੁੱਕੇ ਹਨ ਕਿ ਭਾਰਤ ਦੀ ਲੜਾਈ ਪਾਕਿਸਤਾਨ ਦੇ ਅਮਨਪਸੰਦ ਨਾਗਰਿਕਾਂ ਨਾਲ ਨਹੀਂ। ਲੜਾਈ ਤੇ ਦੁਸ਼ਮਣੀ ਤਾਂ ਦਹਿਸ਼ਤ ਫੈਲਾਉਣ ਅਤੇ ਭਾਰਤ ਵਿਰੋਧੀ ਕਾਰਵਾਈਆਂ ਕਰਨ ਵਾਲੇ ਅਨਸਰਾਂ ਨਾਲ ਹੈ। ਸ੍ਰੀ ਮੋਦੀ ਨੇ ਪਿਛਲੇ ਸਾਲ ਆਪਣੀ 'ਮਨ ਕੀ ਬਾਤ' ਵਿਚ ਕਿਹਾ ਸੀ ਕਿ ਭਾਰਤ ਚਾਹੁੰਦਾ ਹੈ ਕਿ ਦੋਵਾਂ ਦੇਸ਼ਾਂ ਦੇ ਨਾਗਰਿਕ ਇਕ ਦੂਜੇ ਨਾਲ ਮਿਲਣ ਅਤੇ ਆਪਸੀ ਤਜਰਬੇ ਸਾਂਝੇ ਕਰਨ। ਪਾਕਿਸਤਾਨੀ ਨਾਗਰਿਕ ਵੱਧ ਗਿਣਤੀ ਵਿਚ ਭਾਰਤ ਆਉਣ ਅਤੇ ਉਹ ਆਪਣੀ ਸਰਕਾਰ ਲਈ ਅਮਨ-ਓ-ਮੁਹੱਬਤ ਤੇ ਭਾਈਚਾਰੇ ਦਾ ਪੈਗਾਮ ਲੈ ਕੇ ਵਤਨ ਜਾਣ, ਪਰ ਹੁਣ ਭਾਰਤ ਦੇ ਇਸ ਰੁਖ ਉਤੇ ਵੱਡੇ ਸਵਾਲ ਉਠ ਰਹੇ ਹਨ।

# ਆਪਣੇ ਹੀ ਕੇਜਰੀਵਾਲ ਨੂੰ ਘੇਰਨ ਲੱਗੇ

**ਨਵੀਂ ਦਿੱਲੀ:** ਦਿੱਲੀ ਮਿਉਂਸਿਪਲ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਵੱਡੀ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਹਾਸ਼ੀਏ 'ਤੇ ਜਾਣ ਕਰ ਕੇ ਪਾਰਟੀ ਅੰਦਰ ਕਲੇਸ਼ ਲਗਾਤਾਰ ਵਧ ਰਿਹਾ ਹੈ। ਹੁਣ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ।

ਦਿੱਲੀ ਦੇ ਮੰਤਰੀ ਮੰਡਲ ਵਿਚੋਂ ਖਾਰਜ ਕੀਤੇ ਕਪਿਲ ਮਿਸ਼ਰਾ ਵੱਲੋਂ ਅਰਵਿੰਦ ਕੇਜਰੀਵਾਲ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਜਾ ਰਹੇ ਹਨ। ਉਸ ਦਾ ਦਾਅਵਾ ਹੈ ਕਿ ਉਸ ਨੇ 50 ਕਰੋੜ ਦੇ ਜ਼ਮੀਨੀ ਸੌਦੇ ਵਿਚ ਸਿਹਤ ਮੰਤਰੀ ਸਤਯੇਂਦਰ ਜੈਨ ਨੂੰ ਕੇਜਰੀਵਾਲ ਨੂੰ ਦੋ ਕਰੋੜ ਰੁਪਏ ਦੀ ਰਿਸ਼ਵਤ ਦੀ ਰਕਮ ਸੌਂਪਦਿਆਂ ਖੁਦ ਦੇਖਿਆ। ਉਸ ਨੇ ਇਸ ਬਾਰੇ ਕੁਝ ਸਬੂਤ ਐਂਟੀ ਕੁਰੱਪਸ਼ਨ ਬਿਊਰੋ (ਏ.ਸੀ.ਬੀ.) ਅਤੇ ਸੀ.ਬੀ.ਆਈ. ਨੂੰ ਸੌਂਪਣ ਦਾ ਦਾਅਵਾ ਵੀ ਕੀਤਾ ਹੈ। ਸੀ.ਬੀ.ਆਈ. ਨੇ ਇਸ ਬਾਰੇ ਜਾਂਚ ਕਰਨ ਦਾ ਐਲਾਨ ਵੀ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਕੁਮਾਰ ਵਿਸ਼ਵਾਸ ਨੇ ਵੀ ਕੇਜਰੀਵਾਲ ਦੇ ਕੰਮ-ਢੰਗ ਅਤੇ ਨੀਤੀਆਂ ਉਤੇ ਉਜ਼ਰ ਕਰਦਿਆਂ ਪਾਰਟੀ ਦੇ ਅਹੁਦੇ ਤਿਆਗ ਦਿੱਤੇ ਸਨ, ਪਰ ਉਸ ਨੂੰ ਕੇਜਰੀਵਾਲ ਵੱਲੋਂ ਮਨਾ ਲਿਆ ਗਿਆ। ਹੁਣ ਜੈਨ ਵੱਲੋਂ ਲਾਏ ਦੋਸ਼ਾਂ ਦੇ ਮਾਮਲੇ ਵਿਚ ਵਿਸ਼ਵਾਸ ਨੇ ਕੇਜਰੀਵਾਲ ਦੇ ਹੱਕ ਵਿਚ ਸਿੱਧੇ ਤੌਰ 'ਤੇ ਸਫਾਈ ਦਿੱਤੀ ਹੈ, ਪਰ ਨਾਲ ਹੀ ਕਿਹਾ ਹੈ ਕਿ ਜੈਨ ਨੂੰ ਮਿਸ਼ਰਾ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਆਪਣਾ ਪੱਖ ਜ਼ਰੂਰ ਸਪਸ਼ਟ ਕਰਨਾ ਚਾਹੀਦਾ ਹੈ। ਵਿਸ਼ਵਾਸ ਦਾ ਹੀ ਸਾਥ ਦੇਣ ਵਾਲੇ ਕੁਝ ਵਿਧਾਇਕਾਂ, ਖਾਸ ਤੌਰ ਉਤੇ ਅਲਕਾ ਲਾਂਬਾ, ਆਦਰਸ਼ ਸ਼ਾਸਤਰੀ, ਸੋਮਨਾਥ ਭਾਰਤੀ ਤੇ ਰਾਜੇਸ਼ ਰਿਸ਼ੀ ਨੇ ਵੀ ਕੇਜਰੀਵਾਲ 'ਤੇ ਲੱਗੇ ਦੋਸ਼ਾਂ ਬਾਰੇ ਸਪਸ਼ਟ ਤਸਵੀਰ ਸਾਹਮਣੇ ਲਿਆਉਣ ਲਈ ਕਿਹਾ ਹੈ। ਦਰਅਸਲ, ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਅਤੇ ਫਿਰ ਦਿੱਲੀ ਨਗਰ ਨਿਗਮ ਚੋਣਾਂ ਵਿਚ 'ਆਪ' ਦੀ ਮਾਯੂਸਕੁਨ ਕਾਰਗੁਜ਼ਾਰੀ ਮਗਰੋਂ ਕੇਜਰੀਵਾਲ ਉਪਰ ਅੰਦਰੂਨੀ ਹਮਲੇ ਹੋ ਰਹੇ ਹਨ ਅਤੇ ਅੰਦਰੂਨੀ ਜਮਹੂਰੀਅਤ ਦਾ ਮਸਲਾ ਇਕ ਵਾਰ ਫਿਰ ਉਠਣ ਲੱਗ ਪਿਆ ਹੈ।

## ਆਖਰਕਾਰ ਤੇਤੀ ਸਾਲਾਂ ਪਿਛੋਂ ਮਿਲਿਆ ਨਿਆਂ

*(ਸਫਾ ਇਕ ਦੀ ਬਾਕੀ)*

ਸੀ। ਉਸ ਵੇਲੇ ਉਸ ਦੀ ਉਮਰ 17 ਵਰ੍ਹਿਆਂ ਦੀ ਸੀ ਅਤੇ ਉਹ ਆਪਣੇ ਦਾਦੇ ਨਾਲ ਸ੍ਰੀ ਹਰਮੰਦਿਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਸੀ। ਮਿਲੇ ਮੁਆਵਜ਼ੇ ਬਾਰੇ ਉਸ ਨੇ ਕਿਹਾ ਕਿ ਉਸ ਦਾ ਜਿੰਨਾ ਨੁਕਸਾਨ ਹੋਇਆ ਹੈ, ਇਹ ਮੁਆਵਜ਼ਾ ਉਸ ਦੇ ਮੁਕਾਬਲੇ ਕੁਝ ਵੀ ਨਹੀਂ, ਪਰ ਉਸ ਨੂੰ ਤਸੱਲੀ ਹੈ ਕਿ ਆਖਰਕਾਰ ਕੁਝ ਤਾਂ ਨਿਆਂ ਹੋਇਆ ਹੈ।

ਇਕ ਹੋਰ ਸਿੱਖ, ਭਗਵੰਤ ਸਿੰਘ ਨੇ ਦੱਸਿਆ ਕਿ ਉਹ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਸੀ ਅਤੇ ਉਸ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਫੜਿਆ ਗਿਆ ਸੀ। ਉਸ ਵਕਤ ਫੌਜ ਨੇ ਉਨ੍ਹਾਂ ਵੱਲ ਗ੍ਰਨੇਡ ਵੀ ਸੁੱਟਿਆ ਸੀ ਜਿਸ ਨਾਲ ਉਸ ਦੀ ਲੱਤ ਜ਼ਖ਼ਮੀ ਹੋ ਗਈ ਸੀ ਅਤੇ ਉਸ ਦੀ ਅੱਖ ਨੂੰ ਵੀ ਨੁਕਸਾਨ ਪੁੱਜਿਆ ਸੀ।

# ਮਰਜ਼ ਬੜਤਾ ਗਯਾ ਜਿਉਂ ਜਿਉਂ ਦਵਾ ਕੀ...

*(ਸਫਾ ਇਕ ਦੀ ਬਾਕੀ)*

ਭਗਵੰਤ ਮਾਨ ਉਤੇ ਕੁਝ ਸੀਨੀਅਰ ਆਗੂਆਂ ਦੀਆਂ ਲੱਤਾਂ ਖਿੱਚਣ ਅਤੇ ਆਪਣੇ ਆਪ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕਰਨ ਬਾਰੇ ਵੀ ਸਵਾਲ ਉਠੇ ਸਨ। ਉਨ੍ਹਾਂ ਉਤੇ ਸ਼ਰਾਬ ਪੀ ਕੇ ਸੰਸਦ ਅਤੇ ਜਨਤਕ ਸਮਾਗਮਾਂ ਵਿਚ ਜਾਣ ਦੇ ਦੋਸ਼ ਅਕਸਰ ਲੱਗਦੇ ਰਹੇ ਹਨ, ਪਰ ਇਸ ਦੇ ਬਾਵਜੂਦ ਕੇਜਰੀਵਾਲ ਵੱਲੋਂ ਕਿਸੇ ਦੀ ਪ੍ਰਵਾਹ ਕੀਤੇ ਬਿਨਾਂ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਮੁਖੀ ਥਾਪ ਦਿੱਤਾ ਗਿਆ। ਇਸ ਐਲਾਨ ਤੋਂ ਤੁਰੰਤ ਬਾਅਦ ਪੰਜਾਬ ਵਿਧਾਨ ਸਭਾ ਦਲ ਦੇ ਮੁੱਖ ਵ੍ਹਿਪ ਸੁਖਪਾਲ ਸਿੰਘ ਖਹਿਰਾ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। 'ਆਪ' ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਵੀ ਬਾਗੀ ਤੇਵਰ ਦਿਖਾਏ ਹਨ। ਉਸ ਦਾ ਕਹਿਣਾ ਹੈ ਕਿ ਪਾਰਟੀ ਨੇ ਉਸ ਨਾਲ ਵੀ 'ਵਰਤੋ ਅਤੇ ਸੁੱਟੋ' ਵਾਲੀ ਗੱਲ ਹੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਅਤੇ ਗੋਆ ਵਿਧਾਨ ਸਭਾ ਚੋਣਾਂ ਤੋਂ ਬਾਅਦ ਦਿੱਲੀ ਨਗਰ ਨਿਗਮ ਚੋਣਾਂ 'ਚ ਵੀ ਉਮੀਦਾਂ ਤੋਂ ਕਿਤੇ ਘੱਟ ਪ੍ਰਦਰਸ਼ਨ ਕਰਨ ਉਤੇ ਭਗਵੰਤ ਮਾਨ ਤੋਂ ਇਲਾਵਾ ਸੁਖਪਾਲ ਖਹਿਰਾ ਤੇ ਗੁਰਪ੍ਰੀਤ ਸਿੰਘ ਘੁੱਗੀ ਨੇ ਵੀ ਹਾਈਕਮਾਨ ਨੂੰ ਨਿਸ਼ਾਨਾ ਬਣਾਇਆ ਸੀ। ਅਸਲ ਵਿਚ ਭਗਵੰਤ ਮਾਨ ਸ਼ੁਰੂ ਤੋਂ ਹੀ ਕੇਜਰੀਵਾਲ ਦੇ ਚਹੇਤਿਆਂ ਵਿਚ ਰਿਹਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਉਸ ਦੇ ਆਖੇ ਲੱਗ ਕੇ ਹੀ ਪੰਜਾਬ ਦੇ ਕਈ ਸੀਨੀਅਰ ਆਗੂਆਂ ਦੀ ਬਲੀ ਦੇ ਦਿੱਤੀ ਗਈ। ਮਾਨ ਦੀਆਂ ਕਈ ਵੱਡੀਆਂ ਗਲਤੀਆਂ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਗਿਆ, ਜਦ ਕਿ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਸਮੇਤ ਪਟਿਆਲੇ ਤੋਂ ਸੰਸਦ ਮੈਂਬਰ ਧਰਮਿੰਦਰ ਗਾਂਧੀ ਅਤੇ ਫਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੂੰ ਲਾਂਭੇ ਕਰਨ ਵਿਚ ਦੇਰ ਨਹੀਂ ਸੀ ਲਾਈ ਗਈ। ਹਕੀਕਤ ਇਹ ਹੈ ਕਿ ਮਾਨ ਨੇ ਪਾਰਟੀ ਦੀ ਹੋਂਦ ਤੋਂ ਲੈ ਕੇ ਅੱਜ ਤੱਕ ਆਪਣੇ ਬਰਾਬਰ ਪੰਜਾਬ ਵਿਚ ਕਿਸੇ ਨੂੰ ਖੜ੍ਹਨ ਨਹੀਂ ਦਿੱਤਾ। ਇਥੋਂ ਤੱਕ ਕਿ ਸੀਨੀਅਰ ਆਗੂ ਐਚ.ਐਸ. ਫੂਲਕਾ ਬਾਰੇ ਉਨ੍ਹਾਂ ਬੜੀਆਂ ਗੰਭੀਰ ਟਿੱਪਣੀਆਂ ਕੀਤੀਆਂ ਸਨ। ਇਹੀ ਕਾਰਨ ਹੈ ਕਿ ਪੰਜਾਬ ਦੀ ਕਮਾਨ ਬਾਹਰੀ ਆਗੂਆਂ ਹੱਥ ਵਧੇਰੇ ਰਹੀ। ਪਾਰਟੀ ਦੀ ਪੰਜਾਬ ਇਕਾਈ ਦੇ ਇੰਚਾਰਜ ਸੰਜੈ ਸਿੰਘ ਅਤੇ ਸਮੁੱਚੇ ਜਥੇਬੰਦਕ ਢਾਂਚੇ ਦੇ ਮੁਖੀ ਦੁਰਗੇਸ਼ ਪਾਠਕ ਹੀ ਪਾਰਟੀ ਦੀ ਪੰਜਾਬ ਇਕਾਈ ਨੂੰ ਚਲਾ ਰਹੇ ਸਨ। ਪੰਜਾਬ ਚੋਣਾਂ ਸਮੇਂ ਮੀਡੀਆ 'ਚ ਸੰਜੈ ਸਿੰਘ ਤੇ ਦੁਰਗੇਸ਼ ਪਾਠਕ ਉਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਆਧਾਰ 'ਤੇ ਵੀ ਕੇਜਰੀਵਾਲ ਨੇ ਕੋਈ ਕਾਰਵਾਈ ਨਹੀਂ ਕੀਤੀ। ਬੱਸ ਪੰਜਾਬ ਦੇ ਆਗੂਆਂ ਦੇ ਮੂੰਹ ਬੰਦ ਕਰਨ ਲਈ ਚੋਣਾਂ ਤੋਂ ਕੁਝ ਦਿਨ ਪਹਿਲਾਂ ਦਿੱਲੀ ਦੀ ਟੀਮ ਨੇ ਵੋਟ ਰਾਜਨੀਤੀ ਤਹਿਤ ਨਾਰਾਜ਼ ਆਗੂਆਂ ਨੂੰ ਥੋਕ ਵਿਚ ਅਹੁਦੇਦਾਰੀਆਂ ਵੰਡ ਦਿੱਤੀਆਂ ਸਨ।

ਪੰਜਾਬ ਵਿਚ 'ਆਪ' ਦੀ ਕਾਰਗੁਜ਼ਾਰੀ ਚੋਣਾਂ ਦਰਮਿਆਨ ਇੰਨੀ ਮਾੜੀ ਹੋ ਗਈ ਸੀ ਕਿ ਸਾਲ ਪਹਿਲਾਂ ਜਿਹੜੀ ਪਾਰਟੀ 100 ਸੀਟਾਂ ਲੈਣ ਦੇ ਦਾਅਵੇ ਕਰ ਰਹੀ ਸੀ, ਉਹ ਉਪਰੋਕਤ ਕਾਰਨਾਂ ਕਰ ਕੇ 20 ਸੀਟਾਂ 'ਤੇ ਸਿਮਟ ਗਈ। 'ਆਪ' ਦੀਆਂ ਗਲਤ ਨੀਤੀਆਂ ਨੇ ਵਿਦੇਸ਼ਾਂ 'ਚ ਬੈਠੇ ਲੱਖਾਂ ਐਨ.ਆਰ.ਆਈ. ਪੰਜਾਬੀਆਂ ਦਾ ਦਿਲ ਵੀ ਤੋੜ ਸੁੱਟਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕੇਜਰੀਵਾਲ ਨੇ ਭਗਵੰਤ ਮਾਨ ਨੂੰ ਸੌਂਪੀ ਪੰਜਾਬ ਦੀ ਕਮਾਨ

**ਚੰਡੀਗੜ੍ਹ:** ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦਾ ਮੁਖੀ ਚੁਣਿਆ ਗਿਆ ਹੈ। ਹਿੰਦੂ ਚਿਹਰੇ ਅਮਨ ਅਰੋੜਾ ਨੂੰ ਕੋ-ਕਨਵੀਨਰ ਬਣਾਇਆ ਗਿਆ ਹੈ। ਸੂਤਰਾਂ ਮੁਤਾਬਕ ਗੁਰਪ੍ਰੀਤ ਘੁੱਗੀ ਨੇ ਮੀਟਿੰਗ ਵਿਚ ਇਤਰਾਜ਼ ਜਤਾਇਆ ਸੀ। ਉਨ੍ਹਾਂ ਕਿਹਾ ਕਿ ਜੇ ਇਹ ਫੈਸਲਾ ਲੈਣਾ ਸੀ ਤਾਂ ਉਨ੍ਹਾਂ ਨੂੰ ਕਿਉਂ ਬੁਲਾਇਆ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ ਚੀਫ ਵਿਪ੍ਹ ਤੇ ਸਪੋਕਸਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਪਿਛੋਕੜ ਹੋਣ ਕਰ ਕੇ ਉਨ੍ਹਾਂ ਨੂੰ ਬਣਦਾ ਰੁਤਬਾ ਨਹੀਂ ਦਿੱਤਾ ਜਾ ਰਿਹਾ।

ਇਹ ਵੀ ਪਤਾ ਲੱਗਾ ਹੈ ਕਿ ਕੇਜਰੀਵਾਲ ਭਗਵੰਤ ਮਾਨ ਨੂੰ ਕਮਾਨ ਸੌਂਪਣ ਦਾ ਮਨ ਪਹਿਲਾਂ ਹੀ ਬਣਾ ਚੁੱਕੇ ਸਨ। ਉਨ੍ਹਾਂ ਭਗਵੰਤ ਮਾਨ ਨੂੰ ਵਿਦੇਸ਼ ਦੌਰੇ ਤੋਂ ਵੀ ਇਸ ਕਰ ਕੇ ਹੀ ਰੋਕਿਆ ਸੀ। ਇਸ ਕਰ ਕੇ ਭਗਵੰਤ ਮਾਨ ਖਿਲਾਫ ਆਵਾਜ਼ ਉਠਣ ਲੱਗੀ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਅਮਰੀਕਾ, ਕੈਨੇਡਾ, ਜਰਮਨੀ, ਇਟਲੀ, ਨਾਰਵੇ, ਸਪੇਨ, ਨਿਊਜ਼ੀਲੈਂਡ ਤੇ ਆਸਟਰੇਲੀਆ ਦੇ 27 ਆਗੂਆਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਉਣ ਦਾ ਵਿਰੋਧ ਕੀਤਾ ਸੀ। ਇਨ੍ਹਾਂ ਆਗੂਆਂ ਨੇ ਕੇਜਰੀਵਾਲ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਪੰਜਾਬ ਚੋਣਾਂ ਦੌਰਾਨ ਮਾਨ ਸਟਾਰ ਪ੍ਰਚਾਰਕ ਸਨ, ਪਰ ਲੋਕਾਂ ਨੇ ਵੋਟਾਂ ਪਾਉਣ ਵੇਲੇ ਉਨ੍ਹਾਂ ਨੂੰ ਰੱਦ ਕਰ ਦਿੱਤਾ ਹੈ।

ਉਨ੍ਹਾਂ ਪੱਤਰ ਰਾਹੀਂ ਦੋਸ਼ ਲਾਇਆ ਕਿ ਮਾਨ ਵੱਲੋਂ ਐਚ.ਐਸ. ਫੂਲਕਾ ਤੇ ਹੋਰ ਆਗੂਆਂ ਵਿਰੁੱਧ ਆਪਣੇ ਹਿੱਤਾਂ ਲਈ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਤੇ ਉਹ ਮੁੱਖ ਮੰਤਰੀ ਬਣਨ ਦੀ ਵੀ ਵੱਡੀ ਲਾਲਸਾ ਰੱਖਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਸ਼ਰਾਬ ਪੀਣ ਬਾਰੇ ਜਨਤਕ ਹੋਈਆਂ ਕਈ ਵੀਡੀਓਜ਼ ਨਾਲ ਪਾਰਟੀ ਦੇ ਅਕਸ ਨੂੰ ਢਾਹ ਲੱਗੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਾਨ ਨੇ ਆਪਣੀ ਹੀ ਐਨ.ਆਰ.ਆਈ. ਟੀਮ ਤਿਆਰ ਕਰ ਲਈ ਹੈ ਤੇ ਪ੍ਰਪੱਕ ਆਗੂਆਂ ਨੂੰ ਅੱਖੋਂ-ਪਰੋਖੇ ਕੀਤਾ ਹੈ।



## ਕਪਿਲ ਮਿਸ਼ਰਾ 'ਆਪ' ਵਿਚੋਂ ਮੁਅੱਤਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਦੋ ਕਰੋੜ ਰੁਪਏ ਲੈਣ ਦੇ ਦੋਸ਼ ਲਾਉਣ ਵਾਲੇ ਕਪਿਲ ਮਿਸ਼ਰਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ। ਸ੍ਰੀ ਮਿਸ਼ਰਾ ਨੂੰ 6 ਮਈ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਉਧਰ ਕਪਿਲ ਮਿਸ਼ਰਾ ਨੇ ਭ੍ਰਿਸ਼ਟਾਚਾਰ ਰੋਕੂ ਬਰਾਂਚ (ਏ.ਸੀ.ਬੀ.) ਨੂੰ 'ਆਪ' ਕਨਵੀਨਰ ਕੇਜਰੀਵਾਲ ਖਿਲਾਫ਼ 400 ਕਰੋੜ ਦੇ ਟੈਂਕਰ ਘੁਟਾਲੇ ਬਾਰੇ ਸਬੂਤ ਪੇਸ਼ ਕੀਤੇ, ਜੋ ਇਸ ਘੁਟਾਲੇ ਦੀ ਜਾਂਚ ਵਿਚ ਦੇਰੀ ਨਾਲ ਸਬੰਧਤ ਦੱਸੇ ਜਾ ਰਹੇ ਹਨ। ਉਨ੍ਹਾਂ ਏ.ਸੀ.ਬੀ. ਅਧਿਕਾਰੀਆਂ ਨੂੰ ਮਿਲਣ ਮਗਰੋਂ ਕਿਹਾ ਕਿ ਮੈਂ ਅਧਿਕਾਰੀਆਂ ਨੂੰ ਦੱਸਿਆ ਕਿ ਮੁੱਖ ਮੰਤਰੀ ਕਿਵੇਂ ਜਾਣ-ਬੁੱਝ ਕੇ ਰਿਪੋਰਟ ਵਿਚ ਦੇਰੀ ਕਰ ਰਹੇ ਹਨ ਤੇ ਕਿਵੇਂ ਜਨਤਾ ਦੇ ਪੈਸੇ ਦੀ ਬਰਬਾਦੀ ਹੋ ਰਹੀ ਹੈ।



# ਗੁਰਮੁਖ ਸਿੰਘ ਨੂੰ ਅਮਰੀਕਾ ਵਿਚ ਹਿਰਾਸਤ 'ਚ ਲਿਆ

**ਨਿਊ ਯਾਰਕ:** ਕਰੀਬ ਦੋ ਦਹਾਕੇ ਪਹਿਲਾਂ ਭਾਰਤ 'ਚ ਧਰਮ ਦੇ ਆਧਾਰ 'ਤੇ ਵਧੀਕੀਆਂ ਦਾ ਹਵਾਲਾ ਦੇ ਕੇ ਅਮਰੀਕਾ 'ਚ ਪਨਾਹ ਮੰਗਣ ਵਾਲੇ ਗੁਰਮੁਖ ਸਿੰਘ (46) ਨੂੰ ਕੈਲੀਫੋਰਨੀਆ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ 'ਚ ਲੈ ਲਿਆ। ਭਾਰਤ ਹਵਾਲੇ ਕਰਨ ਦੇ ਹੁਕਮਾਂ 'ਚ ਤਾਜ਼ੀ ਅਪੀਲ ਖਾਰਜ ਹੋਣ ਤੋਂ ਬਾਅਦ ਇਹ ਕਾਰਵਾਈ ਹੋਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਬਿਨਾਂ ਦਸਤਾਵੇਜ਼ਾਂ ਦੇ ਮੁਲਕ 'ਚ ਰਹਿ ਰਹੇ ਪਰਵਾਸੀਆਂ ਖ਼ਿਲਾਫ਼ ਕਾਰਵਾਈ ਤਹਿਤ ਇਹ ਕਦਮ ਚੁੱਕਿਆ ਗਿਆ ਹੈ।

ਗੁਰਮੁਖ ਸਿੰਘ ਬਿਨਾਂ ਵੀਜ਼ੇ ਦੇ 1998 'ਚ ਮੈਕਸੀਕੋ ਰਾਹੀਂ ਅਮਰੀਕਾ 'ਚ ਦਾਖਲ ਹੋ ਗਿਆ ਸੀ। ਦੋ ਬੱਚਿਆ ਦਾ ਪਿਤਾ ਗੁਰਮੁਖ ਸਿੰਘ ਅਮਰੀਕੀ ਮਹਿਲਾ ਨਾਲ ਵਿਆਹਿਆ ਹੋਇਆ ਹੈ ਅਤੇ ਉਸ ਨੇ 1999 'ਚ ਅਮਰੀਕਾ 'ਚ ਪਨਾਹ ਮੰਗੀ ਸੀ। ਉਸ ਦੀ ਪਤਨੀ ਬਲਵਿੰਦਰ ਕੌਰ 2010 'ਚ ਅਮਰੀਕੀ ਨਾਗਰਿਕ ਬਣੀ ਸੀ ਅਤੇ ਉਸ ਨੇ ਪਤੀ ਦੇ ਪੱਕੇ ਕਾਗਜ਼ਾਂ ਲਈ 2012 'ਚ ਦਰਖ਼ਾਸਤ ਦਿੱਤੀ ਸੀ। ਪਤਾ ਲੱਗਿਆ ਹੈ ਕਿ ਉਸ ਨੂੰ ਭਾਰਤ ਭੇਜਣ ਦੇ ਹੁਕਮ ਜਾਰੀ ਹੋ ਗਏ ਹਨ। ਗਾਰਡਨ ਗਰੋਵ ਦੇ ਵਸਨੀਕ ਗੁਰਮੁਖ ਸਿੰਘ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ। ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਕਿਹਾ ਕਿ ਹਰ ਪੱਧਰ 'ਤੇ ਅਦਾਲਤਾਂ ਨੇ ਉਸ ਨੂੰ ਮੁਲਕ ਭੇਜਣ ਦੇ ਹੁਕਮ ਬਰਕਰਾਰ ਰੱਖੇ ਹਨ, ਇਸ ਤੋਂ ਬਾਅਦ ਹੀ ਉਸ ਨੂੰ ਹਿਰਾਸਤ 'ਚ ਲਿਆ ਗਿਆ ਹੈ। ਗੁਰਮੁਖ ਸਿੰਘ ਨੇ 18 ਵਰ੍ਹਿਆਂ ਦੀ ਧੀ ਮਨਪ੍ਰੀਤ ਸੈਣੀ ਨਾਲ ਗਲੇ ਮਿਲਣ ਸਮੇਂ ਜਜ਼ਬਾਤੀ ਹੁੰਦਿਆਂ ਕਿਹਾ ਕਿ ਉਸ ਦਾ ਪਰਿਵਾਰ ਟੁੱਟ ਜਾਏਗਾ।

## ਪਹਿਲੀ ਮਹਿਲਾ ਚੀਫ ਜਸਟਿਸ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤ ਵਿਚ ਕਿਸੇ ਹਾਈ ਕੋਰਟ ਦੀ ਪਹਿਲੀ ਮਹਿਲਾ ਚੀਫ ਜਸਟਿਸ (ਸੇਵਾਮੁਕਤ) ਲੀਲਾ ਸੇਠ ਦਾ ਦੇਹਾਂਤ ਹੋ ਗਿਆ। ਉਘੇ ਲੇਖਕ ਵਿਕਰਮ ਸੇਠ ਦੀ ਮਾਂ ਲੀਲਾ ਸੇਠ (86) ਨੇ ਨੋਇਡਾ ਵਿਚ ਆਪਣੇ ਘਰ 'ਚ ਆਖਰੀ ਸਾਹ ਲਿਆ।

## ਹੀਰਾ ਸਿੰਘ ਦਿਲਬਰ ਦਾ ਦੇਹਾਂਤ

**ਅੰਬਾਲਾ:** ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਨਰੇਂਦਰ ਮੋਦੀ ਦੀ ਮੌਜੂਦਗੀ ਵਿਚ ਦਿੱਲੀ ਦੇ ਲਾਲ ਕਿਲੇ 'ਤੇ ਲਗਭਗ 125 ਵਾਰ ਕਵਿਤਾ ਪਾਠ ਕਰਨ ਵਾਲੇ ਹਾਸ ਰਸ ਦੇ ਮਸ਼ਹੂਰ ਪੰਜਾਬੀ ਕਵੀ ਹੀਰਾ ਸਿੰਘ ਦਿਲਬਰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਦੇਹਾਂਤ ਦੀ ਖਬਰ ਸੁਣਦਿਆਂ ਹੀ ਅੰਬਾਲਾ ਦੇ ਸਾਹਿਤ ਪ੍ਰੇਮੀਆਂ ਨੂੰ ਡੂੰਘਾ ਸਦਮਾ ਲਗਾ ਹੈ।

# ਜਪਾਨ ਨੂੰ ਪੰਜਾਬ ਵਿਚ ਨਿਵੇਸ਼ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਪਾਨ ਨਾਲ ਹੱਥ ਮਿਲਿਆ ਹੈ। ਮੁੱਖ ਮੰਤਰੀ ਵੱਲੋਂ ਭਾਰਤ ਵਿਚ ਜਪਾਨ ਦੇ ਰਾਜਦੂਤ ਹੀਰਾਮਤਸੂ-ਸਾਨ ਦੀ ਅਗਵਾਈ ਵਿਚਲੇ ਜਪਾਨੀ ਕਾਰੋਬਾਰੀਆਂ ਅਤੇ ਉਦਯੋਗਪਤੀਆਂ ਦੇ ਵਫਦ ਨਾਲ ਇਸ ਸਬੰਧੀ ਚਰਚਾ ਕੀਤੀ ਗਈ। ਇਸ ਵਿਚ ਜਪਾਨ ਅਤੇ ਪੰਜਾਬ ਨੇ ਖੇਤੀਬਾੜੀ, ਉਤਪਾਦਨ, ਬੁਨਿਆਦੀ ਢਾਂਚਾ ਅਤੇ ਕਾਮਰਸ ਦੇ ਖੇਤਰਾਂ ਵਿਚ ਸਹਿਯੋਗ ਕਰਨ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਵਫਦ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਤਪਾਦਨ, ਬੁਨਿਆਦੀ ਢਾਂਚੇ, ਕਾਮਰਸ ਆਦਿ ਦੇ ਖੇਤਰਾਂ ਵਿਚ ਵਿਕਾਸ ਪ੍ਰਾਜੈਕਟਾਂ ਲਈ ਉਹ ਜਪਾਨ ਨਾਲ ਸਹਿਯੋਗ ਕਰਨ ਦੀ ਇੱਛਾ ਰੱਖਦੇ ਹਨ। ਜਪਾਨ ਅਤੇ ਪੰਜਾਬ ਵਿਚ ਸਾਂਝੇ ਤੌਰ 'ਤੇ ਵਪਾਰ ਕਰਨ ਦੀ ਵੱਡੀ ਸਮਰੱਥਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਸੂਬੇ ਵਿਚ ਵਪਾਰ ਨੂੰ ਸੁਖਾਲਾ ਬਣਾਉਣ ਵਾਸਤੇ ਜਪਾਨੀ ਵਫਦ ਨੂੰ ਹਰ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ।



ਉਨ੍ਹਾਂ ਆਸ ਪ੍ਰਗਟਾਈ ਕਿ ਜਪਾਨ ਪੰਜਾਬ ਦੇ ਵਿਕਾਸ ਦਾ ਹਿੱਸੇਦਾਰ ਬਣੇਗਾ। ਉਨ੍ਹਾਂ ਨੇ ਜਪਾਨ ਦੀ ਕੰਪਨੀ ਦੇ ਸਹਿਯੋਗ ਨਾਲ ਸੋਨਾਲੀਕਾ ਟਰੈਕਟਰਜ਼ ਵੱਲੋਂ ਤਿਆਰ ਕੀਤੀਆਂ ਨਵੀਆਂ ਅਤਿ ਆਧੁਨਿਕ ਪਲਾਂਟ ਬਾਰੇ ਵੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਅਜਿਹੇ ਪਲਾਂਟ ਸੂਬੇ ਦੇ ਵਿਕਾਸ ਅਤੇ ਪ੍ਰਗਤੀ ਨੂੰ ਯੋਗ ਬਣਾਉਣ ਲਈ ਵੱਡੀ ਭੂਮਿਕਾ ਨਿਭਾ ਸਕਦੇ ਹਨ। ਮੁੱਖ ਮੰਤਰੀ ਨੇ ਜਪਾਨ ਦੇ ਵਫਦ ਨੂੰ ਦੱਸਿਆ ਕਿ ਸੂਬੇ ਵਿਚ ਸਰਕਾਰ ਬਦਲਣ ਤੋਂ ਬਾਅਦ ਉਦਯੋਗ ਵੱਲੋਂ ਪੰਜਾਬ ਵਿਚ ਨਿਵੇਸ਼ ਲਈ ਵੱਡੀ ਦਿਲਚਸਪੀ ਦਿਖਾਈ ਜਾ ਰਹੀ ਹੈ। ਜਪਾਨ ਦੇ ਰਾਜਦੂਤ ਨੇ ਕਿਹਾ ਕਿ ਉਹ ਪੰਜਾਬ ਨਾਲ ਸਹਿਯੋਗ ਕਰਨ ਲਈ ਪ੍ਰਭਾਵੀ ਮੌਕੇ ਦੇਖਦੇ ਹਨ ਜਿਥੇ ਸ਼ਕਤੀਸ਼ਾਲੀ ਅਤੇ ਵਧੀਆ ਕਾਮੇ ਹਨ।

# ਕੈਪਟਨ ਵੱਲੋਂ ਪਰਮਜੀਤ ਸਿੰਘ ਦੇ ਬੱਚਿਆਂ ਨੂੰ ਨੌਕਰੀ

**ਤਰਨ ਤਾਰਨ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੰਮੂ ਕਸ਼ਮੀਰ ਵਿਚ ਸ਼ਹੀਦ ਹੋਏ ਸੂਬੇਦਾਰ ਮੇਜਰ ਪਰਮਜੀਤ ਸਿੰਘ ਦੇ ਘਰ ਪਿੰਡ ਵੇਈਂ ਪੂਈਂ ਪੁੱਜੇ। ਉਨ੍ਹਾਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਹਰ ਸੰਭਵ ਮਦਦ ਦੇਣ ਦਾ ਯਕੀਨ ਦਿੱਤਾ।

ਉਨ੍ਹਾਂ ਪਰਿਵਾਰ ਨੂੰ ਪਹਿਲਾਂ ਐਲਾਨੀ ਸਹਾਇਤਾ ਵਿਚੋਂ ਪੰਜ ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਪਰਮਜੀਤ ਸਿੰਘ ਦੀ ਵੱਡੀ ਪੁੱਤਰੀ ਸਿਮਰਨਦੀਪ ਕੌਰ ਨੂੰ ਨਾਇਬ ਤਹਿਸੀਲਦਾਰ ਦੀ ਨੌਕਰੀ ਦੇਣ ਅਤੇ ਲੜਕੇ ਸਾਹਿਲਦੀਪ ਸਿੰਘ ਲਈ ਪੁਲਿਸ ਵਿਚ ਏ.ਐਸ.ਆਈ. ਦੀ ਨੌਕਰੀ ਰਾਖਵੀਂ ਰੱਖਣ ਦਾ ਵੀ ਐਲਾਨ ਕੀਤਾ।


ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਵਾਸਤੇ ਜਾਨ ਵਾਰਨ ਵਾਲੀ ਹਰੇਕ ਫੋਰਸ ਦੇ ਹਰੇਕ ਪੰਜਾਬੀ ਨੂੰ ਮੁਆਵਜ਼ਾ ਦੇਣ ਲਈ ਵਿਆਪਕ ਨੀਤੀ ਛੇਤੀ ਕੈਬਨਿਟ ਸਾਹਮਣੇ ਪੇਸ਼ ਕਰੇਗੀ। ਪਰਮਜੀਤ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਸ ਦੇ ਵਾਰਸਾਂ ਲਈ ਪਹਿਲਾਂ ਹੀ ਐਲਾਨੇ ਮੁਆਵਜ਼ੇ ਤੋਂ ਇਲਾਵਾ ਪਰਿਵਾਰ ਵੱਲੋਂ ਸਰਕਾਰ ਤੋਂ ਕੀਤੀ ਮੰਗ ਅਨੁਸਾਰ ਦੋ ਵੱਡੇ ਬੱਚਿਆਂ ਨੂੰ ਨੌਕਰੀ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਪਰਿਵਾਰ ਨੂੰ 12 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਜਿਸ ਵਿਚ ਪਤਨੀ ਅਤੇ ਬੱਚਿਆਂ ਨੂੰ ਪੰਜ ਲੱਖ ਰੁਪਏ, ਦੋ ਲੱਖ ਰੁਪਏ ਉਸ ਦੇ ਮਾਪਿਆਂ ਅਤੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਪਲਾਟ ਦੇਣਾ ਸ਼ਾਮਲ ਹੈ। ਇਸ ਤੋਂ ਇਲਾਵਾ ਸਥਾਨਕ ਰੈਸਟ ਹਾਊਸ ਦਾ ਨਾਂ ਪਰਮਜੀਤ ਸਿੰਘ ਦੇ ਨਾਂ 'ਤੇ ਰੱਖਣ ਲਈ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ ਗਿਆ। ਇਲਾਕੇ ਦੇ ਸਕੂਲ ਅਤੇ ਸਟੇਡੀਅਮ ਦਾ ਨਾਂ ਵੀ ਉਸ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸਿਮਰਨਦੀਪ ਕੌਰ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ 10 ਸਾਲਾ ਛੋਟੀ ਲੜਕੀ ਖੁਸ਼ਦੀਪ ਕੌਰ ਨੂੰ ਹਿਮਾਚਲ ਪ੍ਰਦੇਸ਼ ਦੀ ਆਈ.ਏ.ਐਸ.-ਆਈ.ਪੀ.ਐਸ. ਜੋੜੀ ਨੇ ਗੋਦ ਲੈਣ ਦਾ ਐਲਾਨ ਕੀਤਾ ਸੀ।

# ਪੰਜਾਬ ਯੂਨੀਵਰਸਿਟੀ ਦੇ ਪਾੜ੍ਹਿਆਂ ਦਾ ਘੋਲ ਰੰਗ ਲਿਆਇਆ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਨੇ ਫੀਸਾਂ ਵਿਚ ਕੀਤੇ ਵਾਧੇ ਨੂੰ ਕੁਝ ਹੱਦ ਤੱਕ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸੈਨੇਟ ਦੀ ਮੀਟਿੰਗ ਵਿਚ ਇਸ ਮੁੱਦੇ 'ਤੇ ਲਗਭਗ ਪੰਜ ਘੰਟੇ ਬਹਿਸ ਹੋਈ। ਯੂਨੀਵਰਸਿਟੀ ਨੇ ਫੀਸਾਂ ਵਿਚ ਕੀਤੇ ਵਾਧੇ ਨੂੰ ਘਟਾ ਕੇ ਨਵੇਂ ਤੇ ਪੁਰਾਣੇ ਵਿਦਿਆਰਥੀਆਂ ਲਈ ਫੀਸ ਦੀਆਂ ਦੋ ਸਲੈਬਾਂ ਤੈਅ ਕਰ ਦਿੱਤੀਆਂ ਹਨ। ਸੈਨੇਟ ਨੇ ਇਕ ਹੋਰ ਅਹਿਮ ਫੈਸਲਾ ਲੈਂਦਿਆਂ 11 ਅਪਰੈਲ ਨੂੰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਅਤੇ ਪੁਲਿਸ ਦਰਮਿਆਨ ਹੋਈ ਝੜਪ ਵਿਚ ਨਾਮਜ਼ਦ ਕੀਤੇ 53 ਵਿਦਿਆਰਥੀਆਂ ਖਿਲਾਫ਼ ਪੁਲਿਸ ਕੇਸ ਵਾਪਸ ਲੈਣ ਦੀ ਹਦਾਇਤ ਦਿੱਤੀ ਹੈ।

ਜ਼ਿਕਰਯੋਗ ਹੈ ਕਿ 'ਵਰਸਿਟੀ ਨੇ 26 ਮਾਰਚ ਦੀ ਸੈਨੇਟ ਮੀਟਿੰਗ ਵਿਚ ਕੈਂਪਸ ਅਤੇ ਖੇਤਰੀ ਸੈਂਟਰਾਂ ਦੇ ਵਿਦਿਆਰਥੀਆਂ ਦੀ ਫੀਸ ਵਿਚ ਵਾਧਾ ਕਰ ਦਿੱਤਾ ਸੀ। ਇਹ ਵਾਧਾ ਔਸਤਨ 12.5 ਫੀਸਦੀ ਸੀ, ਪਰ ਤਿੰਨ ਕੋਰਸਾਂ ਦੀ ਫੀਸ ਵਿਚ ਕਈ ਸੌ ਗੁਣਾ ਵਾਧਾ ਕਰ ਦਿੱਤਾ ਗਿਆ ਸੀ। ਫੀਸਾਂ 'ਚ ਵਾਧੇ ਮਗਰੋਂ ਵਿਦਿਆਰਥੀਆਂ ਨੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਸਨ। ਯੂਨੀਵਰਸਿਟੀ ਨੇ ਮੀਟਿੰਗ ਵਿਚ ਤਿੰਨ ਲੱਖ ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਫੀਸ ਵਾਧੇ ਤੋਂ ਛੋਟ ਦੇਣ ਦਾ ਪ੍ਰਸਤਾਵ ਰੱਖਿਆ ਸੀ, ਪਰ ਵੱਡੀ ਗਿਣਤੀ ਮੈਂਬਰਾਂ ਨੇ ਇਸ ਨੂੰ ਨਕਾਰ ਦਿੱਤਾ। ਮਗਰੋਂ ਉਪ ਕੁਲਪਤੀ ਨੇ ਫੀਸ ਵਾਧੇ ਬਾਰੇ ਸਮੂਹ ਮੈਂਬਰਾਂ ਦੇ ਵਿਚਾਰ ਸੁਣਨ ਤੋਂ ਬਾਅਦ ਨਵੇਂ ਵਿਦਿਆਰਥੀਆਂ ਲਈ ਟਿਊਸ਼ਨ ਫੀਸ ਵਿਚ ਦਸ ਫੀਸਦੀ ਦਾ ਵਾਧਾ ਬਰਕਰਾਰ ਰੱਖਿਆ ਹੈ ਤੇ ਇਹ ਪੰਜ ਸੌ ਰੁਪਏ ਤੋਂ ਘੱਟ ਨਹੀਂ ਹੋਵੇਗਾ। ਪੁਰਾਣੇ ਵਿਦਿਆਰਥੀਆਂ 'ਤੇ ਪੰਜ ਫੀਸਦੀ ਦਾ ਵਾਧਾ ਲਾਗੂ ਹੋਵੇਗਾ ਅਤੇ ਇਹ ਘੱਟੋ-ਘੱਟ ਪੰਜ ਸੌ ਰੁਪਏ ਤੋਂ ਵੱਧ ਤੋਂ ਵੱਧ ਬਾਰਾਂ ਸੌ ਰੁਪਏ ਤੱਕ ਹੋਵੇਗਾ।



ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੇ ਸੈਨੇਟ ਨੂੰ ਦੱਸਿਆ ਕਿ ਉਹ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਗ੍ਰਹਿ ਸਕੱਤਰ ਨੂੰ ਮਿਲ ਕੇ ਕੇਸ ਵਾਪਸ ਲੈਣ ਲਈ ਕਹਿਣਗੇ। ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਨੇ ਯੂਨੀਵਰਸਿਟੀ ਦੇ ਰਿਜ਼ਰਵ ਫੰਡ ਲਈ ਸਾਲਾਨਾ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਸੈਨੇਟ ਦੀ ਮੀਟਿੰਗ ਦੌਰਾਨ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਵਿਦਿਆਰਥੀਆਂ ਨੇ ਨਾਅਰੇਬਾਜ਼ੀ ਕੀਤੀ।

## ਬੋਕੋ ਹਰਾਮ ਵੱਲੋਂ 82 ਵਿਦਿਆਰਥਣਾਂ ਰਿਹਾ

**ਅਬੂਜਾ:** ਨਾਈਜੀਰੀਆ ਵਿਚ ਅਤਿਵਾਦੀ ਸੰਗਠਨ ਬੋਕੋ ਹਰਾਮ ਨੇ ਅਪਰੈਲ 2014 'ਚ ਦੇਸ਼ ਦੇ ਉਤਰ-ਪੱਛਮੀ ਖੇਤਰ ਚਿਬੋਕ ਤੋਂ ਅਗਵਾ ਕੀਤੀਆਂ 200 ਤੋਂ ਜ਼ਿਆਦਾ ਸਕੂਲੀ ਵਿਦਿਆਰਥਣਾਂ ਵਿਚੋਂ 82 ਨੂੰ ਰਿਹਾਅ ਕਰ ਦਿੱਤਾ ਹੈ। ਵਿਦਿਆਰਥਣਾਂ ਨੂੰ ਸਰਕਾਰ ਤੇ ਬੋਕੋ ਹਰਾਮ ਦੀ ਗੱਲਬਾਤ ਪਿਛੋਂ ਰਿਹਾ ਕੀਤਾ ਗਿਆ ਹੈ।

ਵਰਣਨਯੋਗ ਹੈ ਕਿ ਸਾਲ 2014 'ਚ ਬੋਕੋ ਹਰਾਮ ਦੇ ਅਤਿਵਾਦੀਆਂ ਨੇ ਤਕਰੀਬਨ 220 ਵਿਦਿਆਰਥਣਾਂ ਨੂੰ ਅਗਵਾ ਕਰ ਲਿਆ ਸੀ, ਜਿਨ੍ਹਾਂ 'ਚੋਂ 20 ਵਿਦਿਆਰਥਣਾਂ ਨੂੰ ਬਾਅਦ ਰਿਹਾ ਕਰ ਦਿੱਤਾ ਗਿਆ ਸੀ।

# ਨਿਰਭਯਾ ਗੈਂਗਰੇਪ: ਦੋਸ਼ੀਆਂ ਦੀ ਸਜ਼ਾ-ਏ-ਮੌਤ ਬਰਕਰਾਰ


**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਦੇ ਵਹਿਸ਼ੀ ਸਮੂਹਿਕ ਬਲਾਤਕਾਰ ਤੇ ਕਤਲ ਕੇਸ ਵਿਚ ਚਾਰ ਦੋਸ਼ੀਆਂ ਨੂੰ ਸੁਣਾਈ ਸਜ਼ਾ-ਏ-ਮੌਤ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਇਸ ਭਿਆਨਕ ਕਾਰੇ ਨੂੰ 'ਸਭ ਤੋਂ ਵੱਧ ਨਿਰਦਈ, ਜ਼ਾਲਮਾਨਾ ਤੇ ਸ਼ੈਤਾਨੀ' ਕਰਾਰ ਦਿੱਤਾ। ਦਿੱਲੀ ਦੀਆਂ ਸੜਕਾਂ ਉਤੇ 16 ਦਸੰਬਰ, 2012 ਨੂੰ ਵਾਪਰੀ ਇਸ ਹੌਲਨਾਕ ਘਟਨਾ ਨੂੰ 'ਵਿਰਲਿਆਂ ਵਿਚੋਂ ਵਿਰਲੀ' ਕਰਾਰ ਦਿੰਦਿਆਂ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਸਰਬਸੰਮਤੀ ਨਾਲ ਦੋਸ਼ੀਆਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਨੂੰ ਕਾਇਮ ਰੱਖਿਆ। 'ਨਿਰਭਯਾ' (ਨਿਡਰ) ਵਜੋਂ ਮਸ਼ਹੂਰ ਹੋਈ ਇਸ ਘਟਨਾ ਦੀ ਪੀੜਤ ਲੜਕੀ, ਜੋ ਪੈਰਾਮੈਡੀਕਲ ਵਿਦਿਆਰਥਣ ਸੀ, ਨੇ ਆਪਣੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ 13 ਦਿਨਾਂ ਬਾਅਦ ਸਿੰਗਾਪੁਰ ਦੇ ਇਕ ਹਸਪਤਾਲ ਵਿਚ ਦਮ ਤੋੜ ਦਿੱਤਾ ਸੀ।



ਦੱਸਣਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਸਾਰੇ ਦੇਸ਼ ਵਿਚ ਬਲਾਤਕਾਰ ਖਿਲਾਫ਼ ਵਿਆਪਕ ਲਹਿਰ ਉਠ ਖੜ੍ਹੀ ਹੋਈ ਸੀ, ਜਿਸ ਸਦਕਾ ਦੇਸ਼ ਦੇ ਬਲਾਤਕਾਰ ਵਿਰੋਧੀ ਕਾਨੂੰਨਾਂ ਨੂੰ ਸਖਤ ਕੀਤਾ ਗਿਆ। ਹੁਣ ਚਾਰੇ ਦੋਸ਼ੀ ਮੁਕੇਸ਼ (29), ਪਵਨ (22), ਵਿਨੇ ਸ਼ਰਮਾ (23) ਤੇ ਅਕਸ਼ੇ ਕੁਮਾਰ ਸਿੰਘ (31) ਸੁਪਰੀਮ ਕੋਰਟ ਵਿਚ ਹੀ ਅਪੀਲ ਕਰ ਸਕਣਗੇ ਤੇ ਉਸ ਤੋਂ ਬਾਅਦ ਰਾਸ਼ਟਰਪਤੀ ਅੱਗੇ ਰਹਿਮ ਦੀ ਅਪੀਲ ਦਾਇਰ ਕਰ ਸਕਣਗੇ। ਮਾਮਲੇ ਦੇ ਪੰਜਵੇਂ ਦੋਸ਼ੀ ਨੇ ਇਥੋਂ ਦੀ ਤਿਹਾੜ ਜੇਲ੍ਹ ਵਿਚ ਮਾਰਚ 2013 ਵਿਚ ਖੁਦਕੁਸ਼ੀ ਕਰ ਲਈ ਸੀ, ਜਦੋਂਕਿ ਛੇਵੇਂ ਦੋਸ਼ੀ ਨੂੰ ਘਟਨਾ ਸਮੇਂ ਨਾਬਾਲਗ ਹੋਣ ਕਾਰਨ ਸੁਧਾਰ ਘਰ ਵਿਚ ਤਿੰਨ ਸਾਲ ਬੰਦ ਰੱਖਣ ਦੀ ਸਜ਼ਾ ਸੁਣਾਈ ਗਈ ਸੀ, ਜੋ ਸਜ਼ਾ ਭੁਗਤ ਕੇ 2015 ਵਿਚ ਰਿਹਾਅ ਹੋ ਗਿਆ ਸੀ। ਇਨ੍ਹਾਂ ਨੇ ਚੱਲਦੀ ਬੱਸ ਵਿਚ ਪੀੜਤਾ ਤੇ ਉਸ ਦੇ ਮਰਦ ਦੋਸਤ ਨੌਜਵਾਨ ਦੀ ਭਾਰੀ ਕੁੱਟ-ਮਾਰ ਕਰਨ ਪਿੱਛੋਂ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਫਿਰ ਦੋਹਾਂ ਨੂੰ ਹਵਾਈ ਅੱਡੇ ਨੇੜੇ ਸੜਕ ਉਤੇ ਸੁੱਟ ਦਿੱਤਾ ਸੀ। ਲੜਕੀ ਦੀ 29 ਦਸੰਬਰ ਨੂੰ ਮੌਤ ਹੋ ਗਈ ਸੀ।

### ਕੌਣ ਸੀ ਨਿਰਭਯਾ

**ਨਵੀਂ ਦਿੱਲੀ:** ਦਿੱਲੀ ਵਿਚ ਪੈਰਾ ਮੈਡੀਕਲ ਦੀ 23 ਸਾਲਾ ਵਿਦਿਆਰਥਣ ਨਿਰਭੈਆ 16 ਦਸੰਬਰ ਦੀ ਰਾਤ ਆਪਣੇ ਦੋਸਤ ਨਾਲ ਫਿਲਮ ਦੇ ਕੇ ਵਾਪਸ ਆ ਰਹੀ ਸੀ। ਦੋਵੇਂ ਇਕ ਬੱਸ ਵਿਚ ਬੈਠ ਗਏ। ਬੱਸ ਵਿਚ ਮੌਜੂਦ ਸਵਾਰਾਂ ਨੇ ਦੋਵਾਂ ਨੂੰ ਧੋਖੇ ਨਾਲ ਬਿਠਾਇਆ ਸੀ। ਇਸ ਦੌਰਾਨ 6 ਬਦਮਾਸ਼ਾਂ ਨੇ ਨਿਰਭੈਅ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਉਸ ਤੋਂ ਬਾਅਦ ਉਸ ਨੂੰ ਤੇ ਉਸ ਦੇ ਦੋਸਤ ਨੂੰ ਰਸਤੇ ਵਿਚ ਸੁੱਟ ਦਿੱਤਾ। ਘਟਨਾ ਤੋਂ 13 ਦਿਨ ਬਾਅਦ ਇਲਾਜ ਦੌਰਾਨ ਨਿਰਭੈਆ ਦਾ ਸਿੰਗਾਪੁਰ ਵਿਚ ਦੇਹਾਂਤ ਹੋ ਗਿਆ ਸੀ। ਇਸ ਮਾਮਲੇ ਦੇ ਇਕ ਦੋਸ਼ੀ ਰਾਮ ਸਿੰਘ ਨੇ ਪਹਿਲਾਂ ਹੀ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ ਸੀ। ਇਕ ਹੋਰ ਦੋਸ਼ੀ ਨਾਬਾਲਗ ਹੋਣ ਕਾਰਨ ਬਚ ਗਿਆ। ਬਾਲ ਸੁਧਾਰ ਜੇਲ੍ਹ ਵਿਚ ਤਿੰਨ ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਉਹ ਪਿਛਲੇ ਸਾਲ ਦਸੰਬਰ ਵਿਚ ਰਿਹਾਅ ਹੋ ਗਿਆ ਸੀ।



# ਅਮਰੀਕਾ ਲਾਵੇਗਾ ਭਾਰਤ ਦੀ ਕਰੋੜਾਂ ਡਾਲਰਾਂ ਦੀ ਮਦਦ ਵਿਚ ਕੱਟ

**ਵਾਸ਼ਿੰਗਟਨ:** ਅਮਰੀਕਾ ਨੇ ਵਿੱਤੀ ਸਾਲ 2018 ਵਿਚ ਭਾਰਤ ਨੂੰ ਮਿਲਣ ਵਾਲੀ ਆਰਥਿਕ ਮਦਦ ਵਿਚ ਕਟੌਤੀ ਦੀ ਯੋਜਨਾ ਬਣਾਈ ਹੈ। ਹਾਲਾਂਕਿ ਉਸ ਨੇ ਪਾਕਿਸਤਾਨ ਨੂੰ ਮਿਲਣ ਵਾਲੀ 20 ਕਰੋੜ ਡਾਲਰ ਦੀ ਅਮਰੀਕੀ ਸਹਾਇਤਾ ਨੂੰ ਬਰਕਰਾਰ ਰੱਖਿਆ ਹੈ।



ਅਮਰੀਕਾ ਵੱਲੋਂ ਦੂਸਰੇ ਦੇਸ਼ਾਂ ਨੂੰ ਦਿੱਤੇ ਜਾਣ ਵਾਲੇ ਬਜਟ ਦੇ ਸੰਵੇਦਨਸ਼ੀਲ ਦਸਤਾਵੇਜ਼ਾਂ ਤੋਂ ਇਸ ਦਾ ਖੁਲਾਸਾ ਹੋਇਆ ਹੈ। ਫਿਲਹਾਲ ਅਮਰੀਕਾ ਵੱਲੋਂ ਇਸ ਦਾ ਐਲਾਨ ਨਹੀਂ ਕੀਤਾ ਗਿਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟ੍ਰੰਪ ਵੱਲੋਂ ਆਰਥਿਕ ਮਦਦ ਵਿਚ ਕਟੌਤੀ ਨੂੰ ਭਾਰਤ ਲਈ ਕਰਾਰਾ ਝਟਕਾ ਮੰਨਿਆ ਜਾ ਰਿਹਾ ਹੈ।

ਅਜੇ ਤੱਕ ਅਮਰੀਕੀ ਰਾਸ਼ਟਰਪਤੀ ਟ੍ਰੰਪ ਨੂੰ ਭਾਰਤ ਸਮਰਥਕ ਤੇ ਪਾਕਿਸਤਾਨ ਵਿਰੋਧੀ ਮੰਨਿਆ ਜਾ ਰਿਹਾ ਸੀ, ਪਰ ਟ੍ਰੰਪ ਪ੍ਰਸ਼ਾਸਨ ਦੀ ਬਜਟ ਕਟੌਤੀ ਦੀ ਯੋਜਨਾ ਨੇ ਇਸ ਸੋਚ ਨੂੰ ਬਦਲ ਦਿੱਤਾ ਹੈ। 15 ਪੇਜ਼ਾਂ ਦੇ ਲੀਕ ਦਸਤਾਵੇਜ਼ਾਂ ਮੁਤਾਬਕ ਟ੍ਰੰਪ ਪ੍ਰਸ਼ਾਸਨ ਅਮਰੀਕੀ ਰੱਖਿਆ ਬਜਟ ਵਿਚ 10 ਫੀਸਦੀ ਦੇ ਵਾਧੇ ਨਾਲ 54 ਅਰਬ ਡਾਲਰ ਕਰਨਾ ਚਾਹੁੰਦਾ ਹੈ, ਜਿਸ ਨੂੰ ਪੂਰਾ ਕਰਨ ਲਈ ਇਹ ਕਟੌਤੀ ਕੀਤੀ ਜਾ ਰਹੀ ਹੈ।

# ਸੱਜਣ ਦੇ ਕਾਰਟੂਨ ਨਾਲ ਕੈਨੇਡਾ ਦੇ ਸਿੱਖਾਂ 'ਚ ਰੋਸ

**ਟੋਰਾਂਟੋ:** ਕੈਨੇਡਾ ਵਿਚ ਭਾਰਤੀ ਮੂਲ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦਾ ਇਕ ਕਾਰਟੂਨ ਪ੍ਰਕਾਸ਼ਿਤ ਹੋਣ ਤੋਂ ਬਾਅਦ ਸਿੱਖਾਂ ਨੇ ਸਖਤ ਪ੍ਰਤੀਕਰਮ ਜਤਾਇਆ ਹੈ। ਸਿੱਖ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਇਹ ਕਾਰਟੂਨ ਉਨ੍ਹਾਂ ਇਤਿਹਾਸਕ ਸਿੱਖ ਧਾਰਮਿਕ ਹਸਤੀਆਂ ਦੇ ਅਕਸ ਨੂੰ ਫਿਰ ਤੋਂ ਦਰਸਾਉਣ ਵਾਂਗ ਹੈ, ਜਿਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਸ. ਸੱਜਣ (46) ਹੁਣੇ ਜਿਹੇ ਭਾਰਤ ਦੌਰੇ ਮੌਕੇ 'ਆਪਰੇਸ਼ਨ ਮੇਦੂਸਾ' ਵਿਚ ਆਪਣੀ ਭੂਮਿਕਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਕਰ ਕੇ ਵਿਵਾਦਾਂ 'ਚ ਘਿਰ ਗਏ ਸਨ ਜਿਸ ਕਰ ਕੇ ਉਨ੍ਹਾਂ ਨੂੰ ਮੁਆਫੀ ਵੀ ਮੰਗਣੀ ਪਈ ਸੀ। 'ਐਡਮਨਟਨ ਸਨ' ਅਤੇ 'ਪੋਸਟਮੀਡੀਆ' ਦੇ ਕਈ ਦੂਸਰੇ ਪ੍ਰਕਾਸ਼ਨਾਂ 'ਚ ਵਿਵਾਦਤ ਕਾਰਟੂਨ ਪ੍ਰਕਾਸ਼ਿਤ ਹੋਇਆ ਹੈ ਜਿਸ 'ਚ ਉਨ੍ਹਾਂ ਨੂੰ ਕੜਾਹੇ ਵਿਚ ਉਬਲਦਾ ਹੋਇਆ ਦਿਖਾਇਆ ਗਿਆ ਹੈ। ਅਲਬਰਟਾ ਦੇ ਸਿੱਖਾਂ ਵਿਚ ਗੁੱਸੇ ਦੀ ਲਹਿਰ ਦੇਖਣ ਤੋਂ ਬਾਅਦ 'ਪੋਸਟਮੀਡੀਆ' ਨੇ ਸਿਆਸੀ ਕਾਰਟੂਨ ਪ੍ਰਕਾਸ਼ਤ ਕਰਨ ਲਈ ਮੁਆਫੀ ਮੰਗ ਲਈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਕਾਰਜਕਾਰੀ ਕਮੇਟੀ 'ਚ ਸ਼ਾਮਲ ਹਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਇਹ ਕਾਰਟੂਨ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਦੇ ਅਕਸ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਘੱਟ ਗਿਣਤੀਆਂ ਲਈ ਬੋਲਣ 'ਤੇ ਤੱਤੀ ਤਵੀ ਉਪਰ ਬੈਠਣ ਲਈ ਮਜਬੂਰ ਕੀਤਾ ਗਿਆ ਸੀ। ਉਸ ਨੇ ਕਿਹਾ ਕਿ ਕਾਰਟੂਨ ਸਬੰਧੀ ਕੈਲਗਰੀ, ਟੋਰਾਂਟੋ ਅਤੇ ਵੈਨਕੂਵਰ 'ਚ ਵੀ ਸੋਸ਼ਲ ਮੀਡੀਆ ਉਤੇ ਆਲੋਚਨਾ ਹੋ ਰਹੀ ਹੈ।



ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਐਡਮਨਟਨ ਤੋਂ ਮੈਂਬਰ ਹਰਮਨ ਸਿੰਘ ਕੰਡੋਲਾ ਨੇ ਕਿਹਾ ਕਿ ਕਾਰਟੂਨ ਭਾਈ ਦਿਆਲਾ ਨਾਲ ਮੇਲ ਖਾਂਦਾ ਹੈ ਜਿਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। 'ਦਿ ਕੈਲਗਰੀ ਸਨ' ਦੇ ਸੰਪਾਦਕੀ ਸੈਕਸ਼ਨ ਵਿਚ ਚਿੱਠੀਆਂ 'ਚ ਮੁਆਫੀ ਮੰਗਦਿਆਂ ਕਿਹਾ ਗਿਆ ਹੈ ਕਿ ਕਾਰਟੂਨ ਸਿੱਖਾਂ ਦਾ ਅਪਮਾਨ ਕਰਨ ਲਈ ਨਹੀਂ ਛਾਪਿਆ ਗਿਆ ਸੀ ਸਗੋਂ ਇਹ ਮੰਤਰੀ 'ਤੇ ਤਨਜ ਸੀ।

# ਜਹਾਜ਼ਾਂ ਵਿਚ ਖਰੂਦੀ ਮੁਸਾਫਰਾਂ ਦੀ ਹੁਣ ਖੈਰ ਨਹੀਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਾਰੀਆਂ ਘਰੇਲੂ ਉਡਾਣਾਂ ਲਈ ਖਰੂਦੀ ਮੁਸਾਫਰਾਂ ਸਬੰਧੀ ਨਿਯਮਾਂ ਦਾ ਖਰੜਾ ਜਾਰੀ ਕੀਤਾ ਹੈ। ਜੇਕਰ ਕਿਸੇ ਮੁਸਾਫਰ ਨੇ ਜਹਾਜ਼ ਅੰਦਰ ਕਿਸੇ ਕਿਸਮ ਦਾ ਖਰੂਦ ਪਾਇਆ ਤਾਂ ਉਸ ਦੇ ਜਹਾਜ਼ ਚੜ੍ਹਨ ਉਤੇ ਤਿੰਨ ਮਹੀਨਿਆਂ ਤੋਂ ਲੈ ਕੇ ਅਣਮਿਥੇ ਸਮੇਂ ਤੱਕ ਪਾਬੰਦੀ ਲਾਈ ਜਾ ਸਕਦੀ ਹੈ।



ਇਹ ਤਜਵੀਜ਼ ਉਸ ਸਮੇਂ ਆਈ ਹੈ ਜਦੋਂ ਸ਼ਿਵ ਸੈਨਾ ਦੇ ਸੰਸਦ ਮੈਂਬਰ ਰਵਿੰਦਰ ਗਾਇਕਵਾੜ ਨੇ ਏਅਰ ਇੰਡੀਆ ਦੇ ਅਮਲੇ ਦੇ ਇਕ ਮੈਂਬਰ ਨੂੰ 25 ਵਾਰ ਜੁੱਤੀਆਂ ਮਾਰੀਆਂ ਸਨ ਕਿਉਂਕਿ ਉਹ ਬਿਜ਼ਨਸ ਕਲਾਸ 'ਚ ਸਫਰ ਕਰਨਾ ਚਾਹੁੰਦਾ ਸੀ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕੌਮੀ ਨੋ ਫਲਾਈ ਲਿਸਟ ਦੀ ਤਜਵੀਜ਼ ਦਿੱਤੀ ਹੈ ਜਿਸ ਤਹਿਤ ਸਬੰਧਤ ਏਅਰਲਾਈਨ ਵੱਲੋਂ ਕਮੇਟੀ ਬਣਾ ਕੇ ਖਰੂਦ ਪਾਉਣ ਵਾਲੇ ਮੁਸਾਫਰਾਂ ਦੀ ਪਛਾਣ ਕੀਤੀ ਜਾਵੇਗੀ। ਇਸ ਸੂਚੀ 'ਚ ਉਸ ਵਿਅਕਤੀ ਨੂੰ ਵੀ ਪਾਇਆ ਜਾਏਗਾ ਜਿਸ ਨੂੰ ਸੁਰੱਖਿਆ ਏਜੰਸੀਆਂ ਨੇ ਖਤਰਾ ਕਰਾਰ ਦਿੱਤਾ ਹੈ।

## ਸਾਰਕ ਦੇਸ਼ਾਂ ਨੂੰ ਭਾਰਤ ਦਾ ਤੋਹਫਾ

**ਬੈਂਗਲੁਰੂ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਸ਼੍ਰੀਹਰੀਕੋਟਾ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੱਖਣੀ ਏਸ਼ੀਆ ਦੇ 7 ਗੁਆਂਢੀ ਦੇਸ਼ਾਂ ਨੂੰ 'ਅਸਮਾਨੀ ਤੋਹਫਾ' ਸੰਚਾਰ ਉਪਗ੍ਰਹਿ ਜੀ.ਐਸ.ਏ.ਟੀ.-9 ਨੂੰ ਸਫਲਤਾਪੂਰਵਕ ਦਾਗਿਆ ਗਿਆ। ਮਈ, 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਇਸਰੋ ਦੇ ਵਿਗਿਆਨੀਆਂ ਨੂੰ ਦੱਖਣੀ ਏਸ਼ੀਆ ਸੰਚਾਰ ਉਪਗ੍ਰਹਿ ਬਣਾਉਣ ਲਈ ਕਿਹਾ ਸੀ ਜੋ ਗੁਆਂਢੀ ਦੇਸ਼ਾਂ ਨੂੰ ਭਾਰਤ ਵੱਲੋਂ ਤੋਹਫੇ ਵਜੋਂ ਦਿੱਤਾ ਜਾ ਸਕੇ।

ਇਸ ਉਪਗ੍ਰਹਿ ਨਾਲ ਭਾਰਤ ਦੇ 7 ਗੁਆਂਢੀ ਦੇਸ਼ਾਂ ਨਿਪਾਲ, ਭੂਟਾਨ, ਅਫ਼ਗਾਨਿਸਤਾਨ, ਬੰਗਲਾਦੇਸ਼, ਮਾਲਦੀਵ, ਸ੍ਰੀਲੰਕਾ ਨੂੰ ਸੰਚਾਰ ਤੇ ਆਫਤ ਪ੍ਰਬੰਧ 'ਚ ਵੱਡੀ ਮਦਦ ਮਿਲੇਗੀ।

# ਫਰਾਂਸ 'ਚ ਪਤਲੀਆਂ ਮਾਡਲਾਂ 'ਤੇ ਰੋਕ

**ਫਰਾਂਸ:** ਸਰਕਾਰ ਨੇ ਐਨੋਰੈਕਸੀਆ ਨਾਂ ਦੀ ਬਿਮਾਰੀ ਨਾਲ ਲੜਨ ਲਈ ਇਕ ਵੱਡਾ ਫੈਸਲਾ ਲੈਂਦਿਆਂ ਬੇਹੱਦ ਪਤਲੀਆਂ ਮਾਡਲਾਂ 'ਤੇ ਰੋਕ ਲਾਉਣ ਦਾ ਨਵਾਂ ਕਾਨੂੰਨ ਪਾਸ ਕੀਤਾ ਹੈ। ਨਵੇਂ ਕਾਨੂੰਨ ਤਹਿਤ ਹੁਣ ਫੈਸ਼ਨ ਮਾਡਲਾਂ ਨੂੰ ਡਾਕਟਰ ਤੋਂ ਮਨਜ਼ੂਰਸ਼ੁਦਾ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਹੋਵੇਗਾ ਜਿਸ ਵਿਚ ਮਾਡਲਾਂ ਨੂੰ ਆਪਣੀ ਸਿਹਤ ਨਾਲ ਜੁੜੀ ਜਾਣਕਾਰੀ ਦੇਣੀ ਹੋਵੇਗੀ। ਇਸ ਵਿਚ ਬਾਡੀ ਮਾਸ ਇੰਡੈਕਸ ਨੂੰ ਖਾਸ ਅਹਿਮੀਅਤ ਦਿੱਤੀ ਗਈ ਹੈ ਜੋ ਉਚਿਤ ਲੰਬਾਈ ਅਤੇ ਭਾਰ ਜਾਚਣ ਦਾ ਤਰੀਕਾ ਹੈ।

ਇਸ ਕਾਨੂੰਨ ਦੇ ਪਾਸ ਹੋਣ ਨਾਲ ਜ਼ਾਹਿਰ ਤੌਰ 'ਤੇ ਬੇਹੱਦ ਪਤਲੀਆਂ ਕੁੜੀਆਂ ਮਾਡਲ ਨਹੀਂ ਬਣ ਸਕਣਗੀਆਂ। ਫਰਾਂਸ ਸਰਕਾਰ ਦੇ ਸਮਾਜਿਕ ਅਤੇ ਸਿਹਤ ਮਾਮਲਿਆਂ ਦੇ ਮੰਤਰੀ ਮੈਰੀਸਾਲ ਟਿਊਰੇਨ ਨੇ ਇਸ ਮੁੱਦੇ 'ਤੇ ਆਪਣਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਟੈਂਡਰਡ ਤੇ ਝੂਠੀਆਂ ਤਸਵੀਰਾਂ ਨੌਜਵਾਨਾਂ ਨੂੰ ਡਿਪਰੈਸ਼ਨ ਦਾ ਸ਼ਿਕਾਰ ਬਣਾਉਂਦੀਆਂ ਹਨ ਅਤੇ ਉਨ੍ਹਾਂ ਦੇ ਆਤਮ ਵਿਸ਼ਵਾਸ ਨੂੰ ਚੋਟ ਪਹੁੰਚਾਉਂਦੀਆਂ ਹਨ। ਇਸ ਕਾਨੂੰਨ ਦਾ ਉਲੰਘਣ ਕਰਨ ਵਾਲੀਆਂ ਕੰਪਨੀਆਂ 'ਤੇ 75 ਹਜ਼ਾਰ ਯੂਰੋ ਦੇ ਜੁਰਮਾਨੇ ਨਾਲ 6 ਮਹੀਨੇ ਤੱਕ ਦੀ ਜੇਲ੍ਹ ਹੋ ਸਕਦੀ ਹੈ। ਫਰਾਂਸ ਤੋਂ ਪਹਿਲਾਂ ਇਟਲੀ, ਸਪੇਨ ਅਤੇ ਇਜ਼ਰਾਈਲ ਵੀ ਅਜਿਹੇ ਕਾਨੂੰਨ ਪਾਸ ਕਰ ਚੁੱਕੇ ਹਨ।



## ਕਿਮ-ਉਨ ਦੀ ਹੱਤਿਆ ਲਈ ਸਾਜ਼ਿਸ਼ ਘੜਨ ਦਾ ਦੋਸ਼

**ਸਿਓਲ:** ਉਤਰੀ ਕੋਰੀਆ ਨੇ ਸੀ.ਆਈ.ਏ. ਉਤੇ ਦੋਸ਼ ਲਾਇਆ ਹੈ ਕਿ ਉਹ ਦੱਖਣੀ ਕੋਰੀਆ ਨਾਲ ਮਿਲ ਕੇ ਰਾਸ਼ਟਰਪਤੀ ਕਿਮ ਜੋਂਗ ਉਨ ਦੀ ਹੱਤਿਆ ਦੀ ਸਾਜ਼ਿਸ਼ ਘੜ ਰਿਹਾ ਹੈ। ਸੁਰੱਖਿਆ ਬਾਰੇ ਮੰਤਰਾਲੇ ਦਾ ਦੋਸ਼ ਹੈ ਕਿ ਬਾਇਓ ਕੈਮੀਕਲ ਨਾਲ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਜਿਸ ਦੇ ਮਾਰੂ ਨਤੀਜੇ ਛੇ ਤੋਂ 12 ਮਹੀਨਿਆਂ 'ਚ ਨਜ਼ਰ ਆਉਣਗੇ।

# ਭਾਰਤ: ਹਰ ਸਾਲ ਭੁੱਖਮਰੀ ਦੀ ਭੇਟ ਚੜ੍ਹਦੇ ਨੇ 10 ਲੱਖ ਬੱਚੇ

**ਲੁਧਿਆਣਾ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਅਨਾਜ ਪੈਦਾਵਾਰ ਵਿਚ ਆਤਮ ਨਿਰਭਰ ਭਾਰਤ ਵਿਚ ਹਰ ਸਾਲ 5 ਸਾਲ ਤੋਂ ਘੱਟ ਉਮਰ ਦੇ 10 ਲੱਖ ਬੱਚਿਆਂ ਦੀ ਮੌਤ ਹੁੰਦੀ ਹੈ, ਜਿਸ ਕਰ ਕੇ ਭਾਰਤ ਇਸ ਮਾਮਲੇ ਵਿਚ ਪੂਰੇ ਏਸ਼ੀਆ ਵਿਚੋਂ ਸਭ ਤੋਂ ਪੱਛੜਿਆ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਵਿਸ਼ਵ ਅਨਾਜ ਪ੍ਰੋਗਰਾਮ ਮੁਤਾਬਕ ਵਿਸ਼ਵ ਦੀ ਭੁੱਖਮਾਰੀ ਵਾਲੀ ਕੁੱਲ ਆਬਾਦੀ ਵਿਚੋਂ ਇਕ ਚੌਥਾਈ ਜਨਸੰਖਿਆ ਭਾਰਤ ਵਿਚ ਰਹਿ ਰਹੀ ਹੈ।

ਭਾਰਤ ਦੀ ਤਕਰੀਬਨ 21.25 ਫੀਸਦੀ ਆਬਾਦੀ ਪ੍ਰਤੀ ਦਿਨ 1.90 ਅਮਰੀਕੀ ਡਾਲਰ ਤੋਂ ਘੱਟ 'ਤੇ ਗੁਜ਼ਾਰਾ ਕਰ ਰਹੀ ਹੈ। ਭਾਰਤ ਵਿਚ ਵਿਸ਼ਵ ਦੀ 17.3 ਫੀਸਦੀ ਆਬਾਦੀ ਰਹਿੰਦੀ ਹੈ ਜਦਕਿ ਵਿਸ਼ਵ ਦੀ ਕੁੱਲ ਭੁੱਖਮਾਰੀ ਆਬਾਦੀ ਦਾ 24.5 ਫੀਸਦੀ ਭਾਰਤ ਵਿਚ ਹੈ। ਭਾਰਤ ਵਿਚ 55.3 ਫੀਸਦੀ ਔਰਤਾਂ ਭੁੱਖਮਰੀ ਦਾ ਸ਼ਿਕਾਰ ਹਨ। ਹੋਰ ਤਾਂ ਹੋਰ 118 ਦੇਸ਼ਾਂ ਦੇ ਭੁੱਖਮਰੀ ਅੰਕੜਿਆਂ ਵਿਚ ਭਾਰਤ ਦਾ 97ਵਾਂ ਨੰਬਰ ਹੈ। ਸਾਲ 2011 ਦੀ ਜਨਗਣਨਾ ਅਨੁਸਾਰ ਭਾਰਤ ਵਿਚ 18 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀ ਗਿਣਤੀ 45 ਕਰੋੜ ਹੈ। ਬੱਚਿਆਂ ਦੀ ਭਲਾਈ ਲਈ ਕੰਮ ਕਰਨ ਵਾਲੀ ਸੰਸਥਾ ਬਾਲ ਅਧਿਕਾਰ ਐਂਡ.ਯੂ. (ਕ੍ਰਾਈ) ਅਨੁਸਾਰ ਸਕੂਲ ਜਾਣ ਵਾਲੇ ਹਰ 4 ਬੱਚਿਆਂ ਵਿਚੋਂ ਇਕ ਬੱਚਾ ਸਕੂਲ ਤੋਂ ਬਾਹਰ ਰਹਿ ਰਿਹਾ ਹੈ, ਜਿਸ ਅਨੁਸਾਰ ਦੇਸ਼ ਭਰ ਵਿਚ 10 ਕਰੋੜ ਬੱਚੇ ਸਿੱਖਿਆ ਤੋਂ ਵਿਰਵੇ ਹਨ।



ਇਹ ਵੀ ਤੱਥ ਸਾਹਮਣੇ ਆਇਆ ਹੈ ਕਿ 100 ਵਿਚੋਂ ਸਿਰਫ 32 ਬੱਚੇ ਹੀ ਸਕੂਲੀ ਸਿੱਖਿਆ ਪੂਰੀ ਕਰਦੇ ਹਨ। ਕ੍ਰਾਈ ਅਨੁਸਾਰ ਜੇਕਰ ਬੱਚਿਆਂ ਦੀ ਸਿਹਤ ਦੇ ਮਾਮਲੇ ਦੀ ਗੱਲ ਕੀਤੀ ਜਾਵੇ ਤਾਂ 53 ਫੀਸਦੀ ਬੱਚੇ ਭੁੱਖਮਾਰੀ ਦਾ ਸ਼ਿਕਾਰ ਹਨ। ਜ਼ਿਕਰਯੋਗ ਹੈ ਕਿ ਭਾਵੇਂ ਭਾਰਤ ਅਨਾਜ ਪੱਖੋਂ ਆਤਮ ਨਿਰਭਰ ਹੋਣ ਦੇ ਨਾਲ-ਨਾਲ ਆਰਥਿਕ ਪੱਖੋਂ ਕਾਫੀ ਮਜ਼ਬੂਤ ਹੋ ਰਿਹਾ ਹੈ, ਪਰ ਭੁੱਖਮਰੀ ਵਿਚ ਵਾਧਾ ਹੋਣ ਨਾਲ ਅਕਸ ਜ਼ਰੂਰ ਵਿਗੜੇਗਾ।

# ਗਿਆਨੀ ਹਰਪ੍ਰੀਤ ਸਿੰਘ ਨੇ ਤਖਤ ਦਮਦਮਾ ਸਾਹਿਬ ਦੀ ਸੇਵਾ ਸੰਭਾਲੀ

**ਤਲਵੰਡੀ ਸਾਬੋ:** ਸਿੱਖ ਕੌਮ ਦੇ ਚੌਥੇ ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਨਵ-ਨਿਯੁਕਤ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੇਵਾ ਸੰਭਾਲ ਲਈ ਹੈ।

ਸਮਾਗਮ ਦੌਰਾਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅੰਤ੍ਰਿੰਗ ਕਮੇਟੀ ਦੇ ਮਤੇ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਮ ਤਖਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਐਲਾਨ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕੌਮ ਨੂੰ ਨਸ਼ੇ, ਭਰੂਣ ਹੱਤਿਆ ਤੇ ਪਤਿਤਪੁਣੇ ਦਾ ਮੁਕਾਬਲਾ ਇਕਜੁਟ ਹੋ ਕੇ ਕਰਨਾ ਚਾਹੀਦਾ ਹੈ।



ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਤਖਤ ਦਮਦਮਾ ਸਾਹਿਬ ਦੇ ਸ਼ਾਨਾਮੱਤੇ ਇਤਿਹਾਸ ਦਾ ਜ਼ਿਕਰ ਕੀਤਾ। ਇਸ ਤੋਂ ਪਹਿਲਾਂ ਭਾਈ ਜਗਸੀਰ ਸਿੰਘ ਦੇ ਰਾਗੀ ਜਥੇ ਵੱਲੋਂ ਕੀਰਤਨ ਕੀਤਾ ਗਿਆ।

# ਹੁਣ ਪਟਕੇ ਬੰਨ੍ਹ ਕੇ ਖੇਡ ਸਕਣਗੇ ਸਿੱਖ ਖਿਡਾਰੀ

**ਵਾਸ਼ਿੰਗਟਨ:** ਨਾਮੀ ਅਮਰੀਕੀ ਕਾਨੂੰਨਸਾਜ਼ਾਂ ਤੇ ਸਿੱਖ-ਅਮਰੀਕੀਆਂ ਨੇ ਬਾਸਕਟਬਾਲ ਦੀ ਪ੍ਰਸ਼ਾਸਕੀ ਸੰਸਥਾ ਫੀਬਾ ਵੱਲੋਂ ਪੱਗ (ਪਟਕਾ) ਤੇ ਹਿਜਾਬ ਵਰਗੇ ਧਾਰਮਿਕ ਚਿੰਨ੍ਹਾਂ ਉਤੇ ਲਾਈ ਪਾਬੰਦੀ ਨੂੰ ਹਟਾ ਲਏ ਜਾਣ ਦੀ ਸ਼ਲਾਘਾ ਕੀਤੀ ਹੈ। ਇਸ ਨਾਲ ਸਿੱਖ ਤੇ ਹੋਰ ਧਰਮਾਂ ਜਿਵੇਂ ਇਸਲਾਮ ਤੇ ਯਹੂਦੀ ਨਾਲ ਸਬੰਧਤ ਪੇਸ਼ੇਵਰ ਖਿਡਾਰੀ ਧਾਰਮਿਕ ਪਹਿਰਾਵੇ ਸਣੇ ਬਾਸਕਟਬਾਲ ਦੇ ਮੁਕਾਬਲਿਆਂ ਵਿਚ ਹਿੱਸਾ ਲੈ ਸਕਣਗੇ।

ਕੌਮਾਂਤਰੀ ਬਾਸਕਟਬਾਲ ਫੈਡਰੇਸ਼ਨ (ਫੀਬਾ) ਦੇ ਐਲਾਨ ਨੂੰ ਅਜਿਹੇ ਸਿੱਖ ਤੇ ਦੂਜੇ ਧਰਮਾਂ ਦੇ ਖਿਡਾਰੀਆਂ ਲਈ ਵੱਡਾ ਫੈਸਲਾ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਪਹਿਲਾਂ ਆਪਣੇ ਧਾਰਮਿਕ-ਸੱਭਿਆਚਾਰਕ ਚਿੰਨ੍ਹ ਪਹਿਨਣ ਕਾਰਨ ਖੇਡਣ ਤੋਂ ਰੋਕ ਦਿੱਤਾ ਜਾਂਦਾ ਸੀ। ਅਮਰੀਕੀ ਕਾਂਗਰਸ ਦੇ ਮੈਂਬਰਾਂ ਜੋਅ ਕਰਾਊਲੀ ਤੇ ਐਮੀ ਬੇਰਾ ਨੇ ਕਿਹਾ ਸਿੱਖ ਤੇ ਦੂਜੇ ਧਰਮਾਂ ਦੇ ਵਿਦਿਆਰਥੀਆਂ ਨੂੰ ਆਪਣੇ ਅਕੀਦੇ ਨਾਲ ਸਬੰਧਤ



ਚਿੰਨ੍ਹਾਂ ਦੀ ਇਜਾਜ਼ਤ ਦੇਣ ਦਾ ਫੀਬਾ ਦਾ ਫੈਸਲਾ ਸਵਾਗਤਯੋਗ ਹੈ। ਫੀਬਾ ਦੇ ਲੰਮੇ ਚਿਰ ਤੋਂ ਉਡੀਕੇ ਜਾ ਰਹੇ ਇਸ ਫੈਸਲੇ ਤੋਂ ਪਹਿਲਾਂ ਵੀ ਇਨ੍ਹਾਂ ਦੋਵਾਂ ਡੈਮੋਕ੍ਰੈਟ ਕਾਨੂੰਨਸਾਜ਼ਾਂ ਨੇ ਅਪੀਲ ਕੀਤੀ ਸੀ ਕਿ ਸਿੱਖ ਖਿਡਾਰੀਆਂ ਪ੍ਰਤੀ ਇਸ ਵਿਤਕਰੇ-ਭਰੀ ਨੀਤੀ ਨੂੰ ਖਤਮ ਕੀਤਾ ਜਾਵੇ।

ਐਨ.ਸੀ.ਏ.ਏ. ਵਿਚ ਪਟਕਾ ਬੰਨ੍ਹ ਕੇ ਖੇਡਣ ਵਾਲੇ ਪਹਿਲੇ ਖਿਡਾਰੀ ਦਰਸ਼ ਪ੍ਰੀਤ ਸਿੰਘ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ, "ਹੁਣ ਮੇਰੇ ਅਕੀਦੇ ਤੇ ਬਾਸਕਟਬਾਲ ਖੇਡਣ ਦੀ ਮੇਰੀ ਸਮਰੱਥਾ ਵਿਚ ਕੋਈ ਟਕਰਾਅ ਨਹੀਂ ਰਿਹਾ। ਫੀਬਾ ਦੇ ਇਸ ਫੈਸਲੇ ਤੋਂ ਮੈਂ ਰੁਮਾਂਚਿਤ ਹਾਂ।" ਇਸੇ ਤਰ੍ਹਾਂ ਸਿੱਖ ਜਥੇਬੰਦੀ ਸਿੱਖ ਕੁਲੀਸ਼ਨ ਦੇ ਸਿਮਰਨ ਜੀਤ ਸਿੰਘ ਨੇ ਕਿਹਾ, "ਫੀਬਾ ਨੇ ਸਾਰੀ ਦੁਨੀਆਂ ਨੂੰ ਸਾਫ ਸੁਨੇਹਾ ਦਿੱਤਾ ਹੈ ਕਿ ਖੇਡਾਂ ਵਿਚ ਅਨੇਕਤਾ ਤੇ ਸਹਿਣਸ਼ੀਲਤਾ ਦੀ ਅਹਿਮੀਅਤ ਹੈ।" ਸਿੱਖ ਅਮੈਰਿਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਨੇ ਵੀ ਇਸ ਦਾ ਸਵਾਗਤ ਕੀਤਾ ਹੈ।

## ਦੁਨੀਆਂ ਦੇ ਸਭ ਤੋਂ ਬਜ਼ੁਰਗ ਦੀ ਮੌਤ

**ਨਵੀਂ ਦਿੱਲੀ:** ਇੰਡੋਨੇਸ਼ੀਆ ਦੇ ਰਹਿਣ ਵਾਲੇ ਸੋਡੀਮੇਡ੍ਰਜੋ ਦੀ 146 ਦੀ ਉਮਰ ਵਿਚ ਮੌਤ ਹੋ ਗਈ। ਦਾਅਵਾ ਕੀਤਾ ਜਾਂਦਾ ਹੈ ਕਿ ਉਹ ਦੁਨੀਆਂ ਦੇ ਸਭ ਤੋਂ ਉਮਰ ਦਰਾਜ਼ ਸ਼ਖ਼ਸ ਸਨ। ਸਭ ਤੋਂ ਜ਼ਿਆਦਾ ਸਮੇਂ ਤੱਕ ਜਿਉਂਦੇ ਰਹਿਣ ਵਾਲੇ ਸ਼ਖ਼ਸ ਸੋਡੀਮੇਡ੍ਰਜੋ ਨੇ ਆਪਣੇ ਪਿੰਡ ਜਾਵਾ ਵਿਚ ਆਖਰੀ ਸਾਹ ਲਈ। ਸੋਡੀਮੇਡ੍ਰਜੋ ਨੂੰ ਮਬਾਹ ਘੋਟੋ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਜ਼ੋਰਦਾਰ ਮੁਹਿੰਮ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰੇ ਦੀ ਮੁੜ ਉਸਾਰੀ ਦੀ ਮੁਹਿੰਮ ਲਈ ਸਮੁੱਚੀ ਕੌਮ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਇਸ ਤਹਿਤ ਦੇਸ਼-ਵਿਦੇਸ਼ ਦੀ ਸੰਗਤ ਨੂੰ 14 ਮਈ ਨੂੰ ਆਪੋ ਆਪਣੇ ਨਗਰ ਦੇ ਗੁਰਦੁਆਰਿਆਂ ਜਾਂ ਘਰਾਂ ਵਿਚ ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ ਕਰਨ ਦੀ ਅਪੀਲ ਕੀਤੀ ਗਈ, ਜਿਸ ਮਗਰੋਂ ਅਗਲਾ ਸਾਂਝਾ ਪ੍ਰੋਗਰਾਮ ਜਾਰੀ ਕੀਤਾ ਜਾਵੇਗਾ।

ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਮੇਤ ਹੋਰ ਅਹੁਦੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਤੇ ਹੋਰ ਮੈਂਬਰ ਸਾਂਝੇ ਰੂਪ ਵਿਚ ਗਿਆਨੀ ਗੁਰਬਚਨ ਸਿੰਘ ਨੂੰ ਮਿਲੇ।

ਦੋਵਾਂ ਅਹਿਮ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਾਂਝੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ ਕੀਤੀ ਅਤੇ ਇਸ ਮੁਹਿੰਮ ਦੀ ਕਮਾਂਡ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਚਲਾਉਣ ਲਈ ਆਖਿਆ।

ਇਸ ਨੂੰ ਗਿਆਨੀ ਗੁਰਬਚਨ ਸਿੰਘ ਨੇ ਸਵੀਕਾਰ ਕੀਤਾ ਅਤੇ ਇਸ ਮਾਮਲੇ ਵਿਚ ਸਮੁੱਚੀ ਸਿੱਖ ਕੌਮ ਨੂੰ ਸਿਆਸੀ ਤੇ ਨਿੱਜੀ ਮੁਫਾਦ ਤੋਂ ਉਪਰ ਉਠ ਕੇ ਗੁਰਦੁਆਰੇ ਦੀ ਮੁੜ ਸਥਾਪਨਾ ਲਈ ਇਕ ਮੰਚ ਉਤੇ ਇਕੱਠੇ ਹੋਣ ਦੀ ਅਪੀਲ ਕੀਤੀ। ਗਿਆਨੀ ਗੁਰਬਚਨ ਸਿੰਘ ਨੇ ਹਰਿਦੁਆਰ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖਤ 'ਤੇ ਆ ਕੇ ਮੌਜੂਦਾ ਸਥਿਤੀ ਸਪੱਸ਼ਟ ਕਰਨ। ਇਸ ਸਬੰਧੀ ਪੰਜ ਸਿੰਘ ਸਾਹਿਬਾਨ, ਦਿੱਲੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ, ਸਿੱਖ ਬੁੱਧੀਜੀਵੀਆਂ ਨਾਲ ਮੀਟਿੰਗ ਮਗਰੋਂ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਦਾ ਐਲਾਨ ਕੀਤਾ ਜਾਵੇਗਾ।

## ਗੁਰਦੁਆਰਾ ਗਿਆਨ ਗੋਦੜੀ ਬਾਰੇ ਕੀ ਹੈ ਵਿਵਾਦ

1978-79 ਵਿਚ ਹਰਿ ਕੀ ਪਉੜੀ ਵਿਚ ਪੁਰਾਤਨ ਗੁਰਦੁਆਰਾ ਢਹਿ-ਢੇਰੀ ਕਰ ਦਿੱਤਾ ਗਿਆ ਸੀ, ਜਿਥੇ ਹੁਣ ਇਸ ਵੇਲੇ ਸਕਾਊਟ ਐਂਡ ਗਾਇਡ ਦਾ ਦਫਤਰ ਬਣਿਆ ਹੋਇਆ ਹੈ। ਸਿੱਖ ਸੰਗਤ ਦੀ ਮੰਗ ਹੈ ਕਿ ਉਤਰਾਖੰਡ ਸਰਕਾਰ ਇਹ ਥਾਂ ਸਿੱਖ ਸੰਗਤ ਨੂੰ ਸੌਂਪੇ ਤਾਂ ਜੋ ਇਥੇ ਯਾਦਗਾਰ ਸਥਾਪਤ ਕੀਤੀ ਜਾ ਸਕੇ।

ਇਸ ਜ਼ਮੀਨ ਦਾ ਮਾਮਲਾ ਉਤਰ ਪ੍ਰਦੇਸ਼ ਅਤੇ ਉਤਰਾਖੰਡ ਦੋਵਾਂ ਸਰਕਾਰਾਂ ਵਿਚਾਲੇ ਹੋਣ ਕਾਰਨ ਤਕਨੀਕੀ ਤੌਰ 'ਤੇ ਸਮੱਸਿਆ ਹੈ। ਉਤਰਾਖੰਡ ਸਰਕਾਰ ਵੱਲੋਂ ਹਰਿ ਕੀ ਪਉੜੀ ਦੀ ਥਾਂ ਹੋਰ ਜਗ੍ਹਾ ਦੇਣ ਦੀ ਪੇਸ਼ਕਸ਼ ਵੀ ਕੀਤੀ ਜਾ ਚੁੱਕੀ ਹੈ। ਸਿੱਖ ਸੰਗਤ ਦੀ ਮੰਗ ਹੈ ਕਿ ਉਤਰਾਖੰਡ ਸਰਕਾਰ ਹਰਿ ਕੀ ਪਉੜੀ ਵਿਖੇ ਗੁਰਦੁਆਰੇ ਵਾਲੀ ਅਸਲ ਥਾਂ ਉਤੇ ਕੁਝ ਜਗ੍ਹਾ ਦੇਵੇ, ਜਿਥੇ ਸੰਕੇਤਕ ਯਾਦਗਾਰ ਬਣਾਈ ਜਾਵੇ ਅਤੇ ਗੁਰਦੁਆਰਾ ਕਿਸੇ ਹੋਰ ਥਾਂ ਬਣਾਇਆ ਜਾਵੇ।


ਰੈਸਟੋਰੈਂਟ ਸਟਾਫ ਦੀ ਲੋੜ ਹੈ
ਕੈਨਸਸ ਵਿਚ ਕਰੀ ਕੁੱਕ, ਕੁੱਕ, ਤੰਦੂਰੀਏ, ਹੈਲਪਰ ਤੇ ਸਰਵਰ ਦੀ ਲੋੜ ਹੈ
ਫੋਨ: 316-305-1818
918-576-1899
19&21

ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ






*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।





Rahul Singh, CPA
Free Consultancy ❖ Best Services ❖ Best Prices

| Experience and Specialty | | Insurance |
|---|---|---|
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਵਾਦੀ ਵਿਚ ਜਹਾਦੀਆਂ ਦੇ ਹੌਸਲੇ ਹੋਏ ਬੁਲੰਦ

**ਸ੍ਰੀਨਗਰ:** ਕੁਲਗਾਮ ਦੇ ਮੁਕਾਬਲੇ ਵਿਚ ਮਾਰੇ ਗਏ ਦਹਿਸ਼ਤਗਰਦ ਫਿਆਜ਼ ਅਹਿਮਦ ਉਰਫ ਸੇਥਾ ਨੂੰ ਉਸ ਦੇ ਸਾਥੀਆਂ ਵੱਲੋਂ ਏ.ਕੇ.-47 ਰਾਈਫਲਜ਼ ਨਾਲ ਅੰਤਿਮ ਸਲਾਮੀ ਦਿੱਤੀ ਗਈ ਹੈ। ਰਿਪੋਰਟਾਂ ਅਨੁਸਾਰ ਇਸ ਦੌਰਾਨ ਦਹਿਸ਼ਤਗਰਦਾਂ ਵੱਲੋਂ ਫਾਇਰਿੰਗ ਵੀ ਕੀਤੀ ਗਈ। ਦਹਿਸ਼ਤਗਰਦਾਂ ਵੱਲੋਂ ਕੀਤੀ ਗਈ ਇਸ ਕਾਰਵਾਈ ਦੀਆਂ ਕੁਝ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਕੁਲਗਾਮ ਦੇ ਕੋਈਮੋਹ ਇਲਾਕੇ ਦੇ ਰਹਿਣ ਵਾਲਾ ਫਿਆਜ਼ ਅਹਿਮਦ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਸੀ। ਤਸਵੀਰਾਂ ਅਨੁਸਾਰ ਤਿੰਨ ਦਹਿਸ਼ਤਗਰਦ ਏ.ਕੇ.-47 ਨਾਲ ਫਾਇਰਿੰਗ ਕਰ ਰਹੇ ਹਨ। ਤਸਵੀਰ ਵਿਚ ਇਕ ਹੋਰ ਦਹਿਸ਼ਤਗਰਦ ਨੇ ਇਨ੍ਹਾਂ ਦੇ ਮੋਢੇ ਉਤੇ ਹੱਥ ਰੱਖਿਆ ਹੋਇਆ ਹੈ। ਫਾਇਰਿੰਗ ਦੇ ਕਾਰਨ ਸਸਕਾਰ ਵਾਲੀ ਥਾਂ ਭਾਜੜ ਵੀ ਮੱਚੀ।



**ਭਾਰਤ-ਪਾਕਿ ਤਣਾਅ 'ਤੇ ਸੰਯੁਕਤ ਰਾਸ਼ਟਰ ਮੁਖੀ ਦੀ ਨਜ਼ਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਉਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਉਨ੍ਹਾਂ ਦੋਵਾਂ ਮੁਲਕਾਂ ਨੂੰ ਪਰਸਪਰ ਗੱਲਬਾਤ ਤੇ ਸਹਿਯੋਗ ਰਾਹੀਂ ਸ਼ਾਂਤੀਪੂਰਨ ਹੱਲ ਲੱਭਣ ਦਾ ਸੱਦਾ ਦੁਹਰਾਇਆ।

ਪਾਕਿਸਤਾਨੀ ਫੌਜ ਵੱਲੋਂ ਦੋ ਭਾਰਤੀ ਫੌਜੀਆਂ ਦੇ ਕਤਲ ਤੇ ਲਾਸ਼ਾਂ ਦੀ ਵੱਢ-ਟੁੱਕ ਕਰਨ ਉਤੇ ਦੋਵਾਂ ਮੁਲਕਾਂ ਵਿਚ ਤਣਾਅ ਹੈ। ਭਾਰਤੀ ਫੌਜ ਇਸ ਘਿਣਾਉਣੀ ਕਾਰਵਾਈ ਦਾ ਢੁਕਵਾਂ ਜਵਾਬ ਦੇਣ ਦੀ ਚਿਤਾਵਨੀ ਦੇ ਚੁੱਕੀ ਹੈ।

# ਮਿਸ਼ੇਲ ਤੋਂ ਪਹਿਲਾਂ ਹੀ ਹੋ ਗਈ ਸੀ ਮੁਹੱਬਤ...

**ਵਾਸ਼ਿੰਗਟਨ:** ਅਮਰੀਕੀ ਲੇਖਕ ਡੇਵਿਡ ਜੇ ਗੈਰੋ ਵੱਲੋਂ ਲਿਖੀ ਕਿਤਾਬ 'ਰਾਈਜਿੰਗ ਸਟਾਰ-'ਦ ਮੇਕਿੰਗ ਆਫ ਬਰਾਕ ਓਬਾਮਾ' ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਜ਼ਿੰਦਗੀ ਨਾਲ ਜੁੜੇ ਕਈ ਦਿਲਚਸਪ ਪਹਿਲੂ ਪੜ੍ਹਨ ਨੂੰ ਮਿਲਦੇ ਹਨ। ਕਿਤਾਬ ਵਿਚ ਲਿਖਿਆ ਹੈ ਕਿ ਬਰਾਕ ਓਬਾਮਾ ਆਪਣੀ ਪਤਨੀ ਮਿਸ਼ੇਲ ਤੋਂ ਪਹਿਲਾਂ ਕਿਸੇ ਹੋਰ ਔਰਤ ਨੂੰ ਦਿਲ ਦੇ ਬੈਠੇ ਸਨ। ਉਹ ਆਪਣੇ ਰਿਸ਼ਤੇ ਨੂੰ ਲੈ ਕੇ ਕਾਫੀ ਗੰਭੀਰ ਵੀ ਸਨ, ਪਰ ਉਨ੍ਹਾਂ ਦਾ ਇਹ ਪਿਆਰ ਸਿਰੇ ਨਹੀਂ ਚੜ੍ਹ ਸਕਿਆ।

ਡੇਵਿਡ ਨੇ ਲਿਖਿਆ ਹੈ ਕਿ ਓਬਾਮਾ ਇਕ ਗੋਰੀ ਮਹਿਲਾ ਸ਼ੀਲਾ ਮਿਊਸ਼ੀ ਜੈਗਰ ਨੂੰ ਮੁਹੱਬਤ ਕਰਦੇ ਸਨ। ਸ਼ੀਲਾ ਪੇਸ਼ੇ ਤੋਂ ਪ੍ਰੋਫੈਸਰ ਹੈ। ਉਨ੍ਹਾਂ ਨੇ ਦਰਸ਼ਨ ਸ਼ਾਸਤਰ ਵਿਚ ਪੀ.ਐਚ.ਡੀ. ਕੀਤੀ ਹੈ। ਇਸ ਸਮੇਂ ਓਹੀਓ ਦੇ ਉਬਰਲਿਨ ਕਾਲਜ ਵਿਚ ਪੜ੍ਹਾਉਂਦੀ ਹੈ।

ਓਬਾਮਾ ਨੇ 1986 ਵਿਚ ਪਹਿਲੀ ਵਾਰ ਸ਼ੀਲਾ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਸੀ। ਓਬਾਮਾ ਤੇ ਸ਼ੀਲਾ ਇਕ-ਦੂਜੇ ਦੇ ਮਾਤਾ-ਪਿਤਾ ਨੂੰ ਵੀ ਮਿਲੇ ਸਨ, ਪਰ ਸ਼ੀਲਾ ਦੇ ਮਾਤਾ-ਪਿਤਾ ਦਾ ਮੰਨਣਾ ਸੀ ਕਿ ਉਸ ਦੀ ਉਮਰ ਘੱਟ ਹੈ। ਹਾਲਾਂਕਿ ਉਸ ਸਮੇਂ ਸ਼ੀਲਾ 23 ਸਾਲ ਦੀ ਸੀ ਤੇ ਓਬਾਮਾ ਉਸ ਤੋਂ ਸਿਰਫ ਦੋ ਸਾਲ ਵੱਡੇ ਸਨ। ਦੋਵਾਂ ਦੇ ਪਿਆਰ ਦੀਆਂ ਪੀਂਘਾਂ ਵੀ ਵਧਦੀਆਂ ਰਹੀਆਂ, ਪਰ ਨਾਲ ਹੀ ਓਬਾਮਾ ਨੂੰ ਆਪਣੇ ਸਿਆਸੀ ਕਰੀਅਰ ਦਰਮਿਆਨ ਅੰਦਾਜ਼ਾ ਸੀ ਕਿ ਉਹ ਪਹਿਲੇ ਅਫਰੀਕੀ-



ਅਮਰੀਕੀ ਰਾਸ਼ਟਰਪਤੀ ਵੀ ਬਣ ਸਕਦੇ ਹਨ। ਜਦੋਂ ਇਹ ਬਦਲਾਅ ਹੋਇਆ ਤਾਂ ਓਬਾਮਾ ਨੇ ਰਾਸ਼ਟਰਪਤੀ ਬਣਨ 'ਤੇ ਆਪਣਾ ਪੂਰਾ ਧਿਆਨ ਲਾ ਦਿੱਤਾ ਸੀ।

ਓਬਾਮਾ ਨੇ ਹਾਰਵਰਡ ਲਾਅ ਸਕੂਲ ਜਾਣ ਤੋਂ ਪਹਿਲਾਂ ਮੁੜ ਸ਼ੀਲਾ ਨੂੰ ਵਿਆਹ ਬਾਰੇ ਪੁੱਛਿਆ ਸੀ, ਪਰ ਗੱਲ ਨਹੀਂ ਬਣੀ। ਓਬਾਮਾ ਚਾਹੁੰਦੇ ਸਨ ਕਿ ਸ਼ੀਲਾ ਵੀ ਉਨ੍ਹਾਂ ਨਾਲ ਜਾਵੇ। ਹਾਰਵਰਡ ਵਿਚ ਇਕ ਸਾਲ ਪੜ੍ਹਨ ਤੋਂ ਬਾਅਦ ਓਬਾਮਾ ਇਕ ਸਥਾਨਕ ਕਾਨੂੰਨ ਕੰਪਨੀ ਵਿਚ ਕੰਮ ਕਰਨ ਲਈ ਸ਼ਿਕਾਗੋ ਆਏ, ਜਿਥੇ ਉਹ ਮਿਸ਼ੇਲ ਰੋਬਿਨਸਨ ਨੂੰ ਮਿਲੇ, ਜੋ ਉਨ੍ਹਾਂ ਦੀ ਪਤਨੀ ਬਣੀ। ਮਿਸ਼ੇਲ ਉਸ ਕੰਪਨੀ 'ਚ ਕਰਮਚਾਰੀ ਸੀ। ਓਬਾਮਾ ਛੇਤੀ ਹੀ ਆਪਣੇ ਰਿਸ਼ਤੇ ਨੂੰ ਲੈ ਕੇ ਗੰਭੀਰ ਹੋ ਗਏ। ਆਖਰਕਾਰ ਓਬਾਮਾ ਤੇ ਮਿਸ਼ੇਲ ਨੇ 1992 ਵਿਚ ਵਿਆਹ ਕਰਵਾ ਲਿਆ।

# ਚੂਹੇ ਡੀਕ ਗਏ ਬਿਹਾਰ ਪੁਲਿਸ ਦੇ ਮਾਲਖਾਨਿਆਂ ਵਿਚੋਂ ਸ਼ਰਾਬ

**ਪਟਨਾ:** ਬਿਹਾਰ ਵਿਚ ਸ਼ਰਾਬਬੰਦੀ ਤੋਂ ਬਾਅਦ ਉਥੇ ਚੂਹੇ ਵੀ ਸ਼ਰਾਬ ਦੇ ਸ਼ੌਕੀਨ ਹੋ ਗਏ ਹਨ। ਐਸ.ਐਚ.ਓ. ਦਾ ਤਾਂ ਇਹੀ ਦਾਅਵਾ ਹੈ। ਇਥੋਂ ਦੇ ਇਕ ਪੁਲਿਸ ਸਟੇਸ਼ਨ ਵਿਚ ਮਾਲਖਾਨੇ 'ਚ ਰੱਖੀ ਜ਼ਬਤ ਕੀਤੀ ਗਈ ਸ਼ਰਾਬ ਦੇ ਸਟਾਕ ਦੇ ਗਾਇਬ ਹੋਣ 'ਤੇ ਜਦੋਂ ਪੁੱਛ-ਗਿੱਛ ਹੋਈ ਤਾਂ ਪੁਲਿਸ ਨੇ ਚੂਹਿਆਂ ਉਤੇ ਅਜਿਹਾ ਦੋਸ਼ ਲਾਇਆ ਹੈ। ਸੂਤਰਾਂ ਅਨੁਸਾਰ ਐਸ.ਐਚ.ਓ. ਨੇ ਸੀਨੀਅਰ ਅਧਿਕਾਰੀਆਂ ਵੱਲੋਂ ਲਈ ਜਾਣ ਵਾਲੀ ਮਹੀਨੇਵਾਰ ਕ੍ਰਾਈਮ ਮੀਟਿੰਗ 'ਚ ਪਟਨਾ ਦੇ ਐਸ.ਐਸ.ਪੀ. ਮੰਨੂ ਮਹਾਜਨ ਨੂੰ ਦੱਸਿਆ ਕਿ ਚੂਹਿਆਂ ਨੇ ਮਾਲਖ਼ਾਨੇ ਵਿਚ ਰੱਖੀਆਂ ਸੀਲਬੰਦ ਸ਼ਰਾਬ ਦੀਆਂ ਬੋਤਲਾਂ ਨੂੰ ਖੋਲ੍ਹ ਕੇ ਉਨ੍ਹਾਂ ਦੀ ਸਾਰੀ ਸ਼ਰਾਬ ਪੀ ਲਈ। ਉਥੇ ਹੀ ਮਾਲਖਾਨੇ 'ਚ ਉਚਿਤ ਸਾਂਭ-ਸੰਭਾਲ ਦੀ ਕਮੀ 'ਚ ਵੀ ਕਾਫੀ ਸਾਰੀਆਂ ਬੋਤਲਾਂ ਟੁੱਟ ਗਈਆਂ। ਪਿਛਲੇ ਸਾਲ 5 ਅਪਰੈਲ ਨੂੰ ਬਿਹਾਰ ਵਿਚ ਸ਼ਰਾਬਬੰਦੀ ਲਾਗੂ ਕੀਤੇ ਜਾਣ ਤੋਂ ਬਾਅਦ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ 5.11 ਲੱਖ ਲੀਟਰ ਅੰਗਰੇਜ਼ੀ, 3.01 ਲੱਖ ਲੀਟਰ ਦੇਸੀ ਤੇ 12 ਹਜ਼ਾਰ ਲੀਟਰ ਬੀਅਰ ਸੀਜ਼ ਕੀਤੀ ਗਈ ਹੈ। ਇਹ ਸ਼ਰਾਬ ਪੁਲਿਸ ਵੱਲੋਂ ਹੀ ਜ਼ਬਤ ਕੀਤੀ ਗਈ ਸੀ ਤੇ ਸਬੰਧਤ ਥਾਣਿਆਂ ਦੇ ਮਾਲਖਾਨਿਆਂ 'ਚ ਰੱਖੀ ਗਈ ਸੀ। ਪਟਨਾ ਦੇ ਆਈ.ਜੀ. ਨਾਇਰ ਹਸਨੈਨ ਖ਼ਾਨ ਨੇ ਅੰਗਰੇਜ਼ੀ ਅਖਬਾਰ ਨੂੰ ਦੱਸਿਆ ਕਿ ਉਨ੍ਹਾਂ ਨੂੰ ਵੱਖ-ਵੱਖ ਸੂਤਰਾਂ ਤੋਂ ਇਹ ਪਤਾ ਲੱਗਾ ਹੈ ਕਿ ਥਾਣਿਆਂ 'ਚ ਮਾਲਖ਼ਾਨਿਆਂ 'ਚ ਰੱਖੀ ਜ਼ਬਤ ਕੀਤੀ ਗਈ ਸ਼ਰਾਬ ਨੂੰ ਚੂਹੇ ਪੀ ਰਹੇ ਹਨ।



# ਮਜ਼ਦੂਰਾਂ ਨੇ ਧਰਤੀ ਹੇਠ ਵਸਾ ਦਿੱਤਾ ਪਿੰਡ

**ਐਡੀਲੇਡ:** ਹੁਣ ਤੱਕ ਤੁਸੀਂ ਅੰਡਰਗਰਾਊਂਡ ਘਰਾਂ ਬਾਰੇ ਤਾਂ ਜ਼ਰੂਰ ਸੁਣਿਆ ਹੋਵੇਗਾ, ਪਰ ਜੇਕਰ ਤੁਹਾਨੂੰ ਕੋਈ ਕਿਸੇ ਅੰਡਰਗਰਾਊਂਡ ਪਿੰਡ ਬਾਰੇ ਦੱਸੇ ਤਾਂ ਤੁਸੀਂ ਕੀ ਕਹੋਗੇ? ਤੁਸੀਂ ਹੈਰਾਨ ਰਹਿ ਜਾਓਗੇ, ਪਰ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ। ਆਸਟਰੇਲੀਆ ਵਿਚ ਇਕ ਪਿੰਡ ਅਜਿਹਾ ਹੈ, ਜਿਹੜਾ ਅਸਲ 'ਚ ਜ਼ਮੀਨ ਦੇ ਹੇਠ ਵੱਸਿਆ ਹੋਇਆ ਹੈ। ਦੱਖਣੀ ਆਸਟਰੇਲੀਆ ਵਿਚ ਸਥਿਤ ਇਸ ਛੋਟੇ ਜਿਹੇ ਪਿੰਡ ਦਾ ਨਾਂ ਕੂਬਰ ਪੇਡੀ ਹੈ।

ਮੀਡੀਆ ਰਿਪੋਰਟ ਮੁਤਾਬਕ ਇਥੋਂ ਦੇ 60 ਫੀਸਦੀ ਲੋਕ ਅੰਡਰਗਰਾਊਂਡ ਘਰਾਂ 'ਚ ਰਹਿੰਦੇ ਹਨ। ਇਥੇ ਓਪਲ ਦੀਆਂ ਕਈ ਖਾਣਾਂ ਹਨ। ਇਕੱਲੇ ਕੂਬਰ ਪੇਡੀ 'ਚ ਹੀ 70 ਤੋਂ ਵਧੇਰੇ ਓਪਲ ਫੀਲਡਜ਼ ਹਨ ਤੇ ਓਪਲ ਮਾਈਨਿੰਗ ਲਈ ਇਹ ਦੁਨੀਆਂ 'ਚ ਸਭ ਤੋਂ ਵੱਡਾ ਖੇਤਰ ਹੈ। ਇਥੇ ਵਧੇਰੇ ਅੰਡਰਗਰਾਊਂਡ ਸਿਸਟਮ ਖਾਣਾਂ ਨੂੰ ਧਿਆਨ 'ਚ ਰੱਖਦਿਆਂ ਮਜ਼ਦੂਰਾਂ ਨੇ ਇਨ੍ਹਾਂ ਵਿਚ ਵਧੇਰੇ ਕਮਰੇ ਬਣਾ ਕੇ ਇਥੇ ਹੀ ਰਹਿਣਾ ਸ਼ੁਰੂ ਕਰ ਦਿੱਤਾ। ਮੀਡੀਆ ਰਿਪੋਰਟ ਮੁਤਾਬਕ ਇਥੇ ਜ਼ਮੀਨ ਦੇ ਹੇਠਾਂ ਬਣਾਏ ਗਏ ਘਰ ਸਾਰੀਆਂ ਸੁੱਖ ਸਹੂਲਤਾਂ ਨਾਲ ਲੈਸ ਹਨ। ਇਥੇ ਤਕਰੀਬਨ 1500 ਘਰ ਹਨ, ਜਿਨ੍ਹਾਂ 'ਚ 3500 ਤੋਂ ਵਧੇਰੇ ਲੋਕ ਰਹਿੰਦੇ ਹਨ। ਇਹ ਇਸ ਕਸਬੇ ਦਾ 60 ਫੀਸਦੀ ਹਿੱਸਾ ਹੈ। ਇਨ੍ਹਾਂ ਘਰਾਂ ਨੂੰ 'ਡਗ ਆਊਟਜ਼' ਕਿਹਾ ਜਾਂਦਾ ਹੈ। ਇਨ੍ਹਾਂ ਘਰਾਂ 'ਚ ਨਾ ਤਾਂ ਗਰਮੀਆਂ ਲਈ ਏ.ਸੀ. ਦੀ ਲੋੜ ਹੈ ਤੇ ਨਾ ਹੀ ਸਰਦੀਆਂ 'ਚ ਹੀਟਰ ਦੀ। ਜ਼ਮੀਨ ਦੇ ਅੰਦਰ ਹੋਣ ਕਾਰਨ ਇਥੇ ਤਾਪਮਾਨ ਹਮੇਸ਼ਾ ਆਰਾਮਦਾਇਕ ਰਹਿੰਦਾ ਹੈ। ਅਜਿਹਾ ਦੱਸਿਆ ਜਾਂਦਾ ਹੈ ਕਿ ਅੰਡਰਗਰਾਊਂਡ ਮਕਾਨਾਂ ਦੇ ਨਾਲ ਹੀ ਇਥੇ ਸਟੋਰ, ਬਾਰ, ਕੈਸੀਨੋ, ਮਿਊਜ਼ੀਅਮ ਤੇ ਚਰਚ ਆਦਿ ਮੌਜੂਦ ਹੈ। ਇਥੇ ਕਈ ਹਾਲੀਵੁੱਡ ਫਿਲਮਾਂ ਦੀ ਸ਼ੂਟਿੰਗ ਹੁੰਦੀ ਰਹਿੰਦੀ ਹੈ।





# ਮੱਧ ਪ੍ਰਦੇਸ਼ 'ਚ ਸਿੱਖਾਂ 'ਤੇ ਪੁਲਿਸ ਦਾ ਅੱਤਿਆਚਾਰ

**ਬੁਰਹਾਨਪੁਰ:** ਮੱਧ ਪ੍ਰਦੇਸ਼ ਵਿਚ ਵੱਸਦੇ ਸਿਕਲੀਗਰ ਸਿੱਖ ਪਰਿਵਾਰਾਂ ਨੂੰ ਆਪਣਾ ਧਰਮ ਬਦਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਸੂਬੇ ਦੀ ਪੁਲਿਸ ਦਾੜ੍ਹੀ ਅਤੇ ਦਸਤਾਰ ਦੇਖ ਕੇ ਉਨ੍ਹਾਂ ਨੂੰ ਗੈਰਕਾਨੂੰਨੀ ਹਥਿਆਰਾਂ ਦੇ ਤਸਕਰ ਕਹਿ ਕੇ ਅੱਤਿਆਚਾਰ ਕਰਦੀ ਹੈ।

ਬੁਰਹਾਨਪੁਰ ਜ਼ਿਲ੍ਹੇ ਦੇ ਪਿੰਡ ਪਚੌਰੀ ਵਿਚ ਪੁਲਿਸ ਲਗਾਤਾਰ 3 ਦਿਨ ਛਾਣਬੀਣ ਕਰਦੀ ਰਹੀ। ਜੋ ਵੀ ਦਸਤਾਰਧਾਰੀ ਜਾਂ ਦਸਤਾਰ-ਦਾੜ੍ਹੀ ਵਾਲਾ ਸਿੱਖ ਦਿਸਿਆ, ਉਸ ਨੂੰ ਹਿਰਾਸਤ ਵਿਚ ਲੈ ਕੇ ਕੁੱਟ-ਮਾਰ ਕੀਤੀ ਗਈ। ਸਿਕਲੀਗਰ ਸਿੱਖਾਂ ਮੁਤਾਬਕ, ਹਾਲਾਤ ਇੰਨੇ ਬਦਤਰ ਹਨ ਕਿ ਉਨ੍ਹਾਂ ਨੂੰ ਜੰਗਲ ਜਾਂ ਹੋਰ ਥਾਵਾਂ 'ਤੇ ਲੁਕ ਕੇ ਰਹਿਣਾ ਪੈ ਰਿਹਾ ਹੈ। ਇਸੇ ਕਰ ਕੇ ਪਿੰਡ ਦੇ 150 ਪਰਿਵਾਰਾਂ ਨੇ ਹੁਣ ਆਪਣਾ ਵਿਰਸਾ ਤਿਆਗਣ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਪਰਿਵਾਰਾਂ ਨੇ ਇਸ ਬਾਰੇ ਮਹਾਂਪੰਚਾਇਤ ਨੂੰ ਦੱਸ ਦਿੱਤਾ ਹੈ। ਸਿਕਲੀਗਰ ਸਿੱਖਾਂ ਨੇ ਦੱਸਿਆ ਕਿ ਉਨ੍ਹਾਂ ਦਾ ਭਾਈਚਾਰਾ ਪਿਛਲੇ 300 ਸਾਲ ਤੋਂ ਸ਼ਸਤਰ ਬਣਾਉਣ ਦਾ ਕੰਮ ਕਰ ਰਿਹਾ ਹੈ। ਹਥਿਆਰ ਬਣਾਉਣਾ ਉਨ੍ਹਾਂ ਦਾ ਪਿਤਾ-ਪੁਰਖੀ ਕਿੱਤਾ ਹੈ ਤੇ ਗੁਰੂ ਸਾਹਿਬਾਨ ਦੇ ਸਮੇਂ ਜੰਗਾਂ ਯੁੱਧਾਂ ਵੇਲੇ ਲਈ ਵੀ ਉਹ ਸ਼ਸਤਰ ਤਿਆਰ ਕਰ ਕੇ ਦਿੰਦੇ ਸਨ।

# ਕੇ.ਐਲ.ਐਫ. ਮੁਖੀ ਹਰਮਿੰਦਰ ਸਿੰਘ ਮਿੰਟੂ ਨੂੰ ਜ਼ਮਾਨਤ ਮਿਲੀ




**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਨੂੰ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਅਤੇ ਹਥਿਆਰ ਐਕਟ ਨਾਲ ਸਬੰਧਤ ਤਿੰਨ ਸਾਲ ਪੁਰਾਣੇ ਕੇਸ ਵਿਚ ਜ਼ਮਾਨਤ ਦੇ ਦਿੱਤੀ ਹੈ। ਇਹ ਦੂਜਾ ਕੇਸ ਹੈ ਜਿਸ 'ਚ ਉਸ ਨੂੰ ਜ਼ਮਾਨਤ ਮਿਲੀ ਹੈ। ਇਸ ਤੋਂ ਪਹਿਲਾਂ ਹਰਮਿੰਦਰ ਸਿੰਘ ਮਿੰਟੂ ਨੂੰ ਪਟਿਆਲਾ ਦੀ ਅਦਾਲਤ ਵੱਲੋਂ ਨਾਭਾ ਗੈਸ ਬੌਟਲਿੰਗ ਪਲਾਂਟ 'ਤੇ ਬੰਬ ਰੱਖਣ ਦੇ ਦੋਸ਼ਾਂ 'ਤੇ ਆਧਾਰਤ ਕੇਸ ਵਿਚੋਂ ਬਰੀ ਕਰ ਦਿੱਤਾ ਸੀ। ਮਿੰਟੂ ਉਤੇ ਇਸ ਬੰਬ ਲਈ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਣ ਦੇ ਦੋਸ਼ ਲੱਗੇ ਸਨ। ਮਿੰਟੂ ਦਾ ਨਾਮ 27 ਨਵੰਬਰ 2016 ਨੂੰ ਉਸ ਸਮੇਂ ਚਰਚਾ ਵਿਚ ਆਇਆ ਸੀ ਜਦੋਂ ਉਹ ਪੰਜ ਹੋਰ ਕੈਦੀਆਂ ਸਮੇਤ ਨਾਭਾ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ। ਇਸ ਤੋਂ ਬਾਅਦ ਮਿੰਟੂ ਨੂੰ ਫਰਾਰ ਹੋਣ ਵਾਲੀ ਰਾਤ ਹੀ ਦਿੱਲੀ ਤੋਂ ਫੜ ਲਿਆ ਗਿਆ ਸੀ।

# ਪੰਜਾਬ ਦੀਆਂ ਵਾਰਦਾਤਾਂ ਦੀਆਂ ਤਾਰਾਂ ਯੂਰਪ ਨਾਲ ਜੁੜੀਆਂ

**ਚੰਡੀਗੜ੍ਹ:** ਪੰਜਾਬ ਪੁਲਿਸ ਨੂੰ ਆਰ.ਐਸ.ਐਸ. ਆਗੂ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਗਗਨੇਜਾ ਸਮੇਤ ਕਤਲ ਦੀਆਂ 5 ਵਾਰਦਾਤਾਂ ਦੇ ਤਾਰ ਯੂਰਪੀ ਮੁਲਕਾਂ ਨਾਲ ਜੁੜੇ ਹੋਣ ਦੇ ਤੱਥ ਮਿਲੇ ਹਨ। ਪੁਲਿਸ ਸੂਤਰਾਂ ਮੁਤਾਬਕ, ਮੁਢਲੀ ਜਾਂਚ ਮੁਤਾਬਕ ਯੂਰਪ ਵਿਚ ਬੈਠੇ ਖਾਲਿਸਤਾਨੀ ਪਿਛੋਕੜ ਵਾਲੇ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ ਦਾ ਸਹਾਰਾ ਲੈਂਦਿਆਂ ਪੰਜਾਬ ਵਿਚ ਵੱਟਸਐਪ ਰਾਹੀਂ ਸੰਪਰਕ ਬਣਾ ਕੇ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ।

ਪੰਜਾਬ ਪੁਲਿਸ ਨਾਲ ਸਬੰਧਤ ਇੰਟੈਲੀਜੈਂਸ ਵਿੰਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਪੁਲਿਸ ਨੇ ਸੀ.ਬੀ.ਆਈ. ਦੀ ਮਦਦ ਨਾਲ ਗਗਨੇਜਾ ਦੇ ਕਤਲ ਕੇਸ ਵਿਚ ਤਕਰੀਬਨ ਇਕ ਕਰੋੜ ਮੋਬਾਈਲ ਫੋਨ ਕਾਲ ਨੂੰ ਘੋਖਿਆ, ਪਰ ਨਾਕਾਮ ਰਹੇ। ਜਗਦੀਸ਼ ਗਗਨੇਜਾ, ਦੁਰਗਾ ਦਾਸ ਗੁਪਤਾ, ਅਮਿਤ ਸ਼ਰਮਾ, ਜਗੇੜਾ ਪੁਲ ਦੇ ਨਜ਼ਦੀਕ ਡੇਰਾ ਸਿਰਸਾ ਨਾਲ ਸਬੰਧਤ ਸ਼ਾਖਾ 'ਤੇ ਹਮਲਾ ਕਰ ਕੇ ਪਿਤਾ-ਪੁੱਤਰ ਦੇ ਕਤਲਾਂ ਅਤੇ ਲੁਧਿਆਣਾ ਸ਼ਹਿਰ 'ਚ ਆਰ.ਐਸ.ਐਸ. ਸ਼ਾਖਾ 'ਤੇ ਹਮਲੇ ਵਿਚ ਇਕੋ ਗਰੋਹ ਦਾ ਹੱਥ ਮੰਨਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਅਪਰਾਧੀਆਂ ਵੱਲੋਂ ਰਣਨੀਤੀ ਘੜਨ ਸਮੇਂ ਵੱਟਸਐਪ ਦਾ ਸਹਾਰਾ ਲਿਆ ਜਾਂਦਾ ਹੈ। ਤਫ਼ਤੀਸ਼ ਦੌਰਾਨ ਖ਼ੁਫੀਆ ਵਿੰਗ ਨੂੰ ਕਤਲਾਂ ਦੀਆਂ ਵਾਰਦਾਤਾਂ ਲਈ ਪੈਸਾ ਵਿਦੇਸ਼ ਤੋਂ ਆਉਣ ਦੇ ਵੀ ਸੰਕੇਤ ਮਿਲੇ ਹਨ।


# ਕੁਲਭੂਸ਼ਣ ਜਾਧਵ ਦੀ ਫਾਂਸੀ 'ਤੇ ਰੋਕ

**ਨਵੀਂ ਦਿੱਲੀ:** ਕੌਮਾਂਤਰੀ ਨਿਆਂਇਕ ਅਦਾਲਤ ਨੇ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾ ਉਤੇ ਰੋਕ ਲਗਾ ਦਿੱਤੀ ਹੈ। ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਜਾਸੂਸੀ ਦੇ ਦੋਸ਼ ਹੇਠ ਇਹ ਸਜ਼ਾ ਸੁਣਾਈ ਸੀ।

ਭਾਰਤ ਨੇ ਇਸ ਬਾਰੇ ਕੌਮਾਂਤਰੀ ਅਦਾਲਤ ਤੱਕ ਪਹੁੰਚ ਕੀਤੀ ਸੀ ਅਤੇ ਜਾਸੂਸੀ ਦੇ ਦੋਸ਼ਾਂ ਨੂੰ ਗਲਤ ਦੱਸਦਿਆਂ ਕਿਹਾ ਸੀ ਕਿ ਜਲ ਸੈਨਾ ਵਿਚੋਂ ਸੇਵਾਮੁਕਤ ਹੋਣ ਤੋਂ ਬਾਅਦ ਜਾਧਵ ਇਰਾਨ ਵਿਚ ਆਪਣਾ ਕਾਰੋਬਾਰ ਕਰ ਰਿਹਾ ਸੀ।

# ਭਾਰਤ-ਪਾਕਿਸਤਾਨ ਸਬੰਧਾਂ ਵਿਚਲੀ ਕੂਟਨੀਤਕ ਪਹਿਲ ਕਦਮੀ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਜੰਮੂ-ਕਸ਼ਮੀਰ ਵਿਚ ਬਣਾਈ ਗਈ 'ਅਸਲ ਕੰਟਰੋਲ ਰੇਖਾ' ਨੂੰ ਟੱਪ ਕੇ ਪਾਕਿਸਤਾਨ ਦੀ ਬਾਰਡਰ ਐਕਸ਼ਨ ਟੀਮ ਵੱਲੋਂ ਭਾਰਤੀ ਫੌਜ ਦੇ ਸੂਬੇਦਾਰ ਪਰਮਜੀਤ ਸਿੰਘ ਅਤੇ ਬਾਰਡਰ ਸਕਿਓਰਿਟੀ ਫੋਰਸ ਦੇ ਜਵਾਨ ਪ੍ਰੇਮ ਸਾਗਰ ਦੇ ਸਿਰ ਲਾਹ ਲਿਜਾਣ ਦੀ ਘਟਨਾ ਹਰ ਸਾਊ ਵਿਅਕਤੀ ਨੂੰ ਝੰਜੋੜ ਦੇਣ ਵਾਲੀ ਹੈ। ਜਿੰਨਾ ਦੁੱਖ ਇਸ ਬਾਰੇ ਭਾਰਤ ਵਿਚ ਮਹਿਸੂਸ ਕੀਤਾ ਗਿਆ, ਸੰਸਾਰ ਭਰ ਵਿਚ ਫੈਲੇ ਹੋਏ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਵੀ ਓਨਾ ਹੀ ਮਹਿਸੂਸ ਕੀਤਾ ਹੈ ਅਤੇ ਇਸ ਦੁੱਖ ਵਿਚ ਇਹ ਗਿਲ੍ਹਾ ਵੀ ਸ਼ਾਮਲ ਹੈ ਕਿ ਭਾਰਤ ਦੀ ਸਰਕਾਰ ਸੂਝ ਨਾਲ ਨਹੀਂ ਚੱਲ ਰਹੀ। ਏਦਾਂ ਦੇ ਲੋਕ ਵੀ ਥੋੜ੍ਹੇ ਨਹੀਂ, ਜਿਹੜੇ ਕਹਿੰਦੇ ਹਨ ਕਿ ਰੋਜ਼-ਰੋਜ਼ ਦੇ ਰੋਣ-ਧੋਣ ਦੀ ਥਾਂ ਸ਼ਰੀਕ ਨਾਲ ਇੱਕੋ ਵਾਰ ਸਿੱਝਣਾ ਚਾਹੀਦਾ ਹੈ, ਪਰ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਚਾਰ ਜੰਗਾਂ ਲੜਨ ਪਿੱਛੋਂ 'ਇੱਕੋ ਵਾਰ' ਸਿੱਝ ਲੈਣ ਦੀ ਇਹ ਸੋਚ ਕੋਈ ਆਸ ਬੰਨ੍ਹਾਉਣ ਵਾਲੀ ਨਹੀਂ ਹੋ ਸਕਦੀ। ਇਸ ਮਸਲੇ ਦਾ ਹੱਲ ਏਨਾ ਸੌਖਾ ਨਹੀਂ ਹੋਣਾ। ਜਦੋਂ ਇਹ ਗੱਲ ਆਖੀ ਜਾਵੇ ਕਿ ਇਸ ਦਾ ਹੱਲ ਏਨਾ ਸੌਖਾ ਨਹੀਂ ਹੋਣਾ ਤਾਂ ਅੱਗੋਂ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਫਿਰ ਇਹ ਹੱਲ ਹੋਣਾ ਕਿਸ ਤਰ੍ਹਾਂ ਹੈ ਤੇ ਕਿੰਨੇ ਕੁ ਹੋਰ ਜਵਾਨਾਂ ਨੂੰ ਮੌਤ ਦੇ ਮੂੰਹ ਧੱਕਣਾ ਪਵੇਗਾ? ਇਹ ਸੋਚਣ ਵਾਲਾ ਸਵਾਲ ਹੈ।

ਭਾਰਤ ਦਾ ਪ੍ਰਧਾਨ ਮੰਤਰੀ ਜਦੋਂ ਹਾਲੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਾ ਸੀ, ਉਦੋਂ ਵੋਟਾਂ ਮੰਗਣ ਵੇਲੇ ਇਹ ਵੀ ਕਹਿੰਦਾ ਸੀ ਕਿ ਮੇਰੀ ਜਿੱਤ ਨਾਲ ਇੱਕ ਸੌ ਪੰਝੀ ਕਰੋੜ ਭਾਰਤੀ ਲੋਕ ਖੁਸ਼ ਹੋਣਗੇ ਤੇ ਮੇਰੇ ਹਾਰਨ ਨਾਲ ਪਾਕਿਸਤਾਨ ਦੇ ਲੋਕ ਖੁਸ਼ੀ ਮਨਾਉਣਗੇ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਜਿੱਤ ਗਿਆ ਤਾਂ ਸਬਕ ਸਿਖਾ ਦਿਆਂਗਾ। ਜਿੱਤਦੇ ਸਾਰ ਮੋਦੀ ਨੇ ਆਪਣੇ ਸਹੁੰ ਚੁੱਕ ਸਮਾਗਮ ਮੌਕੇ ਉਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਉਚੇਚਾ ਸੱਦਾ ਭੇਜਿਆ, ਜਿਨ੍ਹਾਂ ਨੂੰ ਸਬਕ ਸਿਖਾਉਣ ਦੀ ਗੱਲ ਕਹਿੰਦਾ ਸੀ। ਚਾਰ ਦਿਨਾਂ ਦੇ ਮੇਲ-ਜੋਲ ਪਿੱਛੋਂ ਫਿਰ ਅਸਲ ਕੰਟਰੋਲ ਰੇਖਾ ਉਤੇ ਗੋਲੀਆਂ ਚੱਲਣ ਲੱਗ ਪਈਆਂ ਤੇ ਦੋਵੇਂ ਪ੍ਰਧਾਨ ਮੰਤਰੀ ਆਪੋ ਵਿਚ ਬੋਲਣ ਜੋਗੇ ਵੀ ਨਾ ਰਹਿ ਗਏ। ਕੁਝ ਚਿਰ ਬੋਲ-ਚਾਲ ਬੰਦ ਰਹਿਣ ਪਿੱਛੋਂ ਦੋਵੇਂ ਜਣੇ ਜਦੋਂ ਨੇਪਾਲ ਵਿਚ ਮਿਲੇ ਤਾਂ ਸਾਰਕ ਦੇਸ਼ਾਂ ਦੇ ਮੰਚ ਉਤੇ ਨਾ ਹੱਥ ਮਿਲਾਏ ਸਨ ਤੇ ਨਾ ਅੱਖਾਂ ਮਿਲਾਈਆਂ, ਪਰ ਮਸਾਂ ਚੌਵੀ ਘੰਟੇ ਪਿੱਛੋਂ ਦੋਵੇਂ ਜਣੇ ਇੱਕ ਦੂਸਰੇ ਦਾ ਹੱਥ ਫੜ ਕੇ ਤੇਤੀ ਸੈਕਿੰਡ ਹਿਲਾਈ ਜਾਂਦੇ ਦੇਖੇ ਗਏ ਸਨ। ਏਨੀ ਤਿੱਖੀ ਤਬਦੀਲੀ ਨਾਲ ਲੋਕ ਹੈਰਾਨ ਸਨ। ਫਿਰ ਭੇਦ ਖੁੱਲ੍ਹ ਗਿਆ ਕਿ ਭਾਰਤ ਦਾ ਸਟੀਲ ਕਾਰੋਬਾਰੀ ਸੱਜਣ ਜਿੰਦਲ ਅੱਧੀ ਰਾਤ ਨੇਪਾਲ ਪਹੁੰਚ ਕੇ ਪਾਕਿਸਤਾਨ ਦੇ ਸਟੀਲ ਕਾਰੋਬਾਰੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਮਿਲਿਆ ਤੇ ਰਾਤੋ-ਰਾਤ ਨਰਿੰਦਰ ਮੋਦੀ ਅਤੇ ਨਵਾਜ਼ ਸ਼ਰੀਫ ਦੀ ਮੀਟਿੰਗ ਕਰਵਾ ਦਿੱਤੀ ਸੀ। ਅਗਲੇ ਦਿਨ ਤਾਂ ਜੱਗ-ਵਿਖਾਵੇ ਦੀ ਫੋਟੋ ਖਿਚਾਉਣ ਲਈ ਦੋਵਾਂ ਨੇ ਹੱਥ ਮਿਲਾਏ ਸਨ। ਉਹੀ ਸੱਜਣ ਜਿੰਦਲ ਹੁਣ ਫਿਰ ਚਰਚਾ ਵਿਚ ਹੈ।

ਇਸ ਵਾਰੀ ਚਰਚਾ ਵਿਚ ਆਉਣ ਦਾ ਕਾਰਨ ਕਸ਼ਮੀਰ ਘਾਟੀ ਵਾਲੀ ਅਸਲ ਕੰਟਰੋਲ ਰੇਖਾ ਉਤੇ ਸੂਬੇਦਾਰ ਪਰਮਜੀਤ ਸਿੰਘ ਤੇ ਪ੍ਰੇਮ ਸਾਗਰ ਨਾਲ ਵਾਪਰਿਆ ਦੁਖਾਂਤ ਹੈ। ਇਹ ਹਮਲਾਵਰੀ ਤੀਹ ਅਪਰੈਲ ਦੀ ਰਾਤ ਨੂੰ ਹੋਈ ਸੀ, ਪਰ ਇਸ ਤੋਂ ਇੱਕ ਦਿਨ ਪਹਿਲਾਂ 29 ਅਪਰੈਲ ਨੂੰ ਸੱਜਣ



*ਸੂਬੇਦਾਰ ਪਰਮਜੀਤ ਸਿੰਘ ਅਤੇ ਪ੍ਰੇਮ ਸਾਗਰ*

ਜਿੰਦਲ ਦੇ ਕਾਰਨ ਪਾਕਿਸਤਾਨ ਦੀ ਰਾਜਨੀਤੀ ਉਬਾਲਾ ਖਾ ਚੁਕੀ ਸੀ। ਸੱਜਣ ਜਿੰਦਲ ਫਿਰ ਅੱਧੀ ਰਾਤ ਵੇਲੇ ਨਵਾਜ਼ ਸ਼ਰੀਫ ਨੂੰ ਉਥੇ ਜਾ ਕੇ ਮਿਲਿਆ ਸੀ। ਭਾਰਤ ਵਿਚ ਕਿਸੇ ਨੂੰ ਪਤਾ ਨਾ ਲੱਗਾ ਤੇ ਪਾਕਿਸਤਾਨ ਦੀ ਵਿਰੋਧੀ ਧਿਰ ਨੇ ਦੁਹਾਈ ਪਾ ਦਿੱਤੀ ਕਿ ਨਵਾਜ਼ ਸ਼ਰੀਫ ਅਤੇ ਨਰਿੰਦਰ ਮੋਦੀ ਪਿਛਲੇ ਦਰਵਾਜ਼ਿਉਂ ਕਿਸੇ ਕੂਟਨੀਤਕ ਪਹਿਲ ਕਦਮੀ ਦੀ ਤਿਆਰੀ ਕਰਦੇ ਪਏ ਹਨ। ਅਗਲੇ ਦਿਨ ਪਾਕਿਸਤਾਨੀ ਫੌਜ ਨੇ ਇਸ ਪਹਿਲ ਕਦਮੀ ਨੂੰ ਰੋਕਣ ਦੇ ਲਈ ਉਹ ਚਾਲ ਚੱਲ ਦਿੱਤੀ, ਜਿਸ ਵਿਚ ਸੂਬੇਦਾਰ ਪਰਮਜੀਤ ਸਿੰਘ ਤੇ ਪ੍ਰੇਮ ਸਾਗਰ ਦੀ ਜਾਨ ਜਾਂਦੀ ਰਹੀ ਅਤੇ ਭਾਰਤ ਦੇ ਲੋਕ ਦੁਖੀ ਹੋ ਗਏ। ਭਾਰਤੀ ਲੋਕਾਂ ਨੂੰ ਸੋਗ ਵਿਚ ਡੋਬ ਦੇਣ ਵਾਲਾ ਇਹ ਦਾਅ ਪਾਕਿਸਤਾਨ ਦੀ ਫੌਜ ਨੇ ਪਹਿਲੀ ਵਾਰ ਨਹੀਂ ਖੇਡਿਆ, ਪਹਿਲਾਂ ਵੀ ਕਈ ਵਾਰ ਖੇਡਿਆ ਹੋਇਆ ਹੈ ਅਤੇ ਇਹ ਦਾਅ ਹਰ ਵਾਰੀ ਭਾਰਤ ਨਾਲ ਪੈ ਰਹੀ ਸਾਂਝ ਨੂੰ ਸਾਬੋਤਾਜ ਕਰਨ ਲਈ ਖੇਡਿਆ ਜਾਂਦਾ ਹੈ।

ਜ਼ਰਾ ਚੇਤਾ ਕਰਨਾ ਚਾਹੀਦਾ ਹੈ ਕਿ ਜਿਸ ਨੇਪਾਲ ਵਿਚ ਸੱਜਣ ਜਿੰਦਲ ਨੇ ਨਵਾਜ਼ ਸ਼ਰੀਫ ਤੇ ਨਰਿੰਦਰ ਮੋਦੀ ਨੂੰ ਮਿਲਾਇਆ, ਉਸੇ ਨੇਪਾਲ ਵਿਚ ਕਦੇ ਅਟਲ ਬਿਹਾਰੀ ਵਾਜਪਾਈ ਤੇ ਜਨਰਲ ਮੁਸ਼ੱਰਫ ਵੀ ਮਿਲੇ ਸਨ। ਸਾਰਕ ਦੇਸ਼ਾਂ ਦੇ ਇਸੇ ਤਰ੍ਹਾਂ ਦੇ ਸਮਾਗਮ ਦੀ ਸਟੇਜ ਉਤੇ ਉਨ੍ਹਾਂ ਦੋਵਾਂ ਨੇ ਵੀ ਨਾ ਹੱਥ ਮਿਲਾਏ ਸਨ ਤੇ ਨਾ ਅੱਖ ਮਿਲਾਈ ਸੀ, ਪਰ ਜਦੋਂ ਮੁਸ਼ੱਰਫ ਨੇ ਭਾਸ਼ਣ ਕੀਤਾ ਤਾਂ ਸਬੰਧ ਸੁਧਾਰਨ ਦੀ ਗੱਲ ਕਹਿ ਕੇ ਵਾਜਪਾਈ ਨਾਲ ਹੱਥ ਮਿਲਾਉਣ ਲਈ ਉਸ ਦੇ ਕੋਲ ਜਾ ਪਹੁੰਚਿਆ ਸੀ। ਉਸ ਸਟੇਜ ਤੋਂ ਕੀਤਾ ਵਾਜਪਾਈ ਦਾ ਭਾਸ਼ਣ ਯਾਦ ਰੱਖਣ ਵਾਲਾ ਹੈ। ਉਸ ਨੇ ਕਿਹਾ ਸੀ ਕਿ ਸਬੰਧ ਸੁਧਾਰਨ ਦੀ ਪਹਿਲ ਕਰਨ ਲਈ ਧੰਨਵਾਦ, ਪਰ ਮੁਸ਼ੱਰਫ ਸਾਹਿਬ ਇਹ ਵੀ ਚੇਤੇ ਕਰਨ ਕਿ ਮੈਂ ਲਾਹੌਰ ਜਾ ਕੇ ਜਦੋਂ ਉਨ੍ਹਾਂ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਜੱਫੀ ਪਾ ਕੇ ਮੁੜਿਆ ਸਾਂ ਤਾਂ ਇਨ੍ਹਾਂ ਨੇ ਕਾਰਗਿਲ ਦੀ ਜੰਗ ਛੇੜ ਕੇ ਦੋਵਾਂ ਦੇਸ਼ਾਂ ਦੇ ਸਬੰਧ ਖਰਾਬ ਕੀਤੇ ਸਨ। ਫਿਰ ਅਸੀਂ ਜਨਰਲ ਮੁਸ਼ੱਰਫ ਨੂੰ ਆਗਰੇ ਸੱਦ ਕੇ ਤਾਜ ਮਹਿਲ ਵਿਖਾਇਆ ਤੇ ਜਵਾਬ ਵਿਚ ਸਾਡੀ ਪਾਰਲੀਮੈਂਟ ਤੇ ਜੰਮੂ-ਕਸ਼ਮੀਰ ਅਸੈਂਬਲੀ ਉਤੇ ਦਹਿਸ਼ਤਗਰਦ ਹਮਲਾ ਕਰਵਾ ਦਿੱਤਾ ਗਿਆ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸਿਰਫ ਹੱਥ ਮਿਲਾਏ ਜਾਣ ਨਾਲ ਸਬੰਧ ਨਹੀਂ ਸੁਧਰ ਜਾਣੇ।

ਵਾਜਪਾਈ ਦੀ ਪਾਰਟੀ ਦੇ ਨਰਿੰਦਰ ਮੋਦੀ ਕਾਫੀ ਦੇਰ ਨਵਾਜ਼ ਸ਼ਰੀਫ ਨਾਲ ਫਾਸਲਾ ਰੱਖਣ ਪਿੱਛੋਂ 10 ਜੁਲਾਈ 2015 ਨੂੰ ਜਦੋਂ ਰੂਸ ਦੇ ਸ਼ਹਿਰ ਉਫਾ ਵਿਚ ਮਿਲੇ ਸਨ ਤਾਂ ਇਸ ਤੋਂ ਮਸਾਂ ਚਾਰ ਦਿਨ ਪਿੱਛੋਂ ਪੰਜਾਬ ਦੇ ਦੀਨਾ ਨਗਰ ਥਾਣੇ ਉਤੇ ਹਮਲਾ ਹੋ ਗਿਆ ਸੀ। ਫਿਰ ਕਾਬਲ ਤੋਂ ਮੁੜਦੇ ਮੋਦੀ ਸਾਹਿਬ 25 ਦਸੰਬਰ 2015 ਨੂੰ ਅਚਾਨਕ ਲਾਹੌਰ ਰੁਕੇ ਤੇ ਨਵਾਜ਼ ਸ਼ਰੀਫ ਦੇ ਘਰੋਂ ਹੋ ਕੇ ਦਿੱਲੀ ਆਏ ਤਾਂ ਸਿਰਫ ਛੇ ਦਿਨ ਪਿੱਛੋਂ ਪਠਾਨਕੋਟ ਵਿਚ ਹਵਾਈ ਫੌਜ ਦੇ ਸਟੇਸ਼ਨ ਉਤੇ ਹਮਲਾ ਕਰਵਾ ਦਿੱਤਾ ਗਿਆ ਸੀ। ਵਾਜਪਾਈ ਸਾਹਿਬ ਦੀ ਗੱਲ ਠੀਕ ਸੀ ਕਿ ਜਦੋਂ-ਜਦੋਂ ਅਸੀਂ ਹੱਥ ਵਧਾਇਆ, ਸੱਟ ਹੀ ਖਾਧੀ ਸੀ। ਸੱਜਣ ਜਿੰਦਲ ਨੂੰ ਭੇਜ ਕੇ ਹੁਣ ਇੱਕ ਸੱਟ ਹੋਰ ਖਾਧੀ ਗਈ ਹੈ।

ਇਨ੍ਹਾਂ ਸੱਟਾਂ 'ਤੇ ਸੱਟਾਂ ਖਾਣ ਵਾਲੇ ਲੀਡਰਾਂ ਦੀ ਕੱਚ-ਘਰੜ ਕੂਟਨੀਤੀ ਦਾ ਇੱਕ ਇਤਿਹਾਸ ਹੈ। ਲੱਗਦਾ ਏਦਾਂ ਹੈ ਕਿ ਉਹ ਪਾਕਿਸਤਾਨ ਦੀਆਂ ਹਕੀਕਤਾਂ ਨਹੀਂ ਪਛਾਣ ਸਕੇ। ਪਾਕਿਸਤਾਨ ਦੀ ਸਭ ਤੋਂ ਵੱਡੀ ਹਕੀਕਤ ਇਹ ਹੈ ਕਿ ਉਥੋਂ ਦੀ ਰਾਜਨੀਤੀ 'ਰੱਬ ਵੱਡਾ ਕਿ ਘਸੁੰਨ' ਦਾ ਮੁਹਾਵਰਾ ਯਾਦ ਰੱਖ ਕੇ ਚੱਲਦੀ ਹੈ। ਦੁਨੀਆਂ ਭਰ ਵਿਚ ਲੋਕਤੰਤਰੀ ਦੇਸ਼ਾਂ ਦੀਆਂ ਸਰਕਾਰਾਂ ਆਪਣੀ ਫੌਜ ਦੇ ਮੁਖੀ ਦੀ ਮਿਆਦ ਤੈਅ ਕਰਦੀਆਂ ਹਨ ਤੇ ਪਾਕਿਸਤਾਨ ਵਿਚ ਪ੍ਰਧਾਨ ਮੰਤਰੀ ਨੂੰ ਕਿੰਨੇ ਦਿਨ ਕੁਰਸੀ ਉਤੇ ਬੈਠਣ ਦੇਣਾ ਹੈ, ਇਹ ਫੌਜ ਦਾ ਮੁਖੀ ਤੈਅ ਕਰਦਾ ਹੈ। ਅਜੋਕਾ ਪ੍ਰਧਾਨ ਮੰਤਰੀ ਜਿਹੜੇ ਹਾਲਾਤ ਦਾ ਸਾਹਮਣਾ ਇੱਕ ਵਾਰੀ ਕਰ ਚੁਕਾ ਹੈ, ਉਸ ਦਾ ਚੇਤਾ ਨਾ ਭੁਲਾ ਲਵੇ, ਇਸ ਲਈ ਤੀਸਰੀ ਵਾਰ ਅਹੁਦਾ ਸੰਭਾਲਣ ਪਿੱਛੋਂ ਫੌਜ ਨੇ ਉਸ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ। ਜਲਾਵਤਨੀ ਕੱਟ ਕੇ ਆਏ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਜਿਹੜੇ ਪਹਿਲੇ ਫੌਜੀ ਸਮਾਗਮ ਵਿਚ ਸੱਦਿਆ ਗਿਆ, ਉਥੇ ਸਾਰੇ ਵੱਡੇ ਫੌਜੀ ਅਫਸਰਾਂ ਨਾਲ ਮਿਲਣਾ ਪੈਣਾ ਸੀ ਤੇ ਉਨ੍ਹਾਂ ਅਫਸਰਾਂ ਵਿਚ ਉਹ ਲੈਫਟੀਨੈਂਟ ਜਨਰਲ ਸਭ ਤੋਂ ਅੱਗੇ ਖੜਾ ਸੀ, ਜਿਹੜਾ ਜਨਰਲ ਮੁਸ਼ੱਰਫ ਦੇ ਹੁਕਮ ਉਤੇ ਨਵਾਜ਼ ਸ਼ਰੀਫ ਨੂੰ ਪਿਛਲੀ ਵਾਰੀ ਗ੍ਰਿਫਤਾਰ ਕਰਨ ਗਿਆ ਸੀ। ਦੂਸਰਾ ਜਨਰਲ ਉਹ ਸੀ, ਜਿਸ ਨੂੰ ਜੇਲ੍ਹ ਵਿਚ ਨਵਾਜ਼ ਸ਼ਰੀਫ ਦੀ ਨਿਗਰਾਨੀ ਦਾ ਚਾਰਜ ਦਿੱਤਾ ਗਿਆ ਸੀ ਤੇ ਅੱਧੀ ਰਾਤ ਨਵਾਜ਼ ਸ਼ਰੀਫ ਵਾਲੀ ਕੋਠੜੀ ਵਿਚ ਸੱਪ ਸੁੱਟਵਾ ਕੇ ਉਸੇ ਨੇ ਨਵਾਜ਼ ਸ਼ਰੀਫ ਦਾ ਤ੍ਰਾਹ ਕੱਢਿਆ ਸੀ। ਫਿਰ ਉਸ ਫੌਜੀ ਮੰਚ ਉਤੇ ਉਨ੍ਹਾਂ ਦੋਵਾਂ ਵਿਚਾਲੇ ਨਵਾਜ਼ ਸ਼ਰੀਫ ਨੂੰ ਜਦੋਂ ਕੁਰਸੀ ਉਤੇ ਬਿਠਾਇਆ ਗਿਆ ਤਾਂ ਇਹ ਉਸ ਦੇ ਅਹੁਦੇ ਦਾ ਮਾਣ ਰੱਖਣ ਤੋਂ ਵੱਧ ਇਹ ਗੱਲ ਚੇਤਾ ਕਰਾਉਣ ਦੀ ਐਕਸਰਸਾਈਜ਼ ਸੀ ਕਿ ਉਦੋਂ ਵਾਲੇ ਫੌਜੀ ਅਜੇ ਵੀ ਹੈਗੇ ਨੇ, ਰਿਟਾਇਰ ਨਹੀਂ ਹੋ ਗਏ।

ਅਖਾੜੇ ਵਿਚ ਕੁੱਦਣਾ ਹੋਵੇ ਤਾਂ ਖਿਡਾਰੀ ਨੂੰ ਆਪਣੀ ਤਾਕਤ ਦਾ ਖਿਆਲ ਰੱਖਣਾ ਪੈਂਦਾ ਹੈ। ਨਵਾਜ਼ ਸ਼ਰੀਫ ਨੂੰ ਆਪਣੀ ਤਾਕਤ ਦਾ ਪਤਾ ਹੈ, ਇਸੇ ਲਈ ਉਹ ਆਮ ਕਰ ਕੇ ਭਾਰਤ ਨਾਲ ਸਾਂਝ ਪਾਉਣ ਤੋਂ ਕੰਨੀ ਕਤਰਾਉਂਦਾ ਹੈ ਤੇ ਵਾਰ-ਵਾਰ ਜ਼ੋਰ ਪਏ ਤੋਂ ਕਦੇ-ਕਦੇ ਮਿਲਣਾ ਮੰਨ ਜਾਂਦਾ ਹੈ। ਜਦੋਂ ਉਹ ਮਿਲਣ ਲਈ ਹਾਮੀ ਭਰਦਾ ਹੈ, ਉਹੀ ਹਾਮੀ ਭਾਰਤ ਨੂੰ ਭਾਰੂ ਪੈ ਜਾਂਦੀ ਹੈ। ਰੂਸ ਦੇ ਉਫਾ ਸ਼ਹਿਰ ਦੀ ਮੀਟਿੰਗ ਨੇ ਦੀਨਾ ਨਗਰ ਵਿਚ ਝਲਕ ਵਿਖਾਈ ਸੀ ਤੇ ਲਾਹੌਰ ਨੇੜੇ ਨਵਾਜ਼ ਸ਼ਰੀਫ ਦੇ ਪਰਿਵਾਰ ਵੱਲੋਂ ਭਾਰਤ ਵਿਚ ਛੱਡੇ ਜਾਤੀ ਉਮਰਾ ਦੇ ਨਾਂ 'ਤੇ ਵਸਾਏ ਪਿੰਡ ਜਾਤੀ ਉਮਰਾ ਵਿਚ ਨਰਿੰਦਰ ਮੋਦੀ ਦਾ ਗੇੜਾ ਪਠਾਨਕੋਟ ਵਿਚ ਭੁਗਤਣਾ ਪਿਆ ਸੀ। ਇਸ ਪਿੱਛੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਆਸ ਵਿਚ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਸਹੀ, ਪਾਕਿਸਤਾਨ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਬੰਧ ਸੁਧਾਰਨ ਦੀ ਤਰਕੀਬ ਕੱਢੀ ਜਾ ਸਕਦੀ ਹੈ। ਲੱਗਦਾ ਹੈ ਕਿ ਕੋਸ਼ਿਸ਼ ਜਾਰੀ ਰਹੇਗੀ। ਇਸ ਕੋਸ਼ਿਸ਼ ਵਿਚ ਵੀ ਕਰਨ ਦਾ ਅਸਲ ਕੰਮ ਇਹ ਹੈ ਕਿ ਆਪਣੀਆਂ ਹੱਦਾਂ ਦੀ ਪਹਿਰੇਦਾਰੀ ਵੱਲ ਉਹ ਧਿਆਨ ਦਿੱਤਾ ਜਾਵੇ, ਜਿਹੜਾ ਲੋਕ ਸਮਝਦੇ ਹਨ ਕਿ ਇੰਦਰਾ ਗਾਂਧੀ ਮਗਰੋਂ ਕਿਸੇ ਕੋਲੋਂ ਦਿੱਤਾ ਨਹੀਂ ਗਿਆ। ਉਹ ਬਹੁਤਾ ਬੋਲਦੀ ਨਹੀਂ ਸੀ, ਪਰ ਇੰਦਰਾ ਗਾਂਧੀ ਦੀ ਚੁੱਪ ਵਿਚ ਵੀ ਇੱਕ ਦਬਕਾ ਲੁਕਿਆ ਹੁੰਦਾ ਸੀ, ਪਰ ਜਿਹੜੇ ਲੰਮੀਆਂ ਬਾਂਹਾਂ ਉਲਾਰ ਕੇ ਬੋਲਣ ਵਾਲੇ ਹਨ, ਉਨ੍ਹਾਂ ਦੇ ਕੋਲ ਹੋਰ ਸਭ ਕੁਝ ਹੈ, ਸਿਰਫ ਉਸ ਚੁੱਪ ਓਹਲੇ ਝਲਕਦੀ ਤਾਕਤ ਨਹੀਂ। ਵਿਰੋਧੀ ਦੇਸ਼ ਦੇ ਆਗੂ ਨਾਲ ਜੱਫੀਆਂ ਪਾਉਣ ਜਾਂ ਜੰਗਾਂ ਲਾਉਣ ਦੇ ਵਿਚਾਲੇ ਚੁੱਪ ਦੀ ਕੂਟਨੀਤੀ ਵੀ ਹੋ ਸਕਦੀ ਹੈ, ਜਦੋਂ ਤੱਕ ਨਰਿੰਦਰ ਮੋਦੀ ਦੀ ਸਮਝ ਵਿਚ ਇਹ ਗੱਲ ਨਹੀਂ ਪੈ ਜਾਂਦੀ, ਸਥਿਤੀਆਂ ਵਿਚ ਸੁਧਾਰ ਨਹੀਂ ਆ ਸਕਣਾ।

# ਚੜ੍ਹਾਵੇ ਦਾ ਦਸਵੰਧ ਬੱਚਿਆਂ ਦੀ ਪੜ੍ਹਾਈ 'ਤੇ ਹੋਵੇਗਾ ਖਰਚ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਗੁਰਦੁਆਰੇ ਵਿਚ ਇਕੱਠੀ ਹੁੰਦੀ ਚੜ੍ਹਤ (ਮਾਇਆ) ਵਿਚੋਂ 10 ਫੀਸਦੀ ਹਿੱਸਾ (ਦਸਵੰਧ) ਬੱਚਿਆਂ ਦੀ ਪੜ੍ਹਾਈ 'ਤੇ ਹੀ ਖਰਚ ਕੀਤਾ ਜਾਵੇ ਅਤੇ



ਗੁਰਦੁਆਰਿਆਂ ਵਿਚ ਮਾਂ ਬੋਲੀ ਪੰਜਾਬੀ ਦਾ ਗਿਆਨ ਦੇਣ ਲਈ ਕਲਾਸਾਂ ਲਾਈਆਂ ਜਾਣ।


ਇਸ ਤੋਂ ਇਲਾਵਾ ਮੋਬਾਈਲ ਫੋਨ ਦੀ ਮਦਦ ਰਾਹੀਂ ਕਥਾ-ਕੀਰਤਨ ਅਤੇ ਪਾਠ ਕਰਨ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਕਥਾ ਕੀਰਤਨ ਅਤੇ ਗੁਰਬਾਣੀ ਨੂੰ ਕੰਠ ਕਰ ਕੇ ਹੀ ਕੀਤਾ ਜਾਵੇ। ਇਹ ਵੀ ਸਖਤ ਹਦਾਇਤ ਕੀਤੀ ਗਈ ਕਿ ਪ੍ਰਬੰਧਕ ਕਮੇਟੀਆਂ ਗੁਰਦੁਆਰਿਆਂ ਦੇ ਮਸਲਿਆਂ ਨੂੰ ਅਦਾਲਤਾਂ ਵਿਚ ਨਾ ਲੈ ਕੇ ਜਾਣ ਸਗੋਂ ਇਸ ਨੂੰ ਆਪਸੀ ਸਲਾਹ ਮਸ਼ਵਰੇ ਨਾਲ ਹੱਲ ਕਰਨ।

**ਨਾਮਧਾਰੀ ਹਵਨ ਮਾਮਲਾ ਅੱਠ ਮੈਂਬਰੀ ਕਮੇਟੀ ਹਵਾਲੇ :** ਠਾਕੁਰ ਦਲੀਪ ਸਿੰਘ ਦੀ ਅਗਵਾਈ ਹੇਠਲੇ ਨਾਮਧਾਰੀ ਸੰਪਰਦਾ ਵੱਲੋਂ ਹਵਨ ਕਰ ਕੇ ਅੰਮ੍ਰਿਤ ਸੰਚਾਰ ਕਰਨ ਦੇ ਮਾਮਲੇ ਵਿਚ ਧਰਮ ਪ੍ਰਚਾਰ ਕਮੇਟੀ ਦੀ ਜਾਂਚ ਬੇਸਿੱਟਾ ਰਹਿਣ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਇਹ ਮਾਮਲਾ ਫਿਲਹਾਲ ਅਗਾਂਹ ਪਾ ਦਿੱਤਾ। ਇਸ ਸਬੰਧੀ ਅੱਠ ਮੈਂਬਰੀ ਨਿਰਣਾ ਕਮੇਟੀ ਬਣਾਈ ਗਈ ਹੈ, ਜੋ ਇਕ ਮਹੀਨੇ ਵਿਚ ਇਸ ਮਸਲੇ ਦੀ ਪੜਤਾਲ ਕਰ ਕੇ ਆਪਣੀ ਰਿਪੋਰਟ ਦੇਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਹੋਵੇਗੀ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ, ਜਥੇਦਾਰ ਗਿਆਨੀ ਮੱਲ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਗਿਆਨੀ ਜਗਤਾਰ ਸਿੰਘ ਨੇ ਬੈਠਕ ਕਰ ਕੇ ਨਾਮਧਾਰੀ ਸੰਪਰਦਾ ਵੱਲੋਂ ਮਰਿਆਦਾ ਦੀ ਉਲੰਘਣਾ ਕਰਨ ਦਾ ਮਾਮਲਾ ਵਿਚਾਰਿਆ। ਇਸ ਤੋਂ ਪਹਿਲਾਂ ਸਿੰਘ ਸਾਹਿਬਾਨ ਨੇ ਵੱਖ-ਵੱਖ ਸਿੱਖ ਵਿਦਵਾਨਾਂ ਦੀ ਵੀ ਰਾਏ ਲਈ।

## ਡੇਰਾ ਵਿਵਾਦ: ਜਨਮੇਜਾ ਸਿੰਘ ਸੇਖੋਂ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਖਾਤਰ ਡੇਰਾ ਸਿਰਸਾ ਜਾ ਕੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਹੈ, ਜਿਸ ਤਹਿਤ ਉਨ੍ਹਾਂ ਦੀ ਤਿੰਨ ਦਿਨ ਫਿਰੋਜ਼ਪੁਰ ਦੇ ਗੁਰਦੁਆਰੇ ਅਤੇ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਸੇਵਾ ਲਾਈ ਗਈ ਹੈ। ਅਕਾਲ ਤਖਤ ਦੀ ਫਸੀਲ ਤੋਂ ਇਹ ਤਨਖਾਹ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸੁਣਾਈ ਗਈ। ਇਸ ਮੌਕੇ ਅਕਾਲੀ ਆਗੂ ਜਨਮੇਜਾ ਸਿੰਘ ਸੇਖੋਂ ਵੀ ਅਕਾਲ ਤਖਤ ਸਾਹਿਬ ਸਾਹਮਣੇ ਹਾਜ਼ਰ ਸਨ।



ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਫਿਰੋਜ਼ਪੁਰ ਸਥਿਤ ਗੁਰਦੁਆਰਾ ਜਾਮਨੀ ਸਾਹਿਬ ਵਿਖੇ ਤਿੰਨ ਦਿਨ ਰੋਜ਼ਾਨਾ ਇਕ ਘੰਟਾ ਜੋੜੇ ਸਾਫ ਕਰਨ, ਇਕ ਘੰਟਾ ਲੰਗਰ ਘਰ ਵਿਚ ਭਾਂਡੇ ਮਾਂਜਣ ਤੇ ਪਰਿਕਰਮਾ ਵਿਚ ਝਾੜੂ ਫੇਰਨ ਦੀ ਸੇਵਾ ਕਰਨਗੇ। ਇਹ ਸੇਵਾ ਮੁਕੰਮਲ ਕਰਨ ਮਗਰੋਂ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਜੋੜੇ ਸਾਫ ਕਰਨ, ਇਕ ਘੰਟਾ ਛਬੀਲ 'ਤੇ ਜਲ ਦੀ ਸੇਵਾ ਕਰਨ ਤੇ ਇਕ ਘੰਟਾ ਗੁਰਬਾਣੀ ਦਾ ਕੀਰਤਨ ਸੁਣਨ ਦੀ ਸੇਵਾ ਲਾਈ ਗਈ ਹੈ। ਇਸ ਤੋਂ ਇਲਾਵਾ 501 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਅਤੇ 5100 ਰੁਪਏ ਗੋਲਕ ਵਿਚ ਪਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਾਉਣ ਲਈ ਆਖਿਆ ਗਿਆ ਹੈ।

# ਯੂਥ ਅਕਾਲੀ ਆਗੂ ਭਗੌੜਾ ਕਰਾਰ

**ਪਟਿਆਲਾ:** ਸਾਬਕਾ ਅਕਾਲੀ ਮੇਅਰ ਜਸਪਾਲ ਸਿੰਘ ਦੇ ਪੁੱਤਰ ਅਤੇ ਯੂਥ ਅਕਾਲੀ ਦਲ ਦੇ ਸਾਬਕਾ ਸ਼ਹਿਰੀ ਪ੍ਰਧਾਨ ਕੈਪਟਨ ਪ੍ਰੀਤਇੰਦਰ ਸਿੰਘ ਨੂੰ ਅਦਾਲਤ ਵੱਲੋਂ ਇਰਾਦਾ ਕਤਲ ਦੇ ਕੇਸ 'ਚ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ।

ਇਰਾਦਾ ਕਤਲ ਦਾ ਇਹ ਕੇਸ ਕਾਂਗਰਸ ਦੇ ਜ਼ਿਲ੍ਹਾ ਜਨਰਲ ਸਕੱਤਰ ਤਰਵਿੰਦਰ ਸਿੰਘ ਲੱਕੀ 'ਤੇ ਹੋਏ ਹਮਲੇ ਨਾਲ ਸਬੰਧਤ ਹੈ। ਇਸ ਸਬੰਧੀ 8 ਜਨਵਰੀ 2014 ਨੂੰ ਥਾਣਾ ਕੋਤਵਾਲੀ ਵਿਚ ਧਾਰਾ 308 ਤਹਿਤ ਕੇਸ ਦਰਜ ਹੋਇਆ ਸੀ। ਫਿਰ ਤਫਤੀਸ਼ ਦੌਰਾਨ ਇਹ ਧਾਰਾ 325 ਵਿਚ ਤਬਦੀਲ ਹੋ ਗਿਆ।

ਕਾਂਗਰਸੀ ਆਗੂ ਲੱਕੀ ਨੇ ਪੁਲਿਸ ਦੇ ਰਾਜਸੀ ਦਬਾਅ ਹੇਠ ਹੋਣ ਦੇ ਤਰਕ ਤਹਿਤ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਇਸਤਗਾਸਾ ਪਾ ਦਿੱਤਾ। ਇਸ ਤਹਿਤ ਸਾਲ 2015 ਵਿਚ ਅਦਾਲਤ ਨੇ ਧਾਰਾ 307 (ਇਰਾਦਾ ਕਤਲ) ਅਧੀਨ ਪ੍ਰੀਤਇੰਦਰ ਸਿੰਘ ਸਮੇਤ ਨੌਂ ਵਿਅਕਤੀਆਂ ਨੂੰ ਸੰਮਨ ਜਾਰੀ ਕੀਤੇ ਸਨ, ਪਰ ਪ੍ਰੀਤਇੰਦਰ ਸਿੰਘ ਦੇ ਕੁਝ ਮਹੀਨਿਆਂ ਤੋਂ ਗੈਰਹਾਜ਼ਰ ਰਹਿਣ 'ਤੇ ਲੱਕੀ ਦੇ ਵਕੀਲ ਵਰਮਾ ਨੇ ਉਸ ਦੇ ਵਿਦੇਸ਼ ਚਲੇ ਜਾਣ ਦਾ ਮਾਮਲਾ ਉਠਾਇਆ। ਫਰਵਰੀ ਵਿਚ ਉਸ ਖਿਲਾਫ਼ ਗ੍ਰਿਫਤਾਰੀ ਵਾਰੰਟ ਜਾਰੀ ਹੋਏ। ਹੁਣ ਹੋਈ ਪੇਸ਼ੀ ਦੌਰਾਨ ਉਸ ਨੂੰ ਅਦਾਲਤੀ ਭਗੌੜਾ (ਇਸ਼ਤਿਹਾਰੀ ਮੁਜਰਮ) ਕਰਾਰ ਦਿੱਤਾ ਗਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਮਈ 2017*

## 'ਆਪ' ਦੀ ਆਪੋ-ਧਾਪ

ਭਾਰਤ ਦੀ ਸਿਆਸਤ ਵਿਚ ਨਵੀਂ ਸਿਆਸਤ ਦੇ ਦਾਅਵੇ ਨਾਲ ਦਖਲ ਦੇਣ ਵਾਲੀ ਆਮ ਆਦਮੀ ਪਾਰਟੀ (ਆਪ) ਇਕ ਵਾਰ ਫਿਰ ਸੰਕਟ ਵਿਚ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਾਰਟੀ ਅੰਦਰੂਨੀ ਖਿੱਚੋ-ਤਾਣ ਵਿਚ ਤਾਂ ਫਸੀ ਹੀ ਹੋਈ ਸੀ, ਹੁਣ ਦਿੱਲੀ ਵਿਚ ਜੋ ਕੁਝ ਵਾਪਰਿਆ ਹੈ, ਉਸ ਨੇ ਪਾਰਟੀ ਉਤੇ ਕਈ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ। ਇਸ ਵਾਰ ਸਿੱਧਾ ਹਮਲਾ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਉਤੇ ਹੈ ਅਤੇ ਇਹ ਹਮਲਾ ਬਾਹਰੋਂ ਨਹੀਂ, ਸਗੋਂ ਪਾਰਟੀ ਨਾਲ ਸਬੰਧਤ ਇਕ ਮੰਤਰੀ ਕਪਿਲ ਮਿਸ਼ਰਾ ਦਾ ਹੈ ਜਿਸ ਨੂੰ ਚੰਦ ਦਿਨ ਪਹਿਲਾਂ ਹੀ ਲਾਂਭੇ ਕੀਤਾ ਗਿਆ ਸੀ। ਵਿਚਾਰਨ ਵਾਲਾ ਮਸਲਾ ਹੈ ਕਿ ਪਿਛਲੇ ਸਮੇਂ ਦੌਰਾਨ ਪਾਰਟੀ ਨੂੰ ਜਿੰਨੇ ਵੀ ਸੰਕਟਾਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਵਿਚੋਂ ਬਹੁਤੇ ਕਿਸੇ ਨਾ ਕਿਸੇ ਰੂਪ ਵਿਚ ਪੈਸੇ ਨਾਲ ਜੁੜੇ ਹੋਏ ਹਨ। ਪੰਜਾਬ ਅੰਦਰ ਕਨਵੀਨਰੀ ਦਾ ਇਹ ਕਲੇਸ਼ ਵੀ ਪੈਸੇ ਦੇ ਲੈਣ-ਦੇਣ ਨਾਲ ਹੀ ਸਬੰਧਤ ਸੀ। ਅਸਲ ਵਿਚ ਪਾਰਟੀ ਵਿਚ ਮੁੱਢ ਤੋਂ ਹੀ ਜਿਸ ਢੰਗ ਨਾਲ ਹੌਲੀ ਹੌਲੀ ਕਰ ਕੇ ਜਮਹੂਰੀਅਤ ਹਾਸ਼ੀਏ ਉਤੇ ਸੁੱਟੀ ਜਾਂਦੀ ਰਹੀ ਹੈ, ਉਹੀ ਸਾਰੇ ਪੁਆੜਿਆਂ ਦੀ ਜੜ੍ਹ ਬਣ ਗਈ ਹੈ। ਨਤੀਜੇ ਵਜੋਂ ਸੰਕਟ-ਦਰ-ਸੰਕਟ ਪਾਰਟੀ ਨੂੰ ਘੇਰਦਾ ਰਿਹਾ ਹੈ।

ਇਹ ਪਾਰਟੀ 2011 ਵਿਚ ਅੰਨਾ ਹਜ਼ਾਰੇ ਤੇ ਸਾਥੀਆਂ ਵੱਲੋਂ ਜਨ ਲੋਕਪਾਲ ਬਿੱਲ ਦੇ ਹੱਕ ਵਿਚ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਵਿੱਢੀ ਮੁਹਿੰਮ ਵਿਚੋਂ ਹੀ ਹੋਂਦ ਵਿਚ ਆਈ ਸੀ। ਉਸ ਵਕਤ ਅੰਨਾ ਹਜ਼ਾਰੇ ਨਾਲ ਮੁਹਿੰਮ ਵਿੱਢਣ ਵਾਲੇ ਅਹਿਮ ਸਾਥੀਆਂ ਵਿਚੋਂ ਅਰਵਿੰਦ ਕੇਜਰੀਵਾਲ ਪ੍ਰਮੁੱਖ ਸਨ। ਇਨ੍ਹਾਂ ਸਾਰਿਆਂ ਵਿਚੋਂ ਸਿਰਫ ਕੇਜਰੀਵਾਲ ਹੀ ਅਜਿਹੇ ਆਗੂ ਸਨ ਜਿਨ੍ਹਾਂ ਨੇ ਉਸ ਵਕਤ ਮਿਲੇ ਲੋਕ ਹੁੰਗਾਰੇ ਨੂੰ ਸਿਆਸਤ ਵਿਚ ਤਬਦੀਲ ਕਰਨ ਦਾ ਦਾਈਆ ਬੰਨ੍ਹਿਆ ਅਤੇ ਇਉਂ 26 ਨਵੰਬਰ 2012 ਵਿਚ ਅਸਲੋਂ ਨਵੀਂ ਜਾਪਦੀ ਪਾਰਟੀ- ਆਮ ਆਦਮੀ ਪਾਰਟੀ, ਹੋਂਦ ਵਿਚ ਆਈ। ਸ਼ੁਰੂ ਵਿਚ ਰਵਾਇਤੀ ਪਾਰਟੀਆਂ, ਇਨ੍ਹਾਂ ਦੇ ਆਗੂਆਂ ਅਤੇ ਆਮ ਲੋਕਾਂ ਨੇ ਇਸ ਨਵੀਂ ਬਣੀ ਪਾਰਟੀ ਨੂੰ ਗੌਲਿਆ ਨਹੀਂ, ਪਰ 8 ਦਸੰਬਰ ਨੂੰ ਜਦੋਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਏ ਤਾਂ ਸਭ ਦੰਗ ਰਹਿ ਗਏ। ਸੱਤਰ ਮੈਂਬਰੀ ਵਿਧਾਨ ਸਭਾ ਵਿਚ ਪਾਰਟੀ 28 ਸੀਟਾਂ ਜਿੱਤ ਕੇ ਦੂਜੇ ਨੰਬਰ ਉਤੇ ਰਹੀ ਸੀ। ਭਾਰਤੀ ਜਨਤਾ ਪਾਰਟੀ 31 ਸੀਟਾਂ ਹਾਸਲ ਕਰ ਕੇ ਸਭ ਤੋਂ ਵੱਡੀ ਪਾਰਟੀ ਬਣੀ ਸੀ ਅਤੇ ਇਸ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਸੀਟ ਹਾਸਲ ਹੋਈ ਸੀ। ਸੱਤਾਧਾਰੀ ਕਾਂਗਰਸ ਨੂੰ ਸਿਰਫ 8 ਸੀਟਾਂ ਹੀ ਮਿਲ ਸਕੀਆਂ ਸਨ। ਇਨ੍ਹਾਂ ਚੋਣਾਂ ਦਾ ਅੰਤਿਮ ਨਤੀਜਾ ਇਹ ਰਿਹਾ ਕਿ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਘੱਟ-ਗਿਣਤੀ ਸਰਕਾਰ ਬਣ ਗਈ ਜਿਸ ਨੂੰ ਕਾਂਗਰਸ ਨੇ ਬਾਹਰੋਂ ਹਮਾਇਤ ਕਰ ਦਿੱਤੀ ਸੀ। ਅਗਲੇ ਹੀ ਸਾਲ ਮਈ 2014 ਵਿਚ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦਿੱਲੀ ਦੀਆਂ 7 ਵਿਚੋਂ ਇਕ ਵੀ ਸੀਟ ਨਾ ਜਿੱਤ ਸਕੀ ਅਤੇ ਪੂਰੇ ਮੁਲਕ ਵਿਚ ਵੀ ਕੋਈ ਖਾਸ ਹੁੰਗਾਰਾ ਨਾ ਮਿਲਿਆ, ਪਰ ਪਾਰਟੀ ਨੇ ਪੰਜਾਬ ਦੀਆਂ 13 ਸੀਟਾਂ ਵਿਚੋਂ 4 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਸਿਆਸੀ ਪਿੜ ਵਿਚ ਨਵੀਂ ਸਿਆਸਤ ਦਾ ਝੰਡਾ ਗੱਡ ਦਿੱਤਾ। ਇਸ ਤੋਂ ਬਾਅਦ ਜਦੋਂ 7 ਫਰਵਰੀ 2015 ਨੂੰ ਦਿੱਲੀ ਵਿਧਾਨ ਸਭਾ ਲਈ ਦੁਬਾਰਾ ਚੋਣਾਂ ਹੋਈਆਂ ਅਤੇ 10 ਫਰਵਰੀ ਨੂੰ ਨਤੀਜੇ ਸਾਹਮਣੇ ਆਏ ਤਾਂ ਪਾਰਟੀ ਦੀ ਬੁਲੰਦੀ ਅਸਮਾਨ ਤੱਕ ਜਾ ਅੱਪੜ ਚੁੱਕੀ ਸੀ। ਪਾਰਟੀ ਨੇ ਕੁੱਲ 70 ਸੀਟਾਂ ਵਿਚੋਂ 67 ਸੀਟਾਂ ਉਤੇ ਫਤਿਹ ਹਾਸਲ ਕੀਤੀ ਸੀ ਅਤੇ 6-7 ਮਹੀਨੇ ਪਹਿਲਾਂ ਹੀ ਦਿੱਲੀ ਦੀਆਂ 7 ਦੀਆਂ 7 ਲੋਕ ਸਭਾ ਸੀਟਾਂ ਉਤੇ ਕਬਜ਼ਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਸਿਰਫ 3 ਸੀਟਾਂ ਹੀ ਜਿੱਤ ਸਕੀ ਸੀ। ਕਾਂਗਰਸ ਨੂੰ ਇਕ ਵੀ ਸੀਟ ਹਾਸਲ ਨਹੀਂ ਹੋਈ। ਇਤਿਹਾਸ ਰਚਿਆ ਗਿਆ ਸੀ। ਪਾਰਟੀ ਨੂੰ ਕੁੱਲ ਪਈਆਂ ਵੋਟਾਂ ਵਿਚੋਂ 54.3 ਫੀਸਦੀ ਵੋਟਾਂ ਮਿਲੀਆਂ ਸਨ।

ਉਂਜ ਛੇਤੀ ਹੀ ਪਾਰਟੀ ਅੰਦਰ ਜਮਹੂਰੀਅਤ ਨਾ ਹੋਣ ਦੀਆਂ ਕਨਸੋਆਂ ਮਿਲਣੀਆਂ ਸ਼ੁਰੂ ਹੋ ਗਈਆਂ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਉਤੇ ਤਾਨਾਸ਼ਾਹੀ ਤਰੀਕੇ ਨਾਲ ਪਾਰਟੀ ਚਲਾਉਣ ਦੇ ਦੋਸ਼ ਲੱਗਣ ਲੱਗੇ। ਇਸ ਮਸਲੇ ਉਤੇ ਵੱਖ ਵੱਖ ਪਾਰਟੀ ਆਗੂ, ਪਾਰਟੀ ਤੋਂ ਪਾਸੇ ਹੁੰਦੇ ਗਏ ਜਾਂ ਪਾਸੇ ਕਰ ਦਿੱਤੇ ਗਏ। ਸਿੱਟੇ ਵਜੋਂ ਹੌਲੀ ਹੌਲੀ ਜਥੇਬੰਦਕ ਤਾਣਾ-ਬਾਣਾ ਖੋਖਲਾ ਹੁੰਦਾ ਗਿਆ। ਇਸ ਦੀ ਸਭ ਤੋਂ ਉਮਦਾ ਮਿਸਾਲ ਪੰਜਾਬ ਦੀ ਸਾਹਮਣੇ ਆਈ ਜਿਥੇ ਪਾਰਟੀ ਨੂੰ ਲੋਕ ਸਭਾ ਚੋਣਾਂ ਦੌਰਾਨ ਬੇਮਿਸਾਲ ਹੁੰਗਾਰਾ ਮਿਲਿਆ ਸੀ। ਮਈ 2014 ਤੋਂ ਲੈ ਕੇ ਫਰਵਰੀ 2017 ਤੱਕ ਵਿਧਾਨ ਸਭਾ ਚੋਣਾਂ ਹੋਣ ਤੱਕ ਪਾਰਟੀ ਕੋਲ ਤਕਰੀਬਨ ਢਾਈ ਸਾਲ ਦਾ ਸਮਾਂ ਸੀ ਜਿਸ ਨਾਲ ਪੰਜਾਬ ਅੰਦਰ ਪਾਰਟੀ ਦੇ ਪੈਰ ਬੰਨ੍ਹੇ ਜਾ ਸਕਦੇ ਸਨ। ਇਕੱਲੇ ਪੰਜਾਬੀ ਹੀ ਨਹੀਂ, ਸਮੁੱਚਾ ਮੁਲਕ ਨਵੀਂ ਸਿਆਸਤ ਵਾਲੀ ਇਸ ਪਾਰਟੀ ਵੱਲ ਦੇਖ ਰਿਹਾ ਸੀ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ। ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਸੂਬੇ ਅੰਦਰ ਚੋਣ ਮੁਹਿੰਮਾਂ ਚੋਣਾਂ ਤੋਂ ਦੋ ਸਾਲ ਪਹਿਲਾਂ ਹੀ ਅਰੰਭ ਹੋ ਗਈਆਂ ਹੋਣ; ਪਰ ਜਦੋਂ 11 ਮਾਰਚ ਦੀ ਸਵੇਰ ਨੂੰ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਪਾਸੇ ਪਲਟ ਚੁਕੇ ਸਨ। ਪਾਰਟੀ 117 ਵਿਚੋਂ ਸਿਰਫ 20 ਸੀਟਾਂ ਹੀ ਹਾਸਲ ਕਰ ਸਕੀ। ਇਸ ਵਾਰ ਪਾਰਟੀ ਦੀ ਵੋਟ ਫੀਸਦ 23.7 ਰਹਿ ਗਈ ਜੋ ਅਕਾਲੀ ਦਲ ਨਾਲੋਂ ਵੀ ਘਟ ਸੀ। ਪਾਰਟੀ ਆਗੂਆਂ ਨੇ ਪਾਰਟੀ ਦੀ ਇਸ ਨਮੋਸ਼ੀ ਭਰੀ ਹਾਰ ਲਈ ਵੋਟ ਮਸ਼ੀਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਨਤੀਜਾ ਇਹ ਨਿਕਲਿਆ ਕਿ ਪਾਰਟੀ ਦੇ ਹਾਰ ਦੇ ਕਾਰਨਾਂ ਦੀ ਘੋਖ ਕਰਨ ਦੀ ਲੋੜ ਹੀ ਮੁਕਾ ਦਿੱਤੀ ਗਈ। ਪਾਰਟੀ ਅੰਦਰ ਜਮਹੂਰੀਅਤ ਨੂੰ ਇਹ ਇਕ ਹੋਰ ਖੋਰਾ ਸੀ। ਫਿਰ ਇਸ ਦਾ ਰਾਹ ਪਾਰਟੀ ਅੰਦਰਲੇ ਉਸ ਕਲੇਸ਼ ਵੱਲ ਖੁੱਲ੍ਹ ਗਿਆ ਜੋ ਅੱਜ ਕੱਲ੍ਹ ਪੰਜਾਬ ਇਕਾਈ ਵਿਚ ਪੈ ਗਿਆ ਹੈ। ਹੁਣ ਸਵਾਲ ਇਹ ਹੈ ਕਿ ਪਾਰਟੀ ਪਹਿਲਾਂ ਵਾਲਾ ਠੁੱਕ ਬੰਨ੍ਹ ਵੀ ਸਕੇਗੀ ਜਾਂ ਇਤਿਹਾਸ ਅੰਦਰ ਸਮਾ ਜਾਵੇਗੀ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੀ ਇਹ ਸੱਚ ਨਹੀਂ?*

ਉਹੀ ਮਰਦ ਇਤਿਹਾਸ ਵਿਚ ਦਰਜ ਹੁੰਦਾ, ਜਿਹੜਾ ਕੁਫਰ ਦੇ ਸਾਹਵੇਂ ਨਾ ਝੁਕਿਆ ਐ।
ਰਾਜ-ਮੱਦ ਦੇ ਨਸ਼ੇ ਵਿਚ ਅੱਤ ਚੁੱਕੇ, ਸਮਝੋ ਅੰਤ ਨੇੜੇ ਉਸ ਦਾ ਢੁੱਕਿਆ ਐ।
ਬੇਈਮਾਨ ਕਈ ਛਾਂਗਦੇ ਗਏ ਏਥੋਂ, ਇਮਾਨਦਾਰੀ ਦਾ ਬੂਟਾ ਨਾ ਸੁੱਕਿਆ ਐ।
ਖੁੱਸੇ ਅਹੁਦੇ ਦੀ ਤੜਪ ਹੀ ਬੋਲਦੀ ਏ, ਜਦ ਵੀ ਕੁਰਸੀ ਤੋਂ ਲਿਹਾ ਕੋਈ ਬੁੱਕਿਆ ਐ।
ਸਭ ਕੁਝ ਵੇਖਦੇ ਹੁੰਦੇ ਨੇ ਲੋਕ ਸਾਰੇ, ਸੱਚ ਚੋਰਾਂ ਬੇਈਮਾਨਾਂ ਤੋਂ ਠੁੱਕਿਆ ਐ।
ਮੂੰਹ ਉਸੇ ਦਾ ਲਿਬੜਿਆ ਆਪਣਾ ਹੀ, ਅੱਜ ਤੱਕ ਜਿਨ੍ਹੇ ਵੀ ਚੰਦ 'ਤੇ ਥੁੱਕਿਆ ਐ।

# ਸਤਲੁਜ-ਯਮੁਨਾ ਲਿੰਕ ਨਹਿਰ: ਵਿਵਾਦ ਅਤੇ ਖਤਰੇ

***ਪੰਜਾਬ ਦੀ ਦਲੀਲ ਹੈ ਕਿ ਇਹ ਰਿਪੇਰੀਅਨ ਰਾਜ ਹੈ, ਇਸ ਦੇ ਖੇਤਰ ਵਿਚ ਵਹਿਣ ਵਾਲੀਆਂ ਨਦੀਆਂ 'ਤੇ ਇਸ ਦਾ ਮੁੱਢਲਾ ਅਧਿਕਾਰ ਹੈ। ਇਹ ਸਿਧਾਂਤ ਸਮੁੱਚੇ ਵਿਸ਼ਵ ਵਿਚ ਸਵੀਕਾਰ ਕੀਤਾ ਗਿਆ ਹੈ। ਪਹਿਲਾਂ ਹੀ ਗੈਰ ਰਿਪੇਰੀਅਨ ਰਾਜ ਰਾਜਸਥਾਨ ਇਨ੍ਹਾਂ ਨਦੀਆਂ ਤੋਂ ਪੰਜਾਹ ਫ਼ੀਸਦੀ ਤੋਂ ਜ਼ਿਆਦਾ ਪਾਣੀ ਲੈ ਰਿਹਾ ਹੈ। ਸੋ, ਹਰਿਆਣਾ ਨੂੰ ਆਪਣੇ ਖੇਤਰ ਤੋਂ ਵਹਿਣ ਵਾਲੀ ਯਮੁਨਾ ਤੋਂ ਜ਼ਿਆਦਾ ਪਾਣੀ 'ਤੇ ਦਾਅਵਾ ਕਰਨਾ ਚਾਹੀਦਾ ਹੈ। ਪੰਜਾਬ ਨੇ ਸੁਪਰੀਮ ਕੋਰਟ ਵਿਚ ਤਿੱਖੀ ਬਿਆਨਬਾਜ਼ੀ ਕੀਤੀ ਅਤੇ ਸੁਝਾਅ ਦਿੱਤਾ ਕਿ ਨਿਆਂਇਕ ਟ੍ਰਿਬਿਊਨਲ ਵਿਚ ਪਹਿਲਾਂ ਝਗੜੇ ਨੂੰ ਹੱਲ ਕਰ ਲਿਆ ਜਾਵੇ, ਬਾਅਦ ਵਿਚ ਹੀ ਐਸ.ਵਾਈ.ਐਲ. ਨਹਿਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਾਰੇ ਤਰਕਾਂ ਨੂੰ ਰੱਦ ਕਰਦੇ ਹੋਏ ਨਹਿਰ ਨੂੰ ਮੁਕੰਮਲ ਕਰਨ 'ਤੇ ਜ਼ੋਰ ਦਿੱਤਾ ਹੈ।***

**ਗੋਬਿੰਦ ਠੁਕਰਾਲ**
ਫੋਨ: +91-94170-16030

ਪੰਜਾਬ ਅਤੇ ਹਰਿਆਣਾ ਵਿਚ ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਉਭਰੇ ਗੁੰਝਲਦਾਰ ਵਿਵਾਦ ਬਾਰੇ ਜੇ ਕੋਈ ਇਨ੍ਹਾਂ ਦੋਵਾਂ ਸੂਬਿਆਂ ਦੇ ਸਿਆਸੀ ਆਗੂਆਂ ਦੇ ਬਿਆਨ ਸੁਣੇ ਤਾਂ ਉਸ ਦੇ ਮਨ ਵਿਚ ਇਹ ਪ੍ਰਭਾਵ ਬਣ ਸਕਦਾ ਹੈ ਜਿਵੇਂ ਦੋ ਮੁਲਕ ਜੰਗ ਲੜਨ ਦੀ ਤਿਆਰੀ ਕਰ ਰਹੇ ਹੋਣ। ਹਰਿਆਣਾ ਵਿਚ ਵਿਰੋਧੀ ਧਿਰ ਦੇ ਆਗੂ ਅਭੈ ਸਿੰਘ ਚੌਟਾਲਾ 10 ਜੁਲਾਈ ਤੋਂ ਪੰਜਾਬ ਦੇ ਵਾਹਨਾਂ ਦਾ ਹਰਿਆਣੇ ਵਿਚ ਦਾਖ਼ਲਾ ਰੋਕਣ ਦੀਆਂ ਧਮਕੀਆਂ ਦੇ ਰਹੇ ਹਨ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਜਿੰਨਾ ਚਿਰ ਪੰਜਾਬ ਸਰਕਾਰ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਸ਼ੁਰੂ ਨਹੀਂ ਕਰਦੀ, ਉਨਾ ਚਿਰ ਪੰਜਾਬ ਦੀਆਂ ਬੱਸਾਂ, ਮੰਤਰੀਆਂ ਅਤੇ ਅਫਸਰਾਂ ਦੇ ਸਰਕਾਰੀ ਵਾਹਨਾਂ ਸਮੇਤ ਰਾਜ ਦੇ ਰਜਿਸਟ੍ਰੇਸ਼ਨ ਨੰਬਰ ਵਾਲੇ ਕਿਸੇ ਵੀ ਵਾਹਨ ਨੂੰ ਹਰਿਆਣਾ ਵਿਚ ਵੜਨ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਅੰਬਾਲਾ ਵਿਚ ਕੌਮੀ ਸ਼ਾਹਰਾਹ ਨੰਬਰ ਇਕ ਨੂੰ ਜਾਮ ਕਰੇਗੀ ਜੋ ਪੰਜਾਬ ਤੋਂ ਹਰਿਆਣਾ ਵਿਚ ਦਾਖ਼ਲ ਹੋਣ ਦਾ ਮੁੱਖ ਰਸਤਾ ਹੈ।

ਪੰਜਾਬ ਦੀ ਸੱਤਾਧਾਰੀ ਪਾਰਟੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਆਗੂਆਂ ਨੇ ਇਸ ਧਮਕੀ ਨੂੰ ਮੰਦਭਾਗੀ ਅਤੇ ਖ਼ਤਰਨਾਕ ਕਰਾਰ ਦਿੱਤਾ ਹੈ। ਇਹ ਵੀ ਕਿਹਾ ਹੈ ਕਿ ਇਨੈਲੋ ਵੱਲੋਂ ਅਜਿਹਾ ਕਦਮ ਚੁੱਕਣ ਨਾਲ ਸ਼ਾਂਤੀ ਭੰਗ ਹੋਵੇਗੀ, ਭਾਈਚਾਰਕ ਸਬੰਧ ਵਿਗੜਨਗੇ ਅਤੇ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਕੁਝ ਕਾਂਗਰਸ ਆਗੂ ਇਹ ਵੀ ਕਹਿ ਰਹੇ ਹਨ ਕਿ ਇਨੈਲੋ ਅਤੇ ਅਕਾਲੀਆਂ ਦੇ ਨਜ਼ਦੀਕੀ ਸਿਆਸੀ ਸਬੰਧ ਹਨ, ਸੋ ਇਹ ਕਦਮ ਮਾਮੂਲੀ ਸਿਆਸੀ ਲਾਹਾ ਖੱਟਣ ਲਈ ਹੈ। ਦਿਲਚਸਪ ਗੱਲ ਇਹ ਹੈ ਕਿ ਕੌਮੀ ਪਾਰਟੀਆਂ ਤਾਂ ਅਜਿਹੇ ਟਕਰਾਅ ਤੋਂ ਟਾਲਾ ਵੱਟਦੀਆਂ ਹਨ, ਪਰ ਇਸ ਮਾਮਲੇ ਵਿਚ ਇਨੈਲੋ ਅਤੇ ਸ਼੍ਰੋਮਣੀ ਅਕਾਲੀ ਦਲ ਜਿਹੀਆਂ ਖੇਤਰੀ ਪਾਰਟੀਆਂ ਵੱਡੇ ਕੌਮੀ ਹਿੱਤਾਂ ਦੀ ਪ੍ਰਵਾਹ ਕੀਤੇ ਬਗੈਰ ਸੂਬਾਈ ਮਸਲਿਆਂ ਦਾ ਪੱਖ ਪੂਰਦੀਆਂ ਹਨ।

ਇਤਿਹਾਸ ਵਿਚ ਕਈ ਬਹੁਤ ਅਫ਼ਸੋਸਨਾਕ ਘਟਨਾਵਾਂ ਵਾਪਰੀਆਂ ਹਨ। ਇਸ ਲਈ ਅਜਿਹੇ ਕਦਮ ਲੋਕਾਂ ਦੇ ਮਨਾਂ ਨੂੰ ਪ੍ਰੇਸ਼ਾਨ ਕਰਦੇ ਹਨ। ਜਦੋਂ ਨਵੰਬਰ 1982 ਵਿਚ ਏਸ਼ੀਆਈ ਖੇਡਾਂ ਸਮੇਂ ਇਨ੍ਹਾਂ ਖੇਤਰੀ ਮੁੱਦਿਆਂ ਨੂੰ ਲੈ ਕੇ ਅਕਾਲੀਆਂ ਨੇ ਦਿੱਲੀ ਵਿਚ ਮੋਰਚਾ ਲਾ ਕੇ ਕੌਮਾਂਤਰੀ ਭਾਈਚਾਰੇ ਸਾਹਮਣੇ ਪ੍ਰਦਰਸ਼ਨ ਕਰਨ ਅਤੇ ਆਪਣਾ ਰੋਹ ਪ੍ਰਗਟਾਉਣ ਦੀ ਧਮਕੀ ਦਿੱਤੀ ਸੀ ਤਾਂ ਤਤਕਾਲੀ ਮੁੱਖ ਮੰਤਰੀ ਭਜਨ ਲਾਲ ਦੀ ਅਗਵਾਈ ਵਾਲੀ ਹਰਿਆਣਾ ਕਾਂਗਰਸ ਸਰਕਾਰ ਨੇ ਮੁੱਖ ਸ਼ਾਹਰਾਹਾਂ 'ਤੇ ਕਿਸੇ ਵੀ ਸਿੱਖ ਦੇ ਦਾਖ਼ਲੇ ਉਤੇ ਰੋਕ ਲਾ ਦਿੱਤੀ ਸੀ। ਉਸ ਨੇ ਸਰਕਾਰੀ ਡਿਊਟੀ ਲਈ ਹਰਿਆਣੇ ਵਿਚੋਂ ਲੰਘ ਰਹੇ ਅਫ਼ਸਰਾਂ ਅਤੇ ਫ਼ੌਜੀ ਅਫਸਰਾਂ ਨੂੰ ਵੀ ਨਹੀਂ ਸੀ ਬਖ਼ਸ਼ਿਆ। ਅਜਿਹਾ ਕਰਨ ਬਾਅਦ ਅਸੀਂ ਹਰਿਆਣੇ ਵਿਚ ਹੋਏ ਸਿੱਖਾਂ ਦੇ ਕਤਲਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਲੁੱਟ-ਖਸੁੱਟ ਬਾਰੇ ਵੀ ਜਾਣਦੇ ਹਾਂ। ਉਸ ਸਮੇਂ ਪੈਦਾ ਕੀਤੀ ਗਈ ਨਫ਼ਰਤ ਦੀ ਅੱਗ ਅਜੇ ਤਕ ਵੀ ਬੁਝੀ ਨਹੀਂ। ਫਰਵਰੀ 2016 ਵਿਚ ਜਾਟ ਅੰਦੋਲਨ ਦੌਰਾਨ ਰੋਹਤਕ ਅਤੇ ਹੋਰ ਥਾਵਾਂ ਉਤੇ ਪੰਜਾਬੀ ਖ਼ਾਸ ਨਿਸ਼ਾਨਾ ਬਣੇ। ਜਿਵੇਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਵੀਕਾਰ ਕੀਤਾ ਕਿ ਇਸ ਨੇ 1947 ਦੀ ਵੰਡ ਦੇ ਦੁੱਖਾਂ ਭਰੇ ਦਿਨਾਂ ਦੀ ਯਾਦ ਤਾਜ਼ਾ ਕਰਾ ਦਿੱਤੀ। ਜੇ ਸਾਡੀ ਸਿਆਸੀ ਜਮਾਤ ਪਾਣੀਆਂ ਅਤੇ ਖੇਤਰ ਸਬੰਧੀ ਵਿਵਾਦ ਸੁਲਝਾ ਨਹੀਂ ਸਕਦੀ ਤਾਂ ਘੱਟੋ-ਘੱਟ ਇਸ ਨੂੰ ਨਫ਼ਰਤ ਦੇ ਬੀਜ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਅਕਸਰ ਹਿੰਸਾ ਦਾ ਕਾਰਨ ਬਣਦੇ ਹਨ।

ਇਨੈਲੋ ਆਗੂ ਅਭੈ ਚੌਟਾਲਾ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸਭ ਤੋਂ ਕਮਜ਼ੋਰ ਸਿਆਸਤਦਾਨ ਅਤੇ ਨਾਕਾਮ ਪ੍ਰਸ਼ਾਸਕ ਦੱਸਿਆ ਹੈ। ਉਸ ਦੇ ਦੋਸ਼ ਹਨ: "ਇਥੋਂ ਤਕ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਫ਼ੈਸਲਾ ਵੀ ਹਰਿਆਣੇ ਦੇ ਪੱਖ ਵਿਚ ਸੀ, ਪਰ ਮੁੱਖ ਮੰਤਰੀ ਖੱਟਰ ਨਹਿਰ ਦੀ ਉਸਾਰੀ ਸ਼ੁਰੂ ਕਰਨ ਦਾ ਚਾਹਵਾਨ ਨਹੀਂ ਹੈ। ਉਹ ਇਸ ਮੁੱਦੇ ਉਤੇ ਪ੍ਰਧਾਨ ਮੰਤਰੀ ਨਾਲ ਕੀਤੀ ਗਈ ਗੱਲਬਾਤ ਬਾਰੇ ਵਿਰੋਧੀ ਧਿਰ ਨੂੰ ਸੂਚਿਤ ਕਰਨ ਲਈ ਵੀ ਤਿਆਰ ਨਹੀਂ ਹੈ।" ਖੱਟਰ ਅਨੁਸਾਰ, ਇਹ ਸੱਚ ਹੈ ਕਿ ਸੁਪਰੀਮ ਕੋਰਟ ਨੇ ਨਹਿਰ ਦੀ ਉਸਾਰੀ ਮੁਕੰਮਲ ਕਰਨ ਬਾਰੇ ਫਰਮਾਨ ਜਾਰੀ ਕੀਤਾ ਸੀ, ਪਰ ਇਹ ਬਹੁਤ ਸਮਾਂ ਪੁਰਾਣੀ ਗੱਲ ਹੈ ਅਤੇ ਇਸ ਬਾਰੇ ਆਖ਼ਰੀ ਫ਼ੈਸਲਾ ਅਜੇ ਹੋਣਾ ਹੈ। ਉਹ ਮਾਣ ਨਾਲ ਦੱਸਦੇ ਹਨ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਦੇ ਯਤਨਾਂ ਸਦਕਾ ਹੀ ਸੁਪਰੀਮ ਕੋਰਟ ਵਿਚ ਹਰਿਆਣਾ ਦਾ ਪੱਲੜਾ ਭਾਰੀ ਹੋਇਆ ਹੈ। ਖੱਟਰ ਮੁਤਾਬਕ, ਉਨ੍ਹਾਂ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਉਹ ਐਸ.ਵਾਈ.ਐਲ. ਨਹਿਰ ਦੀ ਛੇਤੀ ਉਸਾਰੀ ਯਕੀਨੀ ਬਣਾਉਣ ਤਾਂ ਜੋ ਹਰਿਆਣਾ ਨੂੰ ਰਾਵੀ ਅਤੇ ਬਿਆਸ ਦਰਿਆਵਾਂ ਤੋਂ ਪਾਣੀ ਦਾ ਕਾਨੂੰਨਨ ਬਣਦਾ ਹਿੱਸਾ ਮਿਲ ਸਕੇ।

ਲਿੰਕ ਨਹਿਰ ਦੀ ਉਸਾਰੀ 1976 ਤੋਂ ਅੱਧ-ਵਿਚਕਾਰ ਰੁਕੀ ਹੋਈ ਹੈ। ਪੰਜਾਬ ਅੰਦਰ ਨਹਿਰ ਦਾ ਮੁੱਖ ਹਿੱਸਾ 750 ਕਰੋੜ ਰੁਪਏ ਖ਼ਰਚ ਕੇ 1990 ਵਿਚ ਹੀ ਮੁਕੰਮਲ ਕਰ ਲਿਆ ਗਿਆ ਸੀ। ਜਦੋਂ ਨਹਿਰ ਉਸਾਰੀ ਕੰਮ ਛੱਡਿਆ, ਉਸ ਸਮੇਂ ਬਹੁਤ ਛੋਟੇ ਹਿੱਸੇ ਦਾ ਕੰਮ ਹੋਣਾ ਬਾਕੀ ਸੀ। ਨਹਿਰ ਦੀ ਉਸਾਰੀ ਦਾ ਵਿਰੋਧ ਕਰਦਿਆਂ ਖਾੜਕੂਆਂ ਨੇ ਚੰਡੀਗੜ੍ਹ ਤੋਂ 30 ਕਿਲੋਮੀਟਰ ਦੂਰ ਮਜਾਤ ਪਿੰਡ ਵਿਚ ਨਹਿਰ ਦੇ ਉਸਾਰੀ ਕਾਰਜ ਵਿਚ ਲੱਗੇ 22 ਮਜ਼ਦੂਰ ਮਾਰ ਦਿੱਤੇ। ਬਾਅਦ ਵਿਚ ਚੰਡੀਗੜ੍ਹ ਵਿਖੇ ਦੋ ਸੀਨੀਅਰ ਇੰਜਨੀਅਰਾਂ ਨੂੰ ਵੀ ਗੋਲੀ ਮਾਰ ਕੇ ਮਾਰ ਦਿੱਤੀ ਸੀ।

ਪਹਿਲਾਂ ਖੱਬੀਆਂ ਪਾਰਟੀਆਂ ਦੇ ਸਹਿਯੋਗ ਨਾਲ ਅਪਰੈਲ 1982 ਵਿਚ ਅਕਾਲੀਆਂ ਨੇ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਮੋਰਚਾ ਲਾਇਆ ਜਿਥੇ ਇੰਦਰਾ ਗਾਂਧੀ ਨੇ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖਿਆ ਸੀ। ਬਾਅਦ ਵਿਚ ਜਦੋਂ ਗਰਮ ਖ਼ਿਆਲੀਆਂ ਨੇ ਅੰਦੋਲਨ ਆਪਣੇ ਹੱਥਾਂ ਵਿਚ ਲੈਣ ਦੀ ਧਮਕੀ ਦਿੱਤੀ ਤਾਂ ਉਨ੍ਹਾਂ ਸੰਘਰਸ਼ ਅੰਮ੍ਰਿਤਸਰ ਵਿਖੇ ਤਬਦੀਲ ਕਰ ਲਿਆ। ਅਗਲੇ ਕੁਝ ਸਾਲਾਂ ਵਿਚ ਜਦੋਂ ਪੰਜਾਬ ਵਿਚ ਖ਼ੂਨੀ ਹਿੰਸਾ ਹੋਈ ਤਾਂ ਅੰਦੋਲਨ ਧਰਮ ਯੁੱਧ ਵਿਚ ਤਬਦੀਲ ਹੋ ਗਿਆ, ਇੱਕ ਕਿਸਮ ਦਾ ਧਾਰਮਿਕ-ਸਿਆਸੀ ਟਕਰਾਅ ਅਤੇ ਫਿਰ ਖ਼ਾਲਿਸਤਾਨ ਦੀ ਮੰਗ ਅਤੇ ਸਿੱਖਾਂ ਦੇ ਸਭ ਤੋਂ ਪਵਿਤਰ ਸਥਾਨ ਦਰਬਾਰ ਸਾਹਿਬ 'ਤੇ ਫ਼ੌਜ ਦਾ ਧਾਵਾ। ਸਾਕਾ ਨੀਲਾ ਤਾਰਾ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਦੀ ਹੱਤਿਆ ਅਤੇ ਦਿੱਲੀ, ਉਤਰ ਪ੍ਰਦੇਸ਼ ਤੇ ਹਰਿਆਣਾ ਵਿਚ ਸਿੱਖਾਂ ਦਾ ਕਤਲੇਆਮ ਹੋਇਆ। ਹਿੰਸਾ ਦੇ ਇਸ ਗੇੜ ਵਿਚ ਹਜ਼ਾਰਾਂ ਬੇਗੁਨਾਹਾਂ ਦੀ ਮੌਤ ਹੋਈ।

ਐਸ.ਵਾਈ.ਐਲ. ਨਹਿਰ ਹੁਣ ਕਈ ਥਾਵਾਂ ਤੋਂ ਇੱਟਾਂ ਉਖੜਨ ਕਾਰਨ ਖੰਡਰ ਬਣ ਗਈ ਹੈ। ਜ਼ਿਆਦਾਤਰ ਥਾਵਾਂ 'ਤੇ ਜੰਗਲੀ ਝਾੜੀਆਂ-ਬੂਟੀਆਂ ਉਗਣ ਨਾਲ ਨਹਿਰੀ ਤਲ ਬੰਦ ਹੋ ਗਿਆ ਹੈ। ਮੀਂਹ ਪੈਣ 'ਤੇ ਇਹ ਗੰਦੇ ਪਾਣੀ ਦੇ ਚੈਨਲ ਵਿਚ ਤਬਦੀਲ ਹੋ ਜਾਂਦੀ ਹੈ। ਕੁਝ ਮਹੀਨੇ ਪਹਿਲਾਂ, ਪਿਛਲੀ ਅਕਾਲੀ ਭਾਜਪਾ ਗੱਠਜੋੜ ਸਰਕਾਰ ਨੇ ਵਿਧਾਨ ਸਭਾ ਵਿਚ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਉਲਟ ਜ਼ਮੀਨ ਦੇ ਅਸਲੀ ਮਾਲਕਾਂ ਨੂੰ ਜ਼ਮੀਨਾਂ ਵਾਪਸ ਕਰਨ ਦਾ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਕਈ ਥਾਵਾਂ 'ਤੇ ਜਿਹੜੇ ਕਿਸਾਨਾਂ ਨੂੰ ਮੁਫ਼ਤ ਜ਼ਮੀਨ ਮਿਲ ਗਈ, ਉਨ੍ਹਾਂ ਨੇ ਜ਼ਮੀਨ ਵਾਹ ਲਈ। ਉਨ੍ਹਾਂ ਦੀ ਹੁਣ ਕਿਸਮਤ ਉਥੇ ਅਟਕੀ ਹੋਈ ਹੈ।

ਪੰਜਾਬ ਦੀ ਜ਼ੋਰਦਾਰ ਦਲੀਲ ਹੈ ਕਿ ਇਹ ਰਿਪੇਰੀਅਨ ਰਾਜ ਹੈ ਅਤੇ ਇਸ ਦੇ ਖੇਤਰ ਵਿਚ ਵਹਿਣ ਵਾਲੀਆਂ ਨਦੀਆਂ 'ਤੇ ਇਸ ਦਾ ਮੁੱਢਲਾ ਅਧਿਕਾਰ ਹੈ। ਇਹ ਸਿਧਾਂਤ ਸਮੁੱਚੇ ਵਿਸ਼ਵ ਵਿਚ ਸਵੀਕਾਰ ਕੀਤਾ ਗਿਆ ਹੈ। ਭਾਖੜਾ ਬਿਆਸ ਮੈਨੇਜਮੈਂਟ ਦੇ ਪਾਣੀ ਦੇ ਵਹਾਅ ਸਬੰਧੀ ਅੰਕੜਿਆਂ ਦੇ ਆਧਾਰ ਉਤੇ ਇਸ ਤਰਕ 'ਤੇ ਜ਼ੋਰ ਦਿੱਤਾ ਗਿਆ ਹੈ ਕਿ 1981-2013 ਦੀ ਲੜੀ ਵਿਚ ਇਨ੍ਹਾਂ ਨਦੀਆਂ ਤੋਂ ਕੁੱਲ ਪ੍ਰਾਪਤ ਪਾਣੀ 14.37 ਐਮ.ਏ.ਐਫ. ਤੋਂ 1981-2002 ਦੀ ਲੜੀ ਦੌਰਾਨ 13.38 ਮਿਲੀਅਨ ਏਕੜ ਫੁੱਟ ਹੇਠ ਆ ਗਿਆ ਸੀ ਅਤੇ 1921-1960 ਦੀ ਲੜੀ ਮੁਤਾਬਿਕ ਇਹ 17.87 ਐਮ.ਏ.ਐਫ. ਸੀ। ਇਸ ਲਈ ਵਾਧੂ ਪਾਣੀ ਕਿਥੇ ਹੈ? ਪਹਿਲਾਂ ਹੀ ਗੈਰ ਰਿਪੇਰੀਅਨ ਰਾਜ ਰਾਜਸਥਾਨ ਇਨ੍ਹਾਂ ਨਦੀਆਂ ਤੋਂ ਪੰਜਾਹ ਫ਼ੀਸਦੀ ਤੋਂ ਜ਼ਿਆਦਾ ਪਾਣੀ ਲੈ ਰਿਹਾ ਹੈ। ਹਰਿਆਣਾ ਨੂੰ ਵੀ ਆਪਣੇ ਖੇਤਰ ਤੋਂ ਵਹਿਣ ਵਾਲੀ ਯਮੁਨਾ ਤੋਂ ਜ਼ਿਆਦਾ ਪਾਣੀ 'ਤੇ ਦਾਅਵਾ ਕਰਨਾ ਚਾਹੀਦਾ ਹੈ। ਪੰਜਾਬ ਨੇ ਸੁਪਰੀਮ ਕੋਰਟ ਵਿਚ ਤਿਖੀ ਬਿਆਨਬਾਜ਼ੀ ਕੀਤੀ ਅਤੇ ਸੁਝਾਅ ਦਿੱਤਾ ਕਿ ਨਿਆਂਇਕ ਟ੍ਰਿਬਿਊਨਲ ਵਿਚ ਪਹਿਲਾਂ ਝਗੜੇ ਨੂੰ ਹੱਲ ਕਰ ਲਿਆ ਜਾਵੇ, ਬਾਅਦ ਵਿਚ ਹੀ ਐਸ.ਵਾਈ.ਐਲ. ਨਹਿਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਾਰੇ ਤਰਕਾਂ ਨੂੰ ਰੱਦ ਕਰਦੇ ਹੋਏ ਨਹਿਰ ਨੂੰ ਮੁਕੰਮਲ ਕਰਨ 'ਤੇ ਜ਼ੋਰ ਦਿੱਤਾ ਹੈ।

ਹੁਣ ਜੇ ਪੰਜਾਬ ਦੇ ਵਾਹਨਾਂ ਨੂੰ ਹਰਿਆਣਾ ਵਿਚ ਪ੍ਰਵੇਸ਼ ਕਰਨ ਤੋਂ ਰੋਕਿਆ ਗਿਆ ਤਾਂ ਹਰਿਆਣਾ ਦੇ ਵਾਹਨਾਂ ਨੂੰ ਪੰਜਾਬ ਵਿਚ ਕੌਣ ਆਉਣ ਦੇਵੇਗਾ? ਇਕ ਉਮੀਦ ਦੀ ਕਿਰਨ ਵੀ ਦਿਖਾਈ ਦੇ ਰਹੀ ਹੈ। ਕੇਂਦਰ ਸਰਕਾਰ ਸਰਗਰਮੀ ਨਾਲ ਸਥਾਈ ਨਿਆਂਇਕ ਕਮਿਸ਼ਨ ਬਣਾਉਣ ਉਪਰ ਵਿਚਾਰ ਕਰ ਰਹੀ ਹੈ ਜਿਹੜਾ ਦੇਸ਼ ਦੀਆਂ ਨਦੀਆਂ ਦੇ ਪਾਣੀਆਂ ਨੂੰ ਲੈ ਕੇ ਹੋ ਰਹੇ ਝਗੜਿਆਂ ਦੇ ਫ਼ੈਸਲੇ ਕਰੇਗਾ। ਜਲ ਵਿਵਾਦ ਨਿਪਟਾਰੇ ਲਈ ਉਸ ਕਮਿਸ਼ਨ ਨੂੰ ਭੇਜੇ ਜਾ ਸਕਣਗੇ। ਪੰਜਾਬ ਇਸ ਕਮਿਸ਼ਨ ਦਾ ਸਵਾਗਤ ਕਰੇਗਾ ਜਦੋਂ ਕਿ ਹਰਿਆਣਾ ਦੀ ਕੁਝ ਰੌਲਾ ਪਾਉਣ ਤੋਂ ਬਾਅਦ ਲੀਕ 'ਤੇ ਆਉਣ ਦੀ ਸੰਭਾਵਨਾ ਹੈ।

***ਉਮੀਦ ਦੀ ਕਿਰਨ ਦਿਖਾਈ ਦੇ ਰਹੀ ਹੈ। ਕੇਂਦਰ ਸਰਕਾਰ ਸਰਗਰਮੀ ਨਾਲ ਸਥਾਈ ਨਿਆਂਇਕ ਕਮਿਸ਼ਨ ਬਣਾਉਣ ਉਪਰ ਵਿਚਾਰ ਕਰ ਰਹੀ ਹੈ ਜਿਹੜਾ ਦੇਸ਼ ਦੀਆਂ ਨਦੀਆਂ ਦੇ ਪਾਣੀਆਂ ਨੂੰ ਲੈ ਕੇ ਹੋ ਰਹੇ ਝਗੜਿਆਂ ਦੇ ਫ਼ੈਸਲੇ ਕਰੇਗਾ। ਜਲ ਵਿਵਾਦ ਨਿਪਟਾਰੇ ਲਈ ਉਸ ਕਮਿਸ਼ਨ ਨੂੰ ਭੇਜੇ ਜਾ ਸਕਣਗੇ। ਪੰਜਾਬ ਇਸ ਕਮਿਸ਼ਨ ਦਾ ਸਵਾਗਤ ਕਰੇਗਾ ਜਦੋਂ ਕਿ ਹਰਿਆਣਾ ਦੀ ਕੁਝ ਰੌਲਾ ਪਾਉਣ ਤੋਂ ਬਾਅਦ ਲੀਕ 'ਤੇ ਆਉਣ ਦੀ ਸੰਭਾਵਨਾ ਹੈ।***

# ਛੱਤੀਸਗੜ੍ਹ ਵਿਚ ਲੱਗਿਆ ਹਾਅ ਦਾ ਨਾਅਰਾ

ਮਾਓਵਾਦੀਆਂ ਦੇ ਜ਼ੋਰ ਵਾਲੇ ਇਲਾਕਿਆਂ, ਖ਼ਾਸ ਕਰ ਕੇ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ 2005 ਤੋਂ ਹੀ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਮਿਲ ਕੇ ਜੋ ਕਤਲੇਆਮ ਕਰਵਾਇਆ ਜਾ ਰਿਹਾ ਹੈ (ਖ਼ਾਸ ਕਰ ਕੇ 2009 ਵਿਚ ਓਪਰੇਸ਼ਨ ਗਰੀਨ ਹੰਟ ਸ਼ੁਰੂ ਕਰਨ ਤੋਂ ਬਾਅਦ) ਉਸ ਬਾਰੇ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਪੱਤਰਕਾਰਾਂ, ਵਕੀਲਾਂ ਅਤੇ ਜਮਹੂਰੀ ਅਧਿਕਾਰ ਕਾਰਕੁਨਾਂ ਨੂੰ

**ਬੂਟਾ ਸਿੰਘ**
ਫੋਨ: +91-94634-74342

ਮੁਲਕ ਦੇ ਹੁਕਮਰਾਨ 'ਸਫ਼ੇਦਪੋਸ਼ ਨਕਸਲੀ', ਮਾਓਵਾਦੀ ਪਾਰਟੀ ਦਾ 'ਖੁੱਲ੍ਹਾ ਫਰੰਟ' ਆਦਿ ਕਰਾਰ ਦੇ ਕੇ ਦਬਾਉਂਦੇ ਰਹੇ ਹਨ। ਸਤੰਬਰ 2013 ਵਿਚ ਮਨਮੋਹਨ ਸਰਕਾਰ ਦੇ ਗ੍ਰਹਿ ਮੰਤਰਾਲੇ ਵਲੋਂ ਸੁਪਰੀਮ ਕੋਰਟ ਵਿਚ ਜੋ ਹਲਫ਼ਨਾਮਾ ਦਿੱਤਾ ਗਿਆ ਸੀ, ਉਸ ਵਿਚ ਮਨੁੱਖੀ/ਜਮਹੂਰੀ ਹੱਕਾਂ ਦੀਆਂ ਸਮੇਤ 128 ਜਮਹੂਰੀ ਜਥੇਬੰਦੀਆਂ ਨੂੰ 'ਜੰਗਲਾਂ ਵਿਚਲੇ ਹਥਿਆਰਬੰਦ ਗੁਰੀਲਿਆਂ ਤੋਂ ਵੀ ਖ਼ਤਰਨਾਕ ਓਵਰ-ਗਰਾਊਂਡ ਨਕਸਲੀ' ਦੱਸਿਆ ਗਿਆ ਸੀ ਜੋ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡੇ ਖ਼ਤਰੇ ਨੂੰ ਸ਼ਹਿਰਾਂ ਵਿਚ ਫੈਲਾਉਣ ਲਈ ਕੰਮ ਕਰਦੇ ਹਨ'। ਸੀਮਤ ਜਮਹੂਰੀ ਸਪੇਸ ਦਾ ਗਲਾ ਘੁੱਟਣ ਲਈ ਸੰਘ ਬ੍ਰਿਗੇਡ ਦੀ ਸਰਕਾਰ ਦੀ ਸੁਰ ਤਾਂ ਯੂ.ਪੀ.ਏ. ਸਰਕਾਰ ਨਾਲੋਂ ਵੀ ਤਿੱਖੀ ਹੈ। ਸਰਕਾਰ ਦੇ ਇਸ਼ਾਰੇ 'ਤੇ ਸੈਸ਼ਨ ਅਦਾਲਤ ਵਲੋਂ 'ਇਕ ਸਫੇਦਪੋਸ਼ ਨਕਸਲੀ' ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਪੰਜ ਹੋਰ ਕਾਰਕੁਨਾਂ ਸਮੇਤ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ। ਤੇਲੰਗਾਨਾ ਦੀ ਸੀਨੀਅਰ ਵਕੀਲਾਂ, ਪੱਤਰਕਾਰਾਂ ਅਤੇ ਕਾਰਕੁਨਾਂ 'ਤੇ ਅਧਾਰਤ ਸੱਤ ਮੈਂਬਰੀ ਤੱਥ ਖੋਜ ਟੀਮ ਇਸੇ ਕਾਨੂੰਨ ਤਹਿਤ ਪੰਜ ਮਹੀਨੇ ਤੋਂ ਜੇਲ੍ਹ ਬੰਦ ਕੀਤੀ ਹੋਈ ਹੈ, ਪਰ ਇਤਿਹਾਸ ਗਵਾਹ ਹੈ ਕਿ ਵਕਤ ਦੇ ਹੁਕਮਰਾਨਾਂ ਦੇ ਜ਼ੁਲਮ ਸੱਚ ਨੂੰ ਲੁਕੋ ਨਹੀਂ ਸਕਦੇ, ਇਹ ਸੌ ਪਰਦੇ ਪਾੜ ਕੇ ਬਾਹਰ ਆ ਹੀ ਜਾਂਦਾ ਹੈ। ਹੁਣ ਸੱਤਾ ਦੇ ਗਲਿਆਰਿਆਂ ਵਿਚੋਂ ਉਠੀ ਜਾਗਦੀ ਜ਼ਮੀਰ ਵਾਲੀ ਇਕ ਆਵਾਜ਼ ਵੀ ਸੱਤਾ ਲਈ ਇਸ 'ਸਫ਼ੇਦਪੋਸ਼ ਨਕਸਲੀ' ਚੁਣੌਤੀ ਵਿਚ ਸ਼ਾਮਲ ਹੋ ਗਈ ਹੈ। ਹਾਲ ਹੀ ਵਿਚ ਕੇਂਦਰੀ ਜੇਲ੍ਹ ਰਾਏਪੁਰ ਦੀ ਡਿਪਟੀ ਸੁਪਰਡੈਂਟ ਵਰਸ਼ਾ ਡੋਂਗਰੇ ਨੇ ਆਪਣੀ ਫੇਸਬੁਕ ਵਾਲ ਉਪਰ ਵਿਸਤਾਰਤ ਪੋਸਟ ਪਾ ਕੇ ਛੱਤੀਸਗੜ੍ਹ ਵਿਚ ਸਰਕਾਰ ਵਲੋਂ ਢਾਹੇ ਜਾ ਰਹੇ ਜ਼ੁਲਮਾਂ ਦਾ ਭਾਂਡਾ ਚੁਰਾਹੇ ਵਿਚ ਭੰਨਿਆ ਹੈ। ਉਸ ਦੀ ਪੋਸਟ ਵਿਚ ਹਿੰਦੁਸਤਾਨੀ 'ਗੰਨਤੰਤਰ' ਦੀਆਂ ਮਨਮਾਨੀਆਂ ਦੇ ਉਹ ਸਾਰੇ ਸਵਾਲ ਦੁਹਰਾਏ ਗਏ ਹਨ ਜੋ ਗਾਂਧੀਵਾਦੀ ਹਿਮਾਂਸ਼ੂ ਕੁਮਾਰ, ਆਦਿਵਾਸੀ ਕਾਰਕੁਨ ਸੋਨੀ ਸੋਰੀ ਤੋਂ ਲੈ ਕੇ ਮਨੁੱਖੀ/ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਹੋਰ ਇਨਸਾਫ਼ਪਸੰਦ ਤਾਕਤਾਂ ਡੇਢ ਦਹਾਕੇ ਤੋਂ ਲਗਾਤਾਰ ਉਠਾਉਂਦੀਆਂ ਰਹੀਆਂ ਹਨ। ਉਸ ਦੀ ਪੋਸਟ ਮੁਲਕ ਦੇ ਨਾਗਰਿਕਾਂ ਨੂੰ ਸੱਤਾ ਦੀਆਂ ਮਨਮਾਨੀਆਂ ਬਾਰੇ ਖ਼ਬਰਦਾਰ ਕਰਨ ਵਾਲੀਆਂ ਜਮਹੂਰੀ ਤਾਕਤਾਂ ਦੀਆਂ ਜਾਂਚ ਰਿਪੋਰਟਾਂ ਅਤੇ ਉਨ੍ਹਾਂ ਦੇ ਬਿਆਨਾਂ ਦੀ ਪ੍ਰਮਾਣਿਕਤਾ ਉਪਰ ਮੋਹਰ ਲਾਉਂਦੀ ਹੈ। ਜਦੋਂ ਹੁਕਮਰਾਨਾਂ ਨੇ ਸਚਾਈ ਤੋਂ ਸਾਫ਼ ਮੁਕਰ ਜਾਣ ਦਾ ਮੱਕਾਰ ਪੈਂਤੜਾ ਅਖ਼ਤਿਆਰ ਕੀਤਾ ਹੋਇਆ ਹੈ, ਇਸ ਦੀ ਤਾਜ਼ਾ ਮਿਸਾਲ ਯੂਨਾਈਟਿਡ ਨੇਸ਼ਨਜ਼ ਹਿਊਮੈਨ ਰਾਈਟਸ ਕੌਂਸਲ ਦੇ ਯੂਨੀਵਰਸਲ ਪੀਰੀਔਡਿਕ ਰੀਵਿਊ ਵਰਕਿੰਗ ਗਰੁੱਪ ਦੇ 27ਵੇਂ ਸੈਸ਼ਨ ਵਿਖੇ ਹਿੰਦੁਸਤਾਨ ਦੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਵਲੋਂ 4 ਮਈ ਨੂੰ ਪੇਸ਼ ਕੀਤੀ ਰਿਪੋਰਟ ਹੈ ਜਿਸ ਵਿਚ ਹਕੀਕਤ ਤੋਂ ਉਲਟ ਹਾਸੋਹੀਣੇ ਦਾਅਵੇ ਕੀਤੇ ਗਏ, ਤਾਂ ਵਰਸ਼ਾ ਡੋਂਗਰੇ ਵਲੋਂ ਕੀਤੇ ਖ਼ੁਲਾਸੇ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ।

ਇਸ ਪੋਸਟ ਬਦਲੇ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਮੁੱਦਾ ਇਹ ਬਣਾਇਆ ਗਿਆ ਹੈ ਕਿ ਉਸ ਨੇ ਸਰਕਾਰੀ ਅਫਸਰਾਂ ਵਲੋਂ ਮੀਡੀਆ ਵਿਚ ਬਿਆਨ ਦੇਣ ਬਾਰੇ ਸਰਕਾਰੀ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਬੁਰੀ ਤਰ੍ਹਾਂ ਫਸੀ ਸੂਬਾ ਸਰਕਾਰ ਹੁਣ ਘਟੀਆ ਇਲਜ਼ਾਮਬਾਜ਼ੀ 'ਤੇ ਉਤਰ ਆਈ ਹੈ। ਸੂਬੇ ਦੇ ਗ੍ਰਹਿ ਮੰਤਰੀ ਪੈਕਰਾ ਅਨੁਸਾਰ ਡੋਂਗਰੇ ਦੇ ਬਿਆਨ ਸ਼ੱਕੀ ਹਨ, ਉਸ ਦੇ ਮਾਓਵਾਦੀ ਵਿਚਾਰਧਾਰਾ ਨਾਲ ਸਬੰਧਤ ਹੋਣ ਦੀ ਵੀ ਜਾਂਚ ਕਰਵਾਈ ਜਾ ਰਹੀ ਹੈ। ਜੇ ਆਉਣ ਵਾਲੇ ਦਿਨਾਂ ਵਿਚ ਉਸ ਉਪਰ ਫਰਜ਼ੀ ਕੇਸ ਪਾ ਦਿੱਤੇ ਜਾਂਦੇ ਹਨ ਤਾਂ ਇਹ ਹੈਰਤਅੰਗੇਜ਼ ਨਹੀਂ ਹੋਵੇਗਾ। ਸਰਕਾਰ ਨੇ ਸੱਤਾ ਦੀ ਤਾਕਤ ਦੇ ਦਬਾਓ ਹੇਠ ਭਾਵੇਂ ਉਸ ਕੋਲੋਂ ਇਹ ਪੋਸਟ ਡਿਲੀਟ ਕਰਵਾ ਦਿੱਤੀ ਹੈ, ਪਰ ਉਸ ਦੀ ਬੇਬਾਕ ਟਿੱਪਣੀ ਪਹਿਲਾਂ ਹੀ ਸੋਸ਼ਲ ਮੀਡੀਆ ਜ਼ਰੀਏ ਵਿਆਪਕ ਪੱਧਰ ਤਕ ਪਹੁੰਚ ਗਈ ਹੈ। ਮੀਡੀਆ ਦੇ ਇਕ ਹਿੱਸੇ ਨੇ ਇਸ ਨੂੰ ਛਾਪਿਆ ਵੀ ਹੈ। ਇਸ ਨੇ ਇਕ ਵਾਰ ਤਾਂ ਹਾਕਮ ਜਮਾਤੀ ਕੋੜਮੇ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ; ਹੁਣ ਪੜਤਾਲਾਂ, ਜਾਂਚ ਕਮੇਟੀਆਂ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਸੰਭਵ ਹੈ, ਜਿਵੇਂ ਗੁਜਰਾਤ ਦੇ ਰਾਹੁਲ ਸ਼ਰਮਾ ਵਰਗੇ ਇਮਾਨਦਾਰ ਜੇਲ੍ਹ ਅਫਸਰਾਂ ਵਲੋਂ ਮੋਦੀ-ਅਮਿਤ ਸ਼ਾਹ ਜੋੜੀ ਦੀ ਗੁਜਰਾਤ ਕਤਲੇਆਮ ਵਿਚ ਭੂਮਿਕਾ ਬਾਰੇ ਪੇਸ਼ ਕੀਤੇ ਤੱਥਾਂ ਨੂੰ ਦਬਾ ਦਿੱਤਾ ਗਿਆ ਸੀ, ਉਸੇ ਤਰ੍ਹਾਂ ਵਰਸ਼ਾ ਡੋਂਗਰੇ ਨਾਲ ਵੀ ਵਾਪਰੇ।

2006 ਵਿਚ ਵਰਸ਼ਾ ਡੋਂਗਰੇ ਨੇ ਛੱਤੀਸਗੜ੍ਹ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ



***ਸਾਡੇ ਦੇਸ਼ ਦਾ ਸੰਵਿਧਾਨ ਅਤੇ ਕਾਨੂੰਨ ਇਹ ਕਤਈ ਅਧਿਕਾਰ ਨਹੀਂ ਦਿੰਦਾ ਕਿ ਕਿਸੇ ਉਪਰ ਜ਼ੁਲਮ ਕੀਤੇ ਜਾਣ, ਇਸ ਲਈ ਸਾਰਿਆਂ ਨੂੰ ਜਾਗਣਾ ਹੋਵੇਗਾ। ਸੂਬੇ ਵਿਚ ਪੰਜਵੀਂ ਅਨੁਸੂਚੀ ਲਾਗੂ ਹੋਣੀ ਚਾਹੀਦੀ ਹੈ। ਆਦਿਵਾਸੀਆਂ ਦਾ ਵਿਕਾਸ ਆਦਿਵਾਸੀਆਂ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ।***

ਪਬਲਿਕ ਸਰਵਿਸ ਕਮਿਸ਼ਨ ਵਲੋਂ ਲਏ ਭਰਤੀ ਦੇ ਇਮਤਿਹਾਨ ਵਿਚ ਬੇਨਿਯਮੀਆਂ ਦਾ ਮਾਮਲਾ ਉਠਾਇਆ ਸੀ। ਉਸ ਨੇ ਕੇਸ ਲੜਿਆ ਅਤੇ ਕੇਸ ਜਿੱਤ ਕੇ ਹੀ ਉਹ ਡਿਪਟੀ ਜੇਲ੍ਹ ਸੁਪਰਡੈਂਟ ਬਣੀ ਸੀ। ਹੁਣ ਉਸ ਨੇ ਰਾਜਕੀ ਦਹਿਸ਼ਤਵਾਦ ਉਪਰ ਸਵਾਲ ਉਠਾਏ ਹਨ। ਜਿਸ ਤਰ੍ਹਾਂ ਦਾ ਕਾਲਾ ਦੌਰ ਇਸ ਵਕਤ ਮੁਲਕ ਵਿਚ ਦਨਦਨਾ ਰਿਹਾ ਹੈ, ਉਸ ਅੰਦਰ ਸਵਾਲਾਂ ਦੀ ਸ਼ਕਲ ਵਿਚ ਸੱਤਾ ਦੇ ਗਲਿਆਰਿਆਂ ਦੇ ਅੰਦਰੋਂ ਮਾਰੇ ਜਾਣ ਵਾਲੇ 'ਹਾਅ ਦੇ ਨਾਅਰੇ' ਦੀ ਵੀ ਆਪਣੀ ਹੀ ਅਹਿਮੀਅਤ ਹੁੰਦੀ ਹੈ। ਇਸ ਦੇ ਮੱਦੇਨਜ਼ਰ ਵਰਸ਼ਾ ਡੋਂਗਰੇ ਦੀ ਹਿੰਦੀ ਪੋਸਟ ਦਾ ਪੰਜਾਬੀ ਤਰਜਮਾ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ:

"ਮੈਨੂੰ ਲਗਦਾ ਹੈ ਕਿ ਇਕ ਵਾਰ ਸਾਨੂੰ ਸਾਰਿਆਂ ਨੂੰ ਆਪਣੇ ਗਿਰੇਵਾਨ ਵਿਚ ਝਾਕਣਾ ਚਾਹੀਦਾ ਹੈ, ਸਚਾਈ ਖ਼ੁਦ-ਬ-ਖ਼ੁਦ ਸਾਹਮਣੇ ਆ ਜਾਵੇਗੀ। ਘਟਨਾ ਵਿਚ ਦੋਨੋਂ ਤਰਫ਼ ਮਰਨ ਵਾਲੇ ਆਪਣੇ ਦੇਸ਼ ਵਾਸੀ ਹਨ, ਭਾਰਤੀ ਹਨ, ਇਸ ਲਈ ਕੋਈ ਵੀ ਮਰੇ, ਦੁੱਖ ਸਾਨੂੰ ਸਾਰਿਆਂ ਨੂੰ ਹੁੰਦਾ ਹੈ। ਲੇਕਿਨ ਸਰਮਾਏਦਾਰੀ ਪ੍ਰਬੰਧ ਨੂੰ ਆਦਿਵਾਸੀ ਖੇਤਰਾਂ ਵਿਚ ਜ਼ਬਰਦਸਤੀ ਲਾਗੂ ਕਰਵਾਉਣਾ, ਉਨ੍ਹਾਂ ਨੂੰ ਜਲ-ਜੰਗਲ-ਜ਼ਮੀਨ ਤੋਂ ਬੇਦਖ਼ਲ ਕਰਨ ਲਈ ਪਿੰਡਾਂ ਦੇ ਪਿੰਡ ਸਾੜ ਦੇਣਾ, ਆਦਿਵਾਸੀ ਔਰਤਾਂ ਨਾਲ ਬਲਾਤਕਾਰ, ਆਦਿਵਾਸੀ ਔਰਤਾਂ ਨਕਸਲੀ ਹਨ ਜਾਂ ਨਹੀਂ, ਇਸ ਦਾ ਸਬੂਤ ਦੇਣ ਲਈ ਉਨ੍ਹਾਂ ਦੀਆਂ ਛਾਤੀਆਂ ਨਿਚੋੜ ਕੇ ਦੁੱਧ ਕੱਢ ਕੇ ਦੇਖਿਆ ਜਾਂਦਾ ਹੈ।

ਟਾਈਗਰ ਪ੍ਰੋਜੈਕਟ ਦੇ ਨਾਂ 'ਤੇ ਆਦਿਵਾਸੀਆਂ ਨੂੰ ਜਲ-ਜੰਗਲ-ਜ਼ਮੀਨ ਤੋਂ ਬੇਦਖ਼ਲ ਕਰਨ ਦੀ ਰਣਨੀਤੀ ਬਣਦੀ ਹੈ, ਜਦਕਿ ਸੰਵਿਧਾਨ ਅਨੁਸਾਰ 5ਵੀਂ ਅਨੁਸੂਚੀ ਵਿਚ ਸ਼ਾਮਲ ਹੋਣ ਦੇ ਕਾਰਨ ਸਰਕਾਰ ਨੂੰ ਕੋਈ ਹੱਕ ਨਹੀਂ, ਆਦਿਵਾਸੀਆਂ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਹੜੱਪਣ ਦਾ। ਆਖ਼ਿਰ ਇਹ ਸਭ ਕਿਉਂ ਹੋ ਰਿਹਾ ਹੈ? ਨਕਸਲਵਾਦ ਨੂੰ ਖ਼ਤਮ ਕਰਨ ਲਈ...? ਲਗਦਾ ਨਹੀਂ। ਸੱਚ ਤਾਂ ਇਹ ਹੈ ਕਿ ਸਾਰੇ ਕੁਦਰਤੀ ਖਣਿਜ ਵਸੀਲੇ ਇਨ੍ਹਾਂ ਜੰਗਲਾਂ ਵਿਚ ਹਨ ਜਿਨ੍ਹਾਂ ਨੂੰ ਕਾਰੋਬਾਰੀਆਂ ਅਤੇ ਸਰਮਾਏਦਾਰਾਂ ਦੇ ਲਈ ਖਾਲੀ ਕਰਾਇਆ ਜਾਣਾ ਹੈ।

ਆਦਿਵਾਸੀ ਜਲ, ਜੰਗਲ, ਜ਼ਮੀਨ ਖ਼ਾਲੀ ਨਹੀਂ ਕਰਨਗੇ, ਕਿਉਂਕਿ ਇਹ ਉਨ੍ਹਾਂ ਦੀ ਮਾਂ-ਭੂਮੀ ਹੈ। ਉਹ ਨਕਸਲਵਾਦ ਦਾ ਅੰਤ ਦਾ ਚਾਹੁੰਦੇ ਹਨ, ਲੇਕਿਨ ਜਿਸ ਤਰ੍ਹਾਂ ਨਾਲ ਦੇਸ਼ ਦੇ ਰਖਵਾਲੇ ਹੀ ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਲਾਹ ਰਹੇ ਹਨ, ਉਨ੍ਹਾਂ ਦੇ ਘਰ ਸਾੜ ਰਹੇ ਹਨ, ਉਨ੍ਹਾਂ ਨੂੰ ਫਰਜ਼ੀ ਮਾਮਲਿਆਂ ਵਿਚ ਚਾਰਦੀਵਾਰੀ ਵਿਚ ਸੜਨ ਲਈ ਭੇਜਿਆ ਜਾ ਰਿਹਾ ਹੈ, ਤਾਂ ਆਖ਼ਿਰ ਉਹ ਨਿਆਂ ਹਾਸਲ ਕਰਨ ਲਈ ਕਿਥੇ ਜਾਣ?

ਇਹ ਸਭ ਮੈਂ ਨਹੀਂ ਕਹਿ ਰਹੀ, ਸੀ.ਬੀ.ਆਈ. ਰਿਪੋਰਟ ਕਹਿੰਦੀ ਹੈ, ਸੁਪਰੀਮ ਕੋਰਟ ਕਹਿੰਦੀ ਹੈ, ਜ਼ਮੀਨੀ ਹਕੀਕਤ ਕਹਿੰਦੀ ਹੈ। ਜੋ ਵੀ ਆਦਿਵਾਸੀਆਂ ਦੀ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਚਾਹੇ ਉਹ ਮਨੁੱਖੀ ਅਧਿਕਾਰ ਕਾਰਕੁਨ ਹੋਣ, ਤੇ ਚਾਹੇ ਪੱਤਰਕਾਰ, ਉਨ੍ਹਾਂ ਨੂੰ ਫਰਜ਼ੀ ਨਕਸਲੀ ਕੇਸਾਂ ਵਿਚ ਜੇਲ੍ਹ ਵਿਚ ਤੁੰਨ ਦਿੱਤਾ ਜਾਂਦਾ ਹੈ।

ਜੇ ਆਦਿਵਾਸੀ ਖੇਤਰਾਂ ਵਿਚ ਸਭ ਕੁਝ ਠੀਕ ਹੋ ਰਿਹਾ ਹੈ, ਤਾਂ ਸਰਾਕਰ ਇੰਨਾ ਡਰਦੀ ਕਿਉਂ ਹੈ? ਐਸਾ ਕੀ ਕਾਰਨ ਹੈ ਕਿ ਉਥੇ ਕਿਸੇ ਨੂੰ ਵੀ ਸਚਾਈ ਜਾਨਣ ਲਈ ਜਾਣ ਨਹੀਂ ਦਿੱਤਾ ਜਾਂਦਾ?

ਮੈਂ ਖ਼ੁਦ ਬਸਤਰ ਵਿਚ 14 ਤੋਂ 16 ਸਾਲ ਦੀਆਂ ਮੂੜੀਆ ਆਦਿਵਾਸੀ ਬੱਚੀਆਂ ਨੂੰ ਦੇਖਿਆ ਸੀ ਜਿਨ੍ਹਾਂ ਨੂੰ ਥਾਣੇ ਵਿਚ ਔਰਤ ਪੁਲਿਸ ਨੂੰ ਬਾਹਰ ਕੱਢ ਕੇ ਪੂਰੀ ਤਰ੍ਹਾਂ ਨੰਗੀਆਂ ਕਰ ਕੇ ਤਸੀਹੇ ਦਿੱਤੇ ਗਏ ਸਨ, ਉਨ੍ਹਾਂ ਦੇ ਦੋਨਾਂ ਹੱਥਾਂ ਦੀਆਂ ਕਲਾਈਆਂ ਅਤੇ ਛਾਤੀਆਂ ਉਪਰ ਕਰੰਟ ਲਗਾਇਆ ਗਿਆ ਸੀ, ਜਿਸ ਦੇ ਨਿਸ਼ਾਨ ਮੈਂ ਖ਼ੁਦ ਦੇਖੇ। ਮੈਂ ਧੁਰ ਅੰਦਰ ਤਕ ਕੰਬ ਉਠੀ ਸੀ ਕਿ ਇਨ੍ਹਾਂ ਨਿੱਕੀਆਂ-ਨਿੱਕੀਆਂ ਆਦਿਵਾਸੀ ਬੱਚੀਆਂ ਉਪਰ ਥਰਡ ਡਿਗਰੀ ਟਾਰਚਰ ਕਾਹਦੀ ਖ਼ਾਤਰ? ਮੈਂ ਡਾਕਟਰ ਨੂੰ ਸਹੀ ਇਲਾਜ ਅਤੇ ਜ਼ਰੂਰੀ ਕਾਰਵਾਈ ਕਰਨ ਲਈ ਕਿਹਾ।

ਸਾਡੇ ਦੇਸ਼ ਦਾ ਸੰਵਿਧਾਨ ਅਤੇ ਕਾਨੂੰਨ ਇਹ ਕਤਈ ਅਧਿਕਾਰ ਨਹੀਂ ਦਿੰਦਾ ਕਿ ਕਿਸੇ ਉਪਰ ਜ਼ੁਲਮ ਕੀਤੇ ਜਾਣ, ਇਸ ਲਈ ਸਾਰਿਆਂ ਨੂੰ ਜਾਗਣਾ ਹੋਵੇਗਾ। ਸੂਬੇ ਵਿਚ ਪੰਜਵੀਂ ਅਨੁਸੂਚੀ ਲਾਗੂ ਹੋਣੀ ਚਾਹੀਦੀ ਹੈ। ਆਦਿਵਾਸੀਆਂ ਦਾ ਵਿਕਾਸ ਆਦਿਵਾਸੀਆਂ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ। ਉਨ੍ਹਾਂ ਉਪਰ ਜ਼ਬਰਦਸਤੀ ਵਿਕਾਸ ਨਾ ਥੋਪਿਆ ਜਾਵੇ। ਆਦਿਵਾਸੀ ਕੁਦਰਤ ਦੇ ਰਖਵਾਲੇ ਹਨ, ਸਾਨੂੰ ਵੀ ਕੁਦਰਤ ਦੇ ਰਖਵਾਲੇ ਬਣਨਾ ਚਾਹੀਦਾ ਹੈ, ਨਾ ਕਿ ਇਸ ਦੇ ਹਤਿਆਰੇ! ਸਰਮਾਏਦਾਰਾਂ ਦੇ ਦਲਾਲਾਂ ਦੀ ਦੋਗਲੀ ਨੀਤੀ ਨੂੰ ਸਮਝੀਏ। ਕਿਸਾਨ ਜਵਾਨ ਸਾਰੇ ਭਾਈ-ਭਾਈ ਹਨ, ਫਿਰ ਇਕ ਦੂਜੇ ਨੂੰ ਮਾਰ ਕੇ ਨਾ ਤਾਂ ਸ਼ਾਂਤੀ ਕਾਇਮ ਹੋਵੇਗੀ ਅਤੇ ਨਾ ਹੀ ਵਿਕਾਸ ਹੋਵੇਗਾ। ਸੰਵਿਧਾਨ ਵਿਚ ਨਿਆਂ ਸਭ ਲਈ ਹੈ, ਇਸ ਲਈ ਨਿਆਂ ਸਾਰਿਆਂ ਨਾਲ ਹੋਵੇ।

ਮੈਂ ਵੀ ਇਸੇ ਸਿਸਟਮ ਦੇ ਸ਼ਿਕਾਰ ਹੋਈ, ਲੇਕਿਨ ਅਨਿਆਂ ਦੇ ਖ਼ਿਲਾਫ਼ ਜੰਗ ਲੜੀ, ਸਾਜ਼ਿਸ਼ ਰਚ ਕੇ ਮੈਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਲੋਭ ਰਿਸ਼ਵਤ ਦੀ ਪੇਸ਼ਕਸ਼ ਵੀ ਕੀਤੀ ਗਈ, ਤੁਸੀਂ ਚੀਫ਼ ਜਸਟਿਸ (ਬਿਲਾਸਪੁਰ, ਛੱਤੀਸਗੜ੍ਹ) ਦੇ 26.08.2008 ਦੇ ਫ਼ੈਸਲੇ ਦੇ ਪੈਰੇ ਖ਼ੁਦ ਦੇਖ ਸਕਦੇ ਹੋ; ਲੇਕਿਨ ਮੈਂ ਉਨ੍ਹਾਂ ਦੇ ਸਾਰੇ ਇਰਾਦੇ ਨਾਕਾਮ ਬਣਾ ਦਿੱਤੇ ਅਤੇ ਸੱਚ ਦੀ ਜਿੱਤ ਹੋਈ, ਅੱਗੇ ਨੂੰ ਵੀ ਹੋਵੇਗੀ।

ਹੁਣ ਵੀ ਵਕਤ ਹੈ, ਸਚਾਈ ਨੂੰ ਸਮਝੀਏ! ਨਹੀਂ ਤਾਂ ਸ਼ਤਰੰਜ ਦੇ ਮੋਹਰਿਆਂ ਵਾਂਗ ਇਸਤੇਮਾਲ ਕਰ ਕੇ ਸਰਮਾਏਦਾਰਾਂ ਦੇ ਦਲਾਲ ਇਸ ਦੇਸ਼ ਵਿਚ ਇਨਸਾਨੀਅਤ ਹੀ ਖ਼ਤਮ ਕਰ ਦੇਣਗੇ। ਨਾ ਅਸੀਂ ਅਨਿਆਂ ਕਰਾਂਗੇ ਅਤੇ ਨਾ ਸਹਿਣ ਕਰਾਂਗੇ। ਜੈ ਸੰਵਿਧਾਨ, ਜੈ ਭਾਰਤ।"

# ਇਨਕਲਾਬੀ ਉਡਾਣ ਵਾਲੇ ਦਾ ਵਿਛੋੜਾ

ਚੋਟੀ ਦੇ ਮਾਓਵਾਦੀ ਆਗੂ ਨਰਾਇਣ ਸਾਨਿਆਲ ਦਾ ਕਲਕੱਤਾ ਦੇ ਇਕ ਹਸਪਤਾਲ ਵਿਖੇ 18 ਅਪਰੈਲ ਦੀ ਰਾਤ ਨੂੰ ਦੇਹਾਂਤ ਹੋ ਗਿਆ। ਉਹ ਕੁਝ ਸਾਲਾਂ ਤੋਂ ਕੈਂਸਰ ਅਤੇ ਹੋਰ ਨਾਮੁਰਾਦ ਬਿਮਾਰੀਆਂ ਨਾਲ ਜੂਝ ਰਹੇ ਸਨ। ਉਹ ਪਹਿਲੀ ਪੀੜ੍ਹੀ ਦੇ ਆਖ਼ਰੀ ਚਰਾਗ਼ਾਂ ਵਿਚੋਂ ਸਨ ਜੋ ਲਹਿਰ ਦੇ ਬਾਨੀ ਆਗੂ ਚਾਰੂ ਮਜੂਮਦਾਰ ਦੀ ਅਗਵਾਈ ਵਾਲੀ ਸੀ.ਪੀ.ਆਈ. (ਐਮ.ਐਲ.) ਧਾਰਾ ਦੀ ਅਜੋਕੀ ਮਾਓਵਾਦੀ ਪਾਰਟੀ ਤਕ ਚਲੀ ਆ ਰਹੀ ਸਜਿੰਦ ਕੜੀ ਸਨ। ਨਕਸਲਬਾੜੀ ਤੋਂ ਪਹਿਲਾਂ ਉਹ ਚਿਟਗਾਂਗ ਹਮਲੇ ਦੇ ਮਸ਼ਹੂਰ ਇਨਕਲਾਬੀ ਅਨੰਤ ਸਿੰਘ ਵਲੋਂ ਬਣਾਏ ਐਮ.ਐਮ.ਜੀ. ਗਰੁੱਪ (ਮੈਨ-ਮਨੀ-ਗੰਨ) ਨਾਲ ਜੁੜੇ ਹੋਏ ਸਨ। ਫਿਰ 1967 ਵਿਚ ਨਕਸਲਬਾੜੀ ਬਗ਼ਾਵਤ ਸ਼ੁਰੂ ਹੋਣ ਪਿੱਛੋਂ ਚੜ੍ਹਦੀ ਜਵਾਨੀ ਵਿਚ ਹੀ ਉਨ੍ਹਾਂ ਘਰ-ਬਾਰ ਤਿਆਗ ਦਿੱਤਾ, ਮੁਲਕ ਦੇ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਨੂੰ ਜ਼ਿੰਦਗੀ ਦਾ ਇਕੋ-ਇਕ ਮਨੋਰਥ ਬਣਾ ਲਿਆ ਅਤੇ ਸਮੁੱਚੀ ਜ਼ਿੰਦਗੀ ਇਸੇ ਸੁਪਨੇ ਨੂੰ ਸਾਕਾਰ ਹੁੰਦਾ ਦੇਖਣ ਲਈ ਦਿਨ-ਰਾਤ ਜੂਝਦਿਆਂ ਗੁਜ਼ਾਰ ਦਿੱਤੀ।

ਨਰਾਇਣ ਸਾਨਿਆਲ ਦਾ ਜਨਮ ਅਣਵੰਡੇ ਬੰਗਾਲ ਦੇ ਬੋਗਰਾ ਜ਼ਿਲ੍ਹੇ ਦੇ ਇਕ ਖੁਸ਼ਹਾਲ ਪਰਿਵਾਰ ਵਿਚ ਹੋਇਆ ਜੋ ਹੁਣ ਬੰਗਲਾ ਦੇਸ਼ ਦਾ ਹਿੱਸਾ ਹੈ। ਉਨ੍ਹਾਂ ਦੇ ਪਿਤਾ ਕਾਂਗਰਸ ਦੇ ਜ਼ਿਲ੍ਹਾ ਆਗੂ ਸਨ। 1940ਵਿਆਂ ਵਿਚ ਉਨ੍ਹਾਂ ਦਾ ਪਰਿਵਾਰ ਕਲਕੱਤੇ ਵਸ ਗਿਆ। ਪੜ੍ਹਾਈ ਕਰ ਕੇ ਉਨ੍ਹਾਂ ਯੂਨਾਈਟਿਡ ਬੈਂਕ ਵਿਚ ਨੌਕਰੀ ਲੈ ਲਈ। ਕਮਿਊਨਿਸਟ ਇਨਕਲਾਬੀ ਤਾਲਮੇਲ ਕੇਂਦਰ ਦੀ ਅਗਵਾਈ ਹੇਠ ਲੋਕ ਯੁੱਧ ਦਾ ਐਲਾਨ ਕੀਤੇ ਜਾਣ 'ਤੇ ਉਨ੍ਹਾਂ ਨੇ ਸੈਂਕੜੇ ਹੋਣਹਾਰ ਨੌਜਵਾਨਾਂ ਵਾਂਗ ਨਿੱਜੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਸੁਪਨਾ ਤਿਆਗ ਕੇ ਨੌਕਰੀ ਛੱਡ ਦਿੱਤੀ ਅਤੇ ਨਵ-ਜਮਹੂਰੀ ਇਨਕਲਾਬ ਲਈ ਹਥਿਆਰਬੰਦ ਸੰਘਰਸ਼ ਵਿਚ ਕੁੱਦ ਪਏ। ਉਨ੍ਹਾਂ ਨੂੰ ਲਹਿਰ ਦੇ ਮੋਢੀ ਆਗੂਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਸੁਰੋਜ ਦੱਤਾ ਤੇ ਸੁਸ਼ੀਤਲ ਰਾਏ ਚੌਧਰੀ ਨਾਲ ਲੰਮੀ ਵਿਚਾਰ-ਚਰਚਾ ਤੋਂ ਬਾਅਦ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਸਾਨਿਆਲ ਲਹਿਰ ਨੂੰ ਜਥੇਬੰਦ ਕਰਨ ਲਈ ਬਿਹਾਰ ਚਲੇ ਗਏ ਅਤੇ ਉਥੇ ਬੇਜ਼ਮੀਨਿਆਂ ਤੇ ਖੇਤ ਮਜ਼ਦੂਰਾਂ ਵਿਚ ਕੰਮ ਸ਼ੁਰੂ ਕਰ ਦਿੱਤਾ। ਪਾਰਟੀ ਵਿਚ ਫੁੱਟ ਪੈਣ 'ਤੇ ਸਮੁੱਚੀ ਬਿਹਾਰ ਇਕਾਈ ਐਸ.ਐਨ.ਸਿੰਘ ਦੇ ਨਾਲ ਖੜ੍ਹ ਜਾਣ ਦੇ ਬਾਵਜੂਦ ਉਹ ਚਾਰੂ ਮਜੂਮਦਾਰ ਵਾਲੀ ਧਾਰਾ ਵਿਚ ਹੀ ਸਰਗਰਮ ਰਹੇ। 1972-73 ਦੌਰਾਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਜ਼ਿੰਦਗੀ ਦੌਰਾਨ ਜਿਥੇ ਉਨ੍ਹਾਂ ਨੇ ਜੇਲ੍ਹ ਦੇ ਜ਼ੁਲਮਾਂ ਖਿਲਾਫ ਸੰਘਰਸ਼ ਕੀਤਾ, ਉਥੇ ਲਹਿਰ ਨੂੰ ਪਈ ਪਛਾੜ ਬਾਰੇ ਗੰਭੀਰ ਸੋਚ-ਵਿਚਾਰ ਕਰਨ ਉਪਰ ਵੀ ਕੇਂਦਰਤ ਕੀਤਾ। ਅਜਿਹਾ ਕਰਦਿਆਂ ਉਨ੍ਹਾਂ ਨੇ ਸੀ.ਪੀ.ਆਈ.(ਐਮ.ਐਲ.) ਦੀ ਬੁਨਿਆਦੀ ਲਾਈਨ ਦੀ ਡਟ ਕੇ ਰਾਖੀ ਕੀਤੀ। 1977 ਵਿਚ ਸਿਆਸੀ ਕੈਦੀਆਂ ਨੂੰ ਆਮ ਮੁਆਫ਼ੀ ਦਿੱਤੇ ਜਾਣ 'ਤੇ ਉਹ ਜੇਲ੍ਹ ਤੋਂ ਰਿਹਾਅ ਹੋਏ। ਜੇਲ੍ਹ ਤੋਂ ਬਾਹਰ ਆਉਂਦੇ ਸਾਰ ਉਨ੍ਹਾਂ ਹਮਖ਼ਿਆਲ ਕਮਿਊਨਿਸਟ ਇਨਕਲਾਬੀਆਂ ਨਾਲ ਮਿਲ ਕੇ ਸੀ.ਪੀ.ਆਈ.(ਐਮ.ਐਲ) ਨੂੰ ਬੀਤੇ ਦੇ ਅਭਿਆਸ ਦੀ ਸਵੈ-ਪੜਚੋਲ ਦੇ ਆਧਾਰ 'ਤੇ ਇਕਜੁੱਟ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਕੀਤੀਆਂ ਜਿਨ੍ਹਾਂ ਦੇ ਨਤੀਜੇ ਵਜੋਂ ਕਈ ਐਮ.ਐਲ. ਹਿੱਸਿਆਂ ਵਲੋਂ ਮਿਲ ਕੇ 1978 ਵਿਚ ਯੂਨਿਟੀ ਆਰਗੇਨਾਈਜੇਸ਼ਨ ਬਣਾਈ ਜੋ ਬਾਅਦ ਵਿਚ



ਸੀ.ਓ.ਸੀ. ਅਤੇ ਸੀ.ਪੀ.ਆਈ.(ਐਮ.ਐਲ.) ਨਾਲ ਏਕਤਾ ਕਰ ਕੇ ਸੀ.ਪੀ.ਆਈ.(ਐਮ.ਐਲ)-ਪਾਰਟੀ ਯੂਨਿਟੀ ਵਜੋਂ ਮਸ਼ਹੂਰ ਹੋਈ। ਇਸ ਜਥੇਬੰਦੀ ਵਲੋਂ ਮੁਲਕ ਪੱਧਰ 'ਤੇ ਲਹਿਰ ਨੂੰ ਮੁੜ ਜਥੇਬੰਦ ਕਰਨ ਦੇ ਨਿਸ਼ਾਨੇ ਤਹਿਤ ਬੰਗਾਲ ਅਤੇ ਮੱਧ ਬਿਹਾਰ ਵਿਚ ਠੋਸ ਇਨਕਲਾਬੀ ਅਭਿਆਸ ਸ਼ੁਰੂ ਕੀਤਾ ਗਿਆ। ਇਹ ਜਥੇਬੰਦੀ ਹੋਰ ਗਰੁੱਪਾਂ ਨਾਲ ਏਕਤਾ ਕਰ ਕੇ ਹੋਰ ਸੂਬਿਆਂ ਵਿਚ ਵੀ ਫੈਲ ਗਈ। ਇਸੇ ਪਾਰਟੀ ਯੂਨਿਟੀ ਦੀ ਅਗਵਾਈ ਹੇਠ 1980ਵਿਆਂ ਵਿਚ ਮੱਧ ਬਿਹਾਰ ਅਤੇ ਪਲਾਮੂ (ਮੌਜੂਦਾ ਝਾਰਖੰਡ) ਵਿਚ ਲੋਕ ਯੁੱਧ ਦੇ ਭਵਿਖ-ਨਕਸ਼ੇ ਤਹਿਤ ਮਜ਼ਬੂਤ ਕਿਸਾਨ ਟਾਕਰਾ ਲਹਿਰ ਉਸਾਰੀ ਗਈ ਜਿਸ ਨੇ ਦਰਜਨ ਦੇ ਕਰੀਬ ਜਗੀਰੂ ਨਿੱਜੀ ਸੈਨਾਵਾਂ ਨਾਲ ਟੱਕਰ ਲੈ ਕੇ ਪਿਛਾਖੜੀ ਤਾਕਤਾਂ ਦਾ ਲੱਕ ਤੋੜਿਆ। ਇਸ ਟਾਕਰਾ ਲਹਿਰ ਦੀ ਉਸਾਰੀ ਵਿਚ ਸਾਨਿਆਲ ਨੇ ਅਹਿਮ ਭੂਮਿਕਾ ਨਿਭਾਈ ਅਤੇ 1987 ਵਿਚ ਪਾਰਟੀ ਦੇ ਜਨਰਲ ਸਕੱਤਰ ਚੁਣੇ ਗਏ। ਫਿਰ ਅਗਸਤ 1998 ਵਿਚ ਪਾਰਟੀ ਯੂਨਿਟੀ ਅਤੇ ਪੀਪਲਜ਼ ਵਾਰ ਨੇ ਮਿਲ ਕੇ ਇਕਜੁਟ ਪਾਰਟੀ ਸੀ.ਪੀ.ਆਈ.(ਐਮ.ਐਲ)-ਪੀਪਲਜ਼ ਵਾਰ ਬਣਾ ਲਈ। ਸਤੰਬਰ 2004 ਵਿਚ ਪੀਪਲਜ਼ ਵਾਰ ਅਤੇ ਐਮ.ਸੀ.ਸੀ.ਆਈ ਦਾ ਰਲੇਵਾਂ ਕਰ ਕੇ ਸੀ.ਪੀ.ਆਈ. (ਮਾਓਵਾਦੀ) ਬਣਾਈ ਗਈ ਜਿਸ ਵਿਚ ਕਮਿਊਨਿਸਟ ਇਨਕਲਾਬੀ ਕੈਂਪ ਦਾ ਵੱਡਾ ਹਿੱਸਾ ਇਕਜੁੱਟ ਹੋਣ ਨਾਲ ਨਕਸਲਬਾੜੀ ਦੀ ਲਗਾਤਾਰਤਾ ਨੂੰ ਵੱਡਾ ਹੁਲਾਰਾ ਮਿਲਿਆ।

ਸਾਨਿਆਲ ਨੂੰ 3 ਜਨਵਰੀ 2006 ਨੂੰ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਤੋਂ ਗ੍ਰਿਫ਼ਤਾਰ ਕਰ ਕੇ ਛੱਤੀਸਗੜ੍ਹ ਪਬਲਿਕ ਸੇਫਟੀ ਐਕਟ ਅਤੇ ਹੋਰ ਗ਼ੈਰ-ਜ਼ਮਾਨਤੀ ਧਾਰਾਵਾਂ ਲਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਇਕ ਵੱਡੀ ਸਾਜ਼ਿਸ਼ ਦੀ ਕਹਾਣੀ ਦੇ ਆਧਾਰ 'ਤੇ ਡਾ. ਬਿਨਾਇਕ ਸੇਨ ਨੂੰ ਵੀ ਉਸੇ ਮਾਮਲੇ ਵਿਚ ਬਿਨਾ ਜ਼ਮਾਨਤ ਜੇਲ੍ਹ ਬੰਦ ਰੱਖਿਆ ਗਿਆ। ਦਸੰਬਰ 2010 ਵਿਚ ਸਾਨਿਆਲ ਨੂੰ ਰਾਜ ਧ੍ਰੋਹ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਦਿੱਤੀ ਗਈ, ਪਰ 2012 ਵਿਚ ਸੁਪਰੀਮ ਕੋਰਟ ਦੇ ਬੈਂਚ ਨੇ ਉਨ੍ਹਾਂ ਦੀ ਉਮਰ ਅਤੇ ਛੇ ਸਾਲ ਜੇਲ੍ਹ ਬੰਦ ਰਹਿਣ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ, ਪਰ ਸਜ਼ਾ ਬਰਕਰਾਰ ਰਹੀ। ਉਨ੍ਹਾਂ ਖ਼ਿਲਾਫ਼ ਛੱਤੀਸਗੜ੍ਹ, ਆਂਧਰਾ, ਬਿਹਾਰ, ਝਾਰਖੰਡ ਆਦਿ ਵਿਚ ਬਹੁਤ ਸਾਰੇ ਫਰਜ਼ੀ ਮਾਮਲੇ ਦਰਜ ਕੀਤੇ ਗਏ ਸਨ ਜੋ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਾਰਨ ਦੀ ਸਾਜ਼ਿਸ਼ ਸੀ। ਬਾਅਦ ਵਿਚ ਇਕ ਇਕ ਕਰ ਕੇ ਉਨ੍ਹਾਂ ਨੂੰ ਸਾਰੇ ਮਾਮਲਿਆਂ ਵਿਚ ਜ਼ਮਾਨਤ ਮਿਲ ਗਈ ਅਤੇ 2014 ਵਿਚ ਝਾਰਖੰਡ ਦੀ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।


ਉਨ੍ਹਾਂ ਇਨਕਲਾਬ ਦੇ ਯੁੱਧਨੀਤਕ ਤੇ ਦਾਅਪੇਚਕ ਮਸਲਿਆਂ ਨੂੰ ਹੱਲ ਕਰਨ, ਸਿਧਾਂਤਕ ਮੱਤਭੇਦਾਂ ਨੂੰ ਦੂਰ ਕਰਦਿਆਂ ਇਨਕਲਾਬੀ ਤਾਕਤਾਂ ਨੂੰ ਏਕਤਾ ਵਿਚ ਪਰੋਣ ਅਤੇ ਨਵ-ਜਮਹੂਰੀ ਇਨਕਲਾਬ ਦੇ ਭਵਿਖ-ਨਕਸ਼ੇ ਤਹਿਤ ਇਨਕਲਾਬੀ ਟਾਕਰਾ ਲਹਿਰ ਉਸਾਰਨ ਲਈ ਨਿੱਠ ਕੇ ਮਿਹਨਤ ਕੀਤੀ। ਰਚਨਾਤਮਕਤਾ ਉਨ੍ਹਾਂ ਦਾ ਮੀਰੀ ਗੁਣ ਸੀ ਜਿਸ ਦੀ ਦੀ ਮਦਦ ਨਾਲ ਉਹ ਜਮਾਤੀ ਸੰਘਰਸ਼ ਦੀ ਗੁਲੀ ਦੇ ਆਧਾਰ 'ਤੇ ਦਲਿਤਾਂ, ਔਰਤਾਂ, ਆਦਿਵਾਸੀਆਂ, ਕੌਮੀਅਤਾਂ, ਧਾਰਮਿਕ ਘੱਟ ਗਿਣਤੀ ਸਮੂਹਾਂ ਦੇ ਸਵਾਲਾਂ ਨੂੰ ਮੁਖ਼ਾਤਬ ਹੁੰਦੇ ਸਨ ਅਤੇ ਇਨ੍ਹਾਂ ਤਾਕਤਾਂ ਨੂੰ ਨਵ ਜਮਹੂਰੀ ਇਨਕਲਾਬ ਲਈ ਕਿਵੇਂ ਲਾਮਬੰਦ ਕੀਤਾ ਜਾਵੇ ਇਸਦੇ ਠੋਸ ਕਾਰਜ ਉਲੀਕਣ ਉਪਰ ਖ਼ਾਸ ਜ਼ੋਰ ਦਿੰਦੇ ਸਨ।

ਇਨਕਲਾਬੀ ਲਹਿਰ ਨਾਲ ਸਬੰਧਤ ਲੋਕਾਂ, ਉਨ੍ਹਾਂ ਦੇ ਹੋਰ ਹਿਤੈਸ਼ੀਆਂ ਅਤੇ ਸਕੇ-ਸਬੰਧੀਆਂ ਵਲੋਂ 20 ਅਪਰੈਲ ਨੂੰ ਕਲਕੱਤਾ ਵਿਚ ਉਨ੍ਹਾਂ ਨੂੰ ਮਾਤਮ ਜਲੂਸ ਦੀ ਸ਼ਕਲ ਵਿਚ ਅੰਤਮ ਵਿਦਾਇਗੀ ਦਿੱਤੀ ਗਈ।

***-ਬੂਟਾ ਸਿੰਘ***

# ਪਤੀ, ਪਤਨੀ ਤੇ ਦੰਪਤੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਵਿਦਵਾਨ ਆਲੋਚਕ ਜਲੌਰ ਸਿੰਘ ਖੀਵਾ ਨੇ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਵਿਚ ਛਪੇ "ਪੰਜਾਬੀ ਵਿਚ 'ਪਤੀ' ਸ਼ਬਦ ਦੇ ਵਿਕਲਪੀ ਰੂਪ" ਸਿਰਲੇਖ ਅਧੀਨ ਐਲਾਨ ਕੀਤਾ ਹੈ ਕਿ ਪਤੀ ਤੇ ਪਤਨੀ ਸ਼ਬਦ 'ਪਤ' (ਇੱਜ਼ਤ) ਧਾਤੂ ਨਾਲ 'ਈ' ਅਤੇ 'ਨੀ' ਪਿਛੇਤਰ ਲਾ ਕੇ ਸਿਰਜੇ ਗਏ ਹਨ, ਜਿਸ ਵਿਚ 'ਪਤੀ' ਤੋਂ ਭਾਵ ਇੱਜ਼ਤ ਵਾਲਾ ਜਾਂ ਇੱਜ਼ਤ ਦਾ ਮਾਲਕ ਹੈ ਜਦੋਂ ਕਿ 'ਪਤਨੀ' ਨੂੰ ਇੱਜ਼ਤ ਵਾਲੀ ਵਸਤੂ ਦੇ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ। ਇਸ ਪ੍ਰਕਾਰ ਉਸ ਅਨੁਸਾਰ ਇਸ ਇੱਜ਼ਤ ਵਾਲੀ ਵਸਤੂ ਦਾ ਮਾਲਕ 'ਪਤੀ' ਹੈ। ਕਾਰਨ ਇਹ ਦੱਸਿਆ ਹੈ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦਾ ਸਥਾਨ ਦੁਜੈਲਾ ਹੋਣ ਕਰਕੇ ਇਸਤਰੀ ਮਰਦ ਦੀ ਪਤ ਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਰਵਾਇਤੀ ਤੌਰ 'ਤੇ ਇਸਤਰੀ ਆਪਣੇ ਪਤੀ ਦੀ ਕਾਮ ਪੂਰਤੀ ਦਾ ਵਸੀਲਾ ਸਮਝੀ ਜਾਂਦੀ ਹੈ। ਪਤਨੀ ਵਲੋਂ ਪਤੀ ਤੋਂ ਸਿਵਾਏ ਕਿਸੇ ਹੋਰ ਮਰਦ ਨਾਲ ਲਿੰਗਕ ਸਬੰਧ ਬਣਾ ਲੈਣ ਪਿਛੋਂ ਮਰਦ ਦੀ ਪਤ ਜਾਂਦੀ ਰਹਿੰਦੀ ਹੈ। ਹੋਰ ਤਾਂ ਹੋਰ ਧੀ ਭੈਣ ਨੂੰ ਵੀ ਘਰ ਦੀ ਪਤ ਸਮਝਿਆ ਜਾਂਦਾ ਹੈ ਤੇ ਉਨ੍ਹਾਂ ਵਲੋਂ ਸੁਤੰਤਰ ਤੌਰ 'ਤੇ ਕਿਸੇ ਹੋਰ ਮਰਦ ਨਾਲ ਸਬੰਧ ਬਣਾ ਲੈਣ ਪਿਛੋਂ ਗੈਰਤ ਕਤਲ ਦੀ ਨੌਬਤ ਵੀ ਆ ਜਾਂਦੀ ਹੈ। ਇਸਤਰੀ ਲਈ ਮਰਦ ਨੂੰ ਅਧਿਆਤਮਕ ਪਦ ਵੀ ਪ੍ਰਦਾਨ ਕੀਤਾ ਗਿਆ ਹੈ, ਇਸੇ ਲਈ ਪਤੀ-ਪਰਮੇਸ਼ਰ, ਪਤੀਦੇਵ ਆਦਿ ਕਿਹਾ ਜਾਂਦਾ ਹੈ। ਪਤੀਵਰਤਾ ਅਤੇ ਪਤੀਧਨ ਸ਼ਬਦ ਵੀ ਪ੍ਰਚਲਿਤ ਹਨ।

ਸਾਡੀ ਦਲੀਲ ਹੈ ਕਿ ਪਤੀ/ਪਤਨੀ ਸ਼ਬਦ ਇੱਜ਼ਤ ਦੇ ਅਰਥਾਂ ਵਾਲੇ 'ਪਤ' ਸ਼ਬਦ ਤੋਂ ਨਹੀਂ ਬਣੇ ਤੇ ਇੱਜ਼ਤ ਦੇ ਅਰਥਾਂ ਵਾਲਾ 'ਪਤ' ਕੋਈ ਧਾਤੂ ਵੀ ਨਹੀਂ ਹੈ। ਪਰ ਮੁਢਲੇ ਤੌਰ 'ਤੇ ਇਹ ਵੀ ਕਹਿਣਾ ਬਣਦਾ ਹੈ ਕਿ ਜੇ ਪਤੀ 'ਪਤ (ਇੱਜ਼ਤ) ਵਾਲਾ ਜਾਂ ਇਸ ਦਾ ਮਾਲਿਕ ਹੈ' ਤਾਂ ਇਸ ਤਰਕ ਅਨੁਸਾਰ ਪਤਨੀ ਕਿਉਂ ਨਹੀਂ ਪਤ ਵਾਲੀ ਜਾਂ ਇਸ ਦੀ ਮਾਲਿਕ? ਜੇ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦਾ ਦਰਜਾ ਦੁਜੈਲਾ ਹੈ ਤਾਂ ਪਤਨੀ ਦਾ ਅਰਥ ਪਤ ਵਾਲੇ ਦੀ ਘਰ ਵਾਲੀ ਹੋਣਾ ਚਾਹੀਦਾ ਹੈ। ਇਸ ਨੂੰ ਕਿਉਂ ਇੱਜ਼ਤ ਵਾਲੀ ਵਸਤੂ ਦੇ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ?

ਅਸਲੀ ਮੁੱਦੇ 'ਤੇ ਆਈਏ। ਪਤੀ ਸ਼ਬਦ ਦਾ ਮੂਲ ਅਰਥ 'ਪੱਤ (ਇੱਜ਼ਤ) ਦਾ ਮਾਲਿਕ' ਨਹੀਂ ਬਲਕਿ ਨਿਪਟ ਮਾਲਕ, ਸਵਾਮੀ ਹੈ। ਸੰਸਕ੍ਰਿਤ ਵਿਚ ਇਹ ਸ਼ਬਦ 'ਪਤਿ' ਹੈ ਪਰ ਪੰਜਾਬੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਕਿਸੇ ਸ਼ਬਦ ਦੇ ਅੰਖਰ ਵਿਚ ਲੱਗੀ ਸਿਹਾਰੀ (ਇ ਧੁਨੀ) ਜਾਂ ਤਾਂ 'ਈ' ਵਿਚ ਪਲਟ ਜਾਂਦੀ ਹੈ ਜਾਂ ਅਲੋਪ ਹੀ ਹੋ ਜਾਂਦੀ ਹੈ। ਮਿਸਾਲ ਵਜੋਂ ਹਰਿ ਸ਼ਬਦ ਪੰਜਾਬੀ ਵਿਚ ਹਰ ਵੀ ਹੈ ਤੇ ਹਰੀ ਵੀ। ਇਸੇ ਤਰ੍ਹਾਂ ਨਿਰੁਕਤਿ ਸ਼ਬਦ ਪੰਜਾਬੀ ਵਿਚ ਨਿਰੁਕਤ ਵੀ ਹੈ ਤੇ ਨਿਰੁਕਤੀ ਵੀ। ਸੋ ਪਤਿ ਦਾ ਪੰਜਾਬੀ ਰੂਪ ਪਤ ਵੀ ਹੈ ਤੇ ਪਤੀ ਵੀ। ਇਹ ਤੱਥ ਮਾਲਿਕ, ਸਵਾਮੀ ਅਰਥ ਵਾਲੇ ਸਮਾਸ ਰੂਪ ਵਿਚ ਬਣਾਏ ਅਨੇਕਾਂ ਸ਼ਬਦਾਂ ਤੋਂ ਵੀ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ। ਮਿਸਾਲ ਵਜੋਂ ਗਣਪਤੀ ਵੀ ਤੇ ਗਣਪਤ ਵੀ, ਧਨਪਤੀ ਵੀ ਤੇ ਧਨਪਤ ਵੀ, ਲੱਖਪਤੀ ਵੀ ਤੇ ਲੱਖਪਤ ਵੀ।

ਦਰਅਸਲ ਸੰਸਕ੍ਰਿਤ ਵਿਚ ਪਤਿ ਸ਼ਬਦ ਦਾ ਅਰਥ ਘਰ ਦਾ ਮਾਲਿਕ ਹੀ ਹੈ ਜਿਸ ਨੂੰ ਕਈ ਇਸਤਰੀ ਦਾ ਮਾਲਿਕ ਸਮਝੀ ਬੈਠੇ ਹਨ। ਸੰਸਕ੍ਰਿਤ ਜਾਂ ਸਾਡੀਆਂ ਹੋਰ ਭਾਸ਼ਾਵਾਂ ਵਿਚ ਪਤਿ/ਪਤੀ ਸ਼ਬਦ ਸੁਤੰਤਰ ਤੌਰ 'ਤੇ ਸਿਰਫ ਘਰ ਦੇ ਮਾਲਿਕ ਦੇ ਅਰਥਾਂ ਵਿਚ ਹੀ ਆਉਂਦਾ ਹੈ। ਕਿਸੇ ਹੋਰ ਚੀਜ਼ ਜਿਵੇਂ ਦੇਸ਼, ਜਾਇਦਾਦ ਅਦਿ ਦੇ ਮਾਲਿਕ ਦੇ ਅਰਥਾਂ ਲਈ ਇਹ ਸ਼ਬਦ ਸਮਾਸੀ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਜਿਵੇਂ ਰਾਸ਼ਟਰਪਤੀ, ਭੋਂਪਤੀ (ਭੋਂ ਦਾ ਮਾਲਕ), ਲੱਖਪਤੀ, ਧਨਪਤੀ, ਸੈਨਾਪਤੀ, ਰਘੂਪਤੀ, ਬਨਸਪਤੀ, ਗਣਪਤੀ, ਛੱਤਰਪਤੀ, ਕੁਲਪਤੀ ਆਦਿ। ਭੈਣ ਦੇ ਪਤੀ ਲਈ ਵਰਤੇ ਜਾਂਦੇ ਸ਼ਬਦ 'ਭਣੋਈਆ' ਵਿਚ ਵੀ ਪਤੀ ਦਾ ਦਖਲ ਹੈ। ਇਸ ਦਾ ਸ਼ਾਬਦਿਕ ਅਰਥ ਹੈ, 'ਭੈਣ ਦਾ ਪਤੀ।' ਇਹ ਸ਼ਬਦ 'ਭਾਗਿਨੀਪਤਿ' ਤੋਂ ਵਿਕਸਿਆ ਹੈ। ਭਾਗਿਨੀ ਦਾ ਅਰਥ ਭੈਣ ਹੁੰਦਾ ਹੈ, ਭੈਣ ਖੁਦ ਭਾਗਿਨੀ ਦੀ ਧੀ ਹੈ! ਇਸੇ ਤਰ੍ਹਾਂ ਨਣਦੋਈਆ ਵਿਚ ਵੀ ਪਤੀ ਸ਼ਬਦ ਬੋਲਦਾ ਹੈ।

ਹੋਰ ਤਾਂ ਹੋਰ ਸੰਸਕ੍ਰਿਤ ਵਿਚ ਪਤਿ ਦਾ ਅਰਥ ਮਾਲਕਣ ਵੀ ਹੈ ਤੇ ਪਤਨੀ ਵੀ। ਇਥੇ ਪਤਨੀ ਵੀ ਘਰ ਦੀ ਮਾਲਕਣ ਜਾਂ ਘਰਵਾਲੀ ਵਜੋਂ ਹੀ ਸਮਝੀ ਜਾਣੀ ਚਾਹੀਦੀ ਹੈ। 2007 ਵਿਚ ਜਦ ਪਹਿਲੀ ਵਾਰੀ ਪ੍ਰਤਿਭਾ ਪਾਟਿਲ ਨਾਂ ਦੀ ਇਸਤਰੀ ਭਾਰਤ ਦੀ ਰਾਸ਼ਟਰਪਤੀ ਬਣੀ ਸੀ ਤਾਂ ਕੁਝ ਹਲਕਿਆਂ ਵਲੋਂ ਇਹ ਬਹਿਸ ਛੇੜੀ ਗਈ ਸੀ ਕਿ ਇਸਤਰੀ ਹੋਣ ਦੇ ਨਾਤੇ ਕੀ ਪ੍ਰਤਿਭਾ ਪਾਟਿਲ ਨੂੰ 'ਰਾਸ਼ਟਰਪਤਨੀ' ਨਹੀਂ ਕਿਹਾ ਜਾਣਾ ਚਾਹੀਦਾ? ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਿਚ ਪਤਿ ਦਾ ਅਰਥ ਮਾਲਕਣ ਵੀ ਹੈ। ਮੇਰੀ ਜਾਚੇ ਪਤਨੀ ਸ਼ਬਦ ਨੂੰ ਸਮਾਸੀ ਤੌਰ



'ਤੇ ਨਹੀਂ ਵਰਤਿਆ ਜਾਂਦਾ। ਸੰਸਕ੍ਰਿਤ ਵਿਚ ਕੁਪਤੀ (ਕੁਪਤਿ) ਸ਼ਬਦ ਵੀ ਮਿਲਦਾ ਹੈ ਜਿਸ ਦਾ ਅਰਥ ਭੈੜਾ ਪਤੀ ਵੀ ਹੈ ਤੇ ਭੈੜਾ ਰਾਜਾ ਵੀ। ਧਿਆਨਯੋਗ ਹੈ ਕਿ ਇਕੱਲੇ ਤੌਰ 'ਤੇ ਪਤਿ (ਪਤੀ) ਸ਼ਬਦ ਦਾ ਅਰਥ ਖਾਵੰਦ ਹੈ ਜਦ ਕਿ ਸਵਾਮੀ ਦੇ ਅਰਥਾਂ ਵਿਚ ਇਹ ਸਮਾਸੀ ਤੌਰ 'ਤੇ ਪ੍ਰਗਟ ਹੁੰਦਾ ਹੈ। ਧਿਆਨਯੋਗ ਹੈ ਕਿ ਪਤੀ-ਪਤਨੀ ਸ਼ਬਦ ਬੋਲਚਾਲ ਦੀ ਪੰਜਾਬੀ ਵਿਚ ਘਟ ਹੀ ਵਰਤੇ ਜਾਂਦੇ ਹਨ। ਪਤੀ ਲਈ ਘਰਵਾਲਾ, ਪ੍ਰਾਹੁਣਾ, ਆਦਮੀ, ਮਰਦ, ਖਸਮ, ਖਾਵੰਦ, ਧਗੜਾ ਆਦਿ ਅਤੇ ਇਸੇ ਤਰ੍ਹਾਂ ਪਤਨੀ ਲਈ ਘਰਵਾਲੀ, ਘਰੋਂ, ਤੀਵੀਂ, ਜਨਾਨੀ, ਵਹੁਟੀ, ਜੋਰੂ, ਰੰਨ ਆਦਿ ਸ਼ਬਦ ਵਰਤੇ ਜਾਂਦੇ ਹਨ।

ਪ੍ਰਸੰਗਵਸ ਦੱਸ ਦੇਈਏ ਕਿ ਅੰਗਰੇਜ਼ੀ ਸ਼ਬਦ Husband ਦਾ ਪੁਰਾਣਾ ਅਰਥ ਘਰ ਦਾ ਮਾਲਕ ਜਾਂ ਮੋਟੇ ਤੌਰ 'ਤੇ ਘਰ ਵਾਲਾ ਹੁੰਦਾ ਸੀ। ਇਸ ਵਿਚਲਾ Hus ਤਾਂ House ਦਾ ਹੀ ਪੂਰਵਵਰਤੀ ਰੂਪ ਹੈ ਅਤੇ Band (Bondi ਦਾ ਬਦਲਿਆ ਰੂਪ) ਦਾ ਅਰਥ 'ਰਹਿਣ ਵਾਲਾ' ਹੈ। ਇਥੇ ਸੰਕੇਤ ਬੇਘਰੇ ਤੋਂ ਉਲਟ ਉਸ ਵਿਅਕਤੀ ਵੱਲ ਹੈ ਜਿਸ ਕੋਲ ਆਪਣਾ ਘਰ ਹੈ। ਇਸ ਲਈ ਇਸ ਦਾ ਅਰਥ ਕਿਸਾਨ ਵੀ ਹੈ। ਪਤੀ-ਪਤਨੀ ਦੀ ਜੋੜੀ ਲਈ ਅਸੀਂ ਦੰਪਤੀ ਸ਼ਬਦ ਵਰਤਦੇ ਹਾਂ। ਇਸ ਦਾ ਸ਼ਾਬਦਿਕ ਅਰਥ ਵੀ ਘਰ ਦਾ ਮਾਲਕ ਹੀ ਹੈ ਪਰ ਇਸ ਨੂੰ ਦੋ ਮਾਲਕਾਂ (ਪਤੀ ਤੇ ਪਤਨੀ) ਵਜੋਂ ਸਮਝਿਆ ਜਾਂਦਾ ਹੈ। ਕੁਝ ਸ੍ਰੋਤਾਂ ਅਨੁਸਾਰ ਇਸ ਵਿਚਲੇ 'ਦਮ' ਦਾ ਅਰਥ ਇਸਤਰੀ ਹੈ ਤੇ ਇਸ ਤਰ੍ਹਾਂ ਦੰਪਤੀ ਦਾ ਅਰਥ ਇਸਤਰੀ ਤੇ ਪਤੀ (ਦਮ+ਪਤੀ) ਅਰਥਾਤ ਵਿਆਹਿਆ ਜੋੜਾ ਹੋਇਆ।

ਇਹ ਸਹੀ ਹੈ ਕਿ ਦਮ ਵਿਚ ਇਸਤਰੀ ਦੇ ਭਾਵ ਹਨ, ਦਮਯੰਤੀ (ਰਾਜਾ ਨਲ ਦੀ ਪਤਨੀ) ਵਿਚ ਇਹੋ 'ਦਮ' ਹੈ। ਮੋਨੀਅਰ ਵਿਲੀਅਮਜ਼ ਅਨੁਸਾਰ ਇਸ ਸ਼ਬਦ ਦਾ ਮੂਲ ਅਰਥ ਹੈ, 'ਦਮਨ ਕਰਨ ਵਾਲੀ।' ਇਸ ਵਿਚਲੇ 'ਦਮ' ਧਾਤੂ ਵਿਚ ਦਬਾਉਣ ਦੇ ਭਾਵ ਹਨ ਜਿਸ ਤੋਂ ਦਮਨ ਸ਼ਬਦ ਵੀ ਬਣਿਆ ਹੈ। ਇਸ ਬਾਰੇ ਵਿਸਥਾਰ ਵਿਚ ਚਰਚਾ ਕਦੀ ਫਿਰ ਕਰਾਂਗੇ।


ਸਾਡਾ ਵਿਚਾਰ ਹੈ ਕਿ ਇਥੇ 'ਦਮ' ਧਾਤੂ ਦਾ ਇਕ ਹੋਰ ਅਰਥ ਨਿਵਾਸ, ਮਕਾਨ, ਘਰ ਆਦਿ ਲਾਗੂ ਹੁੰਦਾ ਹੈ। ਸੋ ਦੰਪਤੀ ਦਾ ਅਰਥ ਬਣਿਆ 'ਇਕ ਮਕਾਨ ਦੇ ਦੋ ਮਾਲਕ' ਅਰਥਾਤ ਤੀਵੀਂ-ਆਦਮੀ। ਸਮੇਂ ਦੇ ਬੀਤਣ ਨਾਲ ਇਸ ਸ਼ਬਦ ਤੋਂ ਵਿਆਹੇ ਜੋੜੇ ਦੇ ਭਾਵ ਲਏ ਜਾਣ ਲੱਗੇ। ਦਮ ਸ਼ਬਦ ਨੂੰ ਦਵੰਦ ਨਾਲ ਜੋੜ ਕੇ ਇਸ ਵਿਚ ਦੋ ਅੰਕ ਦੇ ਅਰਥ ਵੀ ਲਏ ਜਾਂਦੇ ਹਨ ਜਿਸ ਤੋਂ ਦੰਪਤੀ ਦਾ ਅਰਥ ਨਿਕਲਦਾ ਹੈ, 'ਦੋ ਪਤੀ।' ਪਰ ਸਾਡਾ ਮੁਖ ਸਰੋਕਾਰ ਹੈ, ਪਤੀ ਸ਼ਬਦ ਵਿਚਲੇ 'ਪਤ' ਧਾਤੂ ਨਾਲ। ਇਸ ਧਾਤੂ ਵਿਚ ਮਾਲਕ ਜਾਂ ਸਵਾਮੀ ਹੋਣ, ਕਾਬੂ ਕਰਨ, ਹਕੂਮਤ ਕਰਨ, ਅਧੀਨ ਕਰਨ ਦੇ ਭਾਵ ਹਨ। ਇਸ ਤਰ੍ਹਾਂ ਪਤੀ (ਸੰਸਕ੍ਰਿਤ ਪਤਿ) ਦਾ ਅਰਥ ਬਣਦਾ ਹੈ ਜੋ ਮਾਲਕ, ਸਵਾਮੀ ਹੈ, ਇਥੇ ਘਰ ਵੱਲ ਸੰਕੇਤ ਹੈ।

ਪਤੀ ਦੇ ਸੁਜਾਤੀ ਸ਼ਬਦ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਮਿਲਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਸ਼ਬਦਾਂ ਤੋਂ ਪੰਜਾਬੀ ਜਾਣੂੰ ਹਨ। ਇਸ ਦਾ ਭਾਰੋਪੀ ਮੂਲ 'Poti' ਸਥਾਪਤ ਕੀਤਾ ਗਿਆ ਹੈ ਜਿਸ ਵਿਚ ਸ਼ਕਤੀਸ਼ਾਲੀ, ਮਾਲਕ, ਸਵਾਮੀ ਆਦਿ ਦੇ ਭਾਵ ਹਨ। ਲਿਥੁਏਨੀਅਨ ਭਾਸ਼ਾ ਦੇ ਸ਼ਬਦ Piqs ਅਤੇ ਗਰੀਕ ਦੇ Posis ਦਾ ਅਰਥ ਵੀ ਪਤੀ ਅਰਥਾਤ ਖਸਮ, ਪਿਰ ਹੀ ਹੈ। ਬਲਵਾਨ, ਸਮਰੱਥ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Potent ਵੀ ਇਥੇ ਢੁਕਵਾਂ ਹੈ। ਇਹ ਲਾਤੀਨੀ Potentem ਤੋਂ ਬਣਿਆ ਜਿਸ ਵਿਚ ਸ਼ਕਤੀਸ਼ਾਲੀ ਹੋਣ ਦੇ ਭਾਵ ਹਨ। ਇਸ ਤੋਂ ਹੀ ਬਣੇ ਹੋਰ ਸ਼ਬਦ ਹਨ, Potent (ਸਮਰਥਾ, ਸ਼ਕਤੀ, ਮਰਦਾਵੀਂ ਸ਼ਕਤੀ), Potential (ਸਮਰਥਾਵਾਨ, ਸ਼ਕਤੀਸ਼ਾਲੀ)। ਸੰਭਵ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Possible, Power, Possess, Impotent, Omnipotent, Despot (ਤਾਨਾਸ਼ਾਹ) ਆਦਿ ਸ਼ਬਦ ਵੀ ਲਾਤੀਨੀ ਰਾਹੀਂ ਅੰਗਰੇਜ਼ੀ ਵਿਚ ਗਏ ਹਨ।

#

# ਬਿਨ ਮਾਂਗੇ ਮੋਤੀ ਮਿਲੇ, ਮਾਂਗੇ ਮਿਲੇ ਨਾ ਭੀਖ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਮੈਂ, ਅਪਣੀ ਸਵੈਜੀਵਨੀ ਲਿਖ ਰਿਹਾ ਹਾਂ, 'ਬਿਨ ਮਾਂਗੇ ਮੋਤੀ ਮਿਲੇ।' ਮੇਰੇ ਜੀਵਨ ਵਿਚ ਜਿਹੜੇ ਮੋਤੀ ਮਿਲੇ ਉਨ੍ਹਾਂ ਵਿਚ ਇਕ ਮੋਤੀ ਵੱਡਾ ਵੀ ਸੀ-ਬਾਹੋਮਾਜਰਾ। ਇਹ ਪਿੰਡ ਅੰਬਾਲਾ-ਲੁਧਿਆਣਾ ਸੜਕ ਉਤੇ ਖੰਨਾ ਤੋਂ ਦੋ ਮੀਲ ਹੈ, ਪਿੰਡ ਲਿਬੜਾ ਦੇ ਨੇੜੇ। ਇਹ ਮੇਰੀ ਮਾਸੀ ਦਾ ਪਿੰਡ ਹੈ ਜਿਥੇ ਰਹਿ ਕੇ ਮੈਂ ਖੰਨਾ ਦੇ ਆਰੀਆ ਹਾਈ ਸਕੂਲ ਤੋਂ ਮੁਢਲੀ ਵਿਦਿਆ ਲਈ। ਇਹ ਮਾਸੀ ਦਾ ਪਿੰਡ ਨਾਂ ਹੁੰਦਾ ਤਾਂ ਮੈਂ ਅਨਪੜ੍ਹ ਰਹਿ ਜਾਣਾ ਸੀ, ਹਲਵਾਹਕ ਜਾਂ ਸ਼ਾਇਦ ਉਹ ਵੀ ਨਹੀਂ। ਮੈਂ ਇਸ ਪਿੰਡ ਦਾ ਦੇਣਦਾਰ ਹਾਂ। ਦੋ ਮੀਲ ਤੁਰ ਕੇ ਸਕੂਲ ਪਹੁੰਚ ਜਾਈਦਾ ਸੀ।

ਮੈਂ ਇਕੱਲਾ ਹੀ ਨਹੀਂ, ਮੈਨੂੰ ਦਿੱਲੀ ਲਿਜਾਣ ਵਾਲਾ ਮੇਰੀ ਮਾਂ ਦੀ ਭੂਆ ਦਾ ਪੁੱਤ ਵੀ ਇਥੇ ਹੀ ਪੜ੍ਹਿਆ ਸੀ। ਮਾਸੀ ਦੇ ਆਪਣੇ ਭਰਾ ਵੀ ਤੇ ਮੇਰੇ ਆਪਣੇ ਪਿੰਡ ਵਾਲੇ ਦੋ ਹੋਰ ਮੁੰਡੇ ਵੀ। ਮੇਰੀ ਨਾਨੀ, ਨਾਮਧਾਰੀ ਪਰਿਵਾਰ ਵਿਚੋਂ ਸੀ। ਆਪ ਤਾਂ ਨਹੀਂ ਸੀ ਪੜ੍ਹੀ ਪਰ ਪੜ੍ਹਾਈ ਦੇ ਗੁਣਾਂ ਤੋਂ ਜਾਣੂੰ ਸੀ। ਨਾਨੀ ਦੀ ਜਿਸ ਧੀ ਨੇ ਸਾਨੂੰ ਪੜ੍ਹਾਇਆ, ਉਹਨੇ ਹਰ ਸੁਵਿਧਾ ਪ੍ਰਦਾਨ ਕੀਤੀ। ਉਦੋਂ ਹਾਈ ਸਕੂਲ ਤਾਂ ਕੀ ਪ੍ਰਾਇਮਰੀ ਵੀ ਨਹੀਂ ਸੀ ਹੁੰਦੇ। ਖੰਨਾ ਵਾਲਾ ਸਕੂਲ ਤਾਂ ਬਹੁਤ ਉਚਾ ਸੀ, ਮੈਟ੍ਰਿਕ ਤੱਕ ਵਿਦਿਆ ਦੇਣ ਵਾਲਾ। ਕਹਾਣੀਕਾਰ ਤੇ ਪੱਤਰਕਾਰ ਪ੍ਰੇਮ ਪ੍ਰਕਾਸ਼ ਵੀ ਉਥੇ ਹੀ ਪੜ੍ਹਿਆ। ਉਹ ਮੇਰਾ ਜਮਾਤੀ ਸੀ। ਲੇਖਕ ਬਣਿਆ ਤਾਂ ਆਪਣੇ ਨਾਂ ਨਾਲ ਖੰਨਵੀ ਲਾਉਂਦਾ ਰਿਹਾ। ਹੁਣ ਜਲੰਧਰ ਵਸ ਗਿਆ ਹੈ। ਜਲੰਧਰ ਦੀਆਂ ਉਰਦੂ ਅਖ਼ਬਾਰਾਂ ਵਿਚ ਕੰਮ ਕਰਦੇ ਸਮੇਂ ਉਸ ਨੇ ਆਪਣੇ ਨਾਂ ਨਾਲੋਂ ਖੰਨਵੀ ਲਾਹ ਦਿੱਤਾ ਸੀ। ਉਸ ਦੀ ਉਨਤੀ ਦਾ ਮੁੱਢ ਵੀ ਖੰਨਾ ਹੀ ਸੀ।


ਮੇਰੀ ਮਾਸੀ ਦਾ ਆਪਣੇ ਗਵਾਂਢੀ ਪ੍ਰੀਤਮ ਸਿੰਘ ਨਾਲ ਮੇਲ-ਜੋਲ ਸੀ। ਮਾਸੜ ਦੇ ਅਕਾਲ ਚਲਾਣੇ ਤੋਂ ਪਿਛੋਂ ਇਹ ਰਿਸ਼ਤਾ ਹੋਰ ਗੂੜ੍ਹਾ ਹੋ ਗਿਆ। ਪ੍ਰੀਤਮ ਸਿੰਘ ਨੇ ਲਿਬੜਾ ਵਾਲਿਆਂ ਦੀ ਟਰਾਂਸਪੋਰਟ ਕੰਪਨੀ ਵਿਚ ਹਿੱਸਾ ਪਾ ਲਿਆ। ਉਸ ਦਾ ਵੱਡਾ ਪੁੱਤਰ ਸੁਖਦੇਵ ਸਿੰਘ ਖੰਨਾ ਦੇ ਇਕ ਚੰਗੇ ਪਰਿਵਾਰ ਵਿਚ ਵਿਆਹਿਆ ਗਿਆ। ਉਸ ਪਿੱਛੋਂ ਸਭ ਤੋਂ ਛੋਟੇ ਰਾਜਿੰਦਰ ਦਾ ਰਿਸ਼ਤਾ ਉਸ ਦੀ ਵੱਡੀ ਭਰਜਾਈ ਰਣਬੀਰ ਕੌਰ ਨੇ ਆਪਣੇ ਤੋਂ ਛੋਟੀ ਭੈਣ ਨਾਲ ਕਰਵਾ ਦਿੱਤਾ।

ਪਿੰਡ ਬਾਹੋਮਾਜਰਾ ਦੇ ਸਿੱਖਾਂ ਦਾ ਗੋਤ ਕੰਗ ਹੈ। ਵੱਡੇ ਹੋ ਕੇ ਸੁਖਦੇਵ ਤੇ ਰਾਜਿੰਦਰ ਵੀ ਆਪਣੇ ਨਾਂ ਨਾਲ ਕੰਗ ਲਿਖਣ ਲੱਗ ਪਏ। ਸੁਖਦੇਵ ਨੇ ਵਕਾਲਤ ਪਾਸ ਕੀਤੀ। ਚੀਫ ਜਸਟਿਸ ਤੇ ਰਾਜਪਾਲ ਦੀ ਪਦਵੀ ਤੱਕ ਪਹੁੰਚਿਆ। ਅਕਾਲ ਚਲਾਣੇ ਤੋਂ ਥੋੜ੍ਹਾ ਪਹਿਲਾਂ ਕੇਰਲ ਰਾਜ ਦਾ ਗਵਰਨਰ ਰਿਹਾ, ਰਾਜਪਾਲ ਸੁਖਦੇਵ ਸਿੰਘ ਕੰਗ। ਉਹ ਵੀ ਖੰਨਾ ਵਾਲੇ ਸਕੂਲ ਹੀ ਮੇਰੇ ਨਾਲੋਂ ਚਾਰ ਜਮਾਤਾਂ ਅੱਗੇ ਸੀ। ਉਹ ਸਕੂਲ ਵੀ ਮੇਰੇ ਮੋਤੀਆਂ ਵਿਚ ਸ਼ਾਮਲ ਹੈ।

ਮੈਂ ਤੀਹ ਸਾਲ ਦਿੱਲੀ ਰਿਹਾ ਤਾਂ ਸੁਖਦੇਵ ਸਿੰਘ ਮੈਨੂੰ ਉਥੇ ਮਿਲਦਾ ਰਿਹਾ, ਢੰਡਾਰੀ ਵਾਲੇ ਦਵਿੰਦਰ ਸਿੰਘ ਗਰਚਾ ਨੂੰ ਨਾਲ ਲੈ ਕੇ। ਮੈਂ ਚੰਡੀਗੜ੍ਹ ਆਇਆ ਤਾਂ ਮੇਰੀ ਉਹਦੇ ਪਰਿਵਾਰ ਨਾਲ ਟੁੱਟੀ ਤੰਦ ਫਿਰ ਜੁੜ ਗਈ। ਰਾਜਿੰਦਰ ਨਾਲ ਵੀ, ਜੋ ਖੰਨੇ ਰਹਿਣ ਲੱਗਿਆ ਅਤੇ ਦਵਿੰਦਰ ਨਾਲ ਵੀ, ਜੋ ਪਿੰਡ ਰਹਿ ਕੇ ਵਿਗਿਆਨਿਕ ਖੇਤੀ ਕਰਦਾ ਰਿਹਾ ਤੇ ਪਿੰਡ ਦਾ ਸਰਪੰਚ ਵੀ ਰਿਹਾ। ਬਲਾਕ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਦਾ ਮੈਂਬਰ ਵੀ, ਤੇ ਲੰਮਾ ਸਮਾਂ ਖੇਤੀ ਕੋਅਪ੍ਰੇਟਿਵ ਬੈਂਕ, ਲੁਧਿਆਣਾ ਦਾ ਮੈਨੇਜਿੰਗ ਡਾਇਰੈਕਟਰ ਵੀ।

ਪਿਛਲੇ ਵਰ੍ਹਿਆਂ ਵਿਚ ਮੇਰੇ ਤਿੰਨੇ ਸਮਕਾਲੀ ਇੱਕ ਇੱਕ ਕਰਕੇ ਤੁਰ ਗਏ। ਰਾਜਿੰਦਰ 2010 ਵਿਚ, ਸੁਖਦੇਵ (ਜਸਟਿਸ ਕੰਗ) 2012 ਅਤੇ ਦਵਿੰਦਰ ਲੰਘੀ ਅਪਰੈਲ ਵਿਚ। ਸੁਖਦੇਵ ਮੇਰੇ ਨਾਲੋਂ ਵੱਡਾ ਸੀ। ਰਾਜਿੰਦਰ ਛੋਟਾ ਤੇ ਦਵਿੰਦਰ ਮੇਰਾ ਹਾਣੀ। ਉਸ ਦੇ ਅਕਾਲ ਚਲਾਣੇ ਨਾਲ ਮੇਰਾ ਬਾਹੋਮਾਜਰਾ ਨਾਲ ਨਾਤਾ ਟੁੱਟ ਗਿਆ ਹੈ। ਇਸ ਲਈ ਵੀ ਕਿ ਮੇਰਾ ਦੂਰ ਨੇੜੇ ਜਾਣਾ ਘਟ ਗਿਆ ਹੈ। ਮੈਂ ਅਗਲੇ ਜੀਵਨ ਨੂੰ ਨਹੀਂ ਮੰਨਦਾ। ਜੇ ਹੈ ਤਾਂ ਉਥੇ ਮਿਲਾਂਗੇ। ਉਹ ਮੈਨੂੰ ਅਪਣੇ ਅੰਗ-ਸੰਗ ਰੱਖਣਾ ਪਸੰਦ ਕਰਨਗੇ। ਇਹ ਮੇਰੇ ਜੀਵਨ ਦੇ ਮੋਤੀਆਂ ਦਾ ਅੰਤਲਾ ਮਣਕਾ ਹੋਵੇਗਾ।

**ਮੁਹੰਮਦ ਅਲੀ ਜਿਨਾਹ ਦਾ ਵਿਵਾਹਤ ਦੁਖਾਂਤ:** ਮੇਰੀ ਦਿੱਲੀ ਦੀ ਜਾਣੂੰ ਪੱਤਰਕਾਰ ਸ਼ੀਲਾ




ਰੈਡੀ ਨੇ ਮੁਹੰਮਦ ਅਲੀ ਜਿਨਾਹ ਦੇ ਵਿਆਹੁਤਾ ਜੀਵਨ ਬਾਰੇ ਇਕ ਵੱਡੀ ਪੁਸਤਕ ਲਿਖੀ ਹੈ, "Mr. & Mrs. Jinnah-The Marriage That Shook India" (ਪੈਂਗੁਇਨ, ਪੰਨੇ 420, ਮੁੱਲ 699 ਰੁਪਏ) ਪੁਸਤਕ ਜਿਨਾਹ ਦੀ ਸ਼ਖ਼ਸੀਅਤ ਦੇ ਕਈ ਦਰਵਾਜ਼ੇ ਖੋਲ੍ਹਦੀ ਹੈ। ਆਪਾ ਵਿਰੋਧੀ ਤੇ ਗੁੰਝਲਦਾਰ ਵਿਅਕਤੀ ਪਰ ਆਚਰਣ ਦਾ ਉਚਾ। ਨੇਕ ਨੀਅਤ, ਖੁਸ਼ਾਮਦ ਮੁਕਤ, ਰਿਸ਼ਵਤ ਵਿਰੋਧੀ, ਸੱਚਾ ਸੁੱਚਾ ਤੇ ਇਰਾਦੇ ਦਾ ਪੱਕਾ। ਆਪਣੇ ਮਨ ਦੀ ਗੱਲ ਮਹਾਤਮਾ ਗਾਂਧੀ ਦੀ ਹਾਜ਼ਰੀ ਵਿਚ ਵੀ ਨਿਸੰਗ ਕਹਿਣ ਵਾਲਾ ਅਜਿਹਾ ਪਤੀ ਜਿਸ ਨੂੰ ਉਸ ਦੀ ਪਾਰਸੀ ਪਤਨੀ ਰੁੱਤੀ ਆਪਾ ਵਿਰੋਧੀ ਪਿਛੋਕੜ ਤੇ ਉਮਰਾਂ ਦੇ ਵੱਡੇ ਪਾੜੇ ਦੇ ਬਾਵਜੂਦ ਅੰਤਲੇ ਸਾਹਾਂ ਤੱਕ ਪਿਆਰ ਕਰਦੀ ਰਹੀ। ਜਿਨਾਹ ਵਿਆਹ ਸਮੇਂ 42 ਸਾਲ ਦਾ ਸੀ ਤੇ ਰੁੱਤੀ ਅਠਾਰਾਂ ਦੀ। ਰੁੱਤੀ ਨੇ ਆਪਣੇ ਵਿਆਹ ਤੋਂ ਇੱਕ ਦਹਾਕਾ ਪਿਛੋਂ 20 ਫਰਵਰੀ 1929 ਨੂੰ ਆਪਣੀ ਜਾਨ ਲੈ ਲਈ ਸੀ। ਜਿਨਾਹ ਨੇ ਦੂਜੇ ਵਿਆਹ ਨਹੀਂ ਕੀਤਾ।

ਸ਼ੀਲਾ ਰੈਡੀ ਇਸ ਵਿਵਾਹਤ ਦੁਖਾਂਤ ਦਾ ਭਾਂਡਾ ਸਮੇਂ ਦੀ ਸਿਆਸਤ ਦੇ ਸਿਰ ਭੰਨਦੀ ਹੈ। ਰੁੱਤੀ ਤੋਂ ਬੇਮੁਖ ਹੋਣਾ ਜਿਨਾਹ ਲਈ ਸੰਭਵ ਹੀ ਨਹੀਂ ਸੀ। ਜਦੋਂ ਪੰਜਾਬ ਕਲਾ ਭਵਨ, ਚੰਡੀਗੜ੍ਹ ਦੇ ਵਿਹੜੇ ਪੁਸਤਕ ਦੀ ਲੇਖਕਾ ਪੁਸਤਕ ਦੇ ਅਨਿਨ ਪਾਠਕ ਰੌਬਿਨ ਗੁਪਤਾ ਦੇ ਰੂਬਰੂ ਹੋਈ ਤਾਂ ਉਸ ਨੇ ਆਪਣੀ ਲਿਖੀ ਹਰ ਗੱਲ ਉਤੇ ਸਹਿਜ ਨਾਲ ਤੇ ਡੱਟ ਕੇ ਪਹਿਰਾ ਦਿੱਤਾ। ਪੁਸਤਕ ਦੀ ਘੁੰਡ ਚੁਕਾਈ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤੀ। ਉਸ ਨੇ ਆਪਣੇ ਭਾਸ਼ਣ ਵਿਚ ਖਿਜ਼ਰ ਹਯਾਤ ਖਾਂ ਟਿਵਾਣਾ ਦੀ ਸ਼ਖ਼ਸੀਅਤ ਨੂੰ ਰੱਜ ਕੇ ਸਰਾਹਿਆ।

ਮੈਂ ਪਹਿਲੀ ਵਾਰ ਸ਼ੀਲਾ ਨੂੰ ਖੁਸ਼ਵੰਤ ਸਿੰਘ ਦੇ ਘਰ ਮਿਲਿਆ ਤਾਂ ਖੁਸ਼ਵੰਤ ਆਪਣੀ ਪੁਸਤਕ 'ਮੈਂ ਐਮਰਜੈਂਸੀ ਦਾ ਸਮਰਥਕ ਕਿਉਂ ਸਾਂ' ਉਤੇ ਕੰਮ ਕਰ ਰਿਹਾ ਸੀ ਤੇ ਸ਼ੀਲਾ ਉਸ ਦਾ ਸਾਥ ਦੇ ਰਹੀ ਸੀ। ਉਸ ਨੂੰ ਏਦਾਂ ਦੇ ਵਿਸ਼ਿਆਂ ਉਤੇ ਲਿਖਣਾ ਪਸੰਦ ਹੈ। ਉਸ ਨੇ ਜਿਨਾਹ ਬਾਰੇ ਹਥਲੀ ਪੁਸਤਕ ਦਾ ਮਸਾਲਾ ਨਹਿਰੂ ਮੈਮੋਰੀਅਲ ਮਿਊਜ਼ੀਅਮ, ਨਵੀਂ ਦਿੱਲੀ ਦੇ ਡੂੰਘੇ ਸਮੁੰਦਰ ਵਿਚੋਂ ਕੱਢਿਆ ਹੈ; ਉਨ੍ਹਾਂ ਚਿੱਠੀਆਂ ਤੇ ਹੱਥ ਲਿਖਤਾਂ ਤੋਂ, ਜਿਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ। ਉਸ ਦੀ ਸਿਰਜਣਾ ਸ਼ਕਤੀ ਦਾ ਇਸ ਵਿਚ ਕਿੰਨਾ ਦਖਲ ਸੀ? ਪੁੱਛੇ ਜਾਣ 'ਤੇ ਉਸ ਦਾ ਉਤਰ ਸੀ ਕਿ ਇਸ ਵਿਚ ਇਤਿਹਾਸਕਾਰੀ ਨਾਲੋਂ ਪੱਤਰਕਾਰੀ ਪ੍ਰਧਾਨ ਹੈ। ਪਰ ਓਨਾ ਹੀ ਜਿੰਨਾ ਇਤਿਹਾਸ ਦੀਆਂ ਪੈੜਾਂ ਤੋਂ ਏਧਰ-ਓਧਰ ਨਾ ਜਾਣ ਜਾਵੇ।

ਰੌਬਿਨ ਗੁਪਤਾ ਦੇ ਦੱਸਣ ਅਨੁਸਾਰ ਪੁਸਤਕ ਦਾ ਵਹਾ ਵਹਿੰਦੀ ਨਦੀ ਵਾਲਾ ਹੈ, ਹਰੇ-ਭਰੇ ਕੰਢਿਆਂ ਵਾਲਾ। ਕਿਉਂ ਨਾ ਆਪਾਂ ਵੀ ਪੜ੍ਹੀਏ।

**ਅੰਤਿਕਾ:** ਭੁੱਲੇ ਵਿਸਰੇ ਸ਼ਿਅਰ
ਜਾਨੇ ਵਾਲੇ ਕਭੀ ਨਹੀਂ ਆਤੇ
ਜਾਨੇ ਵਾਲੋਂ ਕੀ ਯਾਦ ਆਤੀ ਹੈ।
ਸਾਦਗੀ ਲਾਜਵਾਬ ਹੈ ਜਿਨਕੀ
ਉਨ ਸਵਾਲੋਂ ਕੀ ਯਾਦ ਆਤੀ ਹੈ।
ਵਜਦ-ਏ-ਲੁਤਫ ਏ ਸੁਖਨ ਮੁਬਾਰਕ ਹੋ
ਬਾਕਮਾਲੋਂ ਕੀ ਯਾਦ ਆਤੀ ਹੈ।

# ਖੂਬ ਰਿਹਾ ਸ਼ੇਰ-ਏ-ਪੰਜਾਬ ਸਪੋਰਟਸ ਸੁਸਾਇਟੀ ਦਾ ਵਿਸਾਖੀ ਮੇਲਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ 22 ਅਪਰੈਲ ਨੂੰ ਕਰਵਾਏ ਗਏ 6ਵੇਂ ਸਾਲਾਨਾ ਵਿਸਾਖੀ ਮੇਲੇ ਵਿਚ ਛੋਟੇ ਛੋਟੇ ਬੱਚਿਆਂ, ਗੱਭਰੂਆਂ, ਮੁਟਿਆਰਾਂ ਅਤੇ ਬਜ਼ੁਰਗਾਂ ਨੇ ਗਿੱਧੇ, ਭੰਗੜੇ, ਡਾਂਸ, ਕਾਮੇਡੀ ਅਤੇ ਹੋਰ ਆਈਟਮਾਂ ਪੇਸ਼ ਕਰਕੇ ਖੂਬ ਰੰਗ ਬੰਨਿਆ। ਮੇਲੇ ਵਿਚ ਛੋਟੇ-ਵੱਡੇ ਕਰੀਬ 150 ਬੱਚਿਆਂ ਨੇ ਤਾਂ ਕੋਈ 24 ਵੰਨਗੀਆਂ ਪੇਸ਼ ਕਰ ਕੇ ਆਪਣੀ ਕਲਾ ਦੇ ਜੌਹਰ ਵਿਖਾਏ ਹੀ ਸਗੋਂ ਗੱਭਰੂਆਂ ਤੇ ਮੁਟਿਆਰਾਂ ਨੇ ਨੱਚ ਨੱਚ ਕੇ ਧਮਾਲਾਂ ਪਾ ਦਿੱਤੀਆਂ। ਮਲਵਈ ਗਿੱਧਾ ਪੇਸ਼ ਕਰਕੇ ਵਡੇਰੀ ਉਮਰ ਦੇ ਕਲਾਕਾਰਾਂ ਨੇ ਮੇਲਾ ਸਿਖਰ 'ਤੇ ਲੈ ਆਂਦਾ।




ਮੇਲਾ ਮੋਨਰੋ ਹਾਈ ਸਕੂਲ ਦੇ ਆਡੀਟੋਰੀਅਮ ਵਿਚ 'ਦੇਹ ਸਿਵਾ ਬਰ ਮੋਹਿ ਇਹੈ' ਸ਼ਬਦ ਦੇ ਗਾਇਨ ਨਾਲ ਸ਼ੁਰੂ ਹੋਇਆ। ਉਪਰੰਤ ਵੱਖ ਵੱਖ ਉਮਰ ਵਰਗ ਦੇ ਗਰੁਪਾਂ ਨੇ ਇਕ ਪਿਛੋਂ ਇਕ ਆਈਟਮ ਪੇਸ਼ ਕੀਤੀ। ਪੰਜਾਬੀ ਸਭਿਆਚਾਰ ਦੇ ਨਾਲ ਨਾਲ ਭਾਰਤੀ ਸਭਿਆਚਾਰ ਦਾ ਰੰਗ ਵੀ ਇਸ ਮੇਲੇ ਵਿਚ ਦੇਖਣ ਨੂੰ ਮਿਲਿਆ, ਜੋ ਦਰਸ਼ਕਾਂ ਨੇ ਖਾਸ ਤੌਰ 'ਤੇ ਪਸੰਦ ਕੀਤਾ।















ਸਥਾਨਕ ਕਲਾਕਾਰਾਂ ਜਗਤਾਰ ਫੰਟੂ, ਬਲਵਿੰਦਰ ਫੰਟੂ, ਦਲਬੀਰ ਗਿੱਲ, ਸੁਰਿੰਦਰਪਾਲ ਅਤੇ ਅਨਮੋਲ ਮਾਵੀ ਨੇ ਕਾਮੇਡੀ ਪੇਸ਼ ਕਰਕੇ ਦਰਸ਼ਕਾਂ ਨੂੰ ਖੂਬ ਹਸਾਇਆ। ਅਨਮੋਲ ਮਾਵੀ ਨੇ ਇਕ ਕੋਰੀਓਗ੍ਰਾਫੀ ਵੀ ਪੇਸ਼ ਕੀਤੀ ਜਿਸ ਦੀ ਦਰਸ਼ਕਾਂ ਨੇ ਭਰਵੀਂ ਪ੍ਰਸ਼ੰਸਾ ਕੀਤੀ।

ਹਾਲ ਖਚਾ ਖਚ ਭਰਿਆ ਹੋਇਆ ਸੀ। ਕਈ ਦਰਸ਼ਕਾਂ ਨੂੰ ਬੈਠਣ ਲਈ ਥਾਂ ਨਾ ਮਿਲੀ ਤੇ ਉਨ੍ਹਾਂ ਖੜ੍ਹ ਕੇ ਮੇਲੇ ਦਾ ਅਨੰਦ ਮਾਣਿਆ। ਇਕ ਤੋਂ ਬਾਅਦ ਇਕ ਆਈਟਮ ਨਾਲ ਪ੍ਰੋਗਰਾਮ ਅੱਗੇ ਵਧਦਾ ਗਿਆ। ਛੋਟੇ ਛੋਟੇ ਬੱਚਿਆਂ ਦੀਆਂ ਰੰਗ-ਬਰੰਗੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਹਰ ਆਈਟਮ ਦੀ ਪੇਸ਼ਕਾਰੀ ਤੋਂ ਬਾਅਦ ਹਾਲ ਤਾੜੀਆਂ ਨਾਲ ਗੂੰਜ ਉਠਦਾ। ਦਰਸ਼ਕ ਬੱਚਿਆਂ ਦੀ ਮਿਹਨਤ ਅਤੇ ਉਨ੍ਹਾਂ ਦੀ ਕਲਾਕਾਰੀ 'ਤੇ ਪੂਰੀ ਤਰ੍ਹਾਂ ਖੁਸ਼ ਸਨ।

ਮੁਟਿਆਰਾਂ ਦੇ ਗਿੱਧੇ ਨੇ ਤਾਂ ਬਸ ਮੇਲੇ ਨੂੰ ਚਾਰ ਚੰਨ ਹੀ ਲਾ ਦਿੱਤੇ। ਲੰਮੀ ਹੇਕ ਨਾਲ ਗੀਤ ਗਾ ਕੇ ਮੁਟਿਆਰਾਂ ਨੇ ਪੁਰਾਣੇ ਵੇਲੇ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ। ਜਦੋਂ ਮੁਟਿਆਰਾਂ ਨੇ ਨੱਚ ਨੱਚ ਸਟੇਜ ਹਿੱਲਣੀ ਲਾ ਦਿੱਤੀ ਤਾਂ ਦਰਸ਼ਕ ਵੀ ਵਾਹ ਵਾਹ ਕਰ ਉਠੇ ਤੇ ਗਿੱਧਾ ਪਾਉਂਦੀਆਂ ਮੁਟਿਆਰਾਂ ਦੀਆਂ ਤਾੜੀਆਂ ਦੇ ਨਾਲ ਨਾਲ ਦਰਸ਼ਕਾਂ ਦੀਆਂ ਤਾੜ ਤਾੜ ਵੱਜਦੀਆਂ ਤਾੜੀਆਂ ਨਾਲ ਸਾਰਾ ਆਡੀਟੋਰੀਅਮ ਗੂੰਜ ਉਠਿਆ। ਮਾਪੇ ਆਪਣੇ ਬੱਚਿਆਂ ਨੂੰ ਗਿੱਧਾ-ਭੰਗੜਾ ਪਾਉਂਦੇ ਵੇਖ ਫੁੱਲੇ ਨਹੀਂ ਸਮਾ ਰਹੇ ਸਨ।

ਬੱਚਿਆਂ ਦੀਆਂ ਅਲੱਗ ਅਲੱਗ ਟੀਮਾਂ ਨੂੰ ਹੋਰਨਾਂ ਤੋਂ ਇਲਾਵਾ ਸਥਾਨਕ ਕੋਰੀਓਗ੍ਰਾਫਰ ਸਿਮਰਨ ਭੱਟੀ, ਅਨਮੋਲ ਮਾਵੀ, ਪ੍ਰਭਜੋਤ ਕਲੇਰ, ਏਂਜਲਾ ਸੈਣੀ, ਜੀਤ ਅਤੇ ਹਰਮਨ ਤੱਖਰ ਨੇ ਤਿਆਰ ਕੀਤਾ ਸੀ। ਇਨ੍ਹਾਂ ਦੀ ਮਿਹਨਤ ਬੱਚਿਆਂ ਦੀ ਪੇਸ਼ਕਾਰੀ ਵਿਚੋਂ ਸਾਫ ਨਜ਼ਰ ਆ ਰਹੀ ਸੀ। ਜ਼ਿਕਰਯੋਗ ਹੈ ਸੁਸਾਇਟੀ ਵਲੋਂ ਪੰਜਾਬੀ ਸਭਿਆਚਾਰ ਨੂੰ ਪ੍ਰੋਮੋਟ ਕਰਨ ਲਈ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਹਰ ਸਾਲ ਇਕ ਖੇਡ ਮੇਲਾ ਤੇ ਤੀਆਂ ਦਾ ਮੇਲਾ ਵੀ ਕਰਵਾਉਂਦੀ ਹੈ।

ਮੇਲੇ ਦੇ ਅਖੀਰ ਵਿਚ ਸੁਸਾਇਟੀ ਅਤੇ ਸਪੋਰਟਸ ਟੀਮ ਦੇ ਮੈਂਬਰਾਂ ਨੇ ਮਲਵਈ ਗਿੱਧਾ ਪੇਸ਼ ਕਰਦਿਆਂ ਐਸਾ ਰੰਗ ਬੰਨਿਆ ਕਿ ਸਭ ਅਸ਼ ਅਸ਼ ਕਰ ਉਠੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੁਮਾਰ ਪਵਨਦੀਪ ਨੇ ਬਾਖੂਬੀ ਨਿਭਾਈ।

ਮੇਲੇ ਦੇ ਮੁੱਖ ਮਹਿਮਾਨ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਉਚੇਚਾ ਕੈਲੀਫੋਰਨੀਆ ਤੋਂ ਪਹੁੰਚੇ। ਸੁਸਾਇਟੀ ਨੇ ਉਨ੍ਹਾਂ ਦਾ ਮਾਣ-ਸਨਮਾਨ ਕਰਦਿਆਂ ਵੱਖ ਵੱਖ ਗਰੁਪਾਂ ਅਤੇ ਸਪਾਂਸਰਾਂ ਦਾ ਮਾਣ-ਸਨਮਾਨ ਵੀ ਕੀਤਾ। ਮੇਲੇ ਵਿਚ ਓਹਾਇਓ ਦੇ ਹੋਰਨਾਂ ਸ਼ਹਿਰਾਂ ਤੋਂ ਇਲਾਵਾ ਇੰਡੀਆਨਾ, ਮਿਸ਼ੀਗਨ ਅਤੇ ਕੈਨਟੱਕੀ ਤੋਂ ਵੀ ਦਰਸ਼ਕ ਪਹੁੰਚੇ ਹੋਏ ਸਨ। ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਸੁਸਾਇਟੀ ਨੇ ਦਰਸ਼ਕਾਂ ਲਈ ਖਾਣੇ ਦਾ ਮੁਫਤ ਖੁੱਲ੍ਹਾ ਪ੍ਰਬੰਧ ਕੀਤਾ ਹੋਇਆ ਸੀ।

ਮੇਲੇ ਨੂੰ ਕਾਮਯਾਬ ਕਰਨ ਲਈ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਅਹੁਦੇਦਾਰਾਂ-ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਟਿਵਾਣਾ, ਅਮਰਜੀਤ ਸਿੰਘ ਤੱਖਰ, ਹਰਿੰਦਰ ਸਿੰਘ ਕੰਗ, ਬੌਬੀ ਸਿੰਘ ਸਿੱਧੂ, ਸੁਰਜੀਤ ਸਿੰਘ ਮਾਵੀ, ਗੁਰਪ੍ਰੀਤ ਸਿੰਘ ਗਿੱਲ, ਵਿਨੀਤ ਗੁਪਤਾ, ਮਨੀ ਰਾਮ, ਪਰਮਜੀਤ ਸਿੰਘ ਗਰਚਾ, ਬਹਾਦਰ ਸਿੰਘ ਮੁੰਡੀ, ਨਰਿੰਦਰਪਾਲ ਸਿਘ ਤਾਤਲਾ, ਕੁਮਾਰ ਪਵਨਦੀਪ, ਅਮਰਜੀਤ ਅਗਰਵਾਲ, ਪਰਮਿੰਦਰ ਸਿੰਘ ਤੱਖਰ, ਬਹਾਦਰ ਸਿੰਘ ਕਲੇਰ, ਜਗਤਾਰ ਸਿੰਘ ਫੰਟੂ, ਪ੍ਰੀਤਮਪਾਲ ਸਿੰਘ ਅਤੇ ਗੁਰਮਿੰਦਰ ਸਿੰਘ ਸੰਧੂ ਨੇ ਭਰਵੀਂ ਮਿਹਨਤ ਕੀਤੀ।

ਇਸੇ ਦੌਰਾਨ ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਦਾ 'ਤੀਆਂ ਦਾ ਮੇਲਾ' ਆਉਂਦੀ 15 ਜੁਲਾਈ ਨੂੰ ਓ.ਟੀ.ਐਸ. ਹਾਲ, ਮੋਨਰੋ ਵਿਖੇ ਹੋਵੇਗਾ।

#











# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਸ਼ਹੀਦਾਂ ਦੀ ਯਾਦ 'ਚ ਸਮਾਗਮ

**ਨਿਊ ਯਾਰਕ (ਬਿਊਰੋ):** ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸਥਾਨਕ ਸੰਸਥਾ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਵਿਚ ਜਿਥੇ ਬੁਲਾਰਿਆਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ, ਉਥੇ ਇਹ ਗੱਲ ਵੀ ਉਭਾਰੀ ਕਿ ਇਨ੍ਹਾਂ ਆਜ਼ਾਦੀ ਘੁਲਾਟੀਆਂ ਨੇ ਸਮਾਜ ਦੀ ਇਕਸਾਰਤਾ ਤੇ ਲੁੱਟ ਰਹਿਤ ਸਮਾਜ ਦਾ ਸੁਪਨਾ ਲਿਆ ਸੀ ਜੋ ਅਜੇ ਵੀ ਅਧੂਰਾ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਤਾਜ਼ਾ ਰੱਖਣਾ ਸਾਡਾ ਸਭ ਦਾ ਫਰਜ਼ ਬਣਦਾ ਹੈ ਤਾਂ ਜੋ ਸਾਡੀ ਅਗਲੀ ਪੀੜ੍ਹੀ ਭਾਰਤ ਤੇ ਅਮਰੀਕਾ ਦੇ ਆਜ਼ਾਦੀ ਦੇ ਘੋਲ ਪ੍ਰਤੀ ਜਾਣੂ ਹੋ ਸਕੇ।

ਲੰਘੀ 30 ਅਪਰੈਲ ਨੂੰ ਹੋਏ ਇਸ ਸਮਾਗਮ ਦੀ ਸ਼ੁਰੂਆਤ ਨਾਮਧਾਰੀ ਸੰਸਥਾ ਦੀਆਂ ਬੀਬੀਆਂ-ਸਤਵਿੰਦਰ ਕੌਰ ਤੇ ਬਲਵੰਤ ਕੌਰ ਨੇ 'ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ" ਸ਼ਬਦ ਦੇ ਗਾਇਨ ਨਾਲ ਕੀਤੀ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਅਮਰੀਕਾ-ਕੈਨੇਡਾ ਦੀ ਇਮੀਗ੍ਰੇਸ਼ਨ ਦੇ ਸੰਘਰਸ਼ 'ਚ ਹਿੱਸਾ ਪਾਉਣ ਵਾਲੇ ਬਾਬਾ ਬਲਵੰਤ ਸਿੰਘ ਖੁਰਦਪੁਰ ਅਤੇ ਭਾਈ ਭਾਗ ਸਿੰਘ ਭਿੱਖੀਵਿੰਡ ਨੂੰ ਯਾਦ ਕੀਤਾ ਗਿਆ। ਕਵੀ ਦਲਜੀਤ ਮੋਖਾ ਦੇ ਸਦੀਵੀ ਵਿਛੋੜੇ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਸਾਬਕਾ ਅਧਿਆਪਕ ਪ੍ਰੋ. ਨਿਰੰਜਨ ਸਿੰਘ ਢੇਸੀ ਨੇ ਬੜੇ ਹੀ ਠਰੰਮੇ ਭਰੇ ਸ਼ਬਦਾਂ ਵਿਚ ਆਖਿਆ ਕਿ ਇਤਿਹਾਸ ਨੂੰ ਤੋੜ ਕੇ ਦੇਖਣ ਦੀ ਕੋਸ਼ਿਸ਼, ਵਰਗਲਾਉਣ ਤੇ ਨਿਜੀ ਹਿੱਤਾਂ ਦੀ ਪੂਰਤੀ ਲਈ ਵਰਤਣ ਦਾ ਵਰਤਾਰਾ ਹੈ। ਭਾਰਤ ਦੀ ਅੰਗਰੇਜ਼ਾਂ ਵਿਰੁਧ ਲੜਾਈ ਅਮਰੀਕਾ ਤੇ ਕੈਨੇਡਾ ਤੋਂ ਸ਼ੁਰੂ ਹੋਈ। ਇਥੇ ਇਮੀਗ੍ਰੇਸ਼ਨ ਤੇ ਬਰਾਬਰੀ ਦੀ ਲੜਾਈ ਸੀ ਅਤੇ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਕੇ ਦੇਸ਼ ਵਿਚ ਆਜ਼ਾਦੀ, ਬਰਾਬਰੀ ਤੇ ਭਰਾਤਰੀ ਭਾਵ ਪੈਦਾ ਕਰਨ ਦੀ ਕੋਸ਼ਿਸ਼ ਸੀ।

ਪ੍ਰੋ. ਢੇਸੀ ਨੇ ਕਿਹਾ ਕਿ ਜਿਥੇ ਗਦਰੀ ਬਾਬਿਆਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਲੜਾਈ ਲੜੀ, ਉਥੇ ਭਾਰਤੀਆਂ ਨੂੰ ਪੱਕੇ ਵਾਸੀ ਬਣਾਉਣ ਵਾਸਤੇ ਵੀ ਸੰਘਰਸ਼ ਕੀਤਾ। ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਅਮਰੀਕਾ-ਕੈਨੇਡਾ ਦੇ ਸਮਾਜ ਵਿਚ ਮੌਜਾਂ ਮਾਣ ਰਹੇ ਹਾਂ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਸਾਡੇ ਲਈ ਸਮੁੱਚੇ ਇਤਿਹਾਸ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

ਉਚੇਚਾ ਭਾਰਤ ਤੋਂ ਆਏ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ 1857 ਵਿਚ ਵਾਪਰੀਆਂ ਤਿੰਨ ਘਟਨਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਭਾਰਤ ਦੇ ਵਿਆਪਕ ਗਦਰ ਨੇ ਈਸਟ-ਇੰਡੀਆ ਦਾ ਖਾਤਮਾ ਤਾਂ ਕੀਤਾ ਪਰ ਪੂਰਨ ਤਬਦੀਲੀ ਨਾ ਕਰ ਸਕੇ। ਸਤਿਗੁਰੂ ਰਾਮ ਸਿੰਘ ਨੇ ਕੰਪਨੀ ਦੀ ਨੀਤੀ ਨੂੰ ਸਮਝਦਿਆਂ ਸਮਾਜਿਕ ਹਿੱਤ ਲਈ ਆਪਾ ਵਾਰਨ ਵਾਲੇ ਹਜ਼ਾਰਾਂ ਲੋਕਾਂ ਨੂੰ ਤਿਆਰ-ਬਰ-ਤਿਆਰ ਕਰਨ ਲਈ ਨਾਮਧਾਰੀ ਲਹਿਰ ਦੀ ਨੀਂਹ ਰੱਖੀ। ਸ਼ਹੀਦ ਭਗਤ ਸਿੰਘ ਦੇ ਪੜਦਾਦਾ ਸ. ਫਤਿਹ ਸਿੰਘ ਨੇ ਕਿਹਾ ਸੀ ਕਿ ਮਨੁੱਖ ਦਾ ਇਤਿਹਾਸ ਉਸ ਵਕਤ ਸਿਰਜ ਹੁੰਦਾ ਹੈ ਜਦੋਂ ਉਹ ਜਾਇਦਾਦ ਤੇ ਅਸੂਲ ਵਿਚੋਂ ਇਕ ਨੂੰ ਚੁਣਦਾ ਹੈ। ਉਨ੍ਹਾਂ (ਸ. ਫਤਿਹ ਸਿੰਘ) ਨੇ ਗੁਰੂ ਗੋਬਿੰਦ ਸਿੰਘ ਤੋਂ ਸਿੱਖੇ ਅਸੂਲ 'ਤੇ ਪਹਿਰਾ ਦਿੰਦਿਆਂ ਕਿਹਾ ਸੀ ਕਿ ਜੋ ਲੋਕ ਹੱਕ ਦੀ ਲੜਾਈ ਲੜ ਰਹੇ ਹੋਣ, ਉਨ੍ਹਾਂ ਨਾਲ ਖੜਨਾ ਚਾਹੀਦਾ ਹੈ ਅਤੇ ਇਹ ਸ਼ਬਦ ਮੈਂ ਆਉਣ ਵਾਲੀਆਂ ਪੁਸ਼ਤਾਂ ਨੂੰ ਵੀ ਦੱਸ ਕੇ ਜਾਵਾਂਗਾ। ਇਸੇ ਸਦਕਾ ਉਨ੍ਹਾਂ ਦੀਆਂ ਚਾਰ ਪੁਸ਼ਤਾਂ ਨੇ ਹੱਕ-ਸੱਚ ਦੀ ਲੜਾਈ 'ਚ ਹਿੱਸਾ ਪਾਇਆ ਤੇ ਸ਼ਹੀਦ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਲਿਖ ਕੇ ਭੇਜਿਆ ਸੀ ਕਿ ਸਮਾਂ ਆਉਣ 'ਤੇ ਉਹ ਜ਼ਿੰਦਗੀ ਦੇ ਅਸੂਲ ਹੀ ਚੁਣੇਗਾ।

ਪ੍ਰੋ. ਜਗਮੋਹਨ ਸਿੰਘ ਨੇ ਆਖਿਆ ਕਿ ਸ਼ਹੀਦ ਭਗਤ ਸਿੰਘ ਵਿਚ ਜੋ ਤਰਕਸ਼ੀਲਤਾ ਦਾ ਸੁਭਾਅ ਸੀ, ਉਹ ਦਾਦਾ ਜੀ ਨੇ ਹੀ ਪੈਦਾ ਕੀਤਾ ਸੀ। ਇਸੇ ਕਰਕੇ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਗੁਰਮੁਖੀ ਲਿਪੀ ਸਿੱਖੀ ਤਾਂ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰ ਸਿੱਖੇ ਜਾਣ, ਜਿਨ੍ਹਾਂ ਨੂੰ ਛੁਪਾਉਣ ਲਈ ਮਹੰਤ ਇਸ 'ਤੇ ਕਾਬਜ਼ ਹੋਈ ਬੈਠੇ ਸਨ। ਸਿਖਿਆ ਲੱਭੀ ਕਿ ਗੁਰੂ ਤੇਗ ਬਹਾਦਰ ਦੇ ਜੋ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ, ਉਹ ਚਾਂਦਨੀ ਚੌਕ ਤੋਂ ਭੇਜੇ ਗਏ ਸਨ ਤੇ ਉਸ ਵਿਚ ਇਕ ਗੁਰ ਮੰਤਰ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਸਪਸ਼ਟ ਕੀਤਾ ਤੇ ਸੰਤ ਸਿਪਾਹੀ ਬਣੇ: 'ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥'

ਅਖੀਰ ਵਿਚ ਉਨ੍ਹਾਂ ਆਖਿਆ ਕਿ ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਗਦਰ ਪਾਰਟੀ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਮਦਨ ਲਾਲ ਢੀਂਗੜਾ, ਬੱਬਰ ਅਕਾਲੀ ਅਤੇ ਸਾਥੀਆਂ ਦੇ ਵਿਰਸੇ ਨਾਲ ਜੋੜਨ ਦੀ ਲੋੜ ਹੈ, ਉਹ ਤਰਕਸੰਗਤ ਸਨ। ਉਨ੍ਹਾਂ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਤੋਂ ਅਜਿਹੇ ਉਦਮ ਦੀ ਆਸ ਕਰਦਿਆਂ ਇਸ ਦੀ ਸ਼ਲਾਘਾ ਕੀਤੀ।

ਭਾਰਤ ਤੋਂ ਆਏ ਚਿੰਤਕ ਗੁਰਮੀਤ ਸਿੰਘ ਸ਼ੁਗਲੀ ਨੇ ਆਪਣੀਆਂ ਭਾਵਨਾਵਾਂ ਜ਼ਾਹਰ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ ਨੂੰ ਉਸਾਰੂ ਦਿੱਖ ਨਾਲ ਦੇਖਣ ਦੀ ਲੋੜ ਹੈ। ਭਗਤ ਸਿੰਘ ਦੇ ਹੱਥ ਵਿਚ ਪਿਸਤੌਲ ਫੜਾ ਉਸ ਦੇ ਅਕਸ਼ ਨੂੰ ਖਰਾਬ ਨਹੀਂ ਕਰਨਾ ਚਾਹੀਦਾ ਬਲਕਿ ਇਹ ਉਭਾਰਨ ਦੀ ਲੋੜ ਹੈ ਕਿ ਉਹ ਇਕ ਸੋਚ ਸੀ ਜੋ ਲੁੱਟ-ਖਸੁੱਟ ਦਾ ਰਾਜ ਖਤਮ ਕਰਕੇ ਸਮਾਜ ਨੂੰ ਭੇਦ-ਭਾਵ ਤੋਂ ਰਹਿਤ ਦੇਖਣਾ ਚਾਹੁੰਦਾ ਸੀ।

ਇੰਡੋ ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਦੀਆਂ ਪ੍ਰਾਪਤੀਆਂ ਬਾਰੇ ਬੋਲਦਿਆਂ ਉਂਕਾਰ ਸਿੰਘ ਡੁਮੇਲੀ ਨੇ ਕਿਹਾ ਕਿ ਸੰਸਥਾ ਪੰਜ ਸਾਲ ਤੋਂ ਸ਼ਹੀਦਾਂ ਤੇ ਗਦਰੀ ਬਾਬਿਆਂ ਨਾਲ ਸਬੰਧਤ ਸੈਮੀਨਾਰ ਕਰਵਾ ਰਹੀ ਹੈ ਜੋ ਭਾਈਚਾਰੇ ਵਿਚ ਚੇਤਨਾ ਤੇ ਉਤਸ਼ਾਹ ਭਰਨ ਦਾ ਯੋਗਦਾਨ ਹੈ। ਉਨ੍ਹਾਂ ਅਜਿਹੇ ਉਸਾਰੂ ਪ੍ਰੋਗਰਾਮ ਅਗਾਂਹ ਤੋਂ ਵੀ ਕਰਦੇ ਰਹਿਣ ਬਾਰੇ ਕਿਹਾ ਤਾਂ ਕਿ ਅਸੀਂ ਆਪਣੇ ਬੱਚਿਆਂ ਤੇ ਪਰਿਵਾਰਾਂ ਨੂੰ ਵਿਰਸੇ ਨਾਲ ਜੋੜਨ ਦਾ ਯਤਨ ਕਰ ਸਕੀਏ।

ਪ੍ਰੋਗਰਾਮ ਦੇ ਅਗਲੇ ਹਿੱਸੇ ਵਿਚ ਕਵਿਤਾਵਾਂ, ਗੀਤਾਂ ਤੇ ਗਜ਼ਲਾਂ ਰਾਹੀਂ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਬੀਬੀ ਸਿਮਰਜੀਤ ਕੌਰ ਨੇ 'ਮੇਲੇ ਤਾਂ ਯਾਦ ਨੇ ਸ਼ਹਾਦਤ ਭੁੱਲ ਗਈ ਏ' ਕਵਿਤਾ ਪੜ੍ਹ ਕੇ ਦਰਸ਼ਕਾਂ ਦੇ ਦਿਲਾਂ ਨੂੰ ਹਲੂਣਾ ਦਿਤਾ। ਬੀਬੀ ਸੁਰਿੰਦਰ ਕੌਰ ਨੇ ਸ਼ਹੀਦ ਭਗਤ ਸਿੰਘ ਦੇ ਟੱਪੇ

(ਬਾਕੀ ਅਗਲੇ ਸਫੇ 'ਤੇ)



ਪ੍ਰੋ. ਨਿਰੰਜਨ ਸਿੰਘ ਢੇਸੀ



ਪ੍ਰੋ. ਜੀਤ ਚੰਦਨ


ਜਸਵਿੰਦਰਪਾਲ ਸਿੰਘ


ਸੁਰਿੰਦਰ ਕੌਰ


ਸਵਰਨ ਸਿੰਘ


ਪ੍ਰੋ. ਜਗਮੋਹਨ ਸਿੰਘ


ਪ੍ਰੋ. ਪ੍ਰੇਮ ਮਾਨ


ਬਲਵਿੰਦਰ ਭੌਰਾ


ਸਤਨਾਮ ਸਿੰਘ


ਗੁਰਮੀਤ ਸਿੰਘ ਸੁਗਲੀ


ਮਨੀਸ਼ ਕੁਮਾਰ


ਸੁਰਿੰਦਰ ਸੋਹਲ


ਮਨਮੋਹਨ ਪੂਨੀ












# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਸ਼ਹੀਦਾਂ ਦੀ ਯਾਦ 'ਚ ਸਮਾਗਮ

(ਪਿਛਲੇ ਸਫੇ ਦੀ ਬਾਕੀ)

'ਦਿਤਾ ਵਾਰ ਜੁਆਨੀ ਨੂੰ, ਕੌਣ ਭੁੱਲ ਸਕਦਾ ਭਲਾ ਤੇਰੀ ਦਿਤੀ ਕੁਰਬਾਨੀ ਨੂੰ' ਗਾ ਕੇ ਦਰਸ਼ਕਾਂ ਦੇ ਵਿਚ ਸ਼ਹੀਦ ਭਗਤ ਸਿੰਘ ਨੂੰ ਰੂ-ਬ-ਰੂ ਖੜਾ ਕਰ ਦਿਤਾ।

ਡਾ. ਜੀਤ ਚੰਦਨ ਨੇ ਇਕ ਕਵਿਤਾ ਰਾਹੀਂ ਸਰੋਤਿਆਂ ਨੂੰ ਵਧੀਆ ਸਮਾਜ ਦੀ ਉਸਾਰੀ ਲਈ ਆਪਣੀ ਬਣਦੀ ਜਿੰਮੇਵਾਰੀ ਦਾ ਅਹਿਸਾਸ ਕਰਵਾਇਆ। ਸਤਨਾਮ ਸਿੰਘ ਸੀਰਾ ਨੇ 'ਛੱਟਾ ਚਾਨਣਾਂ ਦਾ' ਗੀਤ ਸੁਣਾ ਕੇ ਸਭ ਨੂੰ ਮੰਤਰ ਮੁਗਧ ਕੀਤਾ। ਗਜ਼ਲਗੋ ਸੁਰਿੰਦਰ ਸੋਹਲ ਨੇ 'ਮਸ਼ਾਲ ਵਾਂਗ ਸਲੀਬਾਂ ਵੀ ਰੁਸ਼ਨਾਉਂਦਾ ਹੈ, ਲਹੂ ਸ਼ਹੀਦਾਂ ਦਾ ਡੁਲ੍ਹਦਾ ਹੈ ਜਗਮਗਾਉਂਦਾ ਹੈ' ਗਜ਼ਲ ਪੜ੍ਹ ਕੇ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿਤਾ।

ਪ੍ਰੋਗਰਾਮ ਦੇ ਅਗਲੇ ਪੜਾਅ ਵਿਚ ਮਨਮੋਹਨ ਪੂਨੀ ਨੇ ਗਦਰੀ ਬਾਬਿਆਂ ਬਾਰੇ ਸੈਮੀਨਾਰ ਕਰਾਉਣ ਦੀ ਮਹੱਤਤਾ ਬਾਰੇ ਦੱਸਿਆ ਕਿ ਸਾਡੀ ਕੋਸ਼ਿਸ਼ ਹੈ ਕਿ ਅਗਲੀ ਪੀੜ੍ਹੀ ਨੂੰ ਭਾਰਤ ਅਤੇ ਅਮਰੀਕਾ ਦੇ ਆਜ਼ਾਦੀ ਘੁਲਾਟੀਆਂ ਬਾਰੇ ਜਾਣਕਾਰੀ ਦਿਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਆਪਣੇ ਵਿਰਸੇ ਤੇ ਇਤਿਹਾਸ ਨਾਲ ਜੋੜਿਆ ਜਾ ਸਕੇ। ਪ੍ਰੋ. ਪ੍ਰੇਮ ਮਾਨ ਨੇ ਨਸੀਹਤ ਕੀਤੀ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਸਭ ਨੂੰ ਜਾਣੂੰ ਕਰਵਾਉਣ ਲਈ ਸਾਨੂੰ ਇਕੱਠੇ ਹੋ ਕੇ ਚੱਲਣ ਦੀ ਲੋੜ ਹੈ।

ਨਾਮਧਾਰੀ ਸੰਸਥਾ ਦੇ ਸਿਰਕਰਦਾ ਮੈਂਬਰ ਸਰਮੁਖ ਸਿੰਘ ਨੇ ਸ਼ਹੀਦਾਂ ਦੀਆਂ ਕੁਰਬਾਨੀ ਨੂੰ ਨਤਮਸਤਕ ਹੁੰਦਿਆਂ ਆਖਿਆ ਕਿ ਜੇ ਅਸੀਂ ਸੋਚਦੇ ਹਾਂ ਕਿ ਅੱਜ ਦਾ ਸਮਾਜ ਸ਼ਹੀਦਾਂ ਦੀ ਸੋਚ ਦਾ ਸਮਾਜ ਹੈ, ਤਾਂ ਸਾਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣ ਵੱਲ ਝਾਤ ਮਾਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਰਹਿ ਗਏ ਅਧੂਰੇ ਕੰਮਾਂ ਨੂੰ ਪੂਰੇ ਕਰਨ ਦੇ ਯਤਨ ਕਰਨੇ ਚਾਹੀਦੇ ਹਨ।

ਬਲਵਿੰਦਰ ਸਿੰਘ ਭੌਰਾ ਨੇ ਇਕ ਕਵਿਤਾ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਛੋਟੇ-ਵੱਡੇ ਦਾ ਪਾੜਾ ਦੂਰ ਕਰਨਾ ਚਾਹੀਦਾ ਹੈ ਤਾਂ ਕਿ ਮਨੁੱਖ, ਮਨੁੱਖ ਦੀ ਕਦਰ ਕਰ ਸਕੇ। ਜੱਸ ਟੀ.ਵੀ. ਦੇ ਮਨੀਸ਼ ਕੁਮਾਰ ਨੇ ਕਿਹਾ ਕਿ ਅਜਿਹੇ ਹੋਰ ਪ੍ਰੋਗਰਾਮ ਵੀ ਹੋਣੇ ਚਾਹੀਦੇ ਹਨ ਜਿਨ੍ਹਾਂ ਰਾਹੀਂ ਲੋਕਾਂ ਵਿਚ ਜਾਣਕਾਰੀ ਦਾ ਵਾਧਾ ਹੋ ਸਕੇ।

ਪ੍ਰਧਾਨਗੀ ਮੰਡਲ ਵਲੋਂ ਸਵਰਨ ਸਿੰਘ ਨੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ ਸ. ਹਰੀ ਸਿੰਘ ਗੁੱਜਰਾਂ ਵਾਲੇ ਦੇ ਪੜਪੋਤੇ ਮਾਸਟਰ ਸਰਬਜੀਤ ਸਿੰਘ ਨੂੰ ਜੀ ਆਇਆਂ ਆਖੀ। ਸੰਸਥਾ ਅਤੇ ਨਾਮਧਾਰੀ ਸਿੱਖ ਸੰਗਤ ਵਲੋਂ ਸਰੋਤਿਆਂ ਦਾ ਧੰਨਵਾਦ ਕਰਦਿਆਂ ਪ੍ਰਧਾਨ ਜਸਵਿੰਦਰ ਪਾਲ ਸਿੰਘ ਨੇ ਬੇਨਤੀ ਕੀਤੀ ਕਿ ਸਾਨੂੰ ਸਾਰਿਆਂ ਨੂੰ ਇਸ ਸਮਾਜ ਵਿਚ ਰਲ-ਮਿਲ ਕੇ ਤੁਰਨ ਦੀ ਰੀਤ ਨੂੰ ਵਧਾਉਣਾ ਚਾਹੀਦਾ ਹੈ ਅਤੇ ਇਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਵੱਲੋਂ ਕਰਵਾਏ ਜਾਂਦੇ ਅਜਿਹੇ ਪ੍ਰੋਗਰਾਮਾਂ ਲਈ ਤਨ, ਮਨ, ਧਨ ਨਾਲ ਸਹਿਯੋਗ ਦੇਣਾ ਚਾਹੀਦਾ ਹੈ ਜੋ ਸਾਨੂੰ ਸਾਡੇ ਵਿਰਸੇ ਤੇ ਇਤਿਹਾਸ ਨਾਲ ਜੋੜਦੇ ਹਨ।

ਇਸ ਮੌਕੇ ਕਿਤਾਬਾਂ ਦਾ ਇਕ ਸਟਾਲ ਵੀ ਲਾਇਆ ਗਿਆ ਜਿਸ ਦੀ ਜਿੰਮੇਵਾਰੀ ਅਰਵਨ, ਅਰਮਾਨ, ਬੰਟੀ ਸਿੰਘ, ਪਰਮਜੀਤ ਸਿੰਘ, ਦਵਿੰਦਰ ਝਾਵਰ ਤੇ ਵਿਕਰਮ ਪੂਨੀ ਦੇ ਸਿਰ ਸੀ।

ਸੰਸਥਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਹੋਰਨਾਂ ਤੋਂ ਇਲਾਵਾ ਸ਼ਹੀਦ ਭਾਈ ਮਨੀ ਸਿੰਘ ਕਲਚਰ ਸੁਸਾਇਟੀ-ਨਿਊ ਯਾਰਕ, ਕਪੂਰਥਲਾ ਸਪੋਰਟਸ ਕਲੱਬ, ਚਰਨਜੀਤ ਸਿੰਘ ਸਮਰਾ, ਨਿਰਮਲ ਕੰਗ, ਭਾਗ ਸਿੰਘ, ਹਰਜਿੰਦਰ ਸਿੰਘ ਰੱਕੜ, ਬਲਬੀਰ ਡੁਮੇਲੀ, ਜਸਬੀਰ ਡੁਮੇਲੀ, ਰਮਨ ਮੰਡ, ਮਾਸਟਰ ਸਰਬਜੀਤ ਸਿੰਘ, ਸੁਖਵਿੰਦਰ ਸਿੰਘ, ਇਕਬਾਲ ਸਿੰਘ, ਗੁਰਮੀਤ ਸਿੰਘ ਜਸਵਾਲ, ਰਜਿੰਦਰ ਬਿੱਟੂ, ਜਸਵਿੰਦਰ ਜੱਸਾ, ਦਲਜੀਤ ਸਿੰਘ, ਹਰਜਿੰਦਰ ਹਰਿਆਣਵੀ, ਧਰਮਪਾਲ ਸਿੰਘ ਤੇ ਸਿੱਖ ਕਲਚਰ ਸੁਸਾਇਟੀ-ਰਿਚਮੰਡ ਹਿੱਲ ਅਤੇ ਪੀ.ਟੀ.ਸੀ. ਚੈਨਲ ਦੇ ਪੈਨੀ ਸੰਧੂ ਤੇ ਜੱਸ ਟੀ.ਵੀ. ਦੇ ਹਰਵਿੰਦਰ ਰਿਆੜ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।

# ਸ਼ਹੀਦ ਭਗਤ ਸਿੰਘ ਨੇ ਜ਼ਿੰਦਗੀ ਵਿਚ ਸਿਰਫ ਇਕ ਗੋਲੀ ਚਲਾਈ ਸੀ-ਸ਼ੁਗਲੀ

**ਨਿਊ ਯਾਰਕ (ਬਿਊਰੋ):** 'ਭਗਤ ਸਿੰਘ ਨੂੰ ਗੋਲੀਆਂ ਚਲਾਉਂਦੇ, ਬੰਬਾਂ ਨਾਲ ਖੇਡਦੇ, ਖੂਨ-ਖਰਾਬਾ ਕਰਦੇ ਨੌਜਵਾਨ ਵਜੋਂ ਹੀ ਪ੍ਰਚਾਰਿਆ ਜਾਂਦਾ ਰਿਹਾ ਹੈ। ਉਹ ਕਿੰਨਾ ਬੁੱਧੀਮਾਨ ਸੀ, ਕਿੰਨਾ ਅਗਾਂਹਵਧੂ ਵਿਚਾਰਾਂ ਨਾਲ ਲੈਸ ਸੀ, ਇਸ ਗੱਲ ਨੂੰ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਅਸਲ ਵਿਚ ਸ਼ਹੀਦ ਭਗਤ ਸਿੰਘ ਬਾਰੇ ਸਹੀ ਸੰਦਰਭ ਵਿਚ ਪ੍ਰਚਾਰ ਕੀਤਾ ਹੀ ਨਹੀਂ ਗਿਆ।' ਇਹ ਵਿਚਾਰ ਨਾਮੀ ਵਕੀਲ ਅਤੇ ਵਿਚਾਰਵਾਨ ਗੁਰਮੀਤ ਸਿੰਘ ਸ਼ੁਗਲੀ ਨੇ ਇਥੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।


ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਦੀ ਮੀਟਿੰਗ ਦਾ ਆਯੋਜਨ ਪੰਜਾਬੀ ਦੀ ਪ੍ਰਸਿੱਧ ਲੇਖਕਾ ਰਾਣੀ ਨਗਿੰਦਰ ਦੇ ਘਰ ਕੀਤਾ ਗਿਆ ਸੀ। ਇਸ ਸਮੇਂ ਗੁਰਮੀਤ ਸਿੰਘ ਸ਼ੁਗਲੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

ਸਭ ਤੋਂ ਪਹਿਲਾਂ ਰਾਣੀ ਨਗਿੰਦਰ ਦਾ ਸਫਰਨਾਮਾ 'ਇਜੀਪਟ ਤੋਂ ਇਜ਼ਰਾਈਲ' ਸ. ਸ਼ੁਗਲੀ ਨੇ ਰਿਲੀਜ਼ ਕੀਤਾ। ਰਾਜਿੰਦਰ ਜਿੰਦ, ਸੁਰਿੰਦਰ ਸੋਹਲ, ਤਰਲੋਕਬੀਰ ਅਤੇ ਮਨਮੋਹਨ ਆਲਮ ਨੇ ਕਾਵਿ-ਪਾਠ ਕੀਤਾ।

ਅਗਲਾ ਦੌਰ ਗੁਰਮੀਤ ਸਿੰਘ ਸ਼ੁਗਲੀ ਦੇ ਲੈਕਚਰ ਨਾਲ ਸ਼ੁਰੂ ਹੋਇਆ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ, ਫਲਸਫੇ ਅਤੇ ਕੁਰਬਾਨੀ ਦੇ ਜਜ਼ਬੇ ਅਤੇ ਮਹੱਤਵ ਬਾਰੇ ਤਫਸੀਲ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਸਰੋਤਿਆਂ ਨੇ ਉਨ੍ਹਾਂ ਨੂੰ ਸਵਾਲ ਵੀ ਪੁੱਛੇ। ਸ੍ਰੀ ਸ਼ੁਗਲੀ ਨੇ ਭਗਤ ਸਿੰਘ ਦੀ ਨਾਸਤਿਕ ਸੋਚ ਦੇ ਕਾਰਨ ਬੜੀ ਬਰੀਕੀ ਨਾਲ ਬਿਆਨ ਕੀਤੇ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਸੀਂ ਸ਼ਹੀਦ ਭਗਤ ਸਿੰਘ ਦੇ ਸੋਹਲੇ ਤਾਂ ਬਹੁਤ ਗਾਉਂਦੇ ਹਾਂ, ਪਰ ਇਹ ਕਦੇ ਨਹੀਂ ਚਾਹੁੰਦੇ ਕਿ ਸਾਡੇ ਘਰ ਸ਼ਹੀਦ ਭਗਤ ਸਿੰਘ ਵਰਗਾ ਪੁੱਤਰ ਪੈਦਾ ਹੋਵੇ। ਮੁੱਖ ਕਾਰਨ ਹੀ ਇਹ ਹੈ ਕਿ ਅੱਜ ਤੱਕ ਭਗਤ ਸਿੰਘ ਨੂੰ ਇਕ ਅਤਿਵਾਦੀ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਅਗਰ ਸਾਡੇ ਬੱਚਿਆਂ ਨੂੰ ਇਹ ਪਤਾ ਲੱਗੇ ਕਿ ਆਪਣੀ ਜ਼ਿੰਦਗੀ ਵਿਚ ਭਗਤ ਸਿੰਘ ਨੇ ਸਿਰਫ ਇਕ ਵਾਰ ਗੋਲੀ ਚਲਾਈ ਸੀ, ਉਹ ਵੀ 'ਟਾਰਗੇਟ ਕਿਲਿੰਗ' ਸੀ ਦਹਿਸ਼ਤ ਫੈਲਾਉਣ ਵਾਸਤੇ ਨਹੀਂ ਸੀ ਤਾਂ ਭਗਤ ਸਿੰਘ ਬਾਰੇ ਸਭ ਦੀ ਸੋਚ ਬਦਲੀ ਜਾ ਸਕਦੀ ਹੈ। ਉਹ ਚਾਹੁੰਦੇ ਤਾਂ ਪਾਰਲੀਮੈਂਟ ਵਿਚ ਜਾਨ-ਲੇਵਾ ਬੰਬ ਵੀ ਸੁੱਟ ਸਕਦੇ ਸਨ, ਪਰ ਉਨ੍ਹਾਂ ਦਾ ਨਿਸ਼ਾਨਾ ਕਿਸੇ ਨੂੰ ਮਾਰਨਾ ਨਹੀਂ ਸੀ, ਆਪਣੀ ਗੱਲ ਬੋਲੇ ਕੰਨਾਂ ਤੱਕ ਪਹੁੰਚਾਉਣਾ ਸੀ।

ਉਨ੍ਹਾਂ ਦੱਸਿਆ ਕਿ ਭਗਤ ਸਿੰਘ ਦਾ ਬੌਧਿਕ ਵਿਕਾਸ ਜੇਲ੍ਹ ਵਿਚ ਰਹਿੰਦਿਆਂ ਹੋਇਆ। ਉਸ ਅੰਦਰ ਸਵੈ-ਪੜਚੋਲ ਕਰਨ ਦੀ ਜਾਚ ਜੇਲ੍ਹ ਵਿਚ ਰਹਿੰਦਿਆਂ ਪੜ੍ਹੀਆਂ ਕਿਤਾਬਾਂ ਕਾਰਨ ਪੈਦਾ ਹੋਈ। ਜੇਲ੍ਹ ਵਿਚ ਹੀ ਭਗਤ ਸਿੰਘ ਨੇ ਚਾਰ ਕਿਤਾਬਾਂ ਦੀ ਰਚਨਾ ਕੀਤੀ, ਜਿਨ੍ਹਾਂ ਦਾ ਹਵਾਲਾ ਉਸ ਦੀ 'ਜੇਲ੍ਹ ਡਾਇਰੀ' ਵਿਚ ਮੌਜੂਦ ਹੈ, ਪਰ ਅਫਸੋਸ ਸਾਡੇ ਕੋਲ ਇਹ ਚਾਰਾਂ ਕਿਤਾਬਾਂ ਦੇ ਖਰੜੇ ਪਹੁੰਚ ਨਹੀਂ ਸਕੇ।


ਰਾਣੀ ਨਗਿੰਦਰ ਦਾ ਸਫਰਨਾਮਾ 'ਇਜੀਪਟ ਤੋਂ ਇਜ਼ਰਾਈਲ' ਰਿਲੀਜ਼ ਕਰਦਿਆਂ ਹਾਜ਼ਰ ਲੇਖਕ

ਇਕ ਸਵਾਲ ਦੇ ਜਵਾਬ ਵਿਚ ਸ੍ਰੀ ਸ਼ੁਗਲੀ ਨੇ ਕਿਹਾ ਕਿ ਭਗਤ ਸਿੰਘ ਦਾ ਜਿਸ ਤਰ੍ਹਾਂ ਦਾ ਦਹਿਸ਼ਤੀ ਚਿਹਰਾ ਲੋਕਾਂ ਵਿਚ ਪ੍ਰਚਾਰਿਆ ਜਾਂਦਾ ਹੈ, ਅਸਲ ਵਿਚ ਸਥਾਪਤੀ ਨੂੰ ਇਹੀ ਰਾਸ ਆਉਂਦਾ ਹੈ। ਪਰ ਹੁਣ ਹੌਲੀ ਹੌਲੀ ਲੋਕਾਂ ਵਿਚ ਜਾਗ੍ਰਿਤੀ ਆ ਰਹੀ ਹੈ ਅਤੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲੋਕ ਸਮਝਣ ਲੱਗ ਪਏ ਹਨ।

ਮੀਟਿੰਗ ਵਿਚ ਨਿਊ ਯਾਰਕ ਦੀਆਂ ਸਾਹਿਤਕ ਮਹਿਫਿਲਾਂ ਦੀ ਸ਼ਾਨ ਡਾ. ਪ੍ਰੀਤਮ ਸਿੰਘ ਥਿੰਦ ਅਤੇ ਪੰਜਾਬੀ ਦੇ ਸਿਰਮੌਰ ਹਾਸ-ਰਸ ਕਵੀ ਹਰੀ ਸਿੰਘ ਦਿਲਬਰ ਦੀ ਮੌਤ 'ਤੇ ਅਫਸੋਸ ਵੀ ਪ੍ਰਗਟ ਕੀਤਾ ਗਿਆ।

## ਬਾਬਾ ਰਾਮਦੇਵ ਦਾ ਕਾਰੋਬਾਰ 10 ਹਜ਼ਾਰ ਕਰੋੜ ਤੋਂ ਪਾਰ

**ਨਵੀਂ ਦਿੱਲੀ:** ਬਾਬਾ ਰਾਮਦੇਵ ਨੇ ਦਾਅਵਾ ਕੀਤਾ ਹੈ ਕਿ ਪਤੰਜਲੀ ਦਾ ਕਾਰੋਬਾਰ 10 ਹਜ਼ਾਰ ਕਰੋੜ ਤੋਂ ਪਾਰ ਜਾ ਚੁੱਕਾ ਹੈ।

ਬਾਬਾ ਰਾਮਦੇਵ ਨੇ ਆਖਿਆ ਕਿ ਕੰਪਨੀ ਦਾ ਕਾਰੋਬਾਰ ਹੁਣ 10 ਹਜ਼ਾਰ 561 ਕਰੋੜ ਹੋ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਕੰਪਨੀ ਦਾ ਅਗਲਾ ਦਾਅਵਾ ਦੋ ਸਾਲਾਂ ਵਿਚ ਦੇਸ਼ ਦੀ ਸਭ ਤੋਂ ਵੱਡੀ ਐਫ.ਐਮ.ਸੀ.ਜੀ. ਕੰਪਨੀ ਬਣਾਉਣ ਦਾ ਹੈ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

Trucking Companies-Improve Your Cash Flow

*Low Rates *One-Time Discounts *No Minimums

ਸੰਪਰਕ ਕਰੋ:
ਪਾਲ ਫੋਨ 1-800-705-3863

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਇਹ ਮੇਰਾ ਗੀਤ ਕਿਸੇ ਨਾ ਗਾਣਾ...

ਕਲਾ ਪਰਿਕਰਮਾ



ਪੰਜਾਬੀ ਦੇ ਲਾਡਲੇ ਸ਼ਾਇਰ ਸ਼ਿਵ ਕੁਮਾਰ ਦੀ ਮਹਿਮਾ ਇਕੱਲੇ ਪੰਜਾਬੀ ਸਾਹਿਤ ਜਗਤ ਵਿਚ ਹੀ ਨਹੀਂ ਹੁੰਦੀ, ਬਲਕਿ ਸਮੁੱਚੇ ਸਾਹਿਤ ਸੰਸਾਰ ਵਿਚ ਉਸ ਦੀ ਚਰਚਾ ਛਿੜਦੀ ਰਹਿੰਦੀ ਹੈ। ਉਸ ਦੀ ਸ਼ਾਇਰੀ ਨੌਜਵਾਨਾਂ ਲਈ ਤਾਂ ਇਕ ਤਰ੍ਹਾਂ ਨਾਲ ਦੁਖਦੀ ਰਗ ਉਤੇ ਫਹਿਆ ਰੱਖਣ ਵਾਂਗ ਹੈ। ਸ਼ਿਵ ਕੁਮਾਰ ਦੀ ਕੋਈ ਨਾ ਕੋਈ ਕਵਿਤਾ ਸਕੂਲ ਕਾਲਜ ਦੀਆਂ ਪਾਠ-ਪੁਸਤਕਾਂ ਵਿਚ ਲੱਗੀ ਹੋਈ ਹੈ ਅਤੇ ਰਤਾ ਕੁ ਸਾਹਿਤਕ ਮੱਸ ਰੱਖਣ ਵਾਲਾ ਵਿਦਿਆਰਥੀ ਉਸ ਦੀ ਇਕ-ਅੱਧੀ ਕਵਿਤਾ ਪੜ੍ਹ ਕੇ ਉਸ ਦੀ ਕਿਤਾਬ ਲੱਭਣ ਤੁਰ ਪੈਂਦਾ ਹੈ!

ਯਾਦ ਰਹੇ ਕਿ ਸ਼ਿਵ ਕੁਮਾਰ ਬਟਾਲਵੀ ਨੇ ਸਭ ਤੋਂ ਛੋਟੀ ਉਮਰ ਵਿਚ ਕੌਮੀ ਸਾਹਿਤ ਅਕੈਡਮੀ ਦਾ ਇਨਾਮ ਜਿੱਤ ਲਿਆ ਸੀ। ਇਹ ਇਨਾਮ ਉਸ ਨੂੰ 1967 ਵਿਚ ਉਸ ਦੇ ਕਾਵਿ-ਨਾਟਕ 'ਲੂਣਾ' (1965 ਵਿਚ ਛਪੀ) ਲਈ ਮਿਲਿਆ। ਉਸ ਵੇਲੇ ਉਸ ਦੀ ਉਮਰ ਸਿਰਫ਼ 31 ਵਰ੍ਹਿਆਂ ਦੀ ਸੀ। ਇਸ ਕਿਤਾਬ ਵਿਚ ਉਸ ਨੇ ਪੂਰਨ ਭਗਤ, ਲੂਣਾ ਅਤੇ ਰਾਜੇ ਸਲਵਾਨ ਦੀ ਕਹਾਣੀ ਨੂੰ ਉਲਟਾ ਕੇ ਰੱਖ ਦਿੱਤਾ ਸੀ। ਇਸ ਤੋਂ ਪਹਿਲਾਂ ਸਾਰੀਆਂ ਸਾਹਿਤਕ ਰਚਨਾਵਾਂ ਵਿਚ ਲੇਖਕਾਂ ਨੇ ਪੂਰਨ ਭਗਤ ਨੂੰ ਵਡਿਆਇਆ ਹੈ ਅਤੇ ਲੂਣਾ ਦੀ ਚਿਤਰਹੀਣ ਔਰਤ ਵਜੋਂ ਨੁਕਤਾਚੀਨੀ ਕੀਤੀ ਹੈ, ਪਰ ਸ਼ਿਵ ਕੁਮਾਰ ਨੇ ਪਹਿਲੀ ਵਾਰ ਲੂਣਾ ਨੂੰ ਖਲਨਾਇਕਾ ਦੀ ਥਾਂ ਨਾਇਕਾ ਵਜੋਂ ਪੇਸ਼ ਕੀਤਾ ਅਤੇ ਉਸ ਨਾਲ ਹੋਈਆਂ ਸਮਾਜਿਕ ਵਧੀਕੀਆਂ ਦੇ ਕੋਣ ਤੋਂ ਗੱਲ ਤੋਰੀ। ਪੰਜਾਬੀ ਸਾਹਿਤ ਵਿਚ ਅਸਲੋਂ ਨਵੀਂ ਗੱਲ ਸੀ।

ਸ਼ਿਵ ਕੁਮਾਰ (23 ਜੁਲਾਈ 1936-7 ਮਈ 1973) ਦੀ ਪੰਜਾਬੀ ਸਾਹਿਤ ਵਿਚ ਹਜ਼ਾਰੀ ਬੜੇ ਅਚੰਭੇ ਵਾਲੀ ਵੀ ਸੀ। 1960 ਵਿਚ 24 ਵਰ੍ਹਿਆਂ ਦੀ ਉਮਰ ਵਿਚ ਜਦ ਉਸ ਦਾ ਪਹਿਲਾਂ ਕਾਵਿ-ਸੰਗ੍ਰਹਿ 'ਪੀੜਾਂ ਦਾ ਪਰਾਗਾ' ਛਪਿਆ ਤਾਂ ਇਸ ਦੀ ਸ਼ਬਦਾਵਲੀ ਅਤੇ ਸਰੋਦੀ ਸੁਰ ਨੇ ਸਭ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ 'ਮੈਨੂੰ ਵਿਦਾ ਕਰੋ', 'ਗ਼ਜ਼ਲਾਂ ਤੇ ਗੀਤ', 'ਆਰਤੀ', 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਮੈਂ ਤੇ ਮੈਂ', 'ਦਰਦਮੰਦਾਂ ਦੀਆਂ ਆਹੀਂ', 'ਸੋਗ' ਅਤੇ 'ਅਲਵਿਦਾ' ਕਾਵਿ-ਸੰਗ੍ਰਹਿ ਛਪੇ। 'ਮੈਂ ਤੇ ਮੈਂ' ਉਸ ਦੀ ਸਵੈ-ਜੀਵਨੀ ਹੈ ਜਿਹੜੀ ਉਸ ਨੇ ਕਵਿਤਾ ਵਿਚ ਹੀ ਲਿਖੀ ਹੈ।

ਸ਼ਿਵ ਕੁਮਾਰ ਨੂੰ ਕਵਿਤਾ ਲਿਖਣ ਦੇ ਨਾਲ ਨਾਲ ਕਵਿਤਾ ਸੁਣਾਉਣੀ ਵੀ ਆਉਂਦੀ ਸੀ। ਉਨ੍ਹਾਂ ਦਿਨਾਂ ਵਿਚ ਕੋਈ ਵੀ ਕਵੀ ਦਰਬਾਰ ਸ਼ਿਵ ਦੀ ਹਾਜ਼ਰੀ ਤੋਂ ਬਿਨਾਂ ਮੁਕੰਮਲ ਨਹੀਂ ਸੀ ਸਮਝਿਆ ਜਾਂਦਾ। ਉਸ ਦੀ ਵਾਰੀ ਅਕਸਰ ਸਭ ਤੋਂ ਅਖੀਰ ਵਿਚ ਲਾਈ ਜਾਂਦੀ ਸੀ, ਕਿਉਂਕਿ ਸਾਰਿਆਂ ਨੇ ਸ਼ਿਵ ਨੂੰ ਸੁਣ ਕੇ ਹੀ ਜਾਣਾ ਹੁੰਦਾ ਸੀ!

ਐਤਕੀਂ ਸ਼ਿਵ ਕੁਮਾਰ ਦੀ ਬਰਸੀ ਮੌਕੇ ਕਈ ਥਾਈਂ ਸਮਾਗਮ ਰਚਾਏ ਗਏ। ਚੰਡੀਗੜ੍ਹ ਦੇ ਪੰਜਾਬ ਕਲਾ ਭਵਨ ਵਿਚ ਉਚੇਚਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਨਾਂ ਉਸ ਦੇ ਇਕ ਗੀਤ 'ਇਹ ਮੇਰਾ ਗੀਤ ਕਿਸੇ ਨਾ ਗਾਣਾ' ਦੇ ਮੁਖੜੇ 'ਤੇ ਰੱਖਿਆ ਗਿਆ ਸੀ। ਸਮਾਗਮ ਵਿਚ ਐਸ.ਡੀ ਸ਼ਰਮਾ, ਆਰ.ਡੀ. ਕੈਲੇ, ਕੋਮਲ ਚੁੱਘ ਅਤੇ ਸੁਸ਼ੀਲ ਨਾਗਪਾਲ ਨੇ ਸ਼ਿਵ ਕੁਮਾਰ ਦੇ ਪਾਪੂਲਰ ਗੀਤਾਂ ਨੂੰ ਆਵਾਜ਼ ਦਿੱਤੀ। ਇਨ੍ਹਾਂ ਗੀਤਾਂ ਵਿਚ 'ਮਾਏਂ ਨੀ ਮਾਏਂ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ', 'ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ', 'ਇਹ ਮੇਰਾ ਗੀਤ ਕਿਸੇ ਨਾ ਗਾਣਾ' ਅਤੇ 'ਕੀ ਪੁੱਛਦੇ ਓ ਹਾਲ ਫਕੀਰਾਂ ਦਾ' ਆਦਿ ਸ਼ਾਮਲ ਹਨ। ਇਹ ਵੀ ਦੱਸਣਯੋਗ ਹੈ ਕਿ ਸ਼ਿਵ ਕੁਮਾਰ ਦੇ ਕਈ ਗੀਤ ਅੱਜ ਲੋਕ ਗੀਤ ਬਣ ਗਏ ਜਾਪਦੇ ਹਨ। ਮਸ਼ਹੂਰ ਗਾਇਕਾ ਸੁਰਿੰਦਰ ਕੌਰ ਵੱਲੋਂ ਗਾਏ ਸ਼ਿਵ ਕੁਮਾਰ ਦੇ ਗੀਤਾਂ ਨੂੰ ਤਾਂ ਲੋਕ ਅਕਸਰ ਲੋਕ ਗੀਤ ਹੀ ਸਮਝ ਲੈਂਦੇ ਹਨ। ਪਾਕਿਸਤਾਨੀ ਪੰਜਾਬ ਵਿਚ ਵੀ ਸ਼ਿਵ ਕੁਮਾਰ ਨੂੰ ਇੰਨੇ ਹੀ ਪਿਆਰ ਅਤੇ ਮੁਹੱਬਤ ਨਾਲ ਯਾਦ ਕੀਤਾ ਜਾਂਦਾ ਹੈ।

*-ਗੁਰਜੰਟ ਸਿੰਘ*

## ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿਚ ਸਮਾਗਮ

ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ 7 ਮਈ 1973 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ। ਉਨ੍ਹਾਂ ਦੀ 44ਵੀਂ ਬਰਸੀ 'ਤੇ ਉਨ੍ਹਾਂ ਦੀ ਯਾਦ ਵਿਚ ਦੇਸ਼-ਵਿਦੇਸ਼ ਵਿਚ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਕਰਾਏ ਗਏ।

ਸੰਨ 1980 ਵਿਚ 'ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ ਬਟਾਲਾ' ਆਡੀਟੋਰੀਅਮ ਦਾ ਨੀਂਹ ਪੱਥਰ ਉਸ ਵੇਲੇ



ਪੰਜਾਬ ਦੇ ਗਵਰਨਰ ਅਮੁਨੀਦੀਨ ਅਹਿਮਦ ਨੇ ਰਖਿਆ। ਸਰਕਾਰ ਵਲੋਂ ਇਸ ਆਡੀਟੋਰੀਅਮ ਲਈ 1.80 ਕਰੋੜ ਰੁਪਈਆ ਮਨਜ਼ੂਰ ਕੀਤਾ ਗਿਆ ਸੀ। ਉਸੇ ਸਾਲ ਹੀ ਬਟਾਲਾ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਸ਼ਿਵ ਕੁਮਾਰ ਬਟਾਲਵੀ ਟਰੱਸਟ ਬਣਿਆ। ਆਡੀਟੋਰੀਅਮ ਨੂੰ ਜਲਦੀ ਪੂਰਾ ਕਰਨ ਲਈ ਸ਼ਿਵ ਦੀ ਪਤਨੀ ਸ੍ਰੀਮਤੀ ਅਰੁਣਾ ਬਟਾਲਵੀ ਨੇ ਸਰਕਾਰ ਨੂੰ ਅਪੀਲ ਕੀਤੀ ਸੀ। ਹੁਣ ਇਹ ਬਣ ਕੇ ਤਿਆਰ ਹੋ ਗਿਆ ਹੈ ਅਤੇ ਇਸ ਵਿਚ ਸ਼ਿਵ ਦੀ ਯਾਦ ਵਿਚ ਪ੍ਰੋਗਰਾਮ ਹੁੰਦੇ ਹਨ।

ਸ਼ਿਵ ਕੁਮਾਰ ਆਰਟ ਕਲਚਰਲ ਸੁਸਾਇਟੀ ਦੇ ਪ੍ਰਧਾਨ ਡਾ. ਸਤਨਾਮ ਸਿੰਘ ਨਿੱਜਰ ਨੇ ਦਸਿਆ ਕਿ 450 ਸੀਟਾਂ (ਹਾਲ ਤੇ ਬਾਲਕਨੀ) ਵਾਲੇ ਇਸ ਆਡੀਟੋਰੀਅਮ ਵਿਚ ਆਧੁਨਿਕ ਤਕਨੀਕ ਵਾਲਾ ਸਾਊਂਡ ਸਿਸਟਮ ਤੇ ਲਾਈਟਾਂ, ਏ.ਸੀ. ਸਿਸਟਮ ਅਤੇ ਸਾਊਂਡ ਪਰੂਫ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦਸਿਆ ਕਿ ਜਲਦ ਹੀ ਸੁਸਾਇਟੀ ਬਿਲਡਿੰਗ ਨੂੰ ਸੋਹਣੀ ਦਿੱਖ ਦੇਣ, ਆਲਾ ਦੁਆਲਾ ਤੇ ਪਾਰਕਿੰਗ ਲਾਟ ਅਪਗ੍ਰੇਡ ਕਰਨ ਲਈ ਮੌਜੂਦਾ ਕਲਚਰਲ ਤੇ ਟੂਰਿਜ਼ਮ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਮਿਲੇਗੀ ਤਾਂਕਿ ਆਡੀਟੋਰੀਅਮ ਨੂੰ ਵਿਸ਼ਵ ਪੱਧਰ ਦਾ ਬਣਾਇਆ ਜਾ ਸਕੇ। ਮੌਜੂਦਾ ਬਿਜਲੀ ਮੰਤਰੀ ਗੁਰਜੀਤ ਸਿੰਘ ਨੇ ਆਡੀਟੋਰੀਅਮ ਲਈ ਇਕ ਸਪੈਸ਼ਲ ਟਰਾਂਸਫਾਰਮਰ ਲਾ ਕੇ ਦੇਣ ਦਾ ਵਾਅਦਾ ਕੀਤਾ ਹੈ। ਇਸ ਕੇਂਦਰ ਲਈ 24 ਘੰਟੇ ਬਿਜਲੀ ਦੀ ਸਪਲਾਈ ਜਾਰੀ ਰਹੇਗੀ ਤਾਂਕਿ ਹਾਲ ਵਿਚ ਦਿਨ ਰਾਤ ਪ੍ਰੋਗਰਾਮ ਨਿਰਵਿਘਨ ਚਲ ਸਕਣ।

ਪਿਛਲੇ ਦਿਨੀ ਸ਼ਿਵ ਦੀ ਯਾਦ ਵਿਚ ਪੰਜਾਬ ਸਾਹਿਤ ਅਕਾਦਮੀ ਤੇ ਅੰਤਰਰਾਸ਼ਟਰੀ ਕਵਿਤਰੀ ਸੰਗਠਨ ਵਲੋਂ ਸ਼ਿਵ ਬਟਾਲਵੀ ਨੂੰ ਸਮਰਪਿਤ ਯਾਦਗਾਰੀ ਸਮਾਰੋਹ ਸ਼ਿਵ ਕੁਮਾਰ ਬਟਾਲਵੀ ਸਭਿਆਚਾਰਕ ਸੰਸਥਾ ਬਟਾਲਾ ਵਿਚ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਵਰਿੰਦਰ ਵਾਲੀਆ ਨੇ ਕੀਤੀ। ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ, ਡਾ. ਸਤੀਸ਼ ਸ਼ਰਮਾ, ਗੁਰਭੇਜ ਸਿੰਘ ਗੁਰਾਇਆ, ਪੀ.ਸੀ. ਪਿਆਸਾ, ਸ੍ਰੀਮਤੀ ਅੰਮੀ ਕੁੰਵਰ ਵਿਸ਼ੇਸ਼ ਤੌਰ 'ਤੇ ਪੁਜੇ। ਵਰਿੰਦਰ ਵਾਲੀਆ ਨੇ ਸ਼ਿਵ ਨੂੰ ਯਾਦ ਕਰਦਿਆਂ ਕਿਹਾ ਕਿ ਕਵੀ ਭਾਸ਼ਾ ਨੂੰ ਸਾਂਭਦੇ ਹਨ ਤੇ ਨਵੀਂ ਭਾਸ਼ਾ ਵੀ ਘੜਦੇ ਹਨ। ਪੰਜਾਬੀ ਮਾਂ ਬੋਲੀ ਲਈ ਸ਼ਿਵ ਦੀ ਕਵਿਤਾ ਜਾਨਦਾਰ ਰੋਲ ਅਦਾ ਕਰਦੀ ਹੈ। ਇਸ ਮੌਕੇ ਸ਼ਿਵ ਦੀਆਂ ਰਚਨਾਵਾਂ ਦਾ ਗਾਇਨ ਵੀ ਕੀਤਾ ਗਿਆ।

6 ਮਈ 2017 ਨੂੰ ਸ਼ਿਵ ਕੁਮਾਰ ਬਟਾਲਵੀ ਦੀ 44ਵੀਂ ਬਰਸੀ 'ਸ਼ਿਵ ਕੁਮਾਰ ਆਰਟ ਐਂਡ ਕਲਚਰਲ ਸੁਸਾਇਟੀ ਬਟਾਲਾ' ਵਲੋਂ 'ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ ਬਟਾਲਾ' ਵਿਚ ਮਨਾਈ ਗਈ। ਇਸ ਮੌਕੇ ਪ੍ਰੋ. ਗੁਰਭਜਨ ਸਿੰਘ ਗਿੱਲ, ਸੁਖਵਿੰਦਰ ਅੰਮ੍ਰਿਤ, ਤਰਲੋਚਨ ਤੋਚੀ, ਸੁਰਜੀਤ ਪਾਤਰ, ਡਾ. ਰਵਿਦਰ, ਅਜਾਇਬ ਹੁੰਦਲ, ਬੀਬਾ ਬਲੰਵਤ, ਡਾ. ਬਿਕਰਮ, ਡਾ. ਅਨੂਪ ਸਿੰਘ, ਜੇ.ਪੀ ਸਿੰਘ, ਅਜੀਤ ਕਮਲ, ਅਵਤਾਰ ਸਿੱਧੂ, ਸਿਮਰਤ ਸੁਮੇਰਾ, ਹਰਭਜਨ ਮਲਕਪੁਰੀ, ਜਸਵੰਤ ਹਾਂਸ, ਫਰਤੂਲ ਚੰਦ ਫੱਕਰ ਆਦਿ ਨਾਮੀ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਸ਼ਿਵ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਿਵ ਦੀ ਯਾਦ 'ਚ ਸਕੂਲੀ ਬਚਿਆਂ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਸੁਸਾਇਟੀ ਦੇ ਸਰਪ੍ਰਸਤ ਸੇਵਾ ਸਿੰਘ ਸੇਖਵਾਂ, ਵਿਧਾਇਕ ਲਖਬੀਰ ਸਿੰਘ ਲੋਧੀ ਨੰਗਲ, ਸਾਬਕਾ ਵਿਧਾਇਕ ਅਸ਼ਵਨੀ ਸੇਖੜੀ, ਐਸ.ਡੀ.ਐਮ. ਬਟਾਲਾ ਪ੍ਰਿਥੀ ਸਿੰਘ, ਸੁਸਾਇਟੀ ਦੇ ਪ੍ਰਧਾਨ ਡਾ. ਨਿੱਜਰ, ਸਕੱਤਰ ਸਿੰਘ ਬੱਲ ਆਦਿ ਹਾਜ਼ਰ ਸਨ।

*-ਸੁਰਿੰਦਰ ਸਿੰਘ ਭਾਟੀਆ*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਮਈ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-273



*ਫੜੋ ਹੱਥੀ ਆ ਜੋ ਜਿਨ੍ਹਾਂ ਸਿਹਤਾਂ ਨੇ ਬਣਾਉਣੀਆਂ।*
*ਬੀ.ਪੀ., ਬਦਹਜ਼ਮੀ ਤੇ ਸੂਗਰਾਂ ਘਟਾਉਣੀਆਂ।*

### ਕੈਪਸ਼ਨ ਮੁਕਾਬਲਾ-271



ਨਿੱਕੀਏ ਕੁੜੀਏ 'ਲਤਾ' ਬਣ ਜਾਵੇਂ
ਜਾਂ ਬਣ 'ਪੰਜਾਬ ਦੀ ਕੋਇਲ'।
ਸਾਜ਼ ਜਦੋਂ ਵੀ ਛੇੜਨ ਸਰਗਮ
ਸਦਾ ਗਾਵੇਂ ਤੂੰ ਮਿਠੜੇ ਬੋਲ।
ਮੰਤਰ ਮੁਗਧ ਤੂੰ ਕਰੀਂ ਸਰੋਤੇ
ਜਦੋਂ 'ਬੁੱਲੇ ਸ਼ਾਹ' ਅਲਾਪੇਂ ਤੂੰ।
ਗਾਵੇਂ ਜਦੋਂ ਤੂੰ ਗੁਰਾਂ ਦੀ ਬਾਣੀ
ਨਿਰੀ ਬੁਲਬੁਲ ਵਾਗੂੰ ਜਾਪੇਂ ਤੂੰ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

---

ਨਿੱਕੀ ਪਰੀ ਮੈਂ ਸਨਮੁੱਖ ਤੁਹਾਡੇ
ਨਿੱਕਾ ਜਿਹਾ ਇੱਕ ਗੀਤ ਸੁਣਾਵਾਂ।
ਤੋਤਲੇ ਆਪਣੇ ਬੋਲਾਂ ਦੇ ਨਾਲ
ਤੁਹਾਡਾ ਸਭ ਦਾ ਮਨ ਪ੍ਰਚਾਵਾਂ।
ਕੋਮਲ ਹੱਥਾਂ ਵਿਚ ਮਾਈਕ ਫੜ੍ਹ ਕੇ
ਤਾਲ ਨਾਲ ਮੈਂ ਬੋਲ ਰਲਾਵਾਂ।
'ਜਿਉਂਦੀ ਰਹਿ' ਜਦ ਸੁਣਾਂ ਤੁਹਾਥੋਂ
ਵਾਂਗ ਫੁੱਲਾਂ ਦੇ ਖਿੜਦੀ ਜਾਵਾਂ।

*-ਜਗਮੀਤ ਸਿੰਘ ਪੰਧੇਰ*

---

ਨਿੱਕੀ ਬਾਲੜੀ ਗਾਵੇ ਹੌਸਲੇ ਤੇ ਸੁਰ ਨਾਲ।
ਦਿੰਦੇ ਸਭ ਸ਼ੁਭ ਇੱਛਾਵਾਂ
ਮਾਪੇ ਅਤੇ ਚੌਗਿਰਦਾ।
ਵਧੇ ਫੁਲੇਂ, ਨਾਮ ਉਚਾ ਹੋਵੇ
ਤੇਰਾ ਮਾਣ ਸਨਮਾਨ ਹੋਰ ਵਧੇ।
ਸੁਰੀਲੀ ਹੋਵੇ ਜ਼ਬਾਨ ਕੋਇਲ ਤੋਂ ਵੱਧ
ਬੜੇ ਬੜੇ ਇਨਾਮ ਮਿਲਣ ਤੈਨੂੰ,
ਜ਼ਿੰਦਗੀ 'ਚ ਜੱਸ ਖੱਟੇਂ
ਤੇਰਾ ਵਾਲ ਵੀ ਵਿੰਗਾ ਨਾ ਹੋਵੇ।
ਸ਼ਾਬਾਸ਼! ਦਿਓ ਬੱਚੇ ਨੂੰ ਹਮੇਸ਼ਾ
ਹੌਸਲਾ ਹੋਰ ਬੁਲੰਦ ਹੁੰਦਾ।
ਖ਼ੁਸ਼ ਤੇ ਤੰਦਰੁਸਤ ਵੀ ਰੱਜ ਕੇ ਹੋਊ
ਚੜ੍ਹ ਜਾਊ ਫਿਰ ਟੀਸੀ 'ਤੇ
ਰੌਸ਼ਨ ਹੋਊ ਸਾਰੀ ਦੁਨੀਆਂ 'ਚ।

*-ਦਰਸ਼ਨਪਾਲ ਦੋਸਾਂਝ*

---

ਭਾਵੇਂ ਹਾਂ ਮੈਂ ਨਿੱਕੀ ਕਲਾਕਾਰ
ਨਹੀਂ ਸਕਦਾ ਕੋਈ ਮੈਨੂੰ ਵੰਗਾਰ।
ਰੋਜ਼ ਮੈਂ ਕਰਾਂ ਅਭਿਆਸ
ਪੂਰਾ ਹੈ ਮੈਨੂੰ ਵਿਸ਼ਵਾਸ।
ਪੂਰੇ ਸਿੱਖ ਲਏ ਸੁਰ ਤੇ ਲੈਅ
ਹਾਰਨ-ਜਿੱਤਣ ਦਾ ਨਾ ਕੋਈ ਭੈਅ।
ਵੱਡੀ ਹੋ ਕੇ ਨਾਂ ਕਮਾਊਂਗੀ
ਮਾਂ-ਬਾਪ ਦੀ ਸ਼ਾਨ ਵਧਾਊਂਗੀ।

*-ਦਵਿੰਦਰ ਕੌਰ*

---

ਮਾਪੇ ਆਪਣੇ ਬੱਚਿਆਂ ਲਈ
ਕਰਨ ਮਿਹਨਤਾਂ ਤੇ ਕੁਰਬਾਨੀਆਂ।
ਚੰਗੇ ਸੰਸਕਾਰ ਤੇ ਪ੍ਰਤਿਭਾ ਜਾਗਣ
ਹੋਣਹਾਰ ਹੋਣ ਦੀਆਂ ਇਹ ਨਿਸ਼ਾਨੀਆਂ।
ਪਰੀਆਂ ਵਰਗੀ ਬੱਚੀ ਬਣੂ
ਸੁਰਾਂ ਦੀ ਕਲਾਕਾਰ।
ਚਿੰਤਾਵਾਂ ਦੇ ਸੰਸਾਰ ਵਿਚ ਡੁੱਬੇ
ਲੋਕਾਂ ਦੀ ਰੂਹ ਨੂੰ ਕਰੂਗੀ ਸਰਸ਼ਾਰ।

*-ਅਮਰਜੀਤ ਸਿੰਘ ਤੂਰ, ਚੰਡੀਗੜ੍ਹ*

---

ਰੂੜੀਵਾਦੀ ਸਮਾਜ ਵਿਚ ਤਾਂ ਔਰਤ
ਪਰਦਿਆਂ ਪਿਛੇ ਰਹਿੰਦੀ ਸੀ ਗੁਲਾਮ।
ਗਾਉਣ ਦੇ ਕਿੱਤੇ ਵਿਚ ਤਾਂ ਹੋਰ ਵੀ
ਉਹ ਹੁੰਦੀ ਸੀ ਬਦਨਾਮ।
ਸ਼ੁਕਰ ਕਰ ਪਰਮਾਤਮਾ ਦਾ ਧੀਏ
ਖੁਲ੍ਹ ਦਿਲੇ ਤੇਰੇ ਮਾਪੇ, ਆਜ਼ਾਦ ਆਵਾਮ।
ਸਲਾਮਤ ਰਹੇ ਤੇਰੀ ਕਲਾ
ਮਿਹਨਤ-ਰਿਆਜ਼ ਨਾਲ ਤੂੰ ਹੋਵੇਂ ਪਰਵਾਨ।

*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਦੱਸ ਵੇ ਬਾਪੂ ਕੀ ਗਾਵਾਂ
ਪੁਰਾਣੀ ਗਾਇਕੀ ਜਾਂ ਅੱਜ ਦੇ ਲੱਚਰ?
ਉਮਰ ਨਿਆਣੀ ਤਾਂ ਹੀ ਪੂਰੇ ਕੱਪੜੇ ਪਾਏ
ਅੱਗੇ ਜਾ ਕੇ ਵੇਖਾਂਗੇ ਕਿੰਜ ਵਿਛਦਾ ਏ ਸੱਥਰ?
ਹਾਲੇ ਬਚਪਨ ਮਾਣਨਾ, ਰੱਬ ਦੇ ਨੇੜੇ ਹੋ ਕੇ
ਵਕਤ ਨੇ ਖੌਰੇ ਕਿਥੇ ਕਿਥੇ ਲੜਾਉਣਾ ਮੱਛਰ?

*-ਠਾਕਰ ਸਿੰਘ ਬਸਾਤੀ, ਸ਼ਿਕਾਗੋ*

# ਆਸਟਰੇਲੀਆ ਪਾਵੇਗਾ ਪੰਜਾਬ ਦੀ ਅਰਥ ਵਿਵਸਥਾ ਨੂੰ ਲੀਹੇ

**ਚੰਡੀਗੜ੍ਹ:** ਆਸਟਰੇਲੀਅਨ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਤੇ ਪੰਜਾਬ ਦੇ ਸਥਾਨਕ ਸਰਕਾਰਾਂ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਮੁਲਾਕਾਤ ਦੌਰਾਨ ਆਸਟਰੇਲੀਆ ਤੇ ਪੰਜਾਬ ਵਿਚਾਲੇ ਸਮਾਰਟ ਸਿਟੀ, ਸਿੱਖਿਆ ਤੇ ਖੇਡਾਂ ਦੇ ਖੇਤਰ ਵਿਚ ਆਪਸੀ ਸਹਿਯੋਗ ਵਧਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਮੁਲਾਕਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਆਸਟਰੇਲੀਅਨ ਹਾਈ ਕਮਿਸ਼ਨਰ ਨੂੰ ਦੱਸਿਆ ਕਿ ਪੰਜਾਬ ਤੋਂ ਵੱਡੀ ਗਿਣਤੀ ਵਿਦਿਆਰਥੀ ਆਸਟਰੇਲੀਆ ਵਿਚ ਸਿੱਖਿਆ ਹਾਸਲ ਕਰ ਰਹੇ ਹਨ। ਉਹ ਉਥੋਂ ਦੀ ਤਰੱਕੀ ਵਿਚ ਬਹੁਤ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਨਾਲ ਖੇਡਾਂ ਦੇ ਖੇਤਰ ਵਿਚ ਵੀ ਆਸਟਰੇਲੀਆ ਤੇ ਪੰਜਾਬ ਬਹੁਤ ਸਹਿਯੋਗ ਕਰ ਸਕਦੇ ਹਨ।

ਮੌਜੂਦਾ ਸਮੇਂ ਆਸਟਰੇਲੀਆ ਤੇ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦਾ ਆਪਸੀ ਸਹਿਮਤੀ ਦਾ ਸਮਝੌਤਾ ਹੋਇਆ ਹੈ। ਇਸ ਨਾਲ



ਖੇਡਾਂ ਦੇ ਖੇਤਰ ਨੂੰ ਹੁਲਾਰਾ ਮਿਲ ਰਿਹਾ ਹੈ। ਸਿੱਧੂ ਨੇ ਆਸਟਰੇਲੀਅਨ ਹਾਈ ਕਮਿਸ਼ਨਰ ਨਾਲ ਸਮਾਰਟ ਸਿਟੀ ਪ੍ਰਾਜੈਕਟ ਬਾਰੇ ਚਰਚਾ ਕਰਦਿਆਂ ਕਿਹਾ ਕਿ ਪੰਜਾਬ ਦੇ ਵੱਡੇ ਤਿੰਨ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਨੂੰ ਸਮਾਰਟ ਸਿਟੀ ਦੇ ਤੌਰ 'ਤੇ ਵਿਕਸਤ ਕਰਨ ਦੀ ਯੋਜਨਾ ਹੈ। ਇਸ ਪ੍ਰਾਜੈਕਟ ਵਿਚ ਉਹ ਆਸਟਰੇਲੀਆ ਵੱਲੋਂ ਸਹਿਯੋਗ ਦੀ ਵੀ ਆਸ ਕਰਦੇ ਹਨ। ਇਸ 'ਤੇ ਹਾਈ ਕਮਿਸ਼ਨਰ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਇਸ ਖੁਸ਼ੀ ਜ਼ਾਹਰ ਕੀਤੀ।

### ਹੁਨਰ ਵਿਕਾਸ ਕੇਂਦਰ ਖੋਲ੍ਹਣ ਦੀ ਪੇਸ਼ਕਸ਼

**ਪਟਿਆਲਾ:** ਭਾਰਤ ਵਿਚ ਆਸਟਰੇਲੀਆ ਦੀ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਨੇ ਆਖਿਆ ਹੈ ਕਿ ਆਸਟਰੇਲਿਆਈ ਸਰਕਾਰ ਪੰਜਾਬ ਵਿਚ ਇਕ ਹੁਨਰ ਵਿਕਾਸ ਕੇਂਦਰ ਖੋਲ੍ਹਣ ਦੀ ਇੱਛੁਕ ਹੈ, ਤਾਂ ਜੋ ਪੰਜਾਬ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਆਸਟਰੇਲਿਆਈ ਪੈਟਰਨ ਦੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਹਾਈ ਕਮਿਸ਼ਨਰ ਦਾ ਕਹਿਣਾ ਸੀ ਕਿ ਕਿ ਆਸਟਰੇਲੀਆ 'ਚ 60 ਹਜ਼ਾਰ ਸਿੱਖਿਆ ਸੰਸਥਾਵਾਂ ਹਨ, ਜਿਥੇ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ ਤੇ ਇਸੇ ਲਈ ਉਨ੍ਹਾਂ ਦੀ ਸਰਕਾਰ ਪੰਜਾਬ 'ਚ ਇਕ ਹੁਨਰ ਵਿਕਾਸ ਕੇਂਦਰ ਖੋਲ੍ਹਣ ਦੀ ਇੱਛੁਕ ਹੈ।

### ਕੈਂਸਰ ਦੇ ਖਾਤਮੇ ਬਾਰੇ ਸਹਿਯੋਗ ਲਈ ਸਹਿਮਤ

**ਚੰਡੀਗੜ੍ਹ:** ਪੰਜਾਬ ਦੇ ਦੱਖਣੀ ਹਿੱਸਿਆਂ ਵਿਚ ਪਾਣੀ ਦੀ ਸਮੱਸਿਆ ਦੀਆਂ ਜੜ੍ਹਾਂ ਦੀ ਸ਼ਨਾਖਤ ਕਰ ਕੇ ਕੈਂਸਰ ਦੇ ਖਾਤਮੇ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਮਦਦ ਵਾਸਤੇ ਆਸਟਰੇਲੀਆ ਨੇ ਆਪਣੀ ਮੁਹਾਰਤ ਮੁਹੱਈਆ ਕਰਵਾਉਣ ਲਈ ਸਹਿਮਤੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਆਸਟਰੇਲੀਆ ਨੇ ਸੂਬੇ ਵਿਚ ਖੇਤੀਬਾੜੀ ਤੇ ਸਹਾਇਕ ਧੰਦਿਆਂ ਦੇ ਖੇਤਰਾਂ ਵਿਚ ਆਧੁਨਿਕ ਅਮਲਾਂ ਨੂੰ ਹੁਲਾਰਾ ਦੇਣ ਲਈ ਵੀ ਮਦਦ ਦੇਣ ਲਈ ਹਾਮੀ ਭਰੀ ਹੈ।

### ਭ੍ਰਿਸ਼ਟ ਅਫਸਰਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਠਿੰਡਾ 'ਚ ਫਲੈਟਾਂ ਦੀ ਉਸਾਰੀ ਵਿਚ ਬੇਨਿਯਮੀਆਂ ਸਾਹਮਣੇ ਆਉਣ ਪਿਛੋਂ ਬਠਿੰਡਾ ਨਗਰ ਸੁਧਾਰ ਟਰੱਸਟ ਦੇ 10 ਅਫਸਰ ਮੁਅੱਤਲ ਕਰ ਦਿੱਤੇ ਹਨ।

ਇਨ੍ਹਾਂ ਅਫਸਰਾਂ ਨੂੰ ਮਨਮੋਹਨ ਕਾਲੀਆ ਇਨਕਲੇਵ, ਗੋਨਿਆਣਾ ਰੋਡ, ਬਠਿੰਡਾ ਦੇ ਫਲੈਟਾਂ ਦੀ ਉਸਾਰੀ ਵਿਚ ਪਾਈਆਂ ਗਈਆਂ ਤਰੁੱਟੀਆਂ, ਫਲੈਟਾਂ ਦੀ ਉਸਾਰੀ ਦੀ ਹਾਲਤ ਨੂੰ ਅੱਖੋਂ ਓਹਲੇ ਕਰਦੇ ਹੋਏ ਸੁਰੱਖਿਆ ਵਾਪਸ ਕਰਨ, ਫਲੈਟਾਂ ਦੇ ਮੁਕੰਮਲਤਾ ਸਰਟੀਫਿਕੇਟ ਜਾਰੀ ਕਰਨ ਅਤੇ ਡਿਮਾਂਡ ਸਰਵੇ ਕਰਨ ਤੋਂ ਬਿਨਾਂ ਇਨ੍ਹਾਂ ਫਲੈਟਾਂ ਦੀ ਤਜਵੀਜ਼/ਡਰਾਅ ਕੱਢਣ ਦੇ ਦੋਸ਼ਾਂ ਹੇਠ ਮੁਅੱਤਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਭਾਗ ਵੱਲੋਂ ਤੁਰਤ ਇਨ੍ਹਾਂ ਅਫਸਰਾਂ ਨੂੰ ਮੁਅੱਤਲ ਕਰ ਕੇ ਇਨ੍ਹਾਂ ਵਿਰੁੱਧ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਹੈ। ਕੁੱਲ ਮਿਲਾ ਕੇ 13 ਅਫਸਰ ਦੋਸ਼ੀ ਪਾਏ ਗਏ ਸਨ, ਜਿਨ੍ਹਾਂ ਵਿਚੋਂ ਤਿੰਨ ਸੇਵਾ ਮੁਕਤ ਹੋ ਚੁੱਕੇ ਹਨ ਜਦਕਿ 10 ਅਫਸਰਾਂ ਨੂੰ ਮੁਅੱਤਲ ਕੀਤਾ ਗਿਆ ਹੈ। ਬੁਲਾਰੇ ਅਨੁਸਾਰ ਵਿਭਾਗ ਦੇ ਮੁੱਖ ਚੌਕਸੀ ਅਫਸਰ ਵੱਲੋਂ ਕੀਤੀ ਜਾਂਚ ਵਿਚ ਸਾਹਮਣੇ ਆਈ ਰਿਪੋਰਟ ਦੇ ਆਧਾਰ 'ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਸਿੱਧੂ ਨੇ ਬਠਿੰਡਾ ਨਗਰ ਸੁਧਾਰ ਟਰੱਸਟ ਦੇ 10 ਅਫਸਰਾਂ ਨੂੰ ਤੁਰਤ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ।

ਮੁਅੱਤਲ ਅਫਸਰਾਂ 'ਚ ਗੁਰਬਿੰਦਰ ਪਾਲ ਸਿੰਘ, ਜਸਬੀਰ ਸਿੰਘ (ਦੋਵੇਂ ਜੇਈ), ਮੁਖਤਿਆਰ ਸਿੰਘ, ਗੁਰਰਾਜ ਸਿੰਘ, ਬਲਜੀਤ ਕੁਮਾਰ (ਸਾਰੇ ਸਹਾਇਕ ਟਰੱਸਟ ਇੰਜੀਨੀਅਰ), ਰਾਕੇਸ਼ ਗਰਗ (ਟਰੱਸਟ ਇੰਜੀਨੀਅਰ) ਤੇ ਗੋਰਾ ਲਾਲ, ਹਰਿੰਦਰ ਸਿੰਘ ਚਾਹਲ, ਕੁਲਵੰਤ ਸਿੰਘ ਬਰਾੜ ਤੇ ਜਵਾਹਰ ਲਾਲ (ਸਾਰੇ ਕਾਰਜ ਸਾਧਕ ਅਫਸਰ) ਸ਼ਾਮਲ ਹਨ।

# ਹੁਣ ਵਿਰਾਸਤੀ ਸੈਰ ਸਪਾਟੇ ਦਾ ਕੇਂਦਰ ਬਣੇਗਾ ਪੰਜਾਬ

**ਚੰਡੀਗੜ੍ਹ:** ਪੰਜਾਬ ਦੇ ਸਭਿਆਚਾਰ ਤੇ ਸੈਰ ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਨੂੰ ਸੈਰ ਸਪਾਟਾ ਖੇਤਰ ਵਿਚ ਮੋਹਰੀ ਬਣਾਉਣ ਅਤੇ ਸੂਬੇ ਦੀ ਅਮੀਰ ਵਿਰਾਸਤ ਤੇ ਸਭਿਆਚਾਰ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ ਦੇ ਮਕਸਦ ਲਈ ਇਕ ਵਿਆਪਕ ਯੋਜਨਾ ਉਲੀਕੀ ਜਾ ਰਹੀ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਕਈ ਵਿਰਾਸਤੀ ਥਾਂਵਾਂ ਹਨ ਜਿਹੜੀਆਂ ਵਿਸ਼ਵ ਵਿਰਾਸਤੀ ਸਥਾਨਾਂ ਵਿਚ ਸ਼ਾਮਲ ਹੋਣ ਦੀ ਸਮਰੱਥਾ ਰੱਖਦੀਆਂ ਹਨ, ਇਨ੍ਹਾਂ ਨੂੰ ਵਿਸ਼ਵ ਵਿਰਾਸਤੀ ਸਥਾਨਾਂ ਵਿਚ ਸ਼ਾਮਲ ਕਰਵਾਉਣ ਲਈ ਯੂਨੈਸਕੋ ਤੱਕ ਪਹੁੰਚ ਕੀਤੀ ਜਾਵੇਗੀ। ਪੁਰਾਤਤਵ ਵਿਭਾਗ ਨਾਲ ਤਾਲਮੇਲ ਸਥਾਪਤ ਕਰ ਕੇ ਉਨ੍ਹਾਂ ਅਧੀਨ ਆਉਂਦੀਆਂ ਪੰਜਾਬ ਦੀਆਂ ਵਿਰਾਸਤੀ ਥਾਂਵਾਂ ਨੂੰ ਵੀ ਸੈਰ ਸਪਾਟਾ ਕੇਂਦਰ ਵਜੋਂ ਉਭਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਇੰਟਰਨੈਟ ਦੇ ਬਹੁਤ ਪ੍ਰਭਾਵ ਹੇਠ ਹੈ ਅਤੇ ਇਸ ਲਈ ਵੈਬ ਟੀ.ਵੀ. ਜ਼ਰੀਏ ਨੌਜਵਾਨਾਂ ਨੂੰ ਪੰਜਾਬ ਦੇ ਅਮੀਰ



ਸਭਿਆਚਾਰ ਤੇ ਵਿਰਾਸਤ ਨਾਲ ਜੋੜਿਆ ਜਾਵੇਗਾ। ਸੈਰ ਸਪਾਟਾ ਤੇ ਸਭਿਆਚਾਰ ਮਾਮਲੇ ਬਾਰੇ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਰੋਜ਼ਾਨਾ ਸਵਾ ਲੱਖ ਸੈਲਾਨੀ ਆਉਂਦੇ ਹਨ ਜਿਹੜੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਉਸੇ ਦਿਨ ਵਾਪਸ ਚਲੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਕੱਲੇ ਅੰਮ੍ਰਿਤਸਰ ਵਿਖੇ ਦੁਰਗਿਆਣਾ ਮੰਦਿਰ, ਜਲ੍ਹਿਆਂ ਵਾਲਾ ਬਾਗ, ਵਾਰ ਮੈਮੋਰੀਅਲ, ਵਾਹਗਾ-ਅਟਾਰੀ ਸਰਹੱਦ, ਗੋਬਿੰਦਗੜ੍ਹ ਕਿਲਾ, ਭਗਵਾਨ ਵਾਲਮੀਕ ਤੀਰਥ ਸਥਲ ਸਮੇਤ ਹੋਰ ਕਈ ਥਾਂਵਾਂ ਸੈਰ ਸਪਾਟਾ ਦੇ ਪੱਖ ਤੋਂ ਮਹੱਤਵ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪੰਜਾਬ ਦੀ ਸੈਰ ਸਪਾਟਾ ਦਾ ਮੁੱਖ ਧੁਰਾ ਬਣ ਸਕਦਾ ਹੈ, ਜਿਥੇ ਰੋਜ਼ਾਨਾ ਆਉਣ ਵਾਲੇ ਸੈਲਾਨੀਆਂ ਨੂੰ ਸਹੂਲਤਾਂ ਦੇ ਕੇ ਇਸ ਗਿਣਤੀ ਨੂੰ ਹੋਰ ਵਧਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਘਰੇਲੂ ਹਵਾਈ ਅੱਡਿਆ ਰਾਹੀਂ ਸੈਰ ਸਪਾਟਾ ਹੋਰ ਉਤਸ਼ਾਹਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪਠਾਨਕੋਟ ਹਵਾਈ ਅੱਡਾ ਚਾਲੂ ਕੀਤਾ ਜਾਵੇ ਤਾਂ ਰਣਜੀਤ ਸਾਗਰ ਡੈਮ ਦਾ ਇਲਾਕਾ ਐਡਵੇਂਚਰ ਸਪੋਰਟਸ ਵਜੋਂ ਵਿਕਸਤ ਹੋ ਸਕਦਾ ਹੈ ਜਿਥੇ ਗੋਆ ਵਾਂਗ ਦੂਰ-ਦੁਰਾਡਿਆਂ ਤੋਂ ਸੈਲਾਨੀ ਆਉਣਗੇ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਅੰਦਰ ਸਿੱਖ ਧਰਮ ਦੇ ਤਿੰਨ ਤਖਤ ਸਾਹਿਬਾਨ ਅਤੇ ਹੋਰ ਧਾਰਮਿਕ ਸਥਾਨ ਹਨ ਜਿਨ੍ਹਾਂ ਨੂੰ ਇਕ ਸਰਕਟ ਨਾਲ ਜੋੜ ਕੇ ਸ਼ਰਧਾਲੂਆਂ ਦੀ ਆਮਦ ਵਧਾਈ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਾਬ ਅੰਦਰ ਕਈ ਇਤਿਹਾਸਕ ਕਿਲ੍ਹੇ, ਸਰਾਵਾਂ, ਯਾਦਗਾਰਾਂ ਅਤੇ ਇਤਿਹਾਸਕ ਸਥਾਨ ਹਨ ਜਿਨ੍ਹਾਂ ਦੇ ਸਰਕਟ ਬਣਾ ਕੇ ਸੈਲਾਨੀਆਂ ਲਈ ਟੂਰ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ। ਇਸੇ ਤਰ੍ਹਾਂ ਫਿਲਮ ਸਿਟੀ ਬਣਾ ਕੇ ਫਿਲਮੀ ਸੈਰ ਸਪਾਟਾ ਨੂੰ ਹੁਲਾਰਾ ਦੇਣ 'ਤੇ ਵੀ ਜ਼ੋਰ ਦਿੱਤਾ।

# ਕਾਂਗਰਸੀਆਂ ਸਿਰੋਂ ਨਹੀਂ ਲੱਥ ਰਿਹਾ ਹਲਕਾ ਇੰਚਾਰਜੀ ਦਾ ਭੂਤ

**ਫਰੀਦਕੋਟ:** ਅਕਾਲੀਆਂ ਦੇ ਹਲਕਾ ਇੰਚਾਰਜਾਂ ਵਿਰੁੱਧ ਝੰਡਾ ਚੁੱਕਣ ਅਤੇ ਇਸ ਸਭਿਆਚਾਰ ਨੂੰ ਖਤਮ ਕਰਨ ਦਾ ਵਾਅਦਾ ਕਰਨ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਪਾਰਟੀ ਦੇ ਆਪਣੇ ਆਗੂ ਹਲਕਾ ਇੰਚਾਰਜੀ ਛੱਡਣ ਨੂੰ ਤਿਆਰ ਨਹੀਂ ਹਨ।

ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਪਾਰਟੀ ਉਮੀਦਵਾਰਾਂ ਦੀ ਹਲਕਾ ਬਦਲੀ ਮੁਹਿੰਮ ਵੱਡੇ ਪੱਧਰ 'ਤੇ ਵਿੱਢੀ ਸੀ। ਮੁਕਤਸਰ ਵਿਧਾਨ ਸਭਾ ਹਲਕੇ ਤੋਂ ਆਪਣੀ ਦਾਅਵੇਦਾਰੀ ਛੱਡ ਕੇ ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਵਾਲੇ ਭਾਈ ਹਰਨਿਰਪਾਲ ਸਿੰਘ ਕੁੱਕੂ ਚੋਣ ਹਾਰਨ ਦੇ ਬਾਵਜੂਦ ਕੋਟਕਪੂਰਾ ਵਿਧਾਨ ਸਭਾ ਹਲਕੇ ਵਿਚ ਆਪਣਾ ਚੋਣ ਦਫਤਰ ਖੋਲ੍ਹ ਚੁੱਕੇ ਹਨ। ਕੋਟਕਪੂਰਾ ਵਿਚ ਖਾਸ ਅਫਸਰਾਂ ਦੀ ਤਾਇਨਾਤੀ ਵੀ ਭਾਈ ਕੁੱਕੂ ਦੇ ਕਹਿਣ 'ਤੇ ਹੀ ਕੀਤੀ ਜਾ ਰਹੀ ਹੈ। ਫਰੀਦਕੋਟ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਪੰਜਗਰਾਈਂ, ਜਿਨ੍ਹਾਂ ਨੂੰ ਜੈਤੋ ਵਿਧਾਨ ਸਭਾ ਹਲਕੇ ਤੋਂ ਤਬਦੀਲ ਕਰ ਕੇ ਭਦੌੜ ਹਲਕੇ ਵਿਚ ਭੇਜਿਆ ਸੀ, ਵੀ ਚੋਣ ਹਾਰਨ ਤੋਂ ਬਾਅਦ ਭਦੌੜ ਵਿਚ ਸਰਗਰਮ ਹਨ ਅਤੇ ਭਦੌੜ ਹਲਕੇ ਵਿਚ ਸਰਕਾਰੀ ਸਮਾਗਮਾਂ ਦੀ ਬਾਕਾਇਦਾ ਅਗਵਾਈ ਕਰ ਰਹੇ ਹਨ। ਭਦੌੜ ਵਿਧਾਨ ਸਭਾ ਹਲਕੇ ਤੋਂ ਬਦਲ ਕੇ ਜੈਤੋ ਰਾਖਵੇਂ ਵਿਧਾਨ ਸਭਾ ਹਲਕੇ ਵਿਚ ਭੇਜੇ ਮੁਹੰਮਦ ਸਦੀਕ ਨੇ ਚੋਣ ਹਾਰਨ ਦੇ ਬਾਵਜੂਦ ਜੈਤੋ ਵਿਚ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ ਹਨ। ਨਿਹਾਲ ਸਿੰਘ ਹਲਕੇ ਤੋਂ ਚੋਣ ਹਾਰਨ ਵਾਲੀ ਕਾਂਗਰਸੀ ਉਮੀਦਵਾਰ ਰਾਜਵਿੰਦਰ ਕੌਰ ਭਾਗੀਕੇ ਵੀ ਆਪਣੇ ਹਲਕੇ ਵਿਚ ਸਰਗਰਮ ਹਨ। ਮੁਕਤਸਰ ਤੋਂ ਚੋਣ ਹਾਰਨ ਤੋਂ ਬਾਅਦ ਕਾਂਗਰਸੀ ਉਮੀਦਵਾਰ ਕਰਨ ਬਰਾੜ ਨੇ ਤਾਂ ਬਿਆਨ ਜਾਰੀ ਕਰ ਕੇ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਮੁਕਤਸਰ ਹਲਕੇ ਤੋਂ ਆਪਣਾ 'ਹੱਕ' ਨਹੀਂ ਛੱਡਣਗੇ ਤੇ ਉਹ ਇਸੇ ਹਲਕੇ ਵਿਚ ਹੀ ਕੰਮ ਕਰਨਗੇ।

# ਸ਼ਗਨ ਸਕੀਮ ਦਾ ਪੈਸਾ ਕਿਸੇ ਹੋਰ ਪਾਸੇ ਹੀ ਖਰਚ ਗਈ ਬਾਦਲ ਸਰਕਾਰ

**ਚੰਡੀਗੜ੍ਹ:** ਪੰਜਾਬ ਦੀਆਂ ਲੋੜਵੰਦ ਕੁੜੀਆਂ ਨੂੰ ਸ਼ਗਨ ਸਕੀਮ ਨਹੀਂ ਮਿਲ ਰਹੀ। ਇਸ ਸਕੀਮ ਦੇ ਦਸੰਬਰ ਤੋਂ ਫਰਵਰੀ ਤੱਕ ਨਹੀਂ ਮਿਲੇ। ਫਰਵਰੀ ਤੱਕ ਕੁੱਲ ਰਾਸ਼ੀ 28 ਕਰੋੜ 11 ਲੱਖ ਰੁਪਏ ਬਣਦੀ ਹੈ। ਪੰਜਾਬ ਦੇ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਅਕਾਲੀ ਦਲ ਦੀ ਸਰਕਾਰ 'ਚ ਇਹ ਪੈਸੇ ਸੰਗਤ ਦਰਸ਼ਨਾਂ ਲਈ ਵਰਤੇ ਹਨ। ਮੰਤਰੀ ਨੇ ਕਿਹਾ ਕਿ ਅਕਾਲੀ ਸਰਕਾਰ ਸਮੇਂ ਸ਼ਗਨ ਸਕੀਮ ਦੇ ਪੈਸੇ ਨਾ ਰਲੀਜ਼ ਹੋਣ ਦੀ ਜਾਂਚ ਹੋਵੇਗੀ।

ਧਰਮਸੋਤ ਨੇ ਕਿਹਾ ਕਿ ਇਹ ਵੀ ਜਾਂਚ ਕਰਵਾਈ ਜਾਵੇਗੀ ਕਿ ਸ਼ਗਨ ਸਕੀਮ ਤੇ ਭਲਾਈ ਸਕੀਮਾਂ 'ਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਜਨਮੇਜਾ ਸਿੰਘ ਸੇਖੋਂ ਤੇ ਸਾਬਕਾ ਭਲਾਈ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੇ ਹਲਕਿਆਂ 'ਚ ਪੈਸੇ ਜਾਣ ਦੀ ਵਿਸ਼ੇਸ਼ ਤੌਰ 'ਤੇ ਜਾਂਚ ਹੋਵੇਗੀ। ਦੱਸਣਯੋਗ ਹੈ ਕਿ ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਦੌਰਾਨ ਗਰੀ ਕੁੜੀਆਂ ਨੂੰ ਵਿਆਹ 15 ਹਜ਼ਾਰ ਰੁਪਏ ਸ਼ਗਨ ਸਕੀਮ ਮਿਲਦੀ ਸੀ ਤੇ



ਕਾਂਗਰਸ ਨੇ ਆਪਣੇ ਮੈਨੀਫੈਸਟੋ 'ਚ ਇਹ 52 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਸੀ।

**ਜਾਅਲੀ ਪੈਨਸ਼ਨ ਹੁਣ ਭਰਨਗੇ ਦੁੱਗਣਾ:** ਪੰਜਾਬ ਸਰਕਾਰ ਨੇ ਬੁਢਾਪਾ ਪੈਨਸ਼ਨ ਵਧਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਪੈਨਸ਼ਨ ਕੇਸਾਂ ਦੀ ਗਲਤ ਸਿਫਾਰਸ਼ ਕਰ ਕੇ ਪ੍ਰਸ਼ਾਸਨ ਨੂੰ ਧੋਖੇ 'ਚ ਰੱਖਣ ਵਾਲਿਆਂ ਵਿਰੁੱਧ ਕਾਰਵਾਈ ਦੇ ਸੰਕੇਤ ਵੀ ਦਿੱਤੇ ਹਨ।

ਸਰਕਾਰ ਨੇ ਗਲਤ ਢੰਗ ਨਾਲ ਲਾਈਆਂ ਪੈਨਸ਼ਨਾਂ ਦੀ ਪੁਣਛਾਣ ਦਾ ਫੈਸਲਾ ਕੀਤਾ ਹੈ। ਭਵਿੱਖ ਵਿਚ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਵੱਲੋਂ ਪੈਨਸ਼ਨ ਦੀ ਗਲਤ ਸਿਫਾਰਸ਼ 'ਤੇ ਦੁੱਗਣੀ ਰਕਮ ਵਸੂਲੀ ਜਾਵੇਗੀ। ਰਕਮ ਨਾ ਮੋੜਨ ਉਤੇ ਏਰੀਅਰ ਆਫ ਲੈਂਡ ਰੈਵੇਨਿਊ ਐਕਟ ਤਹਿਤ ਸਬੰਧਤ ਵਿਅਕਤੀ ਦੀ ਜ਼ਮੀਨ ਕੁਰਕ ਕੀਤੀ ਜਾਵੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੂੰ ਮੌਜੂਦਾ ਲਾਭਪਾਤਰੀਆਂ ਦਾ ਸਰਵੇਖਣ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਨੂੰ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਦੇ ਲਏ ਜਾ ਰਹੇ ਜਾਇਜ਼ੇ ਨਾਲ ਜੋੜ ਕੇ ਦੇਖਿਆ ਜਾਵੇਗਾ।


### ਜਾਅਲੀ ਨੀਲੇ ਕਾਰਡਾਂ ਉਤੇ ਫਿਰੇਗੀ ਲਾਲ ਲਕੀਰ

**ਮੁਹਾਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਭਰ ਵਿਚ ਜਾਅਲੀ ਨੀਲੇ ਕਾਰਡਾਂ ਉਤੇ ਲਾਲ ਲਕੀਰ ਫੇਰਨ ਦਾ ਮਨ ਬਣਾ ਲਿਆ ਹੈ। ਇਸ ਸਬੰਧੀ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਸਬ ਡਿਵੀਜ਼ਨ ਪੱਧਰ 'ਤੇ ਸਬ ਕਮੇਟੀਆਂ ਦਾ ਗਠਨ ਕਰ ਕੇ ਅਕਾਲੀ-ਭਾਜਪਾ ਸਰਕਾਰ ਵੇਲੇ ਚੋਣਾਂ ਤੋਂ ਐਨ ਪਹਿਲਾਂ ਥੋਕ ਵਿਚ ਬਣਾਏ ਨੀਲੇ ਕਾਰਡਾਂ ਦੀ ਨਵੇਂ ਸਿਰਿਉਂ ਜਾਂਚ ਲਈ ਆਖਿਆ ਹੈ। ਜਾਣਕਾਰੀ ਅਨੁਸਾਰ ਰੀ-ਵੈਰੀਫਿਕੇਸ਼ਨ ਦਾ ਇਹ ਕੰਮ ਐਸ.ਡੀ.ਐਮ. ਦੀ ਨਿਗਰਾਨੀ ਹੇਠ ਸ਼ਹਿਰੀ ਖੇਤਰ ਵਿਚ ਨਗਰ ਨਿ

ਨਿਗਮ ਦੇ ਕਮਿਸ਼ਨਰ, ਨਗਰ ਕੌਂਸਲਾਂ ਦੇ ਕਾਰਜਸਾਧਕ ਅਫਸਰ ਰੈਂਕ ਦੇ ਅਧਿਕਾਰੀ ਤੇ ਨਿਰੀਖਕ (ਖੁਰਾਕ ਤੇ ਸਪਲਾਈ), ਪੇਂਡੂ ਖੇਤਰ ਵਿਚ ਪਟਵਾਰੀ, ਪੰਚਾਇਤ ਸਕੱਤਰ ਤੇ ਨਿਰੀਖਕ (ਖੁਰਾਕ ਤੇ ਸਪਲਾਈ) ਵੱਲੋਂ ਕੀਤਾ ਜਾਵੇਗਾ। ਸਰਕਾਰ ਨੇ ਅਜਿਹੇ ਕਿਸਾਨਾਂ ਭੂਮੀਹੀਣ ਪਰਿਵਾਰਾਂ, ਜਿਨ੍ਹਾਂ ਦੇ ਕਿਸੇ ਮੈਂਬਰ ਨੇ ਵਿੱਤੀ ਤੰਗੀ ਕਾਰਨ ਖੁਦਕੁਸ਼ੀ ਕੀਤੀ ਹੋਵੇ, ਨੂੰ ਸਕੀਮ ਤਹਿਤ ਲਾਭ ਦੇਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਸਾਬਕਾ ਫੌਜੀਆਂ ਨੂੰ ਵੀ ਸਕੀਮ ਦਾ ਲਾਭ ਦੇਣ ਦਾ ਫੈਸਲਾ ਕੀਤਾ ਹੈ, ਬਸ਼ਰਤੇ ਸਾਬਕਾ ਫੌਜੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਸਾਲਾਨਾ ਆਮਦਨ 60 ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ। ਕੇਸਾਂ ਦੀ ਪੜਤਾਲ ਐਸ.ਡੀ.ਐਮ. ਵੱਲੋਂ ਆਪ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰਾਂ ਨੂੰ ਇਹ ਕੰਮ 15 ਮਈ ਤੱਕ ਨੇਪਰੇ ਚਾੜ੍ਹਨ ਲਈ ਆਖਿਆ ਗਿਆ ਹੈ।

# ਬਹੁਪੱਖੀ ਸ਼ਖਸੀਅਤ ਤੇ ਸਥਾਪਿਤ ਅਦਾਕਾਰ-ਜਸਵੰਤ ਸਿੰਘ ਸ਼ਾਦ

ਕੈਲੀਫੋਰਨੀਆ ਦੀਆਂ ਸਟੇਜਾਂ ਦਾ ਮਾਣ, ਭੰਗੜੇ ਦਾ ਸ਼ੈਦਾਈ, ਸਿਖਰ ਦਾ ਮੇਜ਼ਬਾਨ ਤੇ ਸਿਰੇ ਦਾ ਅਦਾਕਾਰ ਹੈ, ਲੇਖਕ ਤੇ ਪੱਤਰਕਾਰ ਜਸਵੰਤ ਸ਼ਾਦ। ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਜਸਵੰਤ ਸ਼ਾਦ ਕੈਲੀਫੋਰਨੀਆ ਵਿਚ ਵੱਸਿਆ ਹੋਇਆ ਹੈ। ਜੋ ਲੋਕ ਅਖਬਾਰ ਪੜ੍ਹਨ, ਮੇਲਿਆਂ 'ਤੇ ਜਾਣ-ਆਉਣ ਜਾਂ ਨਾਟਕ ਵੇਖਣ ਦੇ ਸ਼ੌਕੀਨ ਹਨ, ਉਨ੍ਹਾਂ ਲਈ ਜਸਵੰਤ ਸ਼ਾਦ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। ਕਿਉਂਕਿ ਬਹੁਤੇ ਓਹਦੀ ਕਲਾ ਦਾ ਜਾਦੂ ਸਟੇਜਾਂ ਤੋਂ ਵੇਖ ਚੁਕੇ ਹੋਣਗੇ। ਫੇਰ ਵੀ ਜਸਵੰਤ ਦੇ ਸਾਹਿਤਕ ਤੇ ਸਟੇਜੀ ਸਫਰ 'ਤੇ ਪੰਛੀ ਝਾਤ ਪਾਉਣੀ ਉਚਿਤ ਰਹੇਗੀ।



**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ**
**ਫੋਨ: 559-333-5776**

ਸ਼ਾਦ ਨੇ ਹਾਈ ਸਕੂਲ ਤੱਕ ਦੀ ਪੜ੍ਹਾਈ ਖਾਲਸਾ ਸਕੂਲ ਜਲੰਧਰ ਤੋਂ ਕੀਤੀ ਤੇ ਜਿਥੇ ਉਹ ਹਾਕੀ ਦੀ ਟੀਮ ਦਾ ਮੈਂਬਰ ਤੇ ਹੈਂਡਬਾਲ ਟੀਮ ਦਾ ਕੈਪਟਨ ਸੀ, ਉਥੇ ਨਾਲ ਦੀ ਨਾਲ ਸਾਲਾਨਾ ਸਮਾਗਮਾਂ ਉਤੇ ਭਾਸ਼ਣ ਕਰਨ ਤੇ ਕਵਿਤਾ ਪੜ੍ਹਨ ਦਾ ਉਹ ਕੋਈ ਮੌਕਾ ਹੱਥੋਂ ਨਾ ਗਵਾਉਂਦਾ। ਉਹਦੇ ਦੋਸਤਾਂ 'ਚੋਂ ਵੀ ਬਹੁਤ ਘੱਟ ਨੂੰ ਪਤਾ ਹੈ ਕਿ ਉਹ ਕਈ ਸਾਲ ਗਤਕਾ ਵੀ ਖੇਡਦਾ ਰਿਹਾ ਹੈ।

ਸ਼ਾਦ ਨੇ 1986 ਵਿਚ ਖਾਲਸਾ ਕਾਲਜ ਜਲੰਧਰ ਵਿਚ ਦਾਖਲਾ ਤਾਂ ਭਾਵੇਂ ਪੜ੍ਹਨ ਲਈ ਲਿਆ ਸੀ ਪਰ ਪੜ੍ਹਨ ਨਾਲੋਂ ਵੱਧ ਉਸ ਉਤੇ ਭੰਗੜਾ ਪਾਉਣ ਦਾ ਭੂਤ ਸਵਾਰ ਹੋ ਗਿਆ। ਇੱਥੇ ਭੰਗੜਾ ਟੀਮ ਵਿਚ ਦਾਖਲਾ ਨਾ ਮਿਲਦਾ ਦੇਖ ਕੇ ਸ਼ਾਦ ਨੇ ਇੱਕ ਦੋਸਤ ਨਾਲ ਸਕੀਮ ਬਣਾਈ ਤੇ ਅਗਲੇ ਸਾਲ ਦੁਆਬਾ ਕਾਲਜ ਵਿਚ ਜਾ ਨਾਮ ਲਿਖਵਾਇਆ। ਫੇਰ ਇਥੋਂ ਹੀ ਸ਼ਾਦ ਦਾ ਸਾਹਿਤਕ ਤੇ ਸਟੇਜੀ ਸਫਰ ਸ਼ੁਰੂ ਹੋਇਆ। ਉਹਨੇ ਇਥੇ ਭੰਗੜੇ ਦੇ ਨਾਲ ਨਾਲ ਕਵਿਤਾ ਉਚਾਰਨ ਮੁਕਾਬਲਿਆਂ ਅਤੇ ਭਾਸ਼ਣ ਮੁਕਾਬਲਿਆਂ ਵਿਚ ਹਿੱਸਾ ਲੈਂਦਿਆਂ ਆਪਣੇ ਕਾਲਜ ਲਈ ਅਨੇਕਾਂ ਮੈਡਲ ਤੇ ਇਨਾਮ ਜਿੱਤੇ। ਜਸਵੰਤ ਸ਼ਾਦ ਨੂੰ ਉਘੇ ਕਲਾਕਾਰ ਗੁਰਪ੍ਰੀਤ ਘੁੱਗੀ ਨਾਲ ਵੀ ਇੱਥੇ ਕੰਮ ਕਰਨ ਦਾ ਮੌਕਾ ਵੀ ਮਿਲਿਆ ਤੇ ਉਨ੍ਹਾਂ ਨੇ ਕਈ ਸਕਿੱਟਾਂ ਇਕੱਠਿਆਂ ਖੇਡੀਆਂ।

1989 ਵਿਚ ਸ਼ਾਦ ਨੇ ਐਮ.ਏ. ਪੁਲੀਟੀਕਲ ਸਾਇੰਸ ਕਰਨ ਲਈ ਡੀ.ਏ.ਵੀ. ਕਾਲਜ, ਜਲੰਧਰ 'ਚ ਐਡਮਿਸ਼ਨ ਲੈ ਲਈ। ਇਥੇ ਆ ਕੇ ਵੀ ਉਹ ਲਗਾਤਾਰ ਭੰਗੜਾ ਮੁਕਾਬਲਿਆਂ ਵਿਚ ਹਿੱਸਾ ਲੈਂਦਾ ਤੇ ਜਿੱਤਦਾ ਰਿਹਾ। 1989 ਵਿਚ ਸੈਨਿਕ ਸਕੂਲ ਕਪੂਰਥਲਾ 'ਚ ਹੋਏ ਇੰਟਰ 'ਵਰਸਟੀ ਮੁਕਾਬਲੇ ਵਿਚ ਉਨ੍ਹਾਂ ਦੀ ਟੀਮ ਨੇ ਗੋਲਡ ਮੈਡਲ ਜਿੱਤਿਆ। 1990 ਵਿਚ ਸ਼ਾਦ ਗੁਰੂ ਨਾਨਕ ਦੇਵ ਯੂਨੀਵਰਸਟੀ ਦੀ ਭੰਗੜਾ ਟੀਮ ਦਾ ਕੈਪਟਨ ਬਣਿਆ ਤੇ ਟੀਮ ਨੇ ਇੰਟਰ 'ਵਰਸਟੀ ਮੁਕਾਬਲੇ ਦੌਰਾਨ 'ਤਾਲਕਟੋਰਾ' ਸਟੇਡੀਅਮ ਦਿੱਲੀ ਤੋਂ ਗੋਲਡ ਮੈਡਲ ਜਿੱਤਿਆ।

1992 ਵਿਚ ਸ਼ਾਦ ਖ਼ੂਬਸੂਰਤ ਸਟੇਟ ਕੈਲੀਫੋਰਨੀਆ ਆਣ ਵਸਿਆ। ਇਥੇ ਆ ਕੇ ਵੀ ਉਹ ਭੰਗੜੇ ਨਾਲ ਲਗਾਤਾਰ ਜੁੜਿਆ ਰਿਹਾ। ਉਸ ਨੇ ਨੌਜਵਾਨ ਮੁੰਡੇ-ਕੁੜੀਆਂ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਤਿਆਰ ਕਰਵਾਈਆਂ ਅਤੇ 1992-93 ਵਿਚ ਬੇ-ਏਰੀਏ ਦੇ ਓਕਲੈਂਡ ਸ਼ਹਿਰ ਵਿਚ 'ਪੰਜਾਬ ਨਾਈਟ' ਨਾਮ ਦਾ ਵਿਸਾਖੀ ਮੇਲਾ ਵੀ ਦੋ ਵਾਰ ਕਰਵਾਇਆ। ਹੁਣ ਭਾਵੇਂ ਉਹਨੇ ਸਟਾਕਟਨ ਵਿਚ 'ਭੰਗੜਾ ਅਕੈਡਮੀ' ਖੋਲ੍ਹੀ ਹੋਈ ਹੈ ਪਰ ਪਿਛਲੇ ਵੀਹ ਸਾਲ ਉਹ ਭੰਗੜੇ ਦੀ ਸਿਖਲਾਈ ਮੁਫਤ ਵਿਚ ਦਿੰਦਾ ਰਿਹਾ ਹੈ।

ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਨਾਲ ਸ਼ਾਦ 1993 ਤੋਂ ਹੀ ਜੁੜਿਆ ਹੋਇਆ ਹੈ। ਉਹ ਦੱਸਦਾ ਹੈ ਕਿ ਅਮਰੀਕਾ ਵਿਚ ਸਟੇਜ ਹੋਸਟ ਬਣਨ ਦੀ ਉਹਦੀ ਚਾਹਤ ਇਸੇ ਸੰਸਥਾ ਵਲੋਂ ਕਰਵਾਏ ਜਾਂਦੇ ਵਿਸਾਖੀ ਮੇਲੇ ਉਤੇ 14 ਕੁ ਸਾਲ ਪਹਿਲਾਂ ਪੂਰੀ ਹੋਈ ਸੀ ਤੇ ਉਦੋਂ ਤੋਂ ਹੀ ਉਹ ਇਸ ਮੇਲੇ ਦਾ ਸਟੇਜ ਸੰਚਾਲਨ ਕਰਦਾ ਆ ਰਿਹਾ ਹੈ। ਉਸ ਤੋਂ ਬਾਅਦ ਚੱਲ ਸੋ ਚੱਲ। ਸਟੇਜ ਸੰਚਾਲਨ ਦਾ ਉਹਦਾ ਇੱਕ ਵੱਖਰਾ ਸ਼ਾਇਰਾਨਾ ਅੰਦਾਜ਼ ਹੈ। ਉਹ ਵੱਡੇ ਸ਼ਾਇਰਾਂ ਦੇ ਚੋਣਵੇਂ ਸ਼ੇਅਰ ਤੇ ਕਵਿਤਾਵਾਂ ਇੰਨੇ ਭਾਵਪੂਰਤ ਢੰਗ ਨਾਲ ਪੇਸ਼ ਕਰਦਾ ਹੈ ਕਿ ਸਰੋਤਾ ਥਾਂ 'ਤੇ ਹੀ ਕੀਲਿਆ ਜਾਂਦਾ ਹੈ। ਕਮਰਸ਼ੀਅਲ ਮੇਲਿਆਂ ਦੇ ਨਾਲ ਨਾਲ ਲੋਕਲ ਮੇਲਿਆਂ ਉਤੇ ਉਹ ਕਈ ਸਾਲਾਂ ਤੋਂ ਸਟੇਜ ਦੀ ਸੇਵਾ ਨਿਭਾ ਰਿਹਾ ਹੈ। ਉਹ ਚੋਟੀ ਦੀਆਂ ਸਟੇਜਾਂ 'ਤੇ ਆਪਣੀ ਕਲਾ ਦਾ ਲੋਹਾ ਮੰਨਵਾ ਚੁਕਾ ਹੈ। ਜ਼ਿਕਰਯੋਗ ਹੈ ਕਿ ਮੰਚ ਸੰਚਾਲਨ ਕਰਦਿਆਂ ਉਹ 'ਪਤਵੰਤੇ' ਕਿਸਮ ਦੇ ਲੋਕਾਂ ਦੇ ਸੋਹਲੇ ਗਾ ਗਾ ਕੇ ਸਰੋਤਿਆਂ ਨੂੰ ਦੁਖੀ ਨਹੀਂ ਕਰਦਾ। ਚਮਚਾਗਿਰੀ ਨਾ ਕਰਨ ਕਰਕੇ ਬਹੁਤੀਆਂ ਸੰਸਥਾਵਾਂ ਨੂੰ ਜਸਵੰਤ ਕਈ ਵਾਰੀ ਰਾਸ ਵੀ ਨਹੀਂ ਆਉਂਦਾ।



*ਜਸਵੰਤ ਸ਼ਾਦ ਇਕ ਨਾਟਕ ਵਿਚ ਅਦਾਕਾਰੀ ਕਰਦਿਆਂ*

ਜਸਵੰਤ ਸ਼ਾਦ ਲੰਮੇ ਸਮੇ ਤੋਂ ਪੱਤਰਕਾਰੀ ਨਾਲ ਵੀ ਜੁੜਿਆ ਰਿਹਾ ਹੈ। ਉਹ 1993 ਤੋਂ ਲੈ ਕੇ 1998 ਤੱਕ ਕੈਨੇਡਾ ਤੋਂ ਛਪਦੇ ਪੰਜਾਬੀ ਅਖਬਾਰ 'ਇੰਡੋ-ਕੈਨੇਡੀਅਨ' ਲਈ ਪੱਤਰਕਾਰੀ ਕਰਦਾ ਰਿਹਾ ਹੈ। ਜਸਵੰਤ ਅੰਦਰ ਇੱਕ ਕਵੀ ਵੀ ਛੁਪਿਆ ਹੋਇਆ ਹੈ ਜਿਸ ਦੇ ਦਰਸ਼ਨ ਕਦੇ ਕਦਾਈਂ ਕਵਿਤਾਵਾਂ ਜਰੀਏ ਇਹਦੀ ਫੇਸਬੁੱਕ 'ਤੇ ਹੁੰਦੇ ਰਹਿੰਦੇ ਹਨ।

ਜਸਵੰਤ ਨੂੰ ਵਾਰਤਕ ਲਿਖਣ ਵਿਚ ਵੀ ਚੰਗੀ ਮੁਹਾਰਤ ਹਾਸਲ ਹੈ। ਸ਼ਾਦ ਦੇ ਲੇਖ ਹੋਰ ਅਖਬਾਰਾਂ ਦੇ ਨਾਲ ਨਾਲ 'ਪੰਜਾਬ ਟਾਈਮਜ਼' ਵਿਚ ਵੀ ਛਪਦੇ ਰਹਿੰਦੇ ਹਨ। ਸ਼ਾਦ ਦੇ ਵਿਸ਼ੇ ਅਤੇ ਸ਼ਬਦਾਂ ਦੀ ਚੋਣ ਜੋੜ ਬਾ-ਕਮਾਲ ਹੈ। ਉਹ ਕੁਝ ਨਾ ਕੁਝ ਲਿਖਦਾ ਰਹਿੰਦਾ ਹੈ, ਪਰ ਲਗਾਤਾਰ ਨਹੀਂ ਲਿਖਦਾ। ਕਵਿਤਾ ਨਾ ਸਹੀ ਗਜ਼ਲ ਸਹੀ, ਨਹੀਂ ਤਾਂ ਰਾਜਨੀਤਕ ਜਾਂ ਸਮਾਜਿਕ ਵਿਸ਼ੇ 'ਤੇ ਲੇਖ ਹੀ ਸਹੀ, ਇਸ ਸਾਰੇ ਕਾਸੇ ਤੋਂ ਜਦ ਉਹਦਾ ਮਨ ਉਕਤ ਗਿਆ ਤਾਂ ਭੁੱਸ ਪੂਰਾ ਕਰਨ ਲਈ ਉਹਨੇ ਇੱਕ ਛੋਟਾ ਜਿਹਾ ਕਾਲਮ 'ਤਿਰਛੀ ਨਜ਼ਰ' ਪੰਜਾਬ ਟਾਈਮਜ਼ ਲਈ ਲਿਖਣਾ ਸ਼ੁਰੂ ਕੀਤਾ ਸੀ ਜੋ ਸ਼ਾਦ ਦੋ ਸਾਲ ਲਗਾਤਾਰ ਲਿਖਦਾ ਰਿਹਾ। ਫਿਰ ਉਹਨੇ ਅਚਾਨਕ ਇਹ ਵੀ ਬੰਦ ਕਰ ਦਿੱਤਾ। ਹੁਣ ਕਦੇ ਕਦਾਈਂ ਉਹਦੀ 'ਤਿਰਛੀ ਨਜ਼ਰ' ਦੇ ਦੀਦਾਰੇ ਫੇਸਬੁੱਕ ਉਤੇ ਹੁੰਦੇ ਹਨ। ਸਾਹਿਤ ਪੜ੍ਹਨ ਦਾ ਉਹ ਬੜਾ ਸ਼ੌਕੀਨ ਹੈ। ਪੰਜਾਬੀ ਸਾਹਿਤ ਸਭਾ ਸਟਾਕਟਨ ਦਾ ਕਈ ਸਾਲ ਸੈਕਟਰੀ ਰਹਿਣ ਦੇ ਨਾਲ ਨਾਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ 1995 ਤੋਂ ਜੁੜਿਆ ਹੋਇਆ ਹੈ। ਸੁਖਵਿੰਦਰ ਅੰਮ੍ਰਿਤ, ਸ਼ਿਵ ਬਟਾਲਵੀ, ਸੁਰਜੀਤ ਪਾਤਰ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਕੰਵਲ, ਹਰਿੰਦਰ ਸਿੰਘ ਮਹਿਬੂਬ, ਟਾਲਸਟਾਏ, ਦਾਸਤੋਵਸਕੀ, ਐਲੀ ਵਾਈਜ਼ਲ ਉਹਦੇ ਪਸੰਦੀਦਾ ਲੇਖਕ ਹਨ।



*ਜਸਵੰਤ ਸਿੰਘ ਸ਼ਾਦ*

ਮੈਂ ਇੱਕ ਵਾਰ ਪੁੱਛਿਆ, ਪਰਿਵਾਰ ਵਿਚੋਂ ਇੰਨਾ ਸਮਾਂ ਕੱਢਣਾ ਔਖਾ ਹੈ, ਕਦੇ ਭਾਬੀ ਜੀ ਔਖੇ ਨਹੀਂ ਹੁੰਦੇ? ਹੱਸ ਕੇ ਕਹਿਣ ਲੱਗਾ, "ਕਾਲਜ ਵੇਲੇ ਮੇਰੀ ਮਾਤਾ ਕਹਿੰਦੀ ਰਹੀ ਤੇ ਹੁਣ ਤੇਰੀ ਭਾਬੀ ਕਹਿੰਦੀ ਹੁੰਦੀ ਆ 'ਕੋਈ ਕੰਮ ਇੰਦਾਂ ਦਾ ਰਹਿ ਨਾ ਜਾਵੇ, ਬੱਸ ਇਹ ਸਾਰੇ ਕੰਮ ਤੂੰ ਈ ਕਰਨੇ ਆਂ' ਪਰ ਅੰਦਰੋਂ ਦੋਹਾਂ ਨੂੰ ਹੀ ਕਦੇ ਮਾਣ ਜਿਹਾ ਵੀ ਹੁੰਦਾ ਮੇਰੇ 'ਤੇ।"

ਮੈਨੂੰ ਲਗਦਾ ਸ਼ਾਦ ਦੀ ਮਾਤਾ ਤੇ ਘਰਵਾਲੀ ਦਾ ਸਵਾਲ ਠੀਕ ਈ ਐ ਕਿ ਸਾਰੇ ਕੰਮ ਤੂੰ ਹੀ ਕਰਨੇ ਆਂ! ਹੋਰ ਸੁਣੋ, ਉਹ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਵੀ ਪੜ੍ਹਾਉਂਦਾ ਰਿਹਾ ਤੇ ਅੱਜ ਕਲ ਰੇਡੀਓ ਸ਼ੋਅ ਕਰਨ ਦਾ ਖਬਤ ਵੀ ਉਹਦਾ ਪੂਰੇ ਜੋਬਨ 'ਤੇ ਹੈ। ਸ਼ੁੱਧ ਪੰਜਾਬੀ ਲਿਖਣ ਤੇ ਬੋਲਣ ਦੇ ਮਾਮਲੇ ਵਿਚ ਉਹ ਬੜਾ ਗੰਭੀਰ ਹੈ। ਜੇ ਕੋਈ ਗਲਤ ਪੰਜਾਬੀ ਲਿੱਖੇ ਤਾਂ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ। ਉਸ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕਿਸੇ ਨੇ ਪੰਜਾਬੀ ਮਾਂ ਬੋਲੀ ਨੂੰ ਗਾਲ੍ਹ ਕੱਢੀ ਹੋਵੇ ਤੇ ਪੰਜਾਬੀ ਸਿਖਾਉਣ ਲਈ ਅਗਲੇ ਦੇ ਦਰਾਂ ਤੱਕ ਪਹੁੰਚ ਜਾਂਦਾ ਹੈ। ਉਹਨੇ ਹਾਲੇ ਹੋਰ ਪਤਾ ਨਹੀਂ ਕੀ ਕੀ ਕਰਨਾ ਹੈ ਪਰ ਉਹ ਆਪ ਦੱਸਦਾ ਹੈ ਕਿ ਨਾਟਕ ਕਰਨ ਦਾ ਤਾਂ ਉਹਨੇ ਕਦੇ ਸੁਪਨਾ ਵੀ ਨਹੀਂ ਸੀ ਲਿਆ। ਜਿਵੇਂ ਕਹਿੰਦੇ ਹੁੰਦੇ ਨੇ ਕਿ ਜੌਹਰੀ ਹੀਰੇ ਦੀ ਝੱਟ ਪਛਾਣ ਕਰ ਲੈਂਦਾ ਹੈ, ਇਵੇਂ ਹੀ ਕੈਲੀਫੋਰਨੀਆ ਦੀਆਂ ਸਟੇਜਾਂ ਦਾ ਸੰਚਾਲਨ ਕਰਦਿਆਂ ਜਸਵੰਤ ਸ਼ਾਦ ਉਘੇ ਨਾਟਕਕਾਰ ਅਸ਼ੋਕ ਟਾਂਗਰੀ ਦੀ ਨਜ਼ਰੇ ਚੜ੍ਹ ਗਿਆ ਤੇ ਉਸ ਨੇ 2014 ਵਿਚ ਜਸਵੰਤ ਨੂੰ ਆਪਣੇ ਬਹੁ-ਚਰਚਿਤ ਨਾਟਕ 'ਧੀਆਂ ਮਰਜਾਣੀਆਂ' ਵਿਚ ਰੋਲ ਕਰਨ ਲਈ ਕਿਹਾ। ਅੰਨਾ ਕੀ ਭਾਲੇ, ਦੋ ਅੱਖਾਂ! ਜਸਵੰਤ ਨੇ ਝੱਟ ਹਾਂ ਕਰ ਦਿੱਤੀ।

ਜਸਵੰਤ ਨੂੰ ਨਾਟਕ ਵੇਖਣ ਦਾ ਸ਼ੌਕ ਮੁੱਢ ਤੋਂ ਹੈ, ਕਾਲਜ ਵੇਲੇ ਉਹ ਅੰਮ੍ਰਿਤਸਰ ਤੋਂ ਲੈ ਕੇ ਪਠਾਨਕੋਟ ਤੱਕ ਨਾਟਕ ਵੇਖਣ ਜਾਂਦਾ ਰਿਹਾ ਹੈ। ਕੈਲੀਫੋਰੀਆ ਦੇ ਹੇਵਰਡ ਸ਼ਹਿਰ ਦਾ ਸ਼ੱਬੋ ਕਾਲਜ ਪੰਜਾਬੀ ਰੰਗ ਮੰਚ ਲਈ ਬੜਾ ਮਸ਼ਹੂਰ ਹੈ। ਜਸਵੰਤ ਨੇ ਇਥੇ ਖੇਡਿਆ ਗਿਆ ਹਰ ਨਾਟਕ ਵੇਖਿਆ। ਅਸ਼ੋਕ ਟਾਂਗਰੀ ਨੇ ਸ਼ਾਦ ਨੂੰ ਇੱਕ ਛੋਟੇ ਜਿਹੇ ਰੋਲ ਲਈ ਚੁਣਿਆ ਸੀ। ਸ਼ਾਦ ਨੇ ਉਹ ਅਦਾਕਾਰੀ ਐਨੀ ਭਿੱਜ ਕੇ ਕੀਤੀ ਕਿ ਅਸ਼ੋਕ ਟਾਂਗਰੀ ਨੇ ਨਾਟਕ ਦੇ ਮੁੱਖ ਪਾਤਰ ਦਾ ਰੋਲ ਸ਼ਾਦ ਨੂੰ ਦੇ ਦਿੱਤਾ। ਮੈਂ ਖੁਦ ਨਾਟਕ 'ਧੀਆਂ ਮਰਜਾਣੀਆਂ' ਫਰਿਜ਼ਨੋ ਦੇ ਟਾਵਰ ਥੀਏਟਰ ਵਿਚ ਵੇਖਿਆ ਜਿੱਥੇ ਜਸਵੰਤ ਸ਼ਾਦ ਦੀ ਅਦਾਕਾਰੀ ਸਿਖਰ 'ਤੇ ਸੀ। ਨਾਟਕ ਵੇਖਣ ਲਈ ਵੱਡੀ ਗਿਣਤੀ ਵਿਚ ਲੋਕੀਂ ਹਾਜ਼ਰ ਸਨ ਤੇ ਸ਼ਾਦ ਦੀ ਅਦਾਕਾਰੀ ਨੇ ਹਰ ਅੱਖ ਨਮ ਕਰ ਦਿੱਤੀ। ਨਾਟਕ ਪਿਛੋਂ ਦਰਸ਼ਕ ਜਸਵੰਤ ਸ਼ਾਦ ਨਾਲ ਲੰਮਾਂ ਸਮਾਂ ਫੋਟੋਆਂ ਖਿਚਾਉਂਦੇ ਰਹੇ। ਜਸਵੰਤ ਸ਼ਾਦ ਦੀ ਅਦਾਕਾਰੀ ਨੇ ਫਰਿਜ਼ਨੋ 'ਚ ਐਸੀ ਛਾਪ ਛੱਡੀ ਕਿ ਇੱਕ ਸਾਲ ਦੇ ਅੰਦਰ ਕੈਲੀਫੋਰਨੀਆ ਵਿਚ 'ਧੀਆਂ ਮਰਜਾਣੀਆਂ' ਦੇ ਪੰਜ ਸਫਲ ਸ਼ੋਅ ਹੋਏ।

ਇਨ੍ਹੀਂ ਦਿਨੀਂ ਇੱਕ ਹੋਰ ਨਾਟਕ 'ਕਿਸਾਨ ਖੁਦਕਸ਼ੀ ਦੇ ਮੋੜ ਤੇ' ਬਹੁਤ ਚਰਚਾ ਵਿਚ ਹੈ ਜੋ ਪੰਜਾਬ ਦੇ ਕਿਸਾਨ ਦੀ ਤਾਜਾ ਹਾਲਤ ਬਿਆਨ ਕਰਦਾ ਹੈ। ਇਸ ਨਾਟਕ ਵਿਚ ਵੀ ਸ਼ਾਦ ਨੇ ਮੁੱਖ ਭੂਮਿਕਾ ਨਿਭਾਈ ਹੈ ਅਤੇ ਇਹ ਨਾਟਕ ਦਰਸ਼ਕ ਖਿੱਚਣ ਵਿਚ ਬੇਹੱਦ ਸਫਲ ਹੋ ਰਿਹਾ ਹੈ। ਇਨ੍ਹਾਂ ਨਾਟਕਾਂ ਵਿਚ ਸਫਲ ਅਦਾਕਾਰੀ ਕਰਕੇ ਜਸਵੰਤ ਸ਼ਾਦ ਨੇ ਸਟੇਜ ਸੰਚਾਲਨ ਤੋਂ ਹਟ ਕੇ ਰੰਗ-ਮੰਚ ਦੀ ਦੁਨੀਆਂ ਵਿਚ ਜੋ ਸਫਲ ਝੰਡੇ ਗੱਡੇ ਹਨ, ਉਹ ਆਪਣੇ ਆਪ ਵਿਚ ਇੱਕ ਮਿਸਾਲ ਹੈ। ਇਸ ਸਾਰੇ ਕਾਸੇ ਦਾ ਸਿਹਰਾ ਉਹ ਆਪਣੇ ਉਸਤਾਦ ਅਸ਼ੋਕ ਟਾਂਗਰੀ ਸਿਰ ਬੰਨ੍ਹਦਾ ਹੈ। ਇਰਾਦਾ ਦ੍ਰਿੜ ਹੋਵੇ ਤਾਂ ਰਾਹ ਆਪਣੇ ਆਪ ਬਣਦੇ ਹਨ। ਜਸਵੰਤ ਲਈ ਦੁਆ ਹੈ ਕਿ ਉਹ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਸਾਡੇ ਵਿਰਸੇ, ਸੱਭਿਆਚਾਰ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦਾ ਰਹੇ ਤੇ ਨਵੀਂ ਪੀੜ੍ਹੀ ਲਈ ਰਾਹ ਦਸੇਰਾ ਬਣਿਆ ਰਹੇ।

# ਸਵੱਛਤਾ ਮੁਹਿੰਮ: ਪੰਜਾਬ ਦਾ ਕੋਈ ਵੀ ਸ਼ਹਿਰ ਸੌ ਦੀ ਸੂਚੀ 'ਚ ਨਹੀਂ

**ਨਵੀਂ ਦਿੱਲੀ:** ਕੌਮੀ ਸਵੱਛਤਾ ਸਰਵੇਖਣ-2017 ਦੇ ਵੇਰਵੇ ਜਾਰੀ ਹੋ ਗਏ ਹਨ ਅਤੇ ਇਨ੍ਹਾਂ ਮੁਤਾਬਕ ਦੇਸ਼ ਦੇ 50 ਸਭ ਤੋਂ ਸਵੱਛ ਸ਼ਹਿਰਾਂ ਵਿਚ ਪੰਜਾਬ ਦਾ ਇਕ ਵੀ ਸ਼ਹਿਰ ਸ਼ਾਮਲ ਨਹੀਂ। ਪੰਜਾਬ ਦੇ ਜਿਨ੍ਹਾਂ 16 ਸ਼ਹਿਰਾਂ ਨੂੰ ਇਸ ਸਰਵੇਖਣ ਦਾ ਹਿੱਸਾ ਬਣਾਇਆ ਗਿਆ, ਉਨ੍ਹਾਂ ਵਿਚੋਂ ਕੋਈ ਵੀ ਪਹਿਲੇ 100 ਸ਼ਹਿਰਾਂ ਦੀ ਫਹਿਰਿਸਤ ਵਿਚ ਵੀ ਨਹੀਂ ਆਇਆ।

ਸਾਫ-ਸਫਾਈ ਦੇ ਮਿਆਰਾਂ ਵਿਚ ਮੱਧ ਪ੍ਰਦੇਸ਼ ਦਾ ਇੰਦੌਰ ਸ਼ਹਿਰ ਦੇਸ਼ ਦਾ ਸਭ ਤੋਂ ਸਾਫ ਜਦਕਿ ਉਤਰ ਪ੍ਰਦੇਸ਼ ਦਾ ਗੋਂਡਾ ਸਭ ਤੋਂ ਗੰਦਾ ਸ਼ਹਿਰ ਐਲਾਨਿਆ ਗਿਆ ਹੈ। ਤੈਅ ਮਾਪਦੰਡਾਂ ਦੇ ਆਧਾਰ 'ਤੇ ਭਾਰਤ ਦੇ 434 ਸ਼ਹਿਰਾਂ ਦੇ ਕੀਤੇ ਗਏ 'ਸਵੱਛਤਾ ਸਰਵੇਖਣ' ਵਿਚ ਪੰਜਾਬ ਦਾ ਕੋਈ ਵੀ ਸ਼ਹਿਰ 100 ਸਾਫ ਸ਼ਹਿਰਾਂ ਦੀ ਸੂਚੀ ਵਿਚ ਆਪਣੀ ਥਾਂ ਬਣਾਉਣ ਵਿਚ ਨਕਾਮ ਤਾਂ ਰਿਹਾ ਹੀ, ਇਥੋਂ ਤੱਕ ਕਿ ਵਿਰਾਸਤੀ ਐਲਾਨੇ ਸ਼ਹਿਰ ਦਾ ਨਾਂ ਵੀ ਪਹਿਲੇ 100 ਸਾਫ ਸ਼ਹਿਰਾਂ ਦੀ ਸੂਚੀ ਵਿਚੋਂ ਨਦਾਰਦ ਹੈ। ਨਾਲ ਹੀ ਸਭ ਤੋਂ ਗੰਦੇ 10 ਸ਼ਹਿਰਾਂ ਵਿਚ ਪੰਜਾਬ ਦੇ ਦੋ ਸ਼ਹਿਰਾਂ ਦੇ ਨਾਂ ਸ਼ਾਮਲ ਹਨ। 434 ਸ਼ਹਿਰਾਂ ਵਿਚੋਂ ਉਤਰ ਪ੍ਰਦੇਸ਼ ਦੇ ਗੋਂਡਾ ਨੂੰ ਸਭ ਤੋਂ ਗੰਦਾ ਸ਼ਹਿਰ ਐਲਾਨਿਆ ਗਿਆ ਹੈ। ਸੂਚੀ ਵਿਚ ਮੁਕਤਸਰ 428 ਨੰਬਰ ਅਤੇ ਅਬੋਹਰ 427 ਨੰਬਰ ਉਤੇ ਆਏ ਹਨ। 2017 ਵਿਚ 1 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦੇ ਸਰਵੇਖਣ 'ਚ ਪੰਜਾਬ ਦੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਬਠਿੰਡਾ, ਐਸ.ਏ.ਐਸ. ਨਗਰ, ਪਠਾਨਕੋਟ, ਫਿਰੋਜ਼ਪੁਰ, ਬਰਨਾਲਾ, ਮੋਗਾ, ਖੰਨਾ, ਪਟਿਆਲਾ, ਹੁਸ਼ਿਆਰਪੁਰ, ਮਲੇਰਕੋਟਲਾ, ਬਟਾਲਾ, ਪਟਿਆਲਾ, ਅਬੋਹਰ ਅਤੇ ਮੁਕਤਸਰ ਸ਼ਹਿਰਾਂ ਨੂੰ ਸ਼ਾਮਲ ਕੀਤਾ ਗਿਆ ਸੀ।

## ਸਫਾਈ ਪੱਖੋਂ ਮੁਹਾਲੀ 121ਵੇਂ ਸਥਾਨ 'ਤੇ ਆਇਆ



ਨਿਗਮ ਵੱਲੋਂ ਕੀਤੇ ਕੰਮ, ਕੇਂਦਰ ਦੀ ਟੀਮ ਦੇ ਮੁਲਾਂਕਣ ਅਤੇ ਲੋਕਾਂ ਦੀ ਫੀਡਬੈਕ ਦੇ ਆਧਾਰ 'ਤੇ ਸਫ਼ਾਈ ਦੇ ਲਿਹਾਜ ਨਾਲ ਐਸ.ਏ.ਐਸ. ਨਗਰ ਪੰਜਾਬ ਦੇ ਸ਼ਹਿਰਾਂ 'ਚੋਂ ਸਭ ਤੋਂ ਉਪਰ ਹੋਣ ਦੇ ਬਾਵਜੂਦ 121ਵੇਂ ਨੰਬਰ 'ਤੇ ਹੀ ਥਾਂ ਬਣਾ ਸਕਿਆ, ਜਦਕਿ ਬਠਿੰਡਾ 132ਵੇਂ, ਲੁਧਿਆਣਾ 140ਵੇਂ, ਪਠਾਨਕੋਟ 188ਵੇਂ ਅਤੇ ਫਿਰੋਜ਼ਪੁਰ 222ਵੇਂ ਨੰਬਰ 'ਤੇ ਰਹੇ।

## ਉਤਰ ਪ੍ਰਦੇਸ਼ ਦੀ ਸਭ ਤੋਂ ਮਾੜੀ ਹਾਲਤ

**ਚੰਡੀਗੜ੍ਹ:** ਸੂਚੀ ਦੇ ਅੰਕੜਿਆਂ ਮੁਤਾਬਕ ਸਭ ਤੋਂ ਚਿੰਤਾਜਨਕ ਹਾਲਤ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਉਤਰ ਪ੍ਰਦੇਸ਼ ਦੀ ਹੈ। ਸਭ ਤੋਂ ਗੰਦੇ 50 ਸ਼ਹਿਰਾਂ ਦੀ ਸੂਚੀ ਵਿਚ 25 ਸ਼ਹਿਰ ਉਤਰ ਪ੍ਰਦੇਸ਼ ਦੇ ਹਨ, ਪਰ ਬਿਹਾਰ, ਪੰਜਾਬ ਅਤੇ ਰਾਜਸਥਾਨ ਦੇ ਹਾਲਾਤ ਵੀ ਸੰਤੋਖਜਨਕ ਨਹੀਂ ਕਹੇ ਜਾ ਸਕਦੇ ਕਿਉਂਕਿ 50 ਦੀ ਸੂਚੀ ਵਿਚ 9 ਸ਼ਹਿਰ ਬਿਹਾਰ ਦੇ ਅਤੇ ਪੰਜਾਬ ਅਤੇ ਰਾਜਸਥਾਨ ਦੇ 5-5 ਸ਼ਹਿਰ ਵੀ ਸ਼ਾਮਲ ਹਨ।

## ਅਬੋਹਰ ਤੇ ਮੁਕਤਸਰ ਸਾਹਿਬ ਸਭ ਤੋਂ ਗੰਦੇ

**ਚੰਡੀਗੜ੍ਹ:** 'ਸਵੱਛ ਸਰਵੇਖਣ-2017' ਰਾਹੀਂ ਜਾਰੀ ਸੂਚੀ ਵਿਚ ਪੰਜਾਬ ਦੇ ਅਬੋਹਰ ਤੇ ਮੁਕਤਸਰ ਸਾਹਿਬ ਸਭ ਤੋਂ ਗੰਦੇ ਦਸ ਸ਼ਹਿਰਾਂ ਵਿਚ ਸ਼ੁਮਾਰ ਹੋਏ ਹਨ। ਸਰਵੇਖਣ ਵਿਚ ਲਏ ਗਏ ਪੰਜਾਬ ਦੇ 16 ਸ਼ਹਿਰਾਂ ਵਿਚੋਂ 7 ਨੂੰ ਸਭ ਤੋਂ ਗੰਦੇ 100 ਸ਼ਹਿਰਾਂ ਵਿਚ ਥਾਂ ਮਿਲੀ ਹੈ, ਜਦੋਂਕਿ ਸਾਫ਼ ਸ਼ਹਿਰਾਂ ਵਿਚੋਂ ਪੰਜਾਬ ਦਾ ਐਸ.ਏ.ਐਸ. ਨਗਰ ਹੀ 121ਵਾਂ ਸਥਾਨ ਹਾਸਲ ਕਰ ਸਕਿਆ ਹੈ। ਦੂਜੇ ਪਾਸੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸਾਫ਼ ਸ਼ਹਿਰਾਂ ਦੀ ਸੂਚੀ ਵਿਚ 11ਵੀਂ ਥਾਂ ਮਿਲੀ ਹੈ। ਮੋਦੀ ਦਾ ਹਲਕਾ ਵਾਰਾਣਸੀ ਪਿਛਲੀ ਵਾਰ ਦੇ 65ਵੇਂ ਸਥਾਨ ਤੋਂ ਇਸ ਵਾਰ 32 ਉਤੇ ਪੁੱਜ ਗਿਆ।

ਸੂਚੀ ਵਿਚ ਜਲੰਧਰ 233ਵੇਂ ਨੰਬਰ ਅਤੇ ਅੰਮ੍ਰਿਤਸਰ 258ਵੇਂ ਨੰਬਰ ਉਤੇ ਰਿਹਾ, ਜਦਕਿ ਬਰਨਾਲਾ ਨੂੰ 284ਵੇਂ, ਹੁਸ਼ਿਆਰਪੁਰ ਨੂੰ 323ਵੇਂ, ਮਲੇਰਕੋਟਲਾ ਨੂੰ 363ਵੇਂ, ਮੋਗਾ ਨੂੰ 369ਵੇਂ, ਖੰਨਾ ਨੂੰ 400ਵੇਂ, ਪਟਿਆਲਾ ਨੂੰ 411ਵੇਂ, ਬਟਾਲਾ ਨੂੰ 418ਵੇਂ ਸਥਾਨ ਨਾਲ ਹੀ ਸੰਤੋਖ ਕਰਨਾ ਪਿਆ।

# ਸਿਆਸੀ ਸਤਰੰਜ, ਰਣਨੀਤੀ ਤੇ ਕੇਜਰੀਵਾਲ

ਆਮ ਆਦਮੀ ਪਾਰਟੀ ਦੀ ਹਾਲਤ ਇਸ ਸਮੇਂ ਅਜਿਹੇ ਬੰਦੇ ਵਰਗੀ ਹੈ ਜਿਸ ਕੋਲ ਸਾਧਨ ਤਾਂ ਸੀਮਤ ਹੁੰਦੇ ਹਨ, ਪਰ ਖਾਹਸ਼ਾਂ ਅਸੀਮਤ ਹੁੰਦੀਆਂ ਹਨ। ਅਜਿਹੇ ਲੋਕਾਂ ਬਾਰੇ ਵਿਅੰਗ ਨਾਲ ਕਿਹਾ ਜਾਂਦਾ ਹੈ ਕਿ ਉਹ ਜਦੋਂ ਦੂਜਾ ਘਰ ਖ਼ਰੀਦਦੇ ਹਨ ਤਾਂ ਉਸ ਵਿਚ ਲੱਗਣ ਵਾਲੀ ਟਿਊਬਲਾਈਟ, ਨਲਕਾ ਅਤੇ ਅਲਮਾਰੀਆਂ ਆਦਿ ਪਹਿਲੇ ਘਰ ਤੋਂ ਉਖਾੜ ਕੇ ਲਿਆਉਂਦੇ ਹਨ, ਕਿਉਂਕਿ ਨਵੇਂ ਘਰ ਲਈ ਉਨ੍ਹਾਂ ਕੋਲ ਨਵਾਂ ਸਮਾਨ ਖ਼ਰੀਦਣ ਦੇ ਸਾਧਨ ਹੀ ਨਹੀਂ ਹੁੰਦੇ। ਇਹੀ ਹਾਲ ਆਮ ਆਦਮੀ ਪਾਰਟੀ ਦਾ ਹੈ।

ਉਸ ਕੋਲ ਕਰਮਚਾਰੀਆਂ ਅਤੇ ਨੇਤਾਵਾਂ ਦਾ ਕੇਵਲ ਇਕ ਸੈੱਟ ਹੈ ਜੋ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਅਤੇ ਉਸ ਤੋਂ ਬਾਅਦ ਉਸ ਦੀ ਦਿੱਲੀ

ਅਭੈ ਕੁਮਾਰ ਦੂਬੇ

ਦੀ ਰਾਜਨੀਤੀ ਦੇ ਪਹਿਲੇ ਸਫਲ ਦੌਰ ਦੀ ਦੇਣ ਹਨ। ਇਹੀ ਕਰਮਚਾਰੀ ਅਤੇ ਇਹੀ ਨੇਤਾ ਪੰਜਾਬ ਵਿਚ ਚੋਣ ਲੜਦੇ ਹਨ, ਇਹੀ ਗੋਆ ਵਿਚ ਝਾੜੂ ਲੈ ਕੇ ਜਾ ਪਹੁੰਚਦੇ ਹਨ ਅਤੇ ਇਹੀ ਗੁਜਰਾਤ ਵਿਚ ਛਾਪੇ ਮਾਰਨ ਦਾ ਮਨਸੂਬਾ ਰੱਖਦੇ ਹਨ। ਰਾਜਸਥਾਨ ਵਿਚ ਜੇ ਪਾਰਟੀ ਖੜ੍ਹੀ ਕਰਨੀ ਹੈ ਤਾਂ ਉਸ ਲਈ ਵੀ ਉਨ੍ਹਾਂ ਨੂੰ ਕੁਮਾਰ ਵਿਸ਼ਵਾਸ ਦੇ ਰੂਪ ਵਿਚ ਦਿੱਲੀ ਦਾ ਬੰਦਾ ਚਾਹੀਦਾ ਹੈ। ਮੁਸ਼ਕਿਲ ਇਹ ਹੈ ਕਿ ਭਾਰਤ ਵਰਗੇ ਵੱਡੇ ਮੁਲਕ ਵਿਚ ਇੰਨੇ ਘੱਟ ਸਿਆਸੀ ਸਾਧਨ ਕਿਸੇ ਪਾਰਟੀ ਦੀਆਂ ਰਾਸ਼ਟਰੀ ਖਾਹਸ਼ਾਂ ਦੀ ਪੂਰਤੀ ਨਹੀਂ ਕਰ ਸਕਦੇ। ਭਾਜਪਾ ਤੱਕ ਨੂੰ ਸੱਚੀ ਰਾਸ਼ਟਰੀ ਪਾਰਟੀ ਬਣਨ ਲਈ ਵੱਡੀ ਪੱਧਰ 'ਤੇ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਅਤੇ ਕਰਮਚਾਰੀਆਂ ਨੂੰ ਆਪਣੀ ਪਾਰਟੀ ਵਿਚ ਭਰਤੀ ਕਰਨਾ ਪੈ ਰਿਹਾ ਹੈ, ਪਰ ਆਮ ਆਦਮੀ ਪਾਰਟੀ ਅਜੇ ਅਜਿਹੀ ਸਥਿਤੀ ਵਿਚ ਨਹੀਂ ਪਹੁੰਚੀ ਕਿ ਦੂਜੀਆਂ ਪਾਰਟੀਆਂ ਦੇ ਲੋਕ ਉਸ ਵਿਚ ਆਉਣ ਲਈ ਉਸ ਦੇ ਦਫ਼ਤਰ ਸਾਹਮਣੇ ਲਾਈਨਾਂ ਲਗਾ ਕੇ ਖੜ੍ਹੇ ਹੋਣ।

ਆਮ ਆਦਮੀ ਪਾਰਟੀ ਦਾ ਭਾਰਤੀ ਰਾਜਨੀਤੀ ਵਿਚ ਆਗਮਨ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੋਇਆ ਸੀ। ਸੰਨ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਸ ਨੂੰ ਅੱਧੀ-ਅਧੂਰੀ ਸਫਲਤਾ ਮਿਲੀ ਅਤੇ ਅਗਲੇ ਹੀ ਸਾਲ 2014 ਵਿਚ ਲੋਕ ਸਭਾ ਚੋਣ ਵਿਚ ਉਸ ਨੂੰ ਬਹੁਤ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ, ਪਰ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਸ ਨੇ ਇਤਿਹਾਸ ਬਣਾ ਦਿੱਤਾ ਕਿ ਉਹ ਲੰਮੀ ਦੂਰੀ ਦੀ ਦੌੜਾਕ ਹੈ।

ਉਨ੍ਹਾਂ ਦਿਨਾਂ ਵਿਚ ਪੱਤਰਕਾਰੀ ਹਲਕਿਆਂ ਵਿਚ ਅਕਸਰ ਚਰਚਾ ਹੁੰਦੀ ਸੀ ਕਿ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਮਰੱਥਾ ਅਤੇ ਲਕੀਰ ਤੋਂ ਹਟ ਕੇ ਰਾਜਨੀਤੀ ਕਰਨ ਦੇ ਪ੍ਰਸ਼ੰਸਕ ਹਨ, ਬਾਵਜੂਦ ਇਸ ਦੇ ਕਿ ਉਨ੍ਹਾਂ ਤੇ ਅਮਿਤ ਸ਼ਾਹ ਨੇ ਇਸ ਪਾਰਟੀ ਨੂੰ ਉਭਰਨ ਤੋਂ ਰੋਕਣ ਲਈ ਭਰਪੂਰ ਕੋਸ਼ਿਸ਼ ਕੀਤੀ ਸੀ। ਇਸ ਪਾਰਟੀ ਨੇ ਕਾਂਗਰਸ ਨੂੰ ਇਸ ਲਈ ਚਿੰਤਤ ਕਰ ਦਿੱਤਾ ਸੀ ਕਿ ਕੇਜਰੀਵਾਲ ਦੀ ਸਿਆਸਤ ਉਸੇ ਧਰਾਤਲ 'ਤੇ ਆਪਣਾ ਦਾਅਵਾ ਠੋਕ ਰਹੀ ਸੀ ਜੋ ਦਰਅਸਲ ਕਦੇ ਕਾਂਗਰਸ ਦਾ ਸੀ ਅਤੇ ਜਿਸ ਉਤੇ ਭਾਰਤੀ ਜਨਤਾ ਪਾਰਟੀ ਕਬਜ਼ਾ ਕਰਨ ਵਿਚ ਨਾਕਾਮ ਸੀ। ਇਹ ਧਰਾਤਲ ਸੀ ਗ਼ਰੀਬ ਲੋਕਾਂ ਦੀ ਅਜਿਹੀ ਪਾਰਟੀ ਦਾ, ਜਿਸ ਦਾ ਕਿਰਦਾਰ ਨਾ ਤਾਂ ਖੇਤਰੀ ਹੋਵੇ ਅਤੇ ਨਾ ਹੀ ਜੋ ਕਿਸੇ ਇਕ ਜਾਤ-ਬਰਾਦਰੀ ਦੇ ਬੁਨਿਆਦੀ ਸਮਰਥਨ 'ਤੇ ਆਧਾਰਤ ਹੋਵੇ।

ਅੱਜ ਦੀ ਤਾਰੀਖ਼ ਵਿਚ ਆਮ ਆਦਮੀ ਪਾਰਟੀ ਆਪਣੇ ਵਜੂਦ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਸੰਕਟ ਨਾਲ ਜੂਝ ਰਹੀ ਹੈ। ਇਹ ਸੰਕਟ ਉਸ ਸੰਕਟ ਤੋਂ ਵੀ ਸੰਗੀਨ ਹੈ ਜੋ ਯੋਗਿੰਦਰ ਯਾਦਵ ਅਤੇ ਪ੍ਰਸ਼ਾਂਤ ਭੂਸ਼ਣ ਦੇ ਆਮ ਆਦਮੀ ਪਾਰਟੀ ਵਿਚੋਂ ਬਾਹਰ ਨਿਕਲਣ ਸਮੇਂ ਪੈਦਾ ਹੋਇਆ ਸੀ। ਉਹ ਮੁੱਖ ਤੌਰ 'ਤੇ ਜਥੇਬੰਦਕ ਸੰਕਟ ਸੀ, ਪਰ ਇਹ ਸੰਕਟ ਚੌਤਰਫ਼ਾ ਹੈ। ਪਾਰਟੀ ਦੇ ਅੰਦਰੋਂ ਅਗਵਾਈ-ਸ਼ੈਲੀ, ਰਣਨੀਤੀ ਅਤੇ ਸਿਆਸੀ ਰਵੱਈਏ ਨੂੰ ਲੈ ਕੇ ਗੰਭੀਰ ਸਵਾਲ ਉਠ ਰਹੇ ਹਨ। ਉਨ੍ਹਾਂ ਸਵਾਲਾਂ ਦਾ ਜਵਾਬ ਅਰਵਿੰਦ ਕੇਜਰੀਵਾਲ ਨੇ ਦੇਣਾ ਹੈ। 'ਆਪ' ਅੰਦਰ ਜੋ ਮੰਥਨ ਚੱਲ ਰਿਹਾ ਹੈ, ਉਸ ਵਿਚੋਂ ਜ਼ਹਿਰ ਵੀ ਨਿਕਲੇਗਾ ਅਤੇ ਅੰਮ੍ਰਿਤ ਵੀ। ਇਹ ਦੇਵਤਿਆਂ ਤੇ ਰਾਖਸ਼ਾਂ ਵਿਚਕਾਰ ਨਹੀਂ ਵੰਡੇ ਜਾ ਸਕਦੇ। ਜ਼ਹਿਰ ਵੀ ਕੇਜਰੀਵਾਲ ਦੇ ਹਿੱਸੇ ਆਵੇਗਾ ਤੇ ਅੰਮ੍ਰਿਤ ਵੀ।

ਗੱਲ ਕੇਵਲ ਇਹ ਨਹੀਂ ਕਿ ਪਾਰਟੀ ਦਿੱਲੀ ਨਗਰ ਨਿਗਮ ਚੋਣ ਹਾਰ ਗਈ ਹੈ। ਗੱਲ ਤਾਂ ਇਹ ਹੈ ਕਿ ਚੋਣ ਲੜਨ ਤੋਂ ਪਹਿਲਾਂ ਹੀ ਉਹ ਆਪਣੀ ਹਾਰ ਨੂੰ ਮਹਿਸੂਸ ਕਰ ਰਹੀ ਸੀ। ਕਿਉਂ? ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਪਣੇ ਪ੍ਰਦਰਸ਼ਨ 'ਤੇ ਮਾਣ ਹੋਣਾ ਚਾਹੀਦਾ ਸੀ, ਕਿਉਂਕਿ ਉਸ ਨੇ ਪਹਿਲੀ ਵਾਰ ਹੀ ਮੁੱਖ ਵਿਰੋਧੀ ਪਾਰਟੀ ਦਾ ਦਰਜਾ ਹਾਸਲ ਕਰ ਲਿਆ, ਪਰ ਮਾਣ ਤਾਂ ਦੂਰ ਰਿਹਾ, ਪਾਰਟੀ ਖ਼ੁਦ ਹੀ ਆਪਣੇ ਆਪ ਨੂੰ ਹਾਰਿਆ ਹੋਇਆ ਮੰਨ ਰਹੀ ਹੈ। ਉਸ ਦੀ ਹਾਰ ਦੀ ਮਾਨਸਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਨਿਗਮ ਚੋਣ ਲੜਦੇ ਸਮੇਂ ਨਾ ਤਾਂ ਉਸ ਦੇ ਵਰਕਰਾਂ ਵਿਚ ਕਿਸੇ ਤਰ੍ਹਾਂ ਦਾ ਜੋਸ਼ ਸੀ, ਨਾ ਹੀ ਉਹ ਸਹਿਜਤਾ ਅਤੇ ਸਿਆਸੀ ਕੌਸ਼ਲ ਸੀ ਜੋ ਉਸ ਨੇ 2015 ਵਿਚ ਦਿਖਾਇਆ ਸੀ। ਕੇਜਰੀਵਾਲ ਨੇ ਨਤੀਜੇ ਆਉਣ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੇ ਅਸੀਂ ਜਿੱਤੇ ਤਾਂ ਠੀਕ ਹੈ, ਪਰ ਜੇ ਹਾਰੇ ਤਾਂ ਜ਼ਿੰਮੇਵਾਰੀ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਹੋਵੇਗੀ। ਜੋ ਨਤੀਜੇ ਆਏ, ਉਨ੍ਹਾਂ ਨੇ ਸਪਸ਼ਟ ਕਰ ਦਿੱਤਾ ਕਿ ਈ.ਵੀ.ਐਮ. (ਵੋਟ ਮਸ਼ੀਨਾਂ) ਵਾਲਾ ਬਹਾਨਾ ਨਹੀਂ ਚੱਲਣਾ। ਨਤੀਜਿਆਂ ਨੇ ਦੱਸ ਦਿੱਤਾ ਕਿ ਭਾਜਪਾ ਦੀ ਬੰਪਰ ਜਿੱਤ ਨਹੀਂ ਹੋਈ, ਸਗੋਂ ਆਮ ਆਦਮੀ ਪਾਰਟੀ ਦੀ ਬੰਪਰ ਹਾਰ ਹੋਈ ਹੈ, ਕਿਉਂਕਿ ਕਾਂਗਰਸ ਨੇ ਉਸ ਦੇ ਵੋਟ ਕੱਟ ਲਏ। ਜੇ 'ਆਪ' ਕੇਵਲ ਛੇ-ਸੱਤ ਫ਼ੀਸਦੀ ਵੋਟ ਆਪਣੇ ਪਾਲੇ ਤੋਂ ਕਾਂਗਰਸ ਦੀ ਝੋਲੀ ਵਿਚ ਜਾਣ ਤੋਂ ਰੋਕ ਦਿੰਦੀ ਤਾਂ ਭਾਜਪਾ ਨੂੰ ਇੰਨੀ ਸੌਖੀ ਜਿੱਤ ਨਹੀਂ ਸੀ ਮਿਲ ਸਕਦੀ। ਦਰਅਸਲ, ਭਾਜਪਾ ਨੂੰ ਤਾਂ 2012 ਵਿਚ ਹੋਈਆਂ ਨਿਗਮ ਚੋਣਾਂ ਤੋਂ ਵੀ ਅੱਧਾ ਪੌਣਾ ਫ਼ੀਸਦੀ ਵੋਟ ਘੱਟ ਮਿਲੇ ਹਨ। ਭਾਜਪਾ ਇੰਨੀਆਂ ਜ਼ਿਆਦਾ ਸੀਟਾਂ ਇਸ ਲਈ ਜਿੱਤ ਸਕੀ ਕਿਉਂਕਿ ਮੁਕਾਬਲਾ ਤਿਕੋਣਾ ਹੋ ਗਿਆ ਸੀ। ਇਸ ਤਿਕੋਣੇ ਮੁਕਾਬਲੇ ਨੂੰ 2015 ਵਿਚ 'ਆਪ' ਨੇ ਕਾਂਗਰਸ ਦੀਆਂ ਵੋਟਾਂ ਨੂੰ 10 ਫ਼ੀਸਦੀ ਤੋਂ ਹੇਠਾਂ ਲਿਆ ਕੇ ਤਕਰੀਬਨ ਆਪਣੇ ਤੋਂ ਬਾਅਦ ਦੂਜੇ ਨੰਬਰ 'ਤੇ ਲਿਆ ਖੜ੍ਹਾ ਕੀਤਾ ਸੀ। ਇਸ ਵਾਰ 'ਆਪ' ਇਹ ਕੰਮ ਨਹੀਂ ਕਰ ਸਕੀ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਉਸ ਵਿਚ ਅਜਿਹਾ ਕਰਨ ਦਾ ਆਤਮ-ਵਿਸ਼ਵਾਸ ਹੀ ਨਹੀਂ ਸੀ।



ਆਪਣੀ ਸਮਰੱਥਾ ਵਿਚ ਭਰੋਸੇ ਦੀ ਘਾਟ ਉਸ ਟੁੱਟੀ ਹੋਈ ਆਸ ਦੀ ਦੇਣ ਸੀ ਜੋ ਦਰਅਸਲ 'ਆਪ' ਨੂੰ ਪਾਲਣੀ ਹੀ ਨਹੀਂ ਸੀ ਚਾਹੀਦੀ। ਇਹ ਟੁੱਟੀ ਹੋਈ ਆਸ ਉਸ ਅਤਿ ਆਤਮ-ਵਿਸ਼ਵਾਸ ਤੋਂ ਨਿਕਲੀ ਸੀ ਜੋ ਉਸ ਨੇ ਪੰਜਾਬ ਚੋਣਾਂ ਵਿਚ ਪਾਲ ਰੱਖੀ ਸੀ। ਪੰਜਾਬ ਵਿਚ ਚੋਣ ਲੜਨ ਦਾ ਫ਼ੈਸਲਾ ਠੀਕ ਸੀ, ਪਰ ਇਹ ਮੰਨ ਲੈਣਾ 'ਆਪ' ਲਈ ਘਾਤਕ ਹੋ ਗਿਆ ਕਿ ਉਹ ਚੋਣ ਜਿੱਤ ਚੁੱਕੀ ਹੈ, ਬਸ ਐਲਾਨ ਬਾਕੀ ਹੈ। ਇਸ ਲਈ ਉਸ ਨੇ ਕੋਈ ਪਲਾਨ ਬੀ ਬਣਾਇਆ ਹੀ ਨਹੀਂ ਸੀ। ਪਲਾਨ ਬੀ ਨਾ ਹੋਣ ਦੇ ਕਾਰਨ ਹੀ ਕੇਜਰੀਵਾਲ ਸਮੇਤ ਉਸ ਦੀ ਪੂਰੀ ਲੀਡਰਸ਼ਿਪ ਘਬਰਾ ਗਈ ਅਤੇ ਮਾਇਆਵਤੀ ਵਾਂਗ ਹਾਰ ਦਾ ਠੀਕਰਾ ਈ.ਵੀ.ਐਮ. ਸਿਰ ਭੰਨਣ ਲੱਗ ਪਈ। ਚਾਹੀਦਾ ਇਹ ਸੀ ਕਿ 'ਆਪ' ਆਪਣੀਆਂ ਸਿਆਸੀ ਸਮੱਸਿਆਵਾਂ 'ਤੇ ਗ਼ੌਰ ਕਰਦੀ ਕਿ ਕਿਵੇਂ ਉਹ ਭਾਜਪਾ ਦੇ ਹੱਥਾਂ ਵਿਚ ਖੇਡ ਗਈ ਹੈ। ਭਾਜਪਾ ਨਗਰ ਨਿਗਮ ਵਿਚ ਆਪਣੇ ਦਸ ਸਾਲ ਦੇ ਭ੍ਰਿਸ਼ਟਾਚਾਰ ਅਤੇ ਨਿਕੰਮੇਪਨ ਤੋਂ ਡਰੀ ਹੋਈ ਸੀ, ਇਸ ਲਈ ਉਸ ਨੇ ਕੋਸ਼ਿਸ਼ ਕੀਤੀ ਕਿ ਚੋਣ ਬਹਿਸ ਦੇ ਕੇਂਦਰ ਵਿਚ 'ਆਪ' ਦਾ ਦੋ ਸਾਲ ਦਾ ਕੰਮ ਲਿਆਂਦਾ ਜਾਵੇ। 'ਆਪ' ਨੇ ਇਸ ਦਾ ਵਿਰੋਧ ਕਰਨ ਦੀ ਬਜਾਏ ਖ਼ੁਦ ਹੀ 'ਦੋ ਸਾਲ ਬਨਾਮ ਦਸ ਸਾਲ' ਦਾ ਨਾਅਰਾ ਦੇ ਕੇ ਭਾਜਪਾ ਦਾ ਕੰਮ ਆਸਾਨ ਕਰ ਦਿੱਤਾ। 'ਆਪ' ਨੂੰ ਕਹਿਣਾ ਚਾਹੀਦਾ ਹੈ ਸੀ ਕਿ ਦੋ ਸਾਲ ਦਾ ਹਿਸਾਬ ਅਸੀਂ ਉਦੋਂ ਦੇਵਾਂਗੇ, ਜਦੋਂ ਵਿਧਾਨ ਸਭਾ ਚੋਣ ਹੋਵੇਗੀ। ਠੀਕ ਉਸੇ ਤਰ੍ਹਾਂ ਜਿਵੇਂ ਭਾਜਪਾ ਨੇ ਉਤਰ ਪ੍ਰਦੇਸ਼ ਚੋਣਾਂ ਵਿਚ ਆਪਣੇ ਸੰਸਦ ਮੈਂਬਰਾਂ ਦੇ ਕੰਮ-ਕਾਜ ਦਾ ਹਿਸਾਬ ਦੇਣ ਤੋਂ ਇਹ ਕਹਿ ਕੇ ਲਗਾਤਾਰ ਨਾਂਹ ਕਰ ਦਿੱਤੀ ਕਿ ਇਹ ਜਵਾਬ-ਤਲਬੀ ਉਸ ਸਮੇਂ ਸਵੀਕਾਰ ਕੀਤੀ ਜਾਵੇਗੀ, ਜਦੋਂ ਲੋਕ ਸਭਾ ਚੋਣਾਂ ਹੋਣਗੀਆਂ ਅਤੇ ਇਸ ਚੋਣ ਵਿਚ ਤਾਂ ਅਖਿਲੇਸ਼ ਸਰਕਾਰ ਦੇ ਕੰਮ 'ਤੇ ਹੀ ਵਿਚਾਰ ਕੀਤਾ ਜਾਵੇਗਾ।

ਭਾਜਪਾ ਦੀ ਰਣਨੀਤੀ ਨੂੰ ਕੱਟ ਨਾ ਕਰ ਸਕਣਾ 'ਆਪ' ਲਈ ਮਹਿੰਗਾ ਪਿਆ। ਅੱਜ ਉਹ ਵਿਅਰਥ ਵਿਚ ਹੀ ਖ਼ੁਦ ਨੂੰ ਕਟਹਿਰੇ ਵਿਚ ਖੜ੍ਹਾ ਮਹਿਸੂਸ ਕਰ ਰਹੀ ਹੈ। ਦਰਅਸਲ, ਉਸ ਨੇ ਖ਼ੁਦ ਹੀ ਟੋਆ ਪੁੱਟਿਆ ਅਤੇ ਖ਼ੁਦ ਉਸ ਵਿਚ ਡਿਗ ਪਈ। ਹੁਣ ਕੇਜਰੀਵਾਲ ਦੇ ਸਾਹਮਣੇ ਪੂਰੀ ਪਾਰਟੀ ਨੂੰ ਉਸ ਟੋਏ ਵਿਚੋਂ ਕੱਢਣ ਅਤੇ ਉਸ ਦੀ ਧੂੜ ਝਾੜਨ ਦਾ ਕੰਮ ਹੈ। ਇਕ ਵਾਰ ਪਹਿਲਾਂ ਵੀ ਉਹ ਇਹ ਕੰਮ ਕਰ ਚੁੱਕੇ ਹਨ। ਕੋਈ ਕਾਰਨ ਨਹੀਂ ਕਿ ਦੁਬਾਰਾ ਉਹ ਇਹ ਕੰਮ ਨਾ ਕਰ ਸਕਣ, ਪਰ ਇਸ ਲਈ ਉਨ੍ਹਾਂ ਨੂੰ ਘੱਟ ਤੋਂ ਘੱਟ ਇਹ ਤਹੱਈਆ ਤਾਂ ਕਰਨਾ ਹੀ ਹੋਵੇਗਾ ਕਿ ਜਦੋਂ ਤੱਕ ਉਨ੍ਹਾਂ ਕੋਲ ਕਿਸੇ ਦੂਜੇ ਸੂਬੇ ਦੀਆਂ ਸਿਆਸੀ ਸ਼ਕਤੀਆਂ ਨਹੀਂ ਹੋਣਗੀਆਂ, ਤਦ ਤੱਕ ਉਹ ਝਾੜੂ ਲੈ ਕੇ ਉਥੇ ਨਹੀਂ ਜਾਣਗੇ। ਗੋਆ ਵਿਚ ਉਨ੍ਹਾਂ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਇਹੀ ਸੀ ਕਿ ਉਥੇ ਝਾੜੂ ਲਹਿਰਾਉਂਦੇ ਹੋਏ ਜੋ ਚਿਹਰੇ ਦਿਸਦੇ ਸਨ, ਉਨ੍ਹਾਂ ਨੂੰ ਉਥੋਂ ਦੇ ਲੋਕ ਪਛਾਣਦੇ ਹੀ ਨਹੀਂ ਸਨ। ਕੇਜਰੀਵਾਲ ਨੂੰ ਹਰ ਪ੍ਰਦੇਸ਼ ਵਿਚ ਨਵੇਂ ਕੇਜਰੀਵਾਲ ਤਲਾਸ਼ਣੇ ਹੋਣਗੇ। ਕੋਈ ਕੇਜਰੀਵਾਲ ਪੰਜਾਬੀ ਵਿਚ ਭਾਸ਼ਣ ਦੇਵੇਗਾ, ਕੋਈ ਕੋਂਕਣੀ ਵਿਚ ਅਤੇ ਕੋਈ ਮਰਾਠੀ ਵਿਚ। ਉਦੋਂ ਜਾ ਕੇ ਹਿੰਦੀ ਵਿਚ ਭਾਸ਼ਣ ਦੇਣ ਵਾਲੇ ਕੇਜਰੀਵਾਲ ਦੀ ਰਾਸ਼ਟਰੀ ਸਿਆਸਤ ਬਣੇਗੀ।

# ਕਿਸਾਨਾਂ ਦਾ ਸੰਕਟ ਤੇ ਸਰਕਾਰਾਂ

ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਇਆ ਹੈ। ਗਿਆਰਾਂ ਅਪਰੈਲ ਨੂੰ ਦਿੱਲੀ ਵਿਚ ਸੰਸਦ ਭਵਨ ਦੇ ਸਾਹਮਣੇ ਕੁਝ ਕਿਸਾਨਾਂ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਨਿਰਵਸਤਰ ਹੋ ਕੇ ਰੋਸ ਮੁਜ਼ਾਹਰਾ ਸ਼ੁਰੂ ਕਰ ਦਿੱਤਾ। ਇਹ ਜਗ੍ਹਾ ਉਸ ਥਾਂ ਤੋਂ ਬਹੁਤੀ ਦੂਰ ਨਹੀਂ, ਜਿਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਦਫ਼ਤਰ ਹੈ। ਤਾਮਿਲ ਭਾਸ਼ੀ ਇਹ ਕਿਸਾਨ ਜੋ ਹਿੰਦੀ ਜਾਂ ਅੰਗਰੇਜ਼ੀ ਨਹੀਂ ਸਨ ਬੋਲ ਸਕਦੇ, ਦਰਅਸਲ ਪੁਲਿਸ ਨਾਲ ਪ੍ਰਧਾਨ ਮੰਤਰੀ ਦੇ ਦਫ਼ਤਰ ਆਪਣਾ ਮੰਗ ਪੱਤਰ ਦੇਣ ਲਈ ਗਏ ਸਨ, ਪਰ ਜਦੋਂ ਉਥੇ ਇਨ੍ਹਾਂ ਨੂੰ ਕੋਈ ਨਾ ਮਿਲਿਆ ਤਾਂ ਇਨ੍ਹਾਂ ਕਿਸਾਨਾਂ ਨੇ ਆਪਣੇ ਕੱਪੜੇ ਲਾਹ ਦਿੱਤੇ ਤੇ ਸੜਕ ਉਤੇ ਲੇਟ ਗਏ। ਇਹ ਕਿਸਾਨ ਤਾਮਿਲ ਨਾਡੂ ਤੋਂ ਦਿੱਲੀ

ਦੇਵੇਂਦਰ ਪਾਲ

ਇਸ ਕਰ ਕੇ ਆਏ ਸਨ ਕਿਉਂਕਿ ਇਨ੍ਹਾਂ ਦੀਆਂ ਮੰਗਾਂ ਵੱਲ ਉਥੇ ਕੋਈ ਧਿਆਨ ਨਹੀਂ ਸੀ ਦੇ ਰਿਹਾ ਤੇ ਇਨ੍ਹਾਂ ਦੀ ਆਵਾਜ਼ ਉਥੋਂ ਦਿੱਲੀ ਤਕ ਨਹੀਂ ਸੀ ਪਹੁੰਚ ਰਹੀ। ਸੋਕੇ ਅਤੇ ਭੁੱਖਮਰੀ ਦੀ ਮਾਰ ਝੱਲ ਰਹੇ ਇਹ ਕਿਸਾਨ ਕਈ ਹਫ਼ਤਿਆਂ ਤੋਂ ਦਿੱਲੀ ਦੇ ਜੰਤਰ-ਮੰਤਰ ਵਿਚ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠੇ ਹੋਏ ਸਨ। ਪਹਿਲਾਂ ਉਹ ਖੋਪੜੀਆਂ ਦੀ ਮਾਲਾ ਗਲ ਵਿਚ ਪਾ ਕੇ ਬੈਠੇ ਸਨ। ਖੋਪੜੀਆਂ ਵਿਚੋਂ ਕੋਈ ਉਨ੍ਹਾਂ ਦੇ ਬੇਟੇ ਜਾਂ ਪਤਨੀ ਦੀ ਸੀ ਤੇ ਕੋਈ ਭਰਾ ਜਾਂ ਪਿਤਾ ਦੀ ਜੋ ਸੋਕੇ ਅਤੇ ਭੁੱਖਮਰੀ ਕਾਰਨ ਜਾਨ ਗੁਆ ਚੁੱਕੇ ਸਨ। ਸੰਸਦ ਮਾਰਗ ਤੋਂ ਗੁਜ਼ਰਦੇ ਕਿਸੇ ਨੇਤਾ ਨੇ ਇਨ੍ਹਾਂ ਖੋਪੜੀਆਂ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਫਿਰ ਉਨ੍ਹਾਂ ਕਦੇ ਮਰੇ ਹੋਏ ਸੱਪ ਤੇ ਕਦੇ ਜਿਉਂਦੇ ਚੂਹੇ ਮੂੰਹ ਵਿਚ ਪਾ ਕੇ ਸਰਕਾਰ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ, ਪਰ ਕਿਸੇ ਨੂੰ ਕੋਈ ਫ਼ਰਕ ਨਹੀਂ ਪਿਆ। ਫਿਰ ਉਨ੍ਹਾਂ ਰੋਟੀ ਖਾਣ ਲਈ ਸੜਕ ਨੂੰ ਪੱਤਲ ਵਾਂਗ ਵਰਤਿਆ। ਕਦੇ ਉਨ੍ਹਾਂ ਅੱਧੀਆਂ ਮੁੱਛਾਂ ਤੇ ਅੱਧੇ ਸਿਰ ਮੁੰਨ ਲਏ ਤੇ ਕਦੇ ਨਕਲੀ ਸਿਆਪੇ-ਸਸਕਾਰ ਕੀਤੇ। ਉਹ ਹਰ ਰੋਜ਼ ਵਿਰੋਧ ਦਾ ਕੋਈ ਨਾ ਕੋਈ ਵਿਲੱਖਣ ਤਰੀਕਾ ਅਪਨਾਉਂਦੇ ਰਹੇ। ਅਖੀਰ ਉਨ੍ਹਾਂ ਨੇ ਕੁਝ ਅਜਿਹਾ ਕੀਤਾ ਜਿਸ ਦੀ ਕਿਸੇ ਨੇ ਉਮੀਦ ਨਹੀਂ ਸੀ ਕੀਤੀ। ਉਨ੍ਹਾਂ ਸਾਰਿਆਂ ਨੇ ਇਕ ਦਿਨ ਪਹਿਲਾਂ ਕੀਤੇ ਐਲਾਨ ਮੁਤਾਬਿਕ ਆਪਣਾ ਪਿਸ਼ਾਬ ਪੀਤਾ। ਪਿਸ਼ਾਬ ਪੀਂਦੇ ਕਿਸਾਨਾਂ ਦੀ ਤਸਵੀਰ ਤਮਾਮ ਵਿਦੇਸ਼ੀ ਅਖ਼ਬਾਰਾਂ ਵਿਚ ਛਪੀ। ਆਜ਼ਾਦ ਭਾਰਤ ਵਿਚ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਾਲੇ ਕਿਸਾਨਾਂ ਦੀ ਇਹ ਸਭ ਤੋਂ ਮਾਰਮਿਕ ਤਸਵੀਰ ਸੀ। ਜਦੋਂ ਚਾਰ-ਚੁਫ਼ੇਰੇ ਰੌਲਾ ਪਿਆ ਤਾਂ ਤਾਮਿਲ ਨਾਡੂ ਦੇ ਮੁੱਖ ਮੰਤਰੀ ਨੇ ਆਣ ਕੇ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ। ਉਨ੍ਹਾਂ ਇਕ ਵਾਰੀ ਫਿਰ ਸਿਆਸਤਦਾਨ ਉਤੇ ਭਰੋਸਾ ਕੀਤਾ ਤੇ ਆਪੋ-ਆਪਣੇ ਘਰਾਂ ਨੂੰ ਪਰਤ ਗਏ।

ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਿਕ ਦੇਸ਼ ਭਰ ਦੇ ਕਰੀਬ 9 ਕਰੋੜ ਕਿਸਾਨ ਪਰਿਵਾਰਾਂ ਵਿਚੋਂ 51.9 ਫ਼ੀਸਦੀ ਉਤੇ ਕਿਸੇ ਨਾ ਕਿਸੇ ਰੂਪ ਵਿਚ ਕਰਜ਼ਾ ਹੈ। ਹਰ ਕਿਸਾਨ ਪਰਿਵਾਰ 'ਤੇ ਔਸਤਨ 47,000 ਰੁਪਏ ਕਰਜ਼ਾ ਹੈ। ਤਕਰੀਬਨ 9.02 ਕਰੋੜ ਕਿਸਾਨ ਪਰਿਵਾਰ ਹਨ ਜਿਨ੍ਹਾਂ ਵਿਚੋਂ 4.68 ਕਰੋੜ ਪਰਿਵਾਰ ਕਰਜ਼ੇ ਹੇਠਾਂ ਹਨ। ਜੇ ਸਿਰਫ਼ ਪੰਜਾਬ ਦੀ ਹੀ ਗੱਲ ਕਰੀਏ ਤਾਂ ਦਿਹਾਤੀ ਖੇਤਰਾਂ ਵਿਚ ਵਸਦੇ 10.53 ਲੱਖ ਲੋਕਾਂ ਸਿਰ 80,000 ਕਰੋੜ ਦਾ ਕਰਜ਼ਾ ਹੈ। ਇਉਂ ਦਿਹਾਤੀ ਖੇਤਰ ਦੇ ਹਰ ਘਰ ਉਤੇ ਲਗਪਗ 8 ਲੱਖ ਦਾ ਕਰਜ਼ਾ ਬਣਦਾ ਹੈ ਤੇ 89 ਫ਼ੀਸਦੀ ਦਿਹਾਤੀ ਲੋਕ ਕਰਜ਼ਈ ਹਨ। ਇਨ੍ਹਾਂ ਅੰਕੜਿਆਂ ਵਿਚ ਆੜ੍ਹਤੀਆਂ ਕੋਲੋਂ ਫੜਿਆ ਉਧਾਰ ਸ਼ਾਮਲ ਨਹੀਂ ਹੈ ਜੋ ਸੀਮਾਂਤ, ਛੋਟੇ, ਦਰਮਿਆਨੇ ਤੇ ਗ਼ਰੀਬ ਕਿਸਾਨਾਂ ਨੇ ਸਖ਼ਤ ਸ਼ਰਤਾਂ 'ਤੇ ਚੁੱਕਿਆ ਹੁੰਦਾ ਹੈ। ਇਸ ਕਰਜ਼ੇ ਦੀ ਵਜ੍ਹਾ ਨਾਲ ਕਿਸਾਨ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਵਿਚ ਪਿਛਲੇ ਕੁਝ ਅਰਸੇ ਵਿਚ 42 ਫ਼ੀਸਦੀ ਇਜ਼ਾਫ਼ਾ ਹੋਇਆ ਹੈ। ਹਰ ਸਾਲ 12,000 ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਰਹੇ ਹਨ। 1995 ਤੋਂ ਲੈ ਕੇ ਹੁਣ ਤਕ ਦੇਸ਼ ਭਰ ਵਿਚ ਕਰਜ਼, ਸੋਕੇ ਤੇ ਭੁੱਖਮਰੀ ਦੀ ਵਜ੍ਹਾ ਨਾਲ ਤਕਰੀਬਨ ਸਵਾ ਤਿੰਨ ਲੱਖ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ।

> ***ਪ੍ਰਧਾਨ ਮੰਤਰੀ ਮੋਦੀ ਨੇ ਵੀ 2014 ਦੀਆਂ ਲੋਕ ਸਭਾ ਚੋਣਾਂ ਵਿਚ ਛਾਤੀ ਠੋਕ-ਠੋਕ ਦੇਸ਼ ਦੇ ਕਿਸਾਨਾਂ ਨੂੰ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਸਮਝੋ। ਸਰਕਾਰ ਬਣ ਗਈ ਤਾਂ ਕਹਿ ਛੱਡਿਆ ਕਿ ਸੂਬਾ ਸਰਕਾਰਾਂ ਕਰਨ ਜੋ ਕਰਨਾ ਹੈ। ਇਹ ਵਾਅਦਾ ਵੀ ਚੋਣ ਜੁਮਲਾ ਸਾਬਤ ਹੋਇਆ।***

ਘਰਾਂ ਨੂੰ ਪਰਤ ਗਏ ਤਾਮਿਲ ਨਾਡੂ ਦੇ ਕਿਸਾਨ, ਪ੍ਰਸਿੱਧ ਵਕੀਲ ਤੇ ਮਨੁੱਖੀ ਅਧਿਕਾਰ ਕਾਰਕੁਨ ਪੀ.ਆਈਕੰਨੂ ਦੀ ਅਗਵਾਈ ਵਿਚ ਦਿੱਲੀ ਆਏ ਸਨ। ਪੀ.ਆਈਕੰਨੂ ਨੇ ਨਾ ਸਿਰਫ਼ ਤਾਮਿਲ ਨਾਡੂ ਦੇ ਕਿਸਾਨਾਂ ਦੇ ਅਨੇਕਾਂ ਅੰਦੋਲਨ ਜਥੇਬੰਦ ਕੀਤੇ ਹਨ, ਸਗੋਂ ਉਨ੍ਹਾਂ ਦੇ ਪੱਖ ਵਿਚ ਅਨੇਕਾਂ ਕਾਨੂੰਨੀ ਲੜਾਈਆਂ ਵੀ ਲੜੀਆਂ ਹਨ। ਉਨ੍ਹਾਂ ਦੀ ਇਕ ਪਟੀਸ਼ਨ 'ਤੇ ਤਾਮਿਲ ਨਾਡੂ ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿਚ ਸਾਰੇ ਕਿਸਾਨਾਂ ਦੇ ਕਰਜ਼ ਤੁਰੰਤ ਮੁਆਫ਼ ਕਰਨ ਦਾ ਨਿਰਦੇਸ਼ ਦਿੱਤਾ ਸੀ। ਉਨ੍ਹਾਂ ਮੁਤਾਬਕ ਕਿਸਾਨਾਂ ਨੂੰ ਸਭ ਤੋਂ ਵੱਡੀ ਸ਼ਿਕਾਇਤ ਸਰਕਾਰ ਵੱਲੋਂ ਤੈਅ ਕੀਤੇ ਘੱਟੋ-ਘੱਟ ਸਮਰਥਨ ਮੁੱਲ ਤੋਂ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਮੁੱਲ ਉਤਪਾਦਨ ਲਾਗਤ ਤੋਂ 50 ਫ਼ੀਸਦੀ ਜ਼ਿਆਦਾ ਵੀ ਲਾਗੂ ਕੀਤੇ ਜਾਣ ਤਾਂ ਕਿਸਾਨਾਂ ਨੂੰ ਕਰਜ਼ ਮੁਆਫ਼ੀ ਦੀ ਲੋੜ ਹੀ ਨਹੀਂ ਪਵੇਗੀ।

ਯੂ.ਪੀ.ਏ. ਸਰਕਾਰ ਨੇ ਕਿਸਾਨਾਂ ਦੀ ਮੰਦਹਾਲੀ ਦੇ ਮੁੱਦੇ ਨੂੰ ਵਿਚਾਰਨ (ਜਾਂ ਸ਼ਾਇਦ ਲਮਕਾਉਣ ਲਈ) ਹਰੇ ਇਨਕਲਾਬ ਦੇ ਮੋਢੀ ਡਾ. ਐਮ.ਐਸ. ਸਵਾਮੀਨਾਥਨ ਦੀ ਅਗਵਾਈ ਵਿਚ ਕਮਿਸ਼ਨ ਥਾਪਿਆ ਸੀ। ਇਸ ਕਮਿਸ਼ਨ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨਾਲ ਜੁੜੇ ਸਾਰੇ ਪਹਿਲੂਆਂ ਨੂੰ ਗੰਭੀਰਤਾ ਨਾਲ ਵਿਚਾਰਨ ਪਿਛੋਂ ਕੇਂਦਰ ਸਰਕਾਰ ਨੂੰ ਜੋ ਕਈ ਜਿਲਦਾਂ ਵਿਚ ਰਿਪੋਰਟ ਪੇਸ਼ ਕੀਤੀ ਸੀ, ਉਸ ਵਿਚ ਕਿਸਾਨਾਂ ਦੀ ਹਾਲਤ ਨੂੰ ਸੁਧਾਰਨ ਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਕਈ ਸਿਫ਼ਾਰਸ਼ਾਂ ਕੀਤੀਆਂ ਸਨ। ਉਨ੍ਹਾਂ ਵਿਚੋਂ ਮੁੱਖ ਸਿਫ਼ਾਰਸ਼ ਇਹ ਸੀ ਕਿ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਹਰ ਪੈਦਾਵਾਰ ਦਾ ਇੰਨਾ ਸਮਰਥਨ ਮੁੱਲ ਦੇਵੇ ਜਿਸ ਨਾਲ ਉਨ੍ਹਾਂ ਦੀ ਆਮਦਨ ਵਿਚ 50 ਫ਼ੀਸਦੀ ਵਾਧਾ ਹੋ ਸਕੇ। ਯੂ.ਪੀ.ਏ. ਸਰਕਾਰ ਨੇ ਇਸ ਰਿਪੋਰਟ ਨੂੰ ਜ਼ੁਬਾਨੀ-ਕਲਾਮੀ ਪ੍ਰਵਾਨ ਤਾਂ ਕਰ ਲਿਆ, ਪਰ ਬਾਅਦ ਵਿਚ ਰਿਪੋਰਟ ਤੋਂ ਧੂੜ ਝਾੜਨ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਵੀ 2014 ਦੀਆਂ ਲੋਕ ਸਭਾ ਚੋਣਾਂ ਵਿਚ ਛਾਤੀ ਠੋਕ-ਠੋਕ ਦੇਸ਼ ਦੇ ਕਿਸਾਨਾਂ ਨੂੰ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਸਮਝੋ। ਸਰਕਾਰ ਬਣ ਗਈ ਤਾਂ ਕਹਿ ਛੱਡਿਆ ਕਿ ਸੂਬਾ ਸਰਕਾਰਾਂ ਕਰਨ ਜੋ ਕਰਨਾ ਹੈ। ਇਹ ਵਾਅਦਾ ਵੀ ਚੋਣ ਜੁਮਲਾ ਸਾਬਤ ਹੋਇਆ। ਉਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਮੋਦੀ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫ਼ੀ ਦੇ ਐਲਾਨ ਕੀਤੇ ਸਨ। ਹੁਣ ਯੋਗੀ ਸਰਕਾਰ ਨੇ ਕਰਜ਼ੇ ਮੁਆਫ਼ੀ ਦਾ ਐਲਾਨ ਕੀਤਾ, ਪਰ ਉਹਦੇ ਵਿਚ ਵੀ ਲੁਕੇ ਹੋਏ ਕਈ ਕਿੰਤੂ-ਪ੍ਰੰਤੂ ਹਨ। ਬਹੁਤ ਸਾਰੀਆਂ ਸ਼ਰਤਾਂ ਇਸ ਨਾਲ ਜੁੜੀਆਂ ਹੋਈਆਂ ਹਨ। ਜਿਵੇਂ ਹਮੇਸ਼ਾ ਹੁੰਦਾ ਹੈ, ਬਹੁਤੇ ਕਿਸਾਨਾਂ ਨੂੰ ਬਾਅਦ ਵਿਚ ਪਤਾ ਲੱਗੂ ਕਿ ਕਰਜ਼ ਮੁਆਫ਼ੀ ਤਾਂ ਨਜ਼ਰ ਦਾ ਧੋਖਾ ਸੀ।

ਅਰਥ ਸ਼ਾਸਤਰੀਆਂ ਦੀ ਨਿਗ੍ਹਾ ਨਾਲ ਵੇਖੀਏ ਤਾਂ ਜੋ ਵੀ ਬੈਂਕ ਤੋਂ ਕਰਜ਼ ਲਵੇ, ਉਹਨੂੰ ਇਹ ਮੋੜਨਾ ਚਾਹੀਦਾ ਹੈ। ਕਰਜ਼ ਮੁਆਫ਼ੀ ਤਾਂ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਠੋਸ ਤੱਥਾਂ ਨੂੰ ਰਿੜਕ-ਰਿੜਕ ਕੇ ਅਰਥ ਸ਼ਾਸਤਰੀ ਬਹੁਤ ਹੀ ਸਖ਼ਤੀ ਨਾਲ ਇਕ ਵਾਰੀ ਫਿਰ ਕਰਜ਼ ਮੁਆਫ਼ੀ ਦਾ ਵਿਰੋਧ ਕਰ ਰਹੇ ਹਨ। ਸਵਾਲ ਹੈ ਕਿ ਜੇ ਗੱਲ ਸਖ਼ਤ ਆਰਥਿਕ ਅਸੂਲਾਂ ਦੀ ਹੈ ਤਾਂ ਹਰਸ਼ਦ ਮਹਿਤਾ ਤੋਂ ਲੈ ਕੇ ਵਿਜੈ ਮਾਲਿਆ ਤਕ ਹਰ ਕਾਰੋਬਾਰੀ ਦਾ ਅਰਬਾਂ ਰੁਪਏ ਦੇ ਘੁਟਾਲੇ ਦਾ ਰਾਹ ਬੈਂਕਾਂ ਦੇ ਵਿਚੋਂ ਦੀ ਕਿਵੇਂ ਨਿਕਲ ਆਉਂਦਾ ਹੈ?

ਮਸ਼ਹੂਰ ਵਾਤਾਵਰਨ ਸ਼ਾਸਤਰੀ ਵੰਦਨਾ ਸ਼ਿਵਾ ਦਾ ਕਹਿਣਾ ਹੈ ਕਿ ਇਹ ਕਿਸਾਨਾਂ ਦੇ ਖਿਲਾਫ਼ ਸਰਕਾਰੀ ਯੁੱਧ ਹੈ। ਜੇ ਇਹ ਵਾਕਈ ਯੁੱਧ ਹੈ ਤਾਂ ਦੇਸ਼ ਦੇ ਕਿਸਾਨਾਂ ਨੂੰ ਆਪਣੇ ਵਜੂਦ ਨੂੰ ਬਚਾਈ ਰੱਖਣ ਲਈ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਕਰਜ਼ ਮੁਆਫ਼ੀ ਨਾਲ ਫੌਰੀ ਤੌਰ 'ਤੇ ਉਨ੍ਹਾਂ ਨੂੰ ਕੁਝ ਰਾਹਤ ਤਾਂ ਮਿਲ ਸਕਦੀ ਹੈ, ਪਰ ਇਹ ਉਨ੍ਹਾਂ ਦੇ ਵਜੂਦ ਦੇ ਸੰਕਟ ਦਾ ਹੱਲ ਨਹੀਂ ਤੇ ਨਾ ਹੀ ਸੰਸਾਰ ਦਾ ਕੋਈ ਵੀ ਜੋਖ਼ਮ ਪ੍ਰਬੰਧਨ ਉਨ੍ਹਾਂ ਨੂੰ ਇਸ ਚੱਕਰਵਿਊਹ ਵਿਚੋਂ ਬਾਹਰ ਕੱਢ ਸਕਦਾ ਹੈ। ਬਿਨਾਂ ਲੜੇ ਕੁਝ ਵੀ ਹਾਸਲ ਨਹੀਂ ਹੁੰਦਾ। ਕਿਸਾਨ ਜਥੇਬੰਦੀਆਂ ਲਈ ਘੱਟੋ-ਘੱਟ ਸਵਾਮੀਨਾਥਨ ਕਮੇਟੀ ਦੀ ਸਿਫ਼ਾਰਸ਼ ਕੀਤੇ ਭਾਅ ਦੇ ਨਾਲ-ਨਾਲ ਇਹ ਨਿਸ਼ਾਨਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਸਿਆਸੀ ਦਲਾਂ ਦੇ ਏਜੰਡੇ 'ਤੇ ਸਭ ਤੋਂ ਉਤੇ ਕਿਸਾਨ ਕਿਵੇਂ ਹੋਵੇ। ਇਹ ਬੜੀ ਲੰਮੀ ਲੜਾਈ ਹੈ।

# ਨੇਸ਼ਨ ਸਟੇਟ ਬਨਾਮ ਧਰਮ ਸਟੇਟ: ਮਾਨਵਤਾ ਪੱਖੀ ਜਾਂ...

ਵਿਚਾਰ-ਚਰਚਾ

***'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਨੇਸ਼ਨ ਸਟੇਟ ਵਾਲੇ ਮੁੱਦੇ ਉਤੇ ਚੱਲੀ ਬਹਿਸ ਦੇ ਸਿਲਸਿਲੇ ਵਿਚ ਨੰਦ ਸਿੰਘ ਬਰਾੜ ਦਾ ਇਹ ਲੇਖ ਕਾਫੀ ਪੱਛੜ ਕੇ ਪ੍ਰਾਪਤ ਹੋਇਆ ਹੈ ਪਰ ਲੇਖ ਦੀ ਖਾਸੀਅਤ ਇਹ ਹੈ ਕਿ ਲੇਖਕ ਨੇ ਜਿਹੜੀਆਂ ਗੱਲਾਂ ਕੀਤੀਆਂ ਹਨ, ਬਹੁਤ ਸਰਲ ਢੰਗ ਨਾਲ ਅਤੇ ਐਨ ਸਪਸ਼ਟ ਰੂਪ ਵਿਚ ਕੀਤੀਆਂ ਹਨ। ਇਹ ਲੇਖ ਇਕ ਤਰ੍ਹਾਂ ਨਾਲ ਸਮੁੱਚੇ ਮਸਲੇ ਉਤੇ ਉਡਦੀ ਜਿਹੀ ਝਾਤ ਹੋ ਨਿਬੜਿਆ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਵਿਚ ਨੇਸ਼ਨ ਸਟੇਟ ਬਾਰੇ ਬਹੁਤ ਸਾਰੇ ਵਿਦਵਾਨਾਂ ਦੀ ਵਿਚਾਰ-ਚਰਚਾ ਪੜ੍ਹਨ ਨੂੰ ਮਿਲੀ। ਨੇਸ਼ਨ/ਕੌਮ ਬਾਰੇ ਜਿੰਨੀ ਕੁ ਮੇਰੀ ਸਮਝ ਬਣੀ, ਉਸ ਮੁਤਾਬਕ ਤਾਂ ਸਥਾਪਤ ਧਰਮ ਹੀ ਕੌਮ ਨਿਰਧਾਰਤ ਕਰਦਾ ਹੈ, ਜਾਂ ਕੌਮ ਹੁੰਦਾ ਹੈ; ਜਿਵੇਂ ਹਿੰਦੂ ਕੌਮ, ਮੁਸਲਮਾਨ ਕੌਮ, ਸਿੱਖ ਕੌਮ ਆਦਿ। ਵਿਦਵਾਨ ਲੇਖਕ ਡਾ. ਸੰਦੀਪ ਸਿੰਘ ਨੇ ਆਪਣੇ ਲੇਖ 'ਨੇਸ਼ਨ ਸਟੇਟ ਅਸਲ ਵਿਚ ਹੈ ਕੀ?' ਵਿਚ ਨੇਸ਼ਨ ਨੂੰ ਬਣਾਉਣ ਵਾਲੇ ਕਈ ਕਾਰਕਾਂ (ਫੈਕਟਰਜ਼) ਦਾ ਜ਼ਿਕਰ ਕੀਤਾ ਹੈ; ਮਸਲਨ ਸਾਂਝਾ ਇਤਿਹਾਸ, ਸਭਿਆਚਾਰ, ਇਕੋ ਨਸਲ, ਇਕੋ ਭਾਸ਼ਾ, ਇਕੋ ਧਰਮ ਆਦਿ। ਉਨ੍ਹਾਂ ਅਨੁਸਾਰ ਇਹ ਸਾਰੇ ਕਾਰਕ ਜਾਂ ਸਿਰਫ ਇਕੋ

ਨੰਦ ਸਿੰਘ ਬਰਾੜ
ਫੋਨ: 916-674-2201

ਕਾਰਕ ਕਰ ਕੇ ਵੀ ਲੋਕ ਇਕੋ ਨੇਸ਼ਨ ਨਾਲ ਸਬੰਧਤ ਹੋ ਸਕਦੇ ਹਨ। ਇਹ ਇਕੋ ਇਕ ਅਹਿਮ ਕਾਰਕ ਉਹ ਧਰਮ ਸਮਝਦੇ ਹਨ। ਮੈਨੂੰ ਮਹਿਸੂਸ ਹੁੰਦਾ ਹੈ ਕਿ ਧਰਮ ਅਹਿਮ ਕਾਰਕ ਹੀ ਨਹੀਂ, ਸਗੋਂ ਧਰਮ ਹੀ ਇਕੋ ਇਕ ਕਾਰਕ ਬਣਾਇਆ ਜਾ ਰਿਹਾ ਹੈ, ਕਿਉਂਕਿ ਧਰਮ ਹੀ ਸਭ ਤੋਂ ਸੰਵੇਦਨਸ਼ੀਲ ਮੁੱਦਾ ਹੈ ਜੋ ਲੋਕਾਂ ਨੂੰ ਜਲਦੀ ਪ੍ਰਭਾਵਿਤ ਕਰਦਾ ਹੈ।

ਡਾ. ਸੰਦੀਪ ਸਿੰਘ ਨੇ ਆਪਣੇ ਲੇਖ ਦੇ ਸ਼ੁਰੂ ਵਿਚ ਲਿਖਿਆ ਹੈ ਕਿ ਨੇਸ਼ਨ ਸਟੇਟ ਕਈ ਖਿਆਲਾਂ ਦੇ ਸੁਮੇਲ ਨਾਲ ਬਣਿਆ ਅਮੂਰਤ ਸੰਕਲਪ ਵੀ ਹੈ ਅਤੇ ਹਕੀਕੀ ਤੌਰ 'ਤੇ ਵੀ ਇਸ ਦੀ ਹੋਂਦ ਹੈ। ਹੁਣ ਜਦੋਂ ਇਹ ਲਗਭਗ ਸਪਸ਼ਟ ਹੈ ਕਿ ਧਰਮ ਹੀ ਕੌਮ ਹੁੰਦਾ ਹੈ ਤਾਂ ਕੀ ਨੇਸ਼ਨ ਸਟੇਟ ਦਾ ਸੰਕਲਪ ਵਿਹਾਰਕ ਹੈ? ਭਾਵ, ਕੀ ਅਜਿਹਾ ਹਕੀਕਤ ਵਿਚ ਸੰਭਵ ਹੈ? ਘੱਟੋ-ਘੱਟ ਦੋ ਕਾਰਨਾਂ ਕਰ ਕੇ ਨੇਸ਼ਨ ਸਟੇਟ ਦੀ ਹਕੀਕਤ ਸ਼ੱਕੀ ਜਾਪਦੀ ਹੈ। ਪਹਿਲਾ ਕਾਰਨ ਅਜੋਕੀ ਸਮਾਜਿਕ ਬਣਤਰ ਹੈ। ਦੁਨੀਆਂ ਦਾ ਕੋਈ ਵੀ ਖਿੱਤਾ ਅਜਿਹਾ ਨਹੀਂ ਹੈ ਜਿਥੇ ਇਕੋ ਧਰਮ ਦੇ ਲੋਕ ਰਹਿੰਦੇ ਹੋਣ। ਇਸ ਕਰ ਕੇ ਨੇਸ਼ਨ ਸਟੇਟ ਦੀ ਸਥਾਪਨਾ ਸ਼ਾਂਤੀਪੂਰਵਕ ਅਤੇ ਸਥਾਈ ਹੋਣੀ ਬਹੁਤ ਮੁਸ਼ਕਿਲ ਹੈ। ਦੂਜਾ ਕਾਰਨ ਹੋਰ ਵੀ ਗੰਭੀਰ ਹੈ- ਦੁਨੀਆਂ ਦੇ ਸਾਰੇ ਸਥਾਪਤ ਧਰਮਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਜਿਸ ਵਿਚ ਆਪਸੀ ਪਿਆਰ, ਭਰਾਤਰੀ ਭਾਵ ਅਤੇ ਪੂਰਨ ਏਕਤਾ ਹੋਵੇ; ਸਗੋਂ ਹਰ ਧਰਮ ਵਿਚ ਅਨੇਕਾਂ ਧੜੇ ਬਣੇ ਹੋਏ ਹਨ ਤੇ ਇਨ੍ਹਾਂ ਵਿਚੋਂ ਕੁਝ ਅਜਿਹੇ ਹੁੰਦੇ ਹਨ ਜੋ ਦੂਜੇ ਦੇ ਖੂਨ ਦੇ ਪਿਆਸੇ ਹੁੰਦੇ ਹਨ। ਇਸਲਾਮ ਵਿਚ ਸੁੰਨੀ ਅਤੇ ਸ਼ੀਆ ਫਿਰਕਿਆਂ ਦੀ ਦੁਸ਼ਮਣੀ ਜੱਗ ਜਾਹਰ ਹੈ। ਫਿਰ ਇਨ੍ਹਾਂ ਅੰਦਰ ਅਗਾਂਹ ਹੋਰ ਵੀ ਅਨੇਕਾਂ ਫਿਰਕੇ ਬਣੇ ਹੋਏ ਹਨ।

ਆਪਣੇ ਸਿੱਖ ਧਰਮ ਬਾਰੇ ਗੱਲ ਕਰੀਏ ਤਾਂ ਇਸ ਵਿਚਲੇ ਗਰੁਪਾਂ ਬਾਰੇ ਵੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਹਰ ਧੜੇ ਦਾ ਪੁਜਾਰੀ ਜਾਂ ਮੁਖੀ ਕਹੇਗਾ ਕਿ ਸਾਰੇ ਸਿੱਖਾਂ ਨੂੰ ਅਕਾਲ ਤਖਤ ਦੀ ਰਹਿਨੁਮਾਈ ਥੱਲੇ ਇਕੱਤਰ ਹੋਣਾ ਚਾਹੀਦਾ ਹੈ; ਹੁਣ ਭਾਵੇਂ ਅਸੀਂ ਅਕਾਲ ਤਖਤ ਦੀਆਂ ਵੀ ਦੋ ਸੰਸਥਾਵਾਂ ਬਣਾ ਲਈਆਂ ਹਨ! ਇਹ ਲੋਕ ਕਰੋੜਾਂ ਸਿੱਖਾਂ ਨੂੰ ਤਾਂ ਇਕ ਝੰਡੇ ਥੱਲੇ ਇਕੱਠੇ ਹੋਣ ਨੂੰ ਕਹਿੰਦੇ ਹਨ, ਪਰ ਇਹ ਗਿਣਤੀ ਦੇ ਮੁਖੀ ਅਤੇ ਪੁਜਾਰੀ ਖੁਦ ਇਕੱਠੇ ਨਹੀਂ ਹੋ ਸਕਦੇ!

ਇਕ ਹੋਰ ਵਿਦਵਾਨ ਹਾਕਮ ਸਿੰਘ ਆਪਣੇ ਲੇਖ 'ਅਜੋਕੇ ਯੁੱਗ ਵਿਚ ਧਰਮਤੰਤਰਕ ਰਾਜ ਪ੍ਰਣਾਲੀ ਦੀ ਪ੍ਰਸੰਗਿਕਤਾ' ਵਿਚ ਪੂਰੇ ਵਿਸ਼ਲੇਸ਼ਣ ਪਿਛੋਂ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਅੱਜ ਦੇ ਸਮਾਜ 'ਚ ਧਰਮਤੰਤਰੀ ਰਾਜ ਪ੍ਰਣਾਲੀ ਪ੍ਰਸੰਗਿਕ ਨਹੀਂ ਰਹੀ, ਕਿਉਂ ਜੋ ਸਭੇ ਸਮਾਜਿਕ ਸੰਸਥਾਵਾਂ ਵਿਚ ਜਮਹੂਰੀ ਢੰਗ ਪ੍ਰਚਲਿਤ ਹੋ ਗਏ ਹਨ।

ਇਸ ਲਈ ਹੁਣ ਜਦੋਂ ਹਰ ਤਰ੍ਹਾਂ ਨਾਲ ਸਪਸ਼ਟ ਹੈ ਕਿ ਨੇਸ਼ਨ ਸਟੇਟ ਦਾ ਸੰਕਲਪ ਹਕੀਕਤ ਤੋਂ ਕੋਹਾਂ ਦੂਰ ਹੈ ਤਾਂ ਇਸ ਦੇ ਹੱਕ ਵਿਚ ਐਨਾ ਪ੍ਰਚਾਰ ਅਤੇ ਪ੍ਰਸਾਰ ਕਿਸੇ ਜਾਤੀ ਮੁਫਾਦ ਵਲ ਇਸ਼ਾਰਾ ਕਰਦਾ ਹੈ। ਹੋਰ ਤਾਂ ਹੋਰ, ਲੋਕਾਂ ਨੂੰ ਆਪਣੇ ਨਾਲ ਜੋੜਨ ਵਾਸਤੇ ਨੇਸ਼ਨ ਸਟੇਟ ਦਾ ਪ੍ਰਚਾਰ ਵੀ ਹੁਣ ਚੋਣਾਂ ਦੇ ਜੁਮਲੇ ਵਾਂਗ ਵਰਤਿਆ ਜਾਂਦਾ ਹੈ। ਚੋਣਾਂ ਵੇਲੇ ਵੋਟਾਂ ਖਿੱਚਣ ਵਾਸਤੇ ਵੱਖ ਵੱਖ ਜੁਮਲੇ ਵਰਤੇ ਜਾਂਦੇ ਹਨ ਜਿਵੇਂ ਹਰ ਪਰਿਵਾਰ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਕਰਵਾਉਣ ਵਾਲਾ ਜੁਮਲਾ ਭਾਰਤੀ ਲੋਕ ਸਭਾ ਚੋਣਾਂ ਦੌਰਾਨ ਵਰਤਿਆ ਗਿਆ ਸੀ। ਕੋਈ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੀ ਦੁਹਾਈ ਦਿੰਦਾ ਹੈ ਅਤੇ ਕੋਈ ਹੋਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਫੜ੍ਹ ਮਾਰ ਦਿੰਦਾ ਹੈ। ਇਸੇ ਤਰ੍ਹਾਂ ਬਹੁ-ਗਿਣਤੀ ਵਾਲੇ ਧਰਮ ਦੇ ਪੁਜਾਰੀ ਅਤੇ ਮੁਖੀ ਆਪਣੇ ਧਰਮ ਦੇ ਲੋਕਾਂ ਨੂੰ ਕਹਿਣਗੇ ਕਿ ਉਨ੍ਹਾਂ ਦਾ ਧਰਮ ਹੀ ਸਭ ਤੋਂ ਉਤਮ ਤੇ ਸ਼ਹਿਣਸ਼ੀਲ ਹੈ। ਇਹ ਦੂਜੇ ਸਾਰੇ ਧਰਮਾਂ ਜਾਂ ਕੌਮਾਂ ਨੂੰ ਵਿਚਰਨ ਦੀ ਪੂਰੀ ਪੂਰੀ ਖੁੱਲ੍ਹ ਤੇ ਆਜ਼ਾਦੀ ਦਿੰਦਾ ਹੈ, ਪਰ ਉਹ ਇਹ ਕਹਿਣਾ ਵੀ ਨਹੀਂ ਭੁੱਲਣਗੇ ਕਿ ਉਨ੍ਹਾਂ ਦਾ ਧਰਮ ਭਾਵੇਂ ਦੂਜਿਆਂ ਨੂੰ ਪੂਰੀ ਆਜ਼ਾਦੀ ਦਿੰਦਾ ਹੈ, ਪਰ ਇਹ ਘੱਟ-ਗਿਣਤੀ ਧਰਮ ਇਸ ਆਜ਼ਾਦੀ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਉਨ੍ਹਾਂ ਦੇ ਮਹਾਨ ਧਰਮ ਨੂੰ ਖੋਰਾ ਲਾਉਣ ਦੀ ਕੋਈ ਕਸਰ ਨਹੀਂ ਛੱਡਦੇ।

ਇਸੇ ਤਰ੍ਹਾਂ ਘੱਟ-ਗਿਣਤੀ ਧਰਮ ਦੇ ਪੁਜਾਰੀ ਅਤੇ ਮੁਖੀ ਕਹਿਣਗੇ ਕਿ ਇਹ ਵੱਡਾ ਧਰਮ ਪਹਿਲਾਂ ਵੀ ਕਈ ਛੋਟੇ ਧਰਮਾਂ ਨੂੰ ਹੜੱਪ ਚੁਕਾ ਹੈ; ਇਹ ਹੁਣ ਉਨ੍ਹਾਂ ਦੇ ਧਰਮ ਨੂੰ ਵੀ ਹੜੱਪ ਲਵੇਗਾ। ਇਸ ਕਰ ਕੇ ਅਜਿਹੇ ਲੋਕਾਂ ਤੋਂ ਬਚਣ ਦੀ ਲੋੜ ਹੈ। ਨਾ ਤਾਂ ਚੋਣਾਂ ਵਾਲੇ ਆਗੂ, ਲੋਕਾਂ ਦੀਆਂ ਅਸਲ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਗੱਲ ਕਰਨਗੇ, ਨਾ ਹੀ ਨੇਸ਼ਨ ਸਟੇਟ ਦਾ ਪ੍ਰਚਾਰ ਕਰਨ ਵਾਲੇ। ਇਨ੍ਹਾਂ ਦੋਹਾਂ ਵਿਚਕਾਰ ਇਕ ਫਰਕ ਜ਼ਰੂਰ ਹੈ ਕਿ ਚੋਣਾਂ ਵਾਲੇ, ਮਨੁੱਖਾਂ ਵਿਚ ਕੋਈ ਪੱਕੀ ਵੰਡ ਨਹੀਂ ਕਰਦੇ, ਪਰ ਧਰਮ ਦੇ ਨਾਂ 'ਤੇ ਨੇਸ਼ਨ ਸਟੇਟ ਪੱਖੀ ਲੋਕ, ਲੋਕਾਂ ਵਿਚਕਾਰ ਧਰਮ ਦੇ ਆਧਾਰ 'ਤੇ ਪੱਕੀ ਲੀਕ ਖਿੱਚ ਦਿੰਦੇ ਹਨ ਜਿਸ ਨੂੰ ਛੇਤੀ ਕੀਤੇ ਮੇਟਣਾ ਬਹੁਤ ਮੁਸ਼ਕਿਲ ਹੁੰਦਾ ਹੈ।

ਜਿਥੋਂ ਤੱਕ ਧਰਮ ਅਤੇ ਸਟੇਟ ਦਾ ਸਬੰਧ ਹੈ, ਤੱਥ ਇਹ ਹਨ ਕਿ ਮੁੱਢ ਕਦੀਮ ਤੋਂ ਹੀ ਸਥਾਪਤ ਧਰਮ ਦੇ ਪੁਜਾਰੀ ਜਾਂ ਮੁਖੀ (ਧਰਮ ਦੇ ਆਮ ਸ਼ਰਧਾਲੂ ਨਹੀਂ) ਹਾਕਮਾਂ ਦੇ ਪੂਰੇ ਸਮਰਥਕ ਰਹੇ ਹਨ। ਪੁਰਾਣੇ ਰਾਜਿਆਂ ਦੇ ਜ਼ਮਾਨੇ ਵੇਲੇ ਤਾਂ ਇਹ ਗੱਲ ਬਿਲਕੁਲ ਸਾਫ ਸੀ ਜਦੋਂ ਇਹ ਪੁਜਾਰੀ ਰਾਜੇ ਨੂੰ ਰੱਬ ਦਾ ਨੁਮਾਇੰਦਾ ਪ੍ਰਚਾਰਦੇ ਸਨ। ਰਾਜਾ ਵੀ ਦਿਖਾਵੇ ਖਾਤਰ ਇਨ੍ਹਾਂ ਪੁਜਾਰੀਆਂ ਦਾ ਆਦਰ ਸਨਮਾਨ ਇਸ ਤਰ੍ਹਾਂ ਕਰਦੇ ਹੋਏ ਇਹ ਦਰਸਾਉਂਦਾ ਜਿਵੇਂ ਉਹ ਹਰ ਤਰ੍ਹਾਂ ਦਾ ਦਿਸ਼ਾ ਨਿਰਦੇਸ਼ ਇਨ੍ਹਾਂ ਤੋਂ ਲੈਂਦਾ ਹੋਵੇ। ਇਉਂ ਉਹ ਆਪਸ ਵਿਚ ਮਿਲ ਕੇ ਜਨਤਾ ਦੀ ਲੁੱਟ ਕਰਦੇ ਸਨ। ਅਜਿਹੀ ਰਾਜ ਪ੍ਰਣਾਲੀ ਵਿਚ ਆਮ ਲੋਕਾਂ ਨੂੰ ਕੋਈ ਆਜ਼ਾਦੀ ਨਹੀਂ ਸੀ। ਜੇ ਕੋਈ ਥੋੜਾ ਮਾਮੂਲੀ ਆਵਾਜ਼ ਵੀ ਉਠਾਉਂਦਾ ਸੀ ਤਾਂ ਉਸ ਨੂੰ ਕਾਨੂੰਨ ਅਤੇ ਧਰਮ ਦੇ ਡੰਡੇ ਨਾਲ ਕੁਚਲ ਦਿੱਤਾ ਜਾਂਦਾ ਸੀ। ਅਜਿਹੇ ਹਾਲਾਤ, ਜਿਵੇਂ ਹਾਕਮ ਸਿੰਘ ਨੇ ਲਿਖਿਆ ਹੈ, ਵਿਚ ਮਨੁੱਖੀ ਸਮਾਜ ਵਿਚ ਬੇਚੈਨੀ ਅਤੇ ਵਿਦਰੋਹ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੁੰਦੀ ਹੈ। ਇਸ ਲਈ ਸ਼ਾਸਕ ਲੋਕਾਂ ਨੂੰ ਸੰਤੁਸ਼ਟ ਕਰਨ ਅਤੇ ਅਧੀਨ ਰੱਖਣ ਲਈ ਪੁਜਾਰੀਆਂ ਦੀ ਸਹਾਇਤਾ ਲੈਂਦੇ ਸਨ। ਪੁਜਾਰੀ ਵੀ ਆਪਣੇ ਸ਼ਰਧਾਲੂਆਂ ਵਿਚ ਵਾਧਾ ਕਰਨ, ਸ਼ਕਤੀਵਾਨ ਅਤੇ ਧਨਾਢ ਬਣਨ ਲਈ ਰਾਜ ਸਰਕਾਰ ਦੀ ਸਹਾਇਤਾ ਦੇ ਅਭਿਲਾਸ਼ੀ ਰਹਿੰਦੇ ਸਨ। ਸਾਫ ਹੈ ਕਿ ਧਰਮ ਦੇ ਵਿਸ਼ਵਾਸਾਂ ਅਤੇ ਰਾਜਨੀਤੀ ਦੇ ਮੰਤਵਾਂ ਵਿਚ ਭਾਵੇਂ ਕੋਈ ਸਿੱਧਾ ਮੇਲ ਨਹੀਂ, ਪਰ ਸ਼ਾਸਕ ਅਤੇ ਪੁਜਾਰੀ ਹਮੇਸ਼ਾ ਇਕ ਦੂਜੇ ਦੇ ਪੂਰਕ ਰਹੇ ਹਨ।

ਯੂਰਪ ਵਿਚ ਸਨਅਤੀ ਕ੍ਰਾਂਤੀ, ਵਿਗਿਆਨ, ਵਿਦਿਆ, ਸੰਚਾਰ ਤੇ ਆਵਾਜਾਈ ਦੇ ਸਾਧਨਾਂ ਵਿਚ ਤਰੱਕੀ ਨੇ ਸਮਾਜਿਕ ਜੀਵਨ ਵਿਚ ਗੁਣਾਤਮਕ ਤਬਦੀਲੀ ਲਿਆਂਦੀ। ਸਮਾਜ ਸੇਵਕਾਂ ਤੇ ਲੋਕ ਪੱਖੀ ਬੁਧੀਜੀਵੀਆਂ ਨੇ ਲੋਕਾਂ ਨੂੰ ਆਪਣੇ ਹੱਕਾਂ ਤੋਂ ਜਾਣੂ ਕਰਾਉਣ ਦੇ ਨਾਲ ਉਨ੍ਹਾਂ ਨੂੰ ਧਰਮਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਸ ਵਿਚ ਮਿਲ ਜੁਲ ਕੇ ਰਹਿਣ ਲਈ ਪ੍ਰੇਰਿਆ। ਇਹ ਗੱਲਾਂ ਭਾਵੇਂ ਹਾਕਮਾਂ ਦੇ ਹੱਕ 'ਚ ਨਹੀਂ ਸਨ ਜਾਂਦੀਆਂ ਪਰ ਹਾਕਮਾਂ ਤੇ ਕਾਰਖਾਨੇਦਾਰਾਂ ਨੇ ਇਨ੍ਹਾਂ ਦਾ ਵਿਰੋਧ ਨਹੀਂ ਕੀਤਾ, ਕਿਉਂਕਿ ਸਨਅਤੀ ਕ੍ਰਾਂਤੀ ਕਰ ਕੇ ਮਜ਼ਦੂਰਾਂ ਦੀ ਵਧੀ ਹੋਈ ਲੋੜ ਨੂੰ ਪੂਰਾ ਕਰਨ ਲਈ ਲੋਕਾਂ ਦਾ ਧਰਮਾਂ/ਜਾਤਾਂ ਦੇ ਬੰਧਨਾਂ ਤੋਂ ਆਜ਼ਾਦ ਹੋ ਕੇ ਇਕੱਠੇ ਕੰਮ ਕਰਨਾ ਉਨ੍ਹਾਂ ਦੇ ਹਿਤ ਵਿਚ ਸੀ।

ਇਸੇ ਲਈ ਯੂਰਪ ਵਿਚ ਰਾਜ ਪ੍ਰਣਾਲੀ ਵਿਚੋਂ ਧਰਮਾਂ ਦੀ ਦਖਲਅੰਦਾਜ਼ੀ ਖਤਮ ਕਰਨ ਲਈ ਧਰਮ ਨਿਰਪੱਖ ਸੰਵਿਧਾਨ ਹੋਂਦ ਵਿਚ ਆ ਗਏ। ਸੰਵਿਧਾਨਾਂ ਦੀ ਧਰਮ ਨਿਰਪੱਖਤਾ ਵਾਲੀ ਪ੍ਰਸਤਾਵਨਾ ਭਾਵੇਂ ਹਕੀਕਤ ਵਿਚ ਥੋੜ੍ਹ ਚਿਰੀ ਰਹੀ, ਪਰ ਇਸ ਨਾਲ ਸਮਾਜਿਕ ਜੀਵਨ 'ਤੇ ਬੜਾ ਹਾਂ-ਪੱਖੀ ਅਸਰ ਪਿਆ। ਵੱਖ ਵੱਖ ਸਭਿਆਚਾਰਾਂ, ਧਰਮਾਂ, ਜਾਤਾਂ ਦੇ ਲੋਕ ਇਕੋ ਸਮਾਜ ਵਿਚ ਰਹਿਣ ਲੱਗੇ। ਉਨ੍ਹਾਂ ਵਿਚ ਆਪਸੀ ਪ੍ਰੇਮ-ਪਿਆਰ ਤੇ ਮੇਲ-ਮਿਲਾਪ ਵਧਿਆ। ਸਨਅਤੀ ਕ੍ਰਾਂਤੀ ਨੇ ਆਮ ਜੀਵਨ ਪੱਧਰ ਵਿਚ ਵੀ ਸੁਧਾਰ ਲਿਆਂਦਾ। ਕਿਹਾ ਜਾਵੇ ਤਾਂ ਇਹ ਸਮਾਂ ਇਕ ਤਰ੍ਹਾਂ ਨਾਲ ਸੁਨਹਿਰੀ ਸਮਾਂ ਸੀ ਜਦੋਂ ਲੋਕ ਧਰਮਾਂ ਦੇ ਵਖਰੇਵਿਆਂ ਨੂੰ ਭੁਲਾ ਕੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸਿਧਾਂਤ ਅਨੁਸਾਰ ਰਹਿਣਾ ਸ਼ੁਰੂ ਕਰ ਰਹੇ ਸਨ।

ਪਰ ਸਨਅਤੀ ਕ੍ਰਾਂਤੀ ਨੇ ਦੋ ਨਵੀਆਂ ਜਮਾਤਾਂ-ਸਰਮਾਏਦਾਰ ਤੇ ਮਜ਼ਦੂਰ, ਵੀ ਪੈਦਾ ਕਰ ਦਿਤੀਆਂ। ਸਰਮਾਏਦਾਰ ਜਮਾਤ ਵਿਚ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਹੋੜ ਵਿਚ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਅਤੇ ਘੱਟ ਤੋਂ ਘੱਟ ਮਜ਼ਦੂਰੀ ਦੇਣ ਦਾ ਰੁਝਾਨ ਬਣਿਆ। ਸਰਮਾਏਦਾਰਾਂ ਦੀਆਂ ਅਜਿਹੀਆਂ ਆਪ-ਹੁਦਰੀਆਂ ਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਜਥੇਬੰਦ ਹੋਣ ਵੱਲ ਤੋਰਿਆ। ਕੁਝ ਹੀ ਸਾਲਾਂ ਵਿਚ ਮਜ਼ਦੂਰਾਂ ਦੀਆਂ ਵੱਡੀਆਂ ਵੱਡੀਆਂ ਕੌਮਾਂਤਰੀ ਯੂਨੀਅਨਾਂ ਬਣ ਗਈਆਂ ਜਿਨ੍ਹਾਂ ਵਿਚ ਧਰਮਾਂ ਦਾ ਦਖਲ ਲਗਭਗ ਨਾਂਹ ਦੇ ਬਰਾਬਰ ਸੀ। ਮਜ਼ਦੂਰਾਂ ਦੇ ਇਸ ਤਰ੍ਹਾਂ ਧਰਮ ਨਿਰਲੇਪ ਏਕੇ ਵੱਲ ਵਧਦੇ ਕਦਮਾਂ ਨੇ ਹਾਕਮਾਂ ਅਤੇ ਪੁਜਾਰੀਆਂ ਨੂੰ ਫਿਕਰਮੰਦ ਕਰ ਦਿੱਤਾ। ਉਨ੍ਹਾਂ ਨੂੰ ਆਪਣੀ ਹਕੂਮਤ ਅਤੇ ਕੀਤੀ ਜਾ ਰਹੀ ਲੁੱਟ, ਖੁੱਸਦੀ ਜਾਪਣ ਲਗੀ। ਅਜਿਹੇ ਹਾਲਾਤ ਵਿਚ ਹਾਕਮਾਂ ਅਤੇ ਪੁਜਾਰੀਆਂ ਨੂੰ ਆਪਣੀ ਹਕੂਮਤ, ਪਕੜ ਅਤੇ ਲੁੱਟ ਕਾਇਮ ਰੱਖਣ ਲਈ ਇਕ ਦੂਜੇ ਦੀ ਲੋੜ ਹੋਰ ਵੀ ਮਹਿਸੂਸ ਹੋਈ।

ਰਾਜ ਪ੍ਰਬੰਧ ਭਾਵੇਂ ਬਹੁਤੀ ਥਾਈਂ ਬਾਦਸ਼ਾਹਤ ਦੀ ਜਗ੍ਹਾ ਪਰਜਾਤੰਤਰੀ ਹੋ ਗਏ ਸਨ, ਪਰ ਹਾਕਮ ਤਾਂ ਹਾਕਮ ਹੀ ਹੁੰਦੇ ਹਨ; ਸੋ, ਲੋਕਾਂ ਦੇ ਇਸ ਧਰਮ ਨਿਰਪੱਖ ਏਕੇ ਨੂੰ ਤਾਰਪੀਡੋ ਕਰਨ ਲਈ ਉਨ੍ਹਾਂ ਨਵੀਂ ਸਕੀਮ ਬਣਾਈ ਅਤੇ ਸੰਵਿਧਾਨ ਤਾਂ ਧਰਮ ਨਿਰਪੱਖ ਹੀ ਰੱਖੇ, ਪਰ ਹਕੂਮਤਾਂ ਸਭ ਧਰਮ ਦੇ ਏਜੰਡੇ ਅਨੁਸਾਰ ਚਲਾਉਣ ਲੱਗੇ; ਭਾਵ ਉਹ ਸਭ ਧਾਰਮਿਕ ਪੁਜਾਰੀਆਂ ਨੂੰ ਵਿਤ ਅਨੁਸਾਰ ਉਤਸ਼ਾਹਿਤ ਕਰਨ ਲੱਗੇ। ਅਜਿਹਾ ਕਰਨ ਵਾਸਤੇ ਹੋਰ ਖਾਸ ਮੌਕਿਆਂ 'ਤੇ ਵੱਖ ਵੱਖ ਧਾਰਮਿਕ ਕੇਂਦਰਾਂ (ਸਾਰੇ ਧਰਮਾਂ, ਸੰਪਰਦਾਵਾਂ, ਡੇਰਿਆਂ ਆਦਿ) ਵਿਚ ਜਾਂਦੇ, ਪਰ ਧਿਆਨ ਰੱਖਦੇ ਕਿ ਜਾਣ ਵਾਲੇ ਹਾਕਮ ਦੀ ਪੁਜੀਸ਼ਨ ਅਤੇ ਰੁਤਬਾ ਉਸ ਧਾਰਮਿਕ ਕੇਂਦਰ ਦੀ ਹੈਸੀਅਤ ਅਨੁਸਾਰ ਹੋਵੇ; ਭਾਵ ਵੱਡੇ ਅਤੇ ਮੁੱਖ ਧਾਰਮਿਕ ਕੇਂਦਰ ਲਈ ਵੱਡਾ ਹਾਕਮ ਅਤੇ ਛੋਟੇ ਲਈ ਛੋਟਾ। ਉਥੇ ਉਹ ਮੁਖ ਪੁਜਾਰੀ ਦੇ ਚਰਨਾਂ ਵਿਚ ਬੈਠ ਕੇ ਸ਼ਰਧਾਲੂਆਂ ਨੂੰ ਪ੍ਰਭਾਵ ਦੇਣ ਦਾ ਯਤਨ ਕਰਦੇ ਕਿ ਸਿਰਫ ਇਹੀ ਪੁਜਾਰੀ ਹੀ ਦੁਨੀਆਂ ਦਾ ਸਭ ਤੋਂ ਮਹਾਨ ਅਤੇ ਪਵਿੱਤਰ ਬੰਦਾ ਹੋਵੇ। ਅਜਿਹਾ ਕਰਨ ਨਾਲ ਸ਼ਰਧਾਲੂਆਂ ਦੇ ਮਨਾਂ ਅੰਦਰ ਆਪਣੇ ਪੁਜਾਰੀ ਪ੍ਰਤੀ ਸ਼ਰਧਾ ਭਾਵਨਾ ਕਈ ਗੁਣਾ ਵਧ ਜਾਂਦੀ ਅਤੇ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਣ ਲਗਦੇ ਜਿਨ੍ਹਾਂ ਨੂੰ ਅਜਿਹੀ ਸ਼ਖਸੀਅਤ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹੌਲੀ ਹੌਲੀ ਉਨ੍ਹਾਂ ਅੰਦਰ ਜਥੇਬੰਦੀ ਵਾਲੇ ਏਕੇ ਦੀ ਭਾਵਨਾ ਨਾਲੋਂ ਪੁਜਾਰੀ ਪ੍ਰਤੀ ਸ਼ਰਧਾ ਭਾਰੂ ਪੈਣ ਲੱਗੀ।

ਦੂਜੇ ਪਾਸੇ ਪੁਜਾਰੀਆਂ ਨੇ ਆਪਣੇ ਵੱਲੋਂ ਸਮੁੱਚੀ ਮਨੁੱਖਤਾ ਨੂੰ ਖੱਖੜੀਆਂ-ਕਰੇਲੇ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਆਪਣੇ ਸ਼ਰਧਾਲੂਆਂ ਨੂੰ ਧਰਮ ਦੇ ਸਹੀ ਅਸੂਲਾਂ ਲਈ ਪ੍ਰੇਰਨ ਦੀ ਥਾਂ ਸਾਰਾ ਜ਼ੋਰ ਇਸ 'ਤੇ ਲਾਇਆ ਕਿ ਸਿਰਫ ਉਨ੍ਹਾਂ ਦਾ ਧਰਮ ਹੀ ਅਸਲੀ ਹੈ। ਇਹੀ ਸਭ ਤੋਂ ਸੱਚਾ ਸੁੱਚਾ ਤੇ ਉਤਮ ਹੈ। ਸਿਰਫ ਇਹੀ ਰੱਬ ਨੂੰ ਪਾਉਣ ਦਾ ਸਹੀ ਰਸਤਾ ਦਿਖਾਉਂਦਾ ਹੈ ਅਤੇ ਸਾਰੀ ਮਨੁੱਖਤਾ ਦਾ ਭਲਾ ਮੰਗਦਾ ਹੈ। ਜੇ ਸਾਰੀ ਮਨੁੱਖਤਾ ਇਸ ਅਨੁਸਾਰ ਚੱਲੇ ਤਾਂ ਦੁਨੀਆਂ 'ਤੇ ਅਮਨ-ਅਮਾਨ ਹੋ ਸਕਦਾ ਹੈ।

ਪਹਿਲੀ ਨਜ਼ਰੇ ਦੇਖਿਆਂ ਇਹ ਕੋਈ ਮਾੜਾ ਪ੍ਰਚਾਰ ਨਹੀਂ ਲਗਦਾ, ਪਰ ਇਸ ਨਾਲ ਹਰ ਧਾਰਮਿਕ ਸੰਸਥਾ ਦਾ ਸ਼ਰਧਾਲੂ ਆਪਣੇ ਆਪ ਨੂੰ ਸਭ ਤੋਂ ਉਤਮ ਸਮਝਣ ਲੱਗ ਪੈਂਦਾ ਹੈ। ਅਜਿਹੀ ਭਾਵਨਾ ਦਾ ਸ਼ਿਕਾਰ ਹੋਇਆ ਮਨੁੱਖ ਦੂਜਿਆਂ ਨੂੰ ਮਾੜੇ ਸਮਝਦਾ ਹੈ। ਇਉਂ ਇਹ ਪ੍ਰਚਾਰ ਮਨੁੱਖਤਾ ਵਿਚ ਨਾਬਰਾਬਰੀ ਦਾ ਅਹਿਸਾਸ ਪੈਦਾ ਕਰਦਾ ਹੈ। ਧਾਰਮਿਕ ਮੁਖੀ ਇਥੇ ਹੀ ਬੱਸ ਨਹੀਂ ਕਰਦੇ, ਸਗੋਂ ਦੂਜਿਆਂ ਨੂੰ ਘਟੀਆ ਹੋਣ ਦਾ ਅਹਿਸਾਸ ਹੀ ਨਹੀਂ ਕਰਵਾਉਂਦੇ, ਇਹ ਜਚਾਉਣ ਦਾ ਪੂਰਾ ਪੂਰਾ ਟਿੱਲ ਲਾਉਂਦੇ ਹਨ ਕਿ ਬਾਕੀ ਸਾਰੇ ਉਨ੍ਹਾਂ ਦੇ ਧਾਰਮਿਕ ਪ੍ਰੋਗਰਾਮ ਨੂੰ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੂਜੇ ਧਾਰਮਿਕ ਅਦਾਰਿਆਂ ਵੱਲੋਂ ਖਤਰਾ ਦਰਸਾਉਂਦੇ ਉਹ ਸਭ ਤੋਂ ਵੱਡਾ ਖਤਰਾ ਸਭ ਤੋਂ ਨੇੜੇ ਵਾਲੇ ਧਰਮ ਤੋਂ ਜਚਾਉਣ ਦੀ ਹਰ ਵਾਹ ਲਾਉਂਦੇ ਹਨ।

ਸਮੁੱਚੇ ਸੰਸਾਰ ਦੇ ਲੋਕਾਂ ਨੂੰ ਪਾਟੋ-ਧਾੜ ਕਰਨ ਲਈ ਹਾਕਮਾਂ ਅਤੇ ਪੁਜਾਰੀਆਂ ਦੀ ਇਹ ਸਕੀਮ ਬਹੁਤ ਕਾਰਗਰ ਸਾਬਤ ਹੋਈ ਅਤੇ ਇਹ ਅੱਜ ਤੱਕ ਚੱਲ ਰਹੀ ਹੈ। ਨਤੀਜਾ ਅਸੀਂ ਦੇਖ ਹੀ ਰਹੇ ਹਾਂ। ਅੱਜ ਸਮੁੱਚਾ ਸੰਸਾਰ ਵੱਖ ਵੱਖ ਵਰਗਾਂ ਵਿਚ ਵੰਡਿਆ ਪਿਆ ਹੈ। ਕਿਸੇ ਇਕ ਧਰਮ ਅੰਦਰਲੀ ਵੰਡ ਤਾਂ ਉਸ ਤੋਂ ਵੀ ਖਤਰਨਾਕ ਬਣੀ ਹੋਈ ਹੈ। ਇਸ ਧਾਰਮਿਕ ਪ੍ਰਚਾਰ ਨੇ ਸਮੁੱਚੀ ਮਨੁੱਖਤਾ ਵਿਚ ਬੇਵਿਸ਼ਵਾਸੀ ਵਾਲਾ ਆਲਮ ਪੈਦਾ ਕਰ ਦਿੱਤਾ ਹੈ। ਹਰ ਮਨੁੱਖ ਦੂਜੇ ਉਤੇ ਇਤਬਾਰ ਕਰਨ ਤੋਂ ਕਤਰਾਉਂਦਾ ਹੈ। ਅਜਿਹੇ ਹਾਲਾਤ ਵਿਚ ਮਨੁੱਖੀ ਏਕਤਾ, ਆਪਸੀ ਪਿਆਰ ਤਾਂ ਲਗਭਗ ਅਸੰਭਵ ਜਾਪਣ ਲਗਿਆ ਹੈ। ਇਹੀ ਹਾਕਮਾਂ ਦੀ ਸਭ ਤੋਂ ਵੱਡੀ ਕਾਮਯਾਬੀ ਹੈ।

ਕੁਝ ਜਮਹੂਰੀ ਮੁਲਕਾਂ ਵਿਚ ਇਹ ਹਾਕਮ ਧਿਰਾਂ ਹੁਣ ਇਕ ਹੋਰ ਵੀ ਖਤਰਨਾਕ ਰੁਝਾਨ ਵੱਲ ਵਧ ਰਹੀਆਂ ਹਨ ਜਿਥੇ ਇਨ੍ਹਾਂ ਨੇ ਬਹੁ-ਗਿਣਤੀ ਧਾਰਮਿਕ ਸਮਾਜ ਦੀਆਂ ਵੋਟਾਂ ਬਟੋਰਨ ਵਾਸਤੇ ਉਨ੍ਹਾਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਹੈ। ਉਹ ਉਨ੍ਹਾਂ ਨੂੰ ਇਹ ਪੂਰੀ ਤਰ੍ਹਾਂ ਜਚਾਉਂਦੇ ਹਨ ਕਿ ਇਸ ਮੁਲਕ ਜਾਂ ਖਿੱਤੇ ਦੇ ਉਹੀ ਅਸਲੀ ਵਾਰਸ ਹਨ ਅਤੇ ਬਾਕੀ ਸਾਰੇ ਲੋਕ ਉਨ੍ਹਾਂ ਦਾ ਹੱਕ ਮਾਰ ਰਹੇ ਹਨ। ਇਸ ਨਾਲ ਗੱਲ ਮਨੁੱਖਤਾ ਵਿਚ ਆਪਸੀ ਤੇੜ ਕਈ ਗੁਣਾ ਵਧਣ ਵੱਲ ਤੁਰ ਪਈ ਹੈ। ਹਰ ਖਿੱਤੇ ਵਿਚ ਘੱਟ-ਗਿਣਤੀ ਸਮਾਜ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਾ ਹੈ। ਦਰਅਸਲ, ਇਸ ਰੁਝਾਨ ਨੇ ਪੂਰੀ ਮਨੁੱਖਤਾ ਨੂੰ ਹੀ ਅਸੁਰੱਖਿਅਤ ਬਣਾ ਦਿਤਾ ਹੈ; ਕਿਉਂਕਿ ਜਿਹੜਾ ਧਾਰਮਿਕ ਸਮਾਜ ਇਕ ਥਾਂ ਬਹੁ-ਗਿਣਤੀ ਵਿਚ ਹੈ, ਉਹ ਦੂਜਿਆਂ ਅਨੇਕਾਂ ਹੀ ਥਾਵਾਂ 'ਤੇ ਘੱਟ-ਗਿਣਤੀ ਵਿਚ ਹੈ। ਕਈ ਥਾਵਾਂ ਤੋਂ ਇਕਾ-ਦੁੱਕਾ ਘਟਨਾਵਾਂ ਵੀ ਸੁਣਨ ਨੂੰ ਮਿਲ ਰਹੀਆਂ ਹਨ ਕਿ ਕਿਸੇ ਇਕ ਬਹੁ-ਗਿਣਤੀ ਵਾਲੇ ਨੇ ਘੱਟ-ਗਿਣਤੀ ਵਾਲੇ ਨੂੰ ਦੇਸ ਛੱਡਣ ਲਈ ਕਿਹਾ ਹੈ ਅਤੇ ਕੁਝ ਇਕ ਕਤਲ ਵੀ ਹੋ ਚੁੱਕੇ ਹਨ। ਇਸ ਨਵੇਂ ਰੁਝਾਨ ਨੇ ਅਜਿਹੀ ਵਿਸਫੋਟਕ ਹਾਲਤ ਪੈਦਾ ਕਰ ਦਿੱਤੀ ਹੈ ਜੋ ਕਿਸੇ ਵੇਲੇ ਵੀ ਭਰਾ-ਮਾਰੂ ਜੰਗ ਦਾ ਕਾਰਨ ਬਣ ਸਕਦੀ ਹੈ। ਲਗਦਾ ਹੈ ਕਿ ਅਸੀਂ ਭਿਆਨਕ ਦੌਰ ਵਿਚੋਂ ਗੁਜ਼ਰ ਰਹੇ ਹਾਂ।

ਇਸ ਭਿਆਨਕ ਦੌਰ ਵਿਚ ਆਸ ਦੀ ਕਿਰਨ ਵੀ ਦਿਸਦੀ ਹੈ ਕਿ ਆਮ ਮਨੁੱਖ ਇਸ ਮਾਹੌਲ ਤੋਂ ਆਵਾਜ਼ਾਰ ਹੈ ਅਤੇ ਇਸ ਵਿਚੋਂ ਨਿਕਲਣਾ ਚਾਹੁੰਦਾ ਹੈ। ਚੇਤਨ ਬੁਧੀਜੀਵੀ ਲਿਖਾਰੀ ਆਪਣੇ ਤੌਰ 'ਤੇ ਇਨ੍ਹਾਂ ਮਾਨਵ-ਵਿਰੋਧੀ ਹਥਕੰਡਿਆਂ ਨੂੰ ਉਜਾਗਰ ਕਰਨ ਦੀ ਪੂਰੀ ਵਾਹ ਲਾ ਰਹੇ ਹਨ। ਸਭ ਨੂੰ ਇਸ ਪਾਸੇ ਚੇਤਨ ਹੋਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ੋਰਦਾਰ ਲਹਿਰ ਚਲਾਈ ਜਾ ਸਕੇ। ਇਉਂ ਹੀ ਮਨੁੱਖਤਾ ਦੀ ਸਲਾਮਤੀ ਸੰਭਵ ਹੈ।

# ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ

ਗੁਰਬਾਣੀ ਗਿਆਨ

**ਜੈਤਸਰੀ ਮਹਲਾ ੪ ਘਰੁ ੧ ਚਉਪਦੇ**

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ
ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ
ਗੁਰਿ ਨਾਮੁ ਦੀਓ ਰਿਨੁ ਲਾਥਾ॥੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਬਿਨੁ ਨਾਵੈ ਜੀਵਨੁ ਬਿਰਥਾ॥ਰਹਾਉ॥
ਬਿਨੁ ਗੁਰ ਮੂੜ ਭਏ ਹੈ ਮਨਮੁਖ
ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ
ਤਿਨ ਸਭੁ ਜਨਮੁ ਅਕਾਥਾ॥੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ
ਤਿਨ ਸਫਲਿਓ ਜਨਮੁ ਸਨਾਥਾ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ
ਹਰਿ ਦਇਆ ਧਾਰਿ ਜਗੰਨਾਥਾ॥੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ
ਕਿਉ ਚਾਲਹ ਮਾਰਗਿ ਪੰਥਾ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ
ਜਨ ਨਾਨਕ ਚਲਹ ਮਿਲੰਥਾ॥੪॥

ਗੁਰੂ ਰਾਮਦਾਸ ਜੀ ਆਖਦੇ ਹਨ, ਹੇ ਭਾਈ! ਜਦੋਂ ਮੇਰੇ ਗੁਰੂ ਨੇ ਮੇਰੇ ਸਿਰ ਉਤੇ ਆਪਣੀ ਬਖਸ਼ਿਸ਼ ਦਾ ਹੱਥ ਰੱਖ ਦਿੱਤਾ, ਤਾਂ ਮੇਰੇ ਹਿਰਦੇ 'ਚ ਅਕਾਲ ਪੁਰਖ ਮਿਹਰਬਾਨ ਪਿਤਾ ਦਾ ਰਤਨ ਵਰਗਾ ਕੀਮਤੀ ਹਰੀ ਨਾਮ ਆਣ ਵਸਿਆ; ਹੇ ਭਾਈ! ਜਿਸ ਵੀ ਵਡਭਾਗੇ ਮਨੁੱਖ ਨੂੰ ਗੁਰੂ ਨੇ ਹਰੀ ਦਾ ਨਾਮ ਦਿੱਤਾ, ਉਸ ਦੇ ਅਨੇਕਾਂ ਜਨਮਾਂ ਦੇ ਪਾਪ-ਦੁਖ ਦੂਰ ਹੋ ਗਏ; ਉਹਦੇ ਸਿਰ ਤੋਂ ਪਾਪਾਂ ਦਾ ਕਰਜ਼ਾ ਉਤਰ ਗਿਆ।

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਬਿਨੁ ਨਾਵੈ ਜੀਵਨੁ ਬਿਰਥਾ॥ਰਹਾਉ॥

ਗੁਰਬਾਣੀ ਦੇ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ 'ਚ ਸਤਿਗੁਰੂ ਪਿਤਾ ਆਪਣੇ ਮਨ ਨੂੰ ਮੁਖਾਤਬ ਹੁੰਦੇ ਹਨ, ਹੇ ਮੇਰੇ ਮਨ! ਤੂੰ ਸਦਾ ਹੀ ਉਸ ਮਾਲਕ ਪ੍ਰਭ ਦਾ ਨਾਮ ਸਿਮਰਨ ਕਰਿਆ ਕਰ; ਹੇ ਮੇਰੇ ਮਨ! ਪੂਰੇ ਗੁਰੂ ਨੇ ਹੀ ਉਸ ਪ੍ਰਭੂ ਦਾ ਨਾਮ ਹਿਰਦੇ ਵਿਚ ਦ੍ਰਿੜ, ਪੱਕਾ ਕੀਤਾ ਹੈ; ਨਾਮ ਤੋਂ ਬਿਨਾ ਇਹ ਮਨੁੱਖਾ ਜੀਵਨ ਬਿਰਥਾ ਚਲਾ ਜਾਂਦਾ ਹੈ।

ਬਿਨੁ ਗੁਰ ਮੂੜ ਭਏ ਹੈ ਮਨਮੁਖ
ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ
ਤਿਨ ਸਭੁ ਜਨਮੁ ਅਕਾਥਾ॥੨॥

ਸਤਿਗੁਰੂ ਆਖਦੇ ਹਨ, ਹੇ ਭਾਈ! ਜਿਹੜੇ ਮਨਮੁਖ ਆਪਣੇ ਮਨ ਦੇ ਪਿਛੇ ਲੱਗ ਕੇ ਤੁਰਦੇ ਹਨ, ਉਹ ਗੁਰੂ ਦੀ ਸ਼ਰਨ ਤੋਂ ਬਿਨਾ ਮੂਰਖ ਬਣੇ ਰਹਿੰਦੇ ਹਨ, ਤੇ ਸਦਾ ਹੀ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ; ਉਨ੍ਹਾਂ ਮਨੁੱਖਾਂ ਨੇ ਕਦੀ ਵੀ ਗੁਰੂ ਦੇ ਚਰਨਾਂ ਦਾ ਆਸਰਾ ਨਹੀਂ ਲਿਆ, ਕਦੀ ਗੁਰੂ ਦੀ ਮੱਤ ਨੂੰ ਗ੍ਰਹਿਣ ਨਹੀਂ ਕੀਤਾ, ਉਨ੍ਹਾਂ ਦਾ ਜੀਵਨ ਵਿਅਰਥ ਹੀ ਚਲਾ ਗਿਆ।

ਜਿਨ ਸਾਧੂ ਚਰਣ ਸਾਧ ਪਗ ਸੇਵੇ
ਤਿਨ ਸਫਲਿਓ ਜਨਮੁ ਸਨਾਥਾ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ
ਹਰਿ ਦਇਆ ਧਾਰਿ ਜਗੰਨਾਥਾ॥੩॥

ਗੁਰਦੇਵ ਜੀ ਬਚਨ ਕਰਦੇ ਹਨ, ਹੇ ਭਾਈ! ਜਿਹੜੇ ਵੱਡੇ ਭਾਗਾਂ ਵਾਲੇ ਮਨੁੱਖ ਗੁਰੂ ਦੇ ਚਰਨਾਂ ਦਾ ਓਟ ਆਸਰਾ ਲੈਂਦੇ ਹਨ, ਉਹ ਖਸਮ ਵਾਲੇ ਬਣ ਜਾਂਦੇ ਹਨ, ਤੇ ਭਾਈ! ਉਨ੍ਹਾਂ ਦਾ ਜਨਮ ਵੀ ਸਫਲ ਹੋ ਜਾਂਦਾ ਹੈ; ਸਤਿਗੁਰੂ ਪਿਤਾ ਅਕਾਲ ਪੁਰਖ ਪ੍ਰਭੂ ਕੋਲ ਬੇਨਤੀ ਕਰਦੇ ਹਨ, ਹੇ ਜਗਤ ਦੇ ਨਾਥ! ਪ੍ਰਭੂ!! ਦਇਆ ਕਰ ਕੇ ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾ ਲੈ।

ਹਮ ਅੰਧੁਲੇ ਗਿਆਨਹੀਨ ਅਗਿਆਨੀ
ਕਿਉ ਚਾਲਹ ਮਾਰਗਿ ਪੰਥਾ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ
ਜਨ ਨਾਨਕ ਚਲਹ ਮਿਲੰਥਾ॥੪॥


ਹੇ ਮੇਰੇ ਗੁਰਦੇਵ ਜੀਉ! ਅਸੀਂ ਜੀਵ ਤਾਂ ਗਿਆਨਹੀਣ ਹਾਂ, ਅਗਿਆਨੀ ਹਾਂ, ਭਾਵ ਅੰਨ੍ਹੇ ਹਾਂ, ਆਤਮਿਕ ਜੀਵਨ ਦੀ ਸੂਝ ਤੋਂ ਸੱਖਣੇ ਹਾਂ; ਅਸੀਂ ਤੇਰੇ ਦੱਸੇ ਹੋਏ ਮਾਰਗ 'ਤੇ ਨਹੀਂ ਤੁਰ ਸਕਦੇ; ਦਾਸ ਨਾਨਕ ਬੇਨਤੀ ਕਰਦਾ ਹੈ, ਹੇ ਗੁਰਦੇਵ! ਸਾਨੂੰ ਅੰਨ੍ਹਿਆਂ ਨੂੰ ਆਪਣਾ ਪੱਲਾ ਫੜਾ ਤਾਂ ਕਿ ਤੇਰੇ ਲੜ ਲੱਗ ਕੇ ਤੇਰੇ ਦੱਸੇ ਰਸਤੇ ਉਤੇ ਤੁਰ ਸਕੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਏਜੰਡਾ ਪੰਜਾਬ: ਸਿਆਸੀ ਪੈਂਤੜੇ, ਬੌਧਿਕ ਬੁਲੰਦੀ ਤੇ ਭਵਿੱਖਮੁਖੀ ਸੋਚ

***ਪ੍ਰੋ. ਬਲਕਾਰ ਸਿੰਘ ਨੇ ਪੰਜਾਬ ਤੇ ਪੰਥ, ਸਿੱਖ ਤੇ ਸਿੱਖੀ ਅਤੇ ਵਰਤਮਾਨ ਤੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਇਸ ਲੇਖ ਵਿਚ ਕੁਝ ਨੁਕਤੇ ਉਭਾਰੇ ਹਨ। ਸਿਆਸੀ ਤੱਦੀਆਂ ਨੇ ਪੰਜਾਬ ਨੂੰ ਲੀਹੋਂ ਲਾਹ ਛੱਡਿਆ ਹੈ, ਇਸ ਪ੍ਰਸੰਗ ਵਿਚ ਲਿਖਾਰੀ ਇਸ ਧੁੰਧਲਕੇ ਵਿਚੋਂ ਕੋਈ ਰਾਹ ਲੱਭਦਾ ਪ੍ਰਤੀਤ ਹੁੰਦਾ ਹੈ। ਇਹ ਅਸਲ ਵਿਚ ਬੌਧਿਕ ਬੁਲੰਦੀ ਵੱਲ ਖੁੱਲ੍ਹਦਾ ਰਾਹ ਹੈ ਜਿਸ ਤੋਂ ਬਗੈਰ ਤੱਦੀਆਂ ਵਾਲੀ ਸਿਆਸਤ ਤੋਂ ਨਿਜਾਤ ਪਾ ਸਕਣੀ ਸੰਭਵ ਨਹੀਂ ਜਾਪਦੀ। -ਸੰਪਾਦਕ***

ਪੰਜਾਬ ਦੇ ਏਜੰਡੇ ਦੀ ਚਰਚਾ ਕਰਦਿਆਂ ਇਸ ਦੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਪਵੇਗਾ ਕਿਉਂਕਿ ਸਿਆਸੀ ਪੈਂਤੜੇ ਦੀ ਲੋੜ, ਲਾਲਚ ਅਤੇ ਉਦਰੇਵੇਂ ਨਾਲ ਜੁੜੀਆਂ ਲੋਕ ਵਿਰੋਧੀ ਅਤੇ ਲੋਕ ਪੱਖੀ ਧਾਰਨਾਵਾਂ, ਪੰਜਾਬ ਦੇ ਏਜੰਡੇ ਨੂੰ ਸਮਝਣ ਵਾਸਤੇ ਨਹੀਂ ਵਰਤੀਆਂ ਜਾ ਸਕਦੀਆਂ। ਸਿਆਸਤ ਤੋਂ ਮਹਿਰੂਮ ਸਮਕਾਲ ਬੇਸ਼ੱਕ ਨਹੀਂ ਹੁੰਦਾ, ਪਰ ਸਿਧਾਂਤ ਅਤੇ ਸਿਧਾਂਤ ਦੀ ਸਿਆਸਤ ਵਿਚ ਪਾੜੇ ਦੀਆਂ ਸੰਭਾਵਨਾਵਾਂ ਤੋਂ ਵੀ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸੱਚ ਅਤੇ ਸੱਚ 'ਤੇ ਅਮਲ ਦੇ ਸੁਭਾਵਿਕ ਪਾੜੇ ਵਾਂਗ ਸਮਝਿਆ ਜਾ ਸਕਦਾ ਹੈ। ਇਸ ਕਰ ਕੇ ਕਿਸੇ ਨਿਜੀ ਧਾਰਨਾ ਜਾਂ ਗਰੁਪ ਧਾਰਨਾ ਨੂੰ ਸੱਚ ਦੇ ਕਵਚ ਵਾਂਗ ਵਿਰੋਧੀਆਂ ਦੀ ਕੁੱਟ-ਕਟਾਈ ਵਾਸਤੇ ਨਹੀਂ ਵਰਤਣਾ ਚਾਹੀਦਾ।



ਬਲਕਾਰ ਸਿੰਘ (ਪ੍ਰੋ.)
ਫੋਨ: 91-93163-01328

ਵਰਤਮਾਨ ਪੰਜਾਬ ਸਥਾਪਤ ਵਾਸਤਵਿਕਤਾ ਹੈ, ਕਿਉਂਕਿ ਪੰਜਾਬ ਤਾਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਸੀ ਅਤੇ ਅਗਾਂਹ ਵੀ ਰਹਿਣਾ ਹੈ। ਫਿਰ ਤਾਂ ਪੰਜਾਬ ਦੇ ਏਜੰਡੇ ਨੂੰ ਕਿਸੇ ਵੀ ਸਮਕਾਲ ਦੇ ਏਜੰਡੇ ਵਾਂਗ ਹੀ ਲੈਣਾ ਚਾਹੀਦਾ ਹੈ। ਅਜਿਹਾ ਧਾਰਨਾ ਮਾਡਲ ਦੀ ਗ੍ਰਿਫਤ ਤੋਂ ਮੁਕਤ ਹੋ ਕੇ ਹੀ ਕੀਤਾ ਜਾ ਸਕਦਾ ਹੈ। ਧਾਰਨਾਵਾਂ ਦੇ ਜੰਗਲ ਨੂੰ ਸਮਕਾਲੀ ਪੰਜਾਬ ਦੀ ਸਿਆਸਤ ਕਹਿ ਰਿਹਾ ਹਾਂ। ਇਸ ਕਰ ਕੇ ਸਭ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਨੂੰ ਵਰਤਮਾਨ ਪੰਜਾਬ (ਪੰਜਾਬੀ ਸੂਬਾ) ਦੀ ਸਿਆਸਤ ਵਜੋਂ ਸਮਝੇ ਜਾਣ ਦੀ ਲੋੜ ਹੈ।

ਅਕਾਲੀ ਬਿਨਾ ਸਮਝੇ ਇਸ ਤਰ੍ਹਾਂ ਦੀ ਸਮਝ ਦੇ ਨੇੜੇ ਰਹਿੰਦੇ ਹਨ ਅਤੇ ਪੰਜਾਬ ਦੀਆਂ ਬਾਕੀ ਸਿਆਸੀ ਪਾਰਟੀਆਂ ਸਮਝ ਕੇ ਵੀ ਇਸ ਤਰ੍ਹਾਂ ਦੀ ਸਮਝ ਨੂੰ ਅਪਨਾਉਣ ਲਈ ਤਿਆਰ ਨਹੀਂ ਲੱਗਦੀਆਂ। ਭਾਰਤੀ ਆਮ ਕਰ ਕੇ ਅਤੇ ਪੰਜਾਬੀ ਖਾਸ ਕਰ ਕੇ, ਧਰਮ ਨੂੰ ਜ਼ਿੰਦਗੀ ਵਿਚੋਂ ਮੁਕੰਮਲ ਮਨਫੀ ਨਹੀਂ ਕਰ ਸਕਦੇ। ਇਸੇ ਕਰ ਕੇ ਧਰਮ ਦਾ ਦਖਲ ਧਰਮ ਨਿਰਪੇਖਤਾ ਵਿਚੋਂ ਵੀ ਖਤਮ ਨਹੀਂ ਹੋ ਸਕਿਆ। ਖਤਮ ਕਰਨ ਅਤੇ ਖਤਮ ਨਾ ਹੋਣ ਦੀ ਪ੍ਰਾਪਤ ਦੋਹਰੇਪਨ ਦੀ ਸਿਆਸਤ ਨੇ ਧਰਮ ਤੇ ਸਭਿਆਚਾਰ ਨੂੰ ਟਕਰਾਉ ਵਿਚ ਲੈ ਆਂਦਾ ਹੈ। ਇਸ ਨਾਲ ਪੈਦਾ ਹੋ ਗਈਆਂ ਸਮੱਸਿਆਵਾਂ ਨੂੰ ਪੰਜਾਬ ਏਜੰਡੇ ਵਿਚ ਸ਼ਾਮਲ ਕਰਨਾ ਪਵੇਗਾ।

ਪੰਜਾਬ ਨੂੰ ਸਦਾ ਹੀ ਇਸ ਦੇ ਵਿਰਾਸਤੀ ਸਰੋਕਾਰ ਊਰਜਿਤ ਕਰਦੇ ਰਹੇ ਹਨ ਅਤੇ ਇਸੇ ਭਾਵਨਾ ਨਾਲ ਜੁੜੀ ਹੋਈ ਹੈ, ਪ੍ਰੋ. ਪੂਰਨ ਸਿੰਘ ਦੀ ਟਿੱਪਣੀ, "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।" ਇਸ ਟਿੱਪਣੀ ਦੀ ਨੀਂਹ 'ਤੇ ਪੰਜਾਬ ਏਜੰਡਾ ਉਸਾਰਿਆ ਜਾ ਸਕਦਾ ਹੈ, ਕਿਉਂਕਿ ਇਸ ਵਿਚ ਤਾਸੀਰੀ ਵਿਜ਼ਨ ਵੀ ਨਿਹਿਤ ਹੈ। ਇਸ ਵਿਜ਼ਨ ਦਾ ਰਾਹ ਵਰਤਮਾਨ ਪੰਜਾਬ ਵਿਚ ਰੁਕ ਗਿਆ ਹੈ ਕਿਉਂਕਿ ਪੰਜਾਬੀ ਸੂਬਾ, ਕਲਪਿਤ ਸਿੱਖ ਸਟੇਟ ਹੋ ਗਿਆ ਹੈ। ਜਿਸ ਸਿੱਖ ਬਹੁਸੰਮਤੀ ਵਾਲੇ ਖਿੱਤੇ ਦੀ ਸਿਆਸੀ ਰੀਝ, ਸਿੱਖ ਸਿਆਸਤਦਾਨ ਪਾਲਦੇ ਰਹੇ ਹਨ, ਉਹ ਭਾਰਤੀ ਵਿਧਾਨ ਤਹਿਤ ਸੰਭਵ ਹੱਦ ਤੱਕ ਪੂਰੀ ਹੋ ਗਈ ਹੈ। ਇਸ ਨਾਲ ਸਿਆਸੀ ਅਤੇ ਧਾਰਮਿਕ ਰੀਝਾਂ ਟਕਰਾਉ ਵਿਚ ਆ ਗਈਆਂ ਹਨ, ਜਿਵੇਂ ਡੇਰਾ ਬੱਲਾਂ ਅਤੇ ਸਹਿਜਧਾਰੀਆਂ ਦੀ ਸਮੱਸਿਆ ਸਾਂਝ ਵਿਚੋਂ ਨਿਕਲ ਕੇ ਸਮਾਨੰਤਰਤਾ ਵਿਚ ਵੀ ਤੁਰ ਪਈ ਹੈ। ਅਜਿਹੇ ਹੀ ਹਨ ਪੰਜਾਬ ਦੀਆਂ ਧਾਰਮਿਕ ਡੇਰੇਦਾਰੀਆਂ ਦੇ ਮਸਲੇ। ਪੰਜਾਬੀ ਚੇਤਨਾ ਦੀ ਇਹ ਵਿਲੱਖਣਤਾ ਰਹੀ ਹੈ ਕਿ ਉਹ ਕਿਸੇ ਵੀ ਨਵੀਂ ਲਹਿਰ ਤੋਂ ਪ੍ਰਭਾਵਿਤ ਹੋਣ ਵਿਚ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਮੋਹਰੀ ਰਹੀ ਹੈ। ਪੰਜਾਬੀਆਂ ਦੀ ਇਸ ਮੋਹਰੀ ਭੂਮਿਕਾ ਵਿਚ ਸਿੱਖ ਊਰਜਾ ਕਿਸੇ ਨਾ ਕਿਸੇ ਰੂਪ ਵਿਚ ਕੰਮ ਕਰਦੀ ਰਹੀ ਹੈ। ਇਸ ਸੁਭਾ ਕਰ ਕੇ ਪੰਜਾਬ ਕੇਂਦਰਤ ਸਰੋਕਾਰ ਸਮੱਸਿਆ ਵੀ ਹੁੰਦੇ ਜਾ ਰਹੇ ਹਨ। ਇਸ ਦੀ ਸ਼ੁਰੂਆਤ ਇਸ ਭਾਵਨਾ ਤੋਂ ਹੁੰਦੀ ਰਹੀ ਹੈ ਕਿ ਪੰਜਾਬੀ ਸੂਬੇ ਵਿਚ ਵੀ ਪੰਥਕ ਸਰੋਕਾਰ ਸੁਰੱਖਿਅਤ ਨਹੀਂ ਹਨ। ਇਸ ਤੋਂ ਪ੍ਰੇਰਤ ਸਿੱਖੀ ਵੱਲ ਪਰਤ ਰਹੇ ਬੁਧੀਜੀਵੀਆਂ, ਸਿੱਖੀ ਦੇ ਇਜਾਰੇਦਾਰ ਬੁਧੀਜੀਵੀਆਂ ਅਤੇ ਪੰਜਾਬੀ ਸੁਜੱਗਤਾ ਦਾ ਦਮ ਭਰਦੇ ਬੁਧੀਜੀਵੀਆਂ ਨੂੰ ਸਿੱਖ ਪਛਾਣ ਦੀ ਸਿਆਸਤ ਦੀ ਥਾਂ ਪੰਜਾਬ ਦੇ ਭਵਿਖ ਬਾਰੇ ਸੋਚਣਾ ਚਾਹੀਦਾ ਹੈ। ਇਸ ਵਾਸਤੇ ਲੋੜ ਪਵੇਗੀ ਗ੍ਰੰਥ ਅਤੇ ਪੰਥ ਦੇ ਸਿੱਖ ਪ੍ਰਸੰਗ ਨੂੰ ਸਮਝਣ ਦੀ, ਕਿਉਂਕਿ ਇਸ ਨੂੰ ਸਮਝੇ ਬਿਨਾ ਪੰਜਾਬ ਏਜੰਡੇ ਬਾਰੇ ਨਹੀਂ ਸੋਚਿਆ ਜਾ ਸਕਦਾ।

ਗ੍ਰੰਥ ਸਿਰਜਤ ਸਰੋਕਾਰਾਂ (ਧਰਮ) ਅਤੇ ਪੰਥ ਸਿਰਜਤ ਸਰੋਕਾਰਾਂ (ਇਤਿਹਾਸ) ਨੂੰ ਇਕ ਦੂਜੇ ਦੇ ਬਦਲ ਵਿਚੋਂ ਕੱਢ ਕੇ ਇਕ ਦੂਜੇ ਦੀ ਪੂਰਕਤਾ ਵਿਚ ਸਥਾਪਤ ਕਰਨਾ ਪੰਜਾਬ ਏਜੰਡੇ ਦਾ ਹਿੱਸਾ ਹੋਣਾ ਚਾਹੀਦਾ ਹੈ। ਅਜਿਹਾ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤ ਕੇ ਹੋਵੇ ਤਾਂ ਹੋਰ ਵੀ ਚੰਗੀ ਗੱਲ ਹੋਵੇਗੀ, ਪਰ ਜੇ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਮਗਰ ਲੱਗ ਕੇ ਅਜਿਹਾ ਕਰਾਂਗੇ ਤਾਂ ਮੁਸ਼ਕਿਲ ਹੋਵੇਗੀ, ਕਿਉਂਕਿ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਅਤੇ ਇਨ੍ਹਾਂ ਵਲੋਂ ਵਰਤੇ ਜਾਣ ਵਿਚ ਬਹੁਤ ਫਰਕ ਹੈ।

ਸਿੱਖੀ ਵਿਚ ਹਰ ਕਿਸਮ ਦੇ ਸਰੋਕਾਰ ਨੂੰ ਨਾਲ ਲੈ ਕੇ ਤੁਰਨ (ਕੋਇ ਨ ਦਿਸੈ ਬਾਹਰਾ ਜੀਓ...) ਦੀ ਆਗਿਆ ਹੈ ਅਤੇ ਇਸ ਸੁਰ ਵਿਚ ਸਿਆਸਤ ਨੂੰ ਵੀ ਨਾਲ ਲੈ ਕੇ ਤੁਰਿਆ ਜਾ ਸਕਦਾ ਹੈ, ਪਰ ਸਿਆਸਤ ਦੇ ਮਗਰ ਲੱਗ ਕੇ ਤੁਰਨ ਦੀ ਆਗਿਆ ਸਿੱਖ ਧਰਮ ਵਿਚ ਨਹੀਂ ਹੈ, ਭਾਵੇਂ ਸਿੱਖ ਸਿਆਸਤਦਾਨਾਂ ਨੇ ਮੀਰੀ-ਪੀਰੀ ਦੀ ਆੜ ਵਿਚ ਸਿਆਸਤ ਨੂੰ ਕੇਂਦਰ ਵਿਚ ਲਿਆਉਣ ਲਈ ਧਰਮ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਸਿੱਖੀ ਬੰਧਨਮੁਕਤੀ ਦਾ ਗਾਡੀ-ਰਾਹ ਹੈ ਅਤੇ ਸਿੱਖ ਪਛਾਣ ਦੀ ਸਿਆਸਤ ਕਿਸੇ ਵੀ ਤਰ੍ਹਾਂ ਬੰਧਨਮੁਕਤੀ ਵੱਲ ਨਹੀਂ ਜਾਂਦੀ। ਫਿਰ ਵੀ ਪੰਜਾਬ ਸਿਆਸੀ ਹੋਣੀ, ਅਰਥਾਤ 'ਸਾਕਾਰ ਹੋ ਚੁਕੀ ਵਾਸਤਵਿਕਤਾ' ਦਾ ਸ਼ਿਕਾਰ ਹੋ ਚੁਕਾ ਹੈ। ਪੰਜਾਬ ਏਜੰਡੇ ਵਾਸਤੇ ਇਸ ਸਥਿਤੀ ਨੂੰ ਮੁਖਾਤਿਬ ਹੋਣਾ ਜ਼ਰੂਰੀ ਹੋ ਗਿਆ ਹੈ।

ਇਕ ਵੰਗਾਰ ਇਹ ਵੀ ਹੈ ਕਿ ਵਰਤਮਾਨ ਪੰਜਾਬ ਵਿਚ ਪੈਦਾ ਹੋ ਗਈ ਸਿਆਸੀ ਸਪੇਸ ਦੇ ਅਪਹਰਣ ਵਾਸਤੇ ਤਰਲੋਮੱਛੀ ਹੋ ਰਹੇ ਹਰ ਰੰਗ ਦੇ ਸਿੱਖ ਸਿਆਸਤਦਾਨ, ਪੰਜਾਬ ਏਜੰਡੇ ਦੀ ਗੱਲ ਕਿਉਂ ਨਹੀਂ ਕਰਦੇ? ਜਿਸ ਸਥਿਤੀ ਵਿਚੋਂ ਨਿਕਲਣ ਵਾਸਤੇ ਪੰਜਾਬ ਏਜੰਡੇ ਦੀ ਗੱਲ ਕੀਤੀ ਜਾ ਰਹੀ ਹੈ, ਇਹ ਸਥਿਤੀ ਸਿਆਸਤਦਾਨਾਂ ਦੀ ਪੈਦਾਇਸ਼ ਹੈ। ਮਿਸਾਲ ਵਜੋਂ 'ਨੇਸ਼ਨ ਸਟੇਟ' ਦਾ ਮਸਲਾ ਸਬੰਧਤ ਦੇਸ਼ ਨਾਲ ਜੁੜਿਆ ਰਹਿਣਾ ਹੈ। ਪੰਜਾਬ ਤਾਂ ਸਿੱਖ ਰਾਜ ਵੇਲੇ ਵੀ ਦੇਸ਼ ਨਹੀਂ ਸੀ, ਬਲਕਿ ਦੇਸ਼ ਦਾ ਹਿੱਸਾ ਹੀ ਸੀ। ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਵੇਲੇ ਸਾਰਾ ਦੇਸ਼ ਪੰਜਾਬ ਵਿਰੁਧ ਜੇ ਲੜ ਵੀ ਰਿਹਾ ਸੀ (ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਪਾਤਸ਼ਾਹੀ ਫੌਜਾਂ ਦੋਵੇਂ ਭਾਰੀਆਂ ਨੇ -ਸ਼ਾਹ ਮੁਹੰਮਦ) ਤਾਂ ਵੀ ਪੰਜਾਬ ਦੇਸ਼ ਦਾ ਹਿੱਸਾ ਹੀ ਸੀ।

ਸੂਬੇ ਦਾ ਰਾਜਾ ਹੋਣਾ ਜਾਂ ਦੇਸ਼ ਦਾ ਹਾਕਮ ਹੋਣਾ, ਦੇਸ਼ ਹੋ ਜਾਣਾ ਕਿਵੇਂ ਹੋਇਆ? ਅਹੁਦੇ ਦੀ ਨੈਤਿਕਤਾ ਦੀ ਥਾਂ ਅਹੁਦੇ ਨਾਲ ਮਾਲਕੀ ਦਾ ਹੱਕ ਕਦੋਂ ਅਤੇ ਕਿਵੇਂ ਸਿੱਖੀ ਵਿਚ ਪਰਵੇਸ਼ ਕਰ ਗਿਆ, ਵੱਖਰਾ ਮਸਲਾ ਹੈ। ਪੰਜਾਬ ਏਜੰਡਾ ਦੇਸ਼ ਦੇ ਪ੍ਰਸੰਗ ਵਿਚ ਸੂਬੇ ਵਜੋਂ ਹੀ ਤੈਅ ਹੋਣਾ ਹੈ। ਸੋਚਣਾ ਪਵੇਗਾ ਕਿ ਇਸ ਸਮੱਸਿਆ ਨਾਲ ਪੰਜਾਬ ਏਜੰਡੇ ਵਿਚ ਕਿਵੇਂ ਨਜਿੱਠਿਆ ਜਾਵੇ? ਕਿਸੇ ਨੂੰ ਮੰਤਵ ਸਿੱਧੀ ਲਈ ਦਲਿਤ ਵਿਰੋਧੀ ਕਹਿਣਾ ਤਾਂ ਸਿਆਸਤ ਦੀ ਸਿਆਸਤ ਹੋਵੇਗੀ ਅਤੇ ਇਸ ਦੀਆਂ ਪੈੜਾਂ ਪੰਜਾਬ ਏਜੰਡੇ ਦੀ ਫਿਕਰਮੰਦੀ ਵੱਲ ਨਹੀਂ ਜਾਂਦੀਆਂ। ਕਾਂਗਰਸੀਆਂ, ਕਾਮਰੇਡਾਂ ਅਤੇ ਸਿੱਖਾਂ ਨੂੰ ਦਲਿਤ ਵਿਰੋਧੀ ਹੋਣ ਦੀ ਸਿਧਾਂਤਕ ਆਗਿਆ, ਉਸ ਤਰ੍ਹਾਂ ਨਹੀਂ ਹੈ ਜਿਵੇਂ ਹਿੰਦੂ ਚਿੰਤਨ ਵਿਚ ਅੱਜ ਵੀ ਪ੍ਰਾਪਤ ਹੈ।

"ਗੁਰੂ ਦੇ ਨਾਮ 'ਤੇ" ਜਿਊਣ ਵਾਲੇ ਪੰਜਾਬ ਦੀ ਸਮੱਸਿਆ ਕਦੇ ਦਲਿਤ ਸਮੱਸਿਆ ਸੀ ਹੀ ਨਹੀਂ, ਕਿਉਂਕਿ ਗੁਰੂ ਚਿੰਤਨ ਵਿਚ ਇਸ ਵਾਸਤੇ ਕੋਈ ਸਪੇਸ ਹੀ ਨਹੀਂ ਹੈ। ਇਸ ਕਰ ਕੇ ਕਿਸੇ ਵੀ ਕਿਸਮ ਦੀ ਸਿਆਸਤ ਨੂੰ ਠੀਕ ਬੈਠਦੀ ਇਜਾਰੇਦਾਰੀ ਜਾਂ ਸ਼ਰੀਕੇਬਾਜ਼ੀ ਤੋਂ ਪਾਸੇ ਰੱਖ ਕੇ ਹੀ ਪੰਜਾਬ ਏਜੰਡੇ ਬਾਰੇ ਸੋਚਣਾ ਚਾਹੀਦਾ ਹੈ। ਬਿਬੇਕੀ ਪਹੁੰਚ ਨਾਲ ਸਾਂਝੀ ਸਮਝ ਬਣਾਉਣ ਦੇ ਵਿਜ਼ਨ ਦਾ ਨਿਰਮਾਣ ਪੰਜਾਬ ਏਜੰਡੇ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਦੀ ਸ਼ੁਰੂਆਤ ਇਥੋਂ ਕੀਤੀ ਜਾ ਸਕਦੀ ਹੈ ਕਿ ਕਿਹੜੀਆਂ ਗੱਲਾਂ ਨੂੰ ਕੇਂਦਰ ਵਿਚ ਰੱਖਣਾ ਹੈ ਅਤੇ ਕਿਨ੍ਹਾਂ ਨੂੰ ਹਾਸ਼ੀਏ 'ਤੇ ਰੱਖਣਾ ਹੈ।

ਭਾਈ ਸੰਤੋਖ ਸਿੰਘ ਨੂੰ ਜਿਵੇਂ "ਅਕਾਲੀਆਂ ਦਾ ਸਿਆਸੀ ਪ੍ਰੇਰਣਾ ਸ੍ਰੋਤ" ਦੱਸਿਆ ਜਾਣ ਲੱਗ ਪਿਆ ਹੈ, ਇਹ ਗਦਰੀ ਬਿੰਬ ਦਾ ਕਾਮਰੇਡੀ ਸ਼ੈਲੀ ਵਿਚ ਅਪਹਰਣ ਹੈ। ਇਸ ਦੀ ਸ਼ਾਹਦੀ ਮਾਸਟਰ ਤਾਰਾ ਸਿੰਘ ਦੇ ਇਹ ਸ਼ਬਦ ਭਰ ਦਿੰਦੇ ਹਨ, "ਪਰਜਾ ਭਗਤੀ ਮਜ਼ਲੂਮਾਂ ਦੇ ਹੱਕ ਵਿਚ ਜੰਗੇ ਮੈਦਾਨ ਵਿਚ ਨਿਤਰਨਾ ਹੈ ਜਿਸ ਦੀ ਪਹਿਲਕਦਮੀ ਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ।" ਮਾਸਟਰ ਤਾਰਾ ਸਿੰਘ ਦੀ ਸਿਆਸਤ ਦੀ ਪ੍ਰਧਾਨ ਸੁਰ ਸੀ, "ਜੋ ਪੰਥਕ ਨਹੀਂ ਹੈ, ਉਹ ਮੇਰੀ ਸਿਆਸਤ ਦਾ ਹਿੱਸਾ ਨਹੀਂ ਹੈ।" ਅਕਾਲੀ ਸਦਾ ਹੀ ਗਦਰੀਆਂ ਨੂੰ ਆਪਣਾ ਸਮਝਦੇ ਰਹੇ ਹਨ, ਪਰ ਇਸ ਦੇ ਬਾਵਜੂਦ ਅਕਾਲੀ ਰਾਜਨੀਤੀ ਨੂੰ ਗਦਰੀਆਂ ਦੀ ਰਾਜਨੀਤੀ ਦੀ ਨਿਰੰਤਰਤਾ ਵਿਚ ਨਹੀਂ ਸਮਝਿਆ ਜਾ ਸਕਦਾ।

ਪੰਜਾਬ ਏਜੰਡੇ ਦੀ ਇਕ ਪਰਤ ਇਹ ਵੀ ਹੈ ਕਿ ਜਿਵੇਂ ਜਿਵੇਂ ਇਸ ਦਾ ਸਿੱਖੀਕਰਨ ਹੁੰਦਾ ਗਿਆ ਹੈ, ਤਿਵੇਂ ਤਿਵੇਂ ਇਸ ਦਾ ਭਾਰਤੀ ਪ੍ਰਸੰਗ ਕਦੇ ਧੁੰਧਲਾ ਹੁੰਦਾ ਰਿਹਾ ਹੈ, ਕਦੇ ਵਿਗੜਦਾ ਰਿਹਾ ਹੈ ਅਤੇ ਕਦੇ ਅੱਖੋਂ ਪਰੋਖੇ ਹੁੰਦਾ ਰਿਹਾ ਹੈ। ਭਾਰਤੀ ਪ੍ਰਸੰਗ ਵਿਚ ਜਿਨ੍ਹਾਂ ਨੇ ਪੰਜਾਬ ਏਜੰਡੇ ਨੂੰ ਸਿੱਖੀ ਰਾਹੀਂ ਸਮਝਣ ਦੀ ਥਾਂ ਸਿੱਖਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਧੁੰਧਲਾਹਟ ਅਤੇ ਵਿਗਾੜ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਰਹੀਆਂ ਹਨ। ਇਹ ਰਾਹ ਸਿੱਖ ਦੀ ਅਸਫਲਤਾ ਨੂੰ ਸਿੱਖੀ ਦੀ ਅਸਫਲਤਾ ਸਮਝ ਲੈਣ ਦਾ ਸੌਖਾ ਰਾਹ ਹੈ ਅਤੇ ਇਸ ਬਾਰੇ ਸੁਚੇਤ ਪੰਜਾਬ ਏਜੰਡੇ ਰਾਹੀਂ ਕੀਤਾ ਜਾ ਸਕਦਾ ਹੈ। ਸਿੱਖੀ ਦਾ ਸ੍ਰੋਤ ਬਾਣੀ ਹੈ ਅਤੇ ਸਿੱਖ ਇਤਿਹਾਸ ਨੂੰ ਵੀ ਬਾਣੀ ਦੀ ਰੌਸ਼ਨੀ ਵਿਚ ਸਮਝੇ ਜਾਣ ਨਾਲ ਹੀ ਸਿੱਖੀ ਦੀ ਪ੍ਰਸੰਗਿਕ ਸਮਝ ਸਾਹਮਣੇ ਆ ਸਕਦੀ ਹੈ। ਪੰਜਾਬ ਏਜੰਡੇ ਨੂੰ ਸਿੱਖੀ ਤੋਂ ਮੁਕਤ ਕਰ ਕੇ ਨਹੀਂ ਸਮਝਿਆ ਜਾ ਸਕਦਾ ਅਤੇ ਗੁਰਬਾਣੀ ਨੂੰ ਸਮਝੇ ਬਿਨਾ ਸਿੱਖੀ ਨੂੰ ਨਹੀਂ ਸਮਝਿਆ ਜਾ ਸਕਦਾ। ਇਸ ਕਰ ਕੇ ਗੁਰਬਾਣੀ ਤੋਂ ਨਾਵਾਕਫ ਟਿਪਣੀਕਾਰਾਂ ਨੂੰ ਲੈ ਕੇ ਵਿਚਲਿਤ ਹੋਣ ਦੀ ਲੋੜ ਨਹੀਂ ਹੈ।

ਸਿਆਸਤ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ ਏਜੰਡੇ ਬਾਰੇ ਸੋਚਾਂਗੇ ਤਾਂ ਨਤੀਜੇ ਸਿਆਸਤ ਮੁਤਾਬਕ ਹੀ ਨਿਕਲਣਗੇ। ਗੁਲਾਮ ਭਾਰਤ ਦੇ ਹਵਾਲੇ ਨਾਲ ਜੋ ਧਾਰਨਾਵਾਂ ਬੰਗਾਲੀ ਦਾਨਸ਼ਵਰਾਂ (ਬੰਗਾਲੀ ਪੁਨਰ ਜਾਗਰਣ) ਜਾਂ ਕਾਮਰੇਡਾਂ (ਪਰਜਾ ਭਗਤੀ ਤੇ ਦੇਸ਼ ਭਗਤੀ) ਦੇ ਹਵਾਲੇ ਨਾਲ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੁੰਦੀ ਰਹੀ ਹੈ, ਉਸ ਦੀ ਥਾਂ ਸਿੰਘ ਸਭਾ ਲਹਿਰ ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਪੰਜਾਬ ਏਜੰਡੇ ਦੇ ਨਿਰਮਾਣ ਵਾਸਤੇ ਵੱਧ ਕੰਮ ਆ ਸਕਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ 'ਭਾਰਤੀ ਰਾਸ਼ਟਰਵਾਦ' ਨੂੰ ਜਿਵੇਂ ਅੱਜ ਹਿੰਦੂ-ਊਰਜਾ ਮਿਲ ਰਹੀ ਹੈ, ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇਸ ਤਰ੍ਹਾਂ ਨਹੀਂ ਮਿਲ ਰਹੀ ਸੀ। ਦੂਜੀ ਗੱਲ, ਇਸ 'ਭਾਰਤੀ ਰਾਸ਼ਟਰਵਾਦ' ਵਾਸਤੇ ਕਿਸੇ ਇਕ ਸਿਆਸੀ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸਿੱਖ ਸਿਆਸਤ ਵਿਚ ਖਾਸ ਕਰ ਅਤੇ ਬਾਕੀ ਸਿਆਸਤ ਵਿਚ ਆਮ ਕਰ ਕੇ, ਇਹ ਰੰਗ ਭਾਰੂ ਹੁੰਦਾ ਜਾ ਰਿਹਾ ਹੈ ਕਿ ਜੋ ਹੱਕ ਵਿਚ ਨਹੀਂ ਭੁਗਤਦਾ, ਉਸ ਨੂੰ ਵਿਰੋਧ ਹੀ ਸਮਝ ਲਿਆ ਜਾਵੇ। ਇਸ ਨਾਲ ਦੂਜੇ ਦੇ ਦੂਜੇਪਨ ਨੂੰ ਨਾਲ ਲੈ ਕੇ ਤੁਰਨ ਵਾਲੀ ਸਿੱਖ ਭਾਵਨਾ ਦਾਅ 'ਤੇ ਲੱਗ ਗਈ ਹੈ। ਪੰਜਾਬ ਏਜੰਡੇ ਵਿਚ ਇਸ ਨੂੰ ਪਹਿਲ ਵਾਂਗ ਸਥਾਪਤ ਕਰਨਾ ਚਾਹੀਦਾ ਹੈ।

ਪੰਜਾਬ ਏਜੰਡੇ ਵਿਚ ਧਰਮ ਅਤੇ ਸਿਆਸਤ ਦਾ ਮਸਲਾ ਵੀ ਸ਼ਾਮਲ ਰਹਿਣਾ ਹੈ। ਦੋਹਾਂ ਵਿਚੋਂ ਜੇ ਕਿਸੇ ਇਕ ਨੂੰ ਹਾਸ਼ੀਏ 'ਤੇ ਲੈ ਜਾਣ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਸਿਆਸਤ ਨੂੰ ਹਾਸ਼ੀਏ 'ਤੇ ਲੈ ਕੇ ਜਾਣ ਦਾ ਸਿਧਾਂਤਕ ਸਮਰਥਨ, ਸਿੱਖੀ ਵਿਚ ਪ੍ਰਾਪਤ ਹੈ। ਮੀਰੀ-ਪੀਰੀ ਦਾ ਸਿੱਖ ਸੰਕਲਪ ਦੋਹਾਂ ਨਾਲ ਨਿਭ ਸਕਣ ਦੇ ਵਚਨਬਧ ਸੰਤੁਲਨ ਦਾ ਮਾਡਲ ਹੈ। ਇਸ ਨਾਲ ਧਰਮ ਅਤੇ ਸਿਆਸਤ ਨੂੰ ਪ੍ਰਾਪਤ ਸਮਾਨੰਤਰਤਾ ਵਿਚੋਂ ਕੱਢ ਕੇ ਲੋੜੀਂਦੀ ਸਮਵਰਤਾ ਵਿਚ ਸਥਾਪਤ ਕਰ ਦਿੱਤਾ ਗਿਆ ਸੀ। ਇਸ ਵਿਲੱਖਣਤਾ ਨੂੰ 'ਪੱਛਮੀ ਲਿਬਰਲ ਡੈਮੋਕਰੇਸੀ ਦੀ ਉਪਜ' ਨਹੀਂ ਕਹਿਣਾ ਚਾਹੀਦਾ, ਕਿਉਂਕਿ ਇਸ ਦੇ ਆਧਾਰ ਸਿੱਖ ਧਰਮ ਵਿਚ ਪ੍ਰਾਪਤ ਹਨ। ਜੇ "ਸਿੱਖ 'ਵੱਖਵਾਦ-ਅਤਿਵਾਦ' ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਖੱਬੀ ਲਹਿਰ ਦੇ ਵਿਕਾਸ ਵਿਚ ਅੜਿੱਕਾ ਜਾਪਦਾ" ਵੀ ਹੈ ਤਾਂ ਵੀ ਇਸ ਨੂੰ ਪੰਜਾਬ ਏਜੰਡੇ ਵਾਸਤੇ ਰੁਕਾਵਟ ਨਹੀਂ ਸਮਝਿਆ ਜਾਣਾ ਚਾਹੀਦਾ।

ਸੁਜੱਗ ਸਿੱਖਾਂ ਅੰਦਰ ਉਹ ਸਭ ਗੱਲਾਂ ਸਕਰਮਕ ਰਹਿਣੀਆਂ ਚਾਹੀਦੀਆਂ ਹਨ, ਜੋ ਪੰਜਾਬ ਵਿਜ਼ਨ ਨਾਲ ਜੁੜੀਆਂ ਹੋਈਆਂ ਹਨ। ਇਸ ਵਿਚ ਇਹੋ ਜਿਹੇ ਅਣਸੁਲਝੇ ਮਸਲੇ ਸ਼ਾਮਲ ਹੋਣੇ ਚਾਹੀਦੇ ਹਨ: 1. ਗ੍ਰੰਥ ਅਤੇ ਪੰਥ ਵਿਚੋਂ ਪਹਿਲ ਕਿਸ ਨੂੰ, ਕਿਵੇਂ ਤੇ ਕਿਉਂ ਮਿਲਣੀ ਚਾਹੀਦੀ ਹੈ? 2. ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਤ ਸੱਚਾਈ ਹੋਣ ਦੇ ਬਾਵਜੂਦ ਦਸਮ ਗ੍ਰੰਥ ਨੂੰ ਲੈ ਕੇ ਸਿਆਸਤ ਕਿਉਂ ਹੋ ਰਹੀ ਹੈ? 3. ਸਿਆਸਤ ਅਤੇ ਧਰਮ ਦੇ ਰਿਸ਼ਤੇ ਨੂੰ ਮੀਰੀ-ਪੀਰੀ ਦੇ ਪ੍ਰਸੰਗ ਵਿਚ ਕਿਵੇਂ ਨਜਿੱਠੀਏ? 4. ਸਿਆਸਤ ਨੂੰ ਲੈ ਕੇ ਖਾੜਕੂ ਲਹਿਰ, ਨੀਲਾ ਤਾਰਾ ਅਤੇ 1984 ਦੇ ਦੰਗਿਆਂ ਵੇਲੇ ਸਿੱਖ ਭਾਈਚਾਰੇ ਵੱਲੋਂ ਦਿੱਤੀ ਗਈ ਕੀਮਤ ਕਿਸ ਖਾਤੇ ਵਿਚ ਪਾਈਏ? 5. ਕਿਹੋ ਜਿਹੇ ਸਿੱਖ ਨੂੰ ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਇਸ ਦਾ ਫੈਸਲਾ ਕਰਨ ਤੋਂ ਸਿੱਖਾਂ ਨੂੰ ਕੌਣ ਰੋਕਦਾ ਹੈ? 6. ਗਲੋਬਲ ਹੋ ਚੁਕੇ ਸਿੱਖ ਭਾਈਚਾਰੇ ਨੂੰ ਆਪਸੀ ਤਣਾਉ ਪੈਦਾ ਕਰਨ ਵਾਲੀ ਸਿਆਸਤ ਤੋਂ ਕਿਵੇਂ ਬਚਾਇਆ ਜਾਵੇ? 7. ਸਵਾਲ ਇਹ ਵੀ ਹੈ ਕਿ ਸਿੱਖ ਅਮਲ ਅਤੇ ਸਿੱਖ ਸਿਧਾਂਤ ਵਿਚਕਾਰ ਤਣਾਉ ਏਨਾ ਅੱਗੇ ਵਧਾਉਣ ਲਈ ਜ਼ਿੰਮੇਵਾਰ ਕੌਣ ਹੈ? 8. ਸਿੱਖ ਭਾਈਚਾਰੇ ਨੂੰ ਸਾਂਝੀ ਸਿੱਖ ਸਮਝ ਦੇ ਰਸਤੇ ਬੰਦ ਹੋ ਗਏ ਕਿਉਂ ਲੱਗਣ ਲੱਗ ਪਏ ਹਨ? 9. ਸਿੱਖ ਨੇ ਆਪਣਾ ਸਫਰ "ਮੈਂ ਗੁਰੂ ਦਾ ਹਾਂ" ਤੋਂ ਸ਼ੁਰੂ ਕੀਤਾ ਸੀ। ਕੀ ਸਿੱਖ "ਗੁਰੂ ਮੇਰਾ ਹੀ ਹੈ" ਤੱਕ ਤਾਂ ਨਹੀਂ ਪਹੁੰਚ ਗਿਆ? 10. ਕੀ ਸਿੱਖੀ ਦਾ ਫਿਕਰ ਹਾਸ਼ੀਏ 'ਤੇ ਚਲਾ ਗਿਆ ਹੈ ਅਤੇ ਸਿੱਖੀ ਦੀ ਸਿਆਸਤ ਕੇਂਦਰ ਵਿਚ ਆ ਗਈ ਹੈ? 11. ਸਿਆਸਤ ਜੇ ਅਧਿਕਾਰਾਂ ਦੀ ਖੇਡ ਹੈ ਤਾਂ ਪੰਥਕਤਾ ਵਿਚ ਵੀ ਪਦਵੀ ਦੇ ਅਧਿਕਾਰਾਂ ਦਾ ਬੋਲਬਾਲਾ ਕਿਉਂ ਅਤੇ ਕਿਵੇਂ ਹੋ ਗਿਆ ਹੈ? 12. ਪੰਥਕਤਾ ਵਾਸਤੇ ਜੋ ਸਿਰ ਦੀ ਬਾਜ਼ੀ ਲਾ ਸਕਦੇ ਸਨ, ਕੀ ਉਹ ਕਸੂਤੇ ਉਲਝ ਗਏ ਹਨ ਜਾਂ ਉਲਝਾ ਦਿੱਤੇ ਗਏ ਹਨ? ਮੇਰੀ ਰਾਏ ਹੈ ਕਿ ਸਿੱਖਾਂ ਨੂੰ ਸਿੱਖਾਂ ਤੋਂ ਬਚਾਏ ਜਾਣ ਦੀ ਲੋੜ ਹੈ ਜੋ ਓਨਾ ਚਿਰ ਸੰਭਵ ਨਹੀਂ ਹੈ, ਜਿੰਨਾ ਚਿਰ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਨਹੀਂ ਕਰਵਾਇਆ ਜਾਂਦਾ।

ਕਹਿ ਸਕਦੇ ਹਾਂ ਕਿ ਸਿੱਖ ਧਰਮ ਵਿਚ ਦਲਿਤ ਮੁਕਤੀ ਦੇ ਏਜੰਡੇ ਦੀਆਂ ਮਾਡਲ ਪੈੜਾਂ ਤਾਂ ਹਨ, ਪਰ ਦਲਿਤ ਸ਼੍ਰੇਣੀ ਵਾਸਤੇ ਵਿਸ਼ੇਸ਼ ਸਪੇਸ ਜਾਂ ਰਾਖਵੇਂਕਰਨ ਵਾਸਤੇ ਕੋਈ ਥਾਂ ਨਹੀਂ ਹੈ। ਗਲੋਬਲ ਹੋ ਗਏ ਸਿੱਖ ਭਾਈਚਾਰੇ ਨੇ ਬਿਨਾ ਕਿਸੇ ਰਾਖਵੇਂਕਰਨ ਦੇ ਧਰਮ ਨੂੰ ਨਾਲ ਲੈ ਕੇ ਜਿਊਣ ਦੀ ਧਰੋਹਰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਨਾਲ ਪੈਦਾ ਹੋਈ ਸਿੱਖ ਊਰਜਾ ਰਾਹੀਂ ਦੁਨੀਆਂ ਭਰ ਵਿਚ ਮੱਲਾਂ ਮਾਰੀਆਂ ਹਨ। ਸਿੱਖ ਅਹਿਸਾਸ ਦੇ ਬੋਲ ਬਾਲਿਆਂ ਨਾਲੋਂ ਟੁੱਟੀ ਸਿੱਖ ਪਛਾਣ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖ ਪਛਾਣ ਦੇ ਰੋਲ ਮਾਡਲ ਬੇਸ਼ੱਕ ਸਿੱਖ ਡੇਰੇਦਾਰ ਹੁੰਦੇ ਜਾ ਰਹੇ ਹਨ, ਪਰ ਨਾਲ ਹੀ ਇਹ ਅਹਿਸਾਸ ਵੀ ਕਾਇਮ ਹੈ ਕਿ ਡੇਰੇਦਾਰੀ ਲਈ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਸਿੱਖ ਪਛਾਣ ਦੀਆਂ ਹੱਦਬੰਦੀਆਂ ਤੋਂ ਪਾਰ ਜਾ ਸਕਣ ਦਾ ਅਹਿਸਾਸ ਪੰਜਾਬ ਏਜੰਡੇ ਵਿਚ ਸ਼ਾਮਲ ਰਹਿਣਾ ਚਾਹੀਦਾ ਹੈ।

ਇਹ ਸੱਚਾਈ ਸਥਾਪਤ ਹੋ ਚੁਕੀ ਹੈ ਕਿ ਕਿਸੇ ਕਿਸਮ ਦੀ ਇਕਹਿਰੀ ਸਰਦਾਰੀ ਦੀ ਸਿਆਸਤ ਨੇ ਸਿਰੇ ਨਹੀਂ ਚੜ੍ਹਨਾ। ਵਿਚਾਰਧਾਰਕ ਸਿਰਦਾਰੀਆਂ ਦੇ ਨਤੀਜੇ ਵੀ ਸਭ ਦੇ ਸਾਹਮਣੇ ਹਨ। ਜੋ ਵਿਚਾਰਧਾਰਕ ਪੈਂਤੜੇਬਾਜੀ ਅਵਚੇਤਨ ਨੂੰ ਮੱਲ ਲਵੇ, ਉਸ ਨੂੰ ਸਿਵਿਆਂ ਦੇ ਰਾਹ ਪੈਣਾ ਹੀ ਪੈਂਦਾ ਹੈ। ਕਿਸੇ ਵੀ ਕਿਸਮ ਦੇ ਅਵਚੇਤਨੀ-ਕੰਪਲੈਕਸ 'ਤੇ ਉਸਰੀ ਮਾਨਸਿਕਤਾ ਵੱਲੋਂ ਹੁੰਦੀ ਰਹੀ, ਹੋ ਰਹੀ ਜਾਂ ਹੋਣ ਵਾਲੀ ਸਿਆਸਤ ਨਾਲ ਨਜਿੱਠਣ ਦਾ ਗਾਡੀ ਰਾਹ (ਗੁਰਮੁਖਿ ਗਾਡੀ ਰਾਹ ਚਲਾਇਆ...) ਸਿੱਖ ਗੁਰੂ ਸਾਹਿਬਾਨ (1469-1708) ਨੇ ਦਿੱਤਾ ਸੀ। ਇਹ ਗਰਜਾਂ ਦੀ ਸਿਆਸਤ ਅਤੇ ਇੱਛਾਵਾਂ ਦੇ ਤਲਿੱਸਮੀ ਜੋੜ-ਤੋੜ ਤੋਂ 'ਪਾਰ ਜਾਣ' ਦਾ ਗਾਡੀ ਰਾਹ ਸੀ ਅਤੇ ਹੈ। ਇਸ ਗਾਡੀ ਰਾਹ 'ਤੇ ਬਰਾਸਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਸਿਆਸਤ ਦਾ ਕਬਜ਼ਾ ਹੋ ਗਿਆ ਹੈ। ਪੰਜਾਬ ਏਜੰਡੇ ਨੂੰ ਕਬਜ਼ਿਆਂ ਦੀ ਇਸ ਧੁਰੀ ਦੇ ਆਲੇ ਦੁਆਲੇ ਹੀ ਘੁਮਾਇਆ ਜਾ ਸਕਦਾ ਹੈ। ਇਸ 'ਸਾਕਾਰ ਹੋ ਚੁਕੀ ਵਾਸਤਵਿਕਤਾ' ਦੀ ਕੀਮਤ ਵਜੋਂ 'ਇੰਡਸਟਰੀਅਲ ਸਰਮਾਇਆ' ਹਰਿਆਣੇ ਕੋਲ ਅਤੇ 'ਕੁਦਰਤੀ ਸਰਮਾਇਆ' ਹਿਮਾਚਲ ਕੋਲ ਚਲਾ ਗਿਆ ਹੈ। ਅਮੀਰ ਵਿਰਾਸਤ ਵਾਲਾ ਪੰਜਾਬ ਪੁੱਜ ਕੇ ਗਰੀਬ ਹੋ ਗਿਆ ਹੈ। ਇਸ ਵੇਲੇ ਪੰਜਾਬ ਨੂੰ ਸਿਆਸੀ ਏਜੰਡੇ ਦੀ ਨਹੀਂ, ਆਰਥਿਕ ਏਜੰਡੇ ਦੀ ਲੋੜ ਹੈ।

ਪੰਜਾਬ ਏਜੰਡੇ ਨੂੰ ਸਿਆਸਤ ਤੋਂ ਬਚਾਏ ਜਾਣ ਦੀ ਇਸ ਕਰ ਕੇ ਵੀ ਲੋੜ ਹੈ ਕਿ ਸਿਆਸਤ ਵਿਚ ਬੇਲਗਾਮ ਪ੍ਰਾਪਤੀਆਂ ਅਤੇ ਗਲਵੱਢ ਮੁਕਾਬਲਾ ਹੀ ਊਰਜੀ ਭੂਮਿਕਾ ਨਿਭਾਉਂਦਾ ਰਿਹਾ ਹੈ। ਵਿਰਾਸਤੀ ਜੜ੍ਹਾਂ ਨਾਲੋਂ ਟੁੱਟੀ ਸੂਚਨਾ ਬੌਧਿਕਤਾ, ਅਕਾਦਮਿਕ ਚੌਧਰਾਂ ਨਾਲ ਸੰਤੁਸ਼ਟ ਪਈ ਹੋਵੇ, ਪਰ ਇਹ ਜ਼ਰੂਰ ਸੋਚੇ ਕਿ ਪੰਜਾਬ ਦਾ ਚੇਤੰਨ ਵਰਗ ਪੰਜਾਬ ਦੇ ਭਵਿਖ ਬਾਰੇ ਸੋਚਣ ਦੀ ਲੋੜ ਕਿਉਂ ਨਹੀਂ ਸਮਝਦਾ? ਨਤੀਜੇ ਵਜੋਂ ਪੰਜਾਬ ਏਜੰਡੇ ਦੀ ਸਿਆਸਤ ਤਾਂ ਹੈ, ਪਰ ਪੰਜਾਬ ਏਜੰਡੇ ਦੀ ਅਕਾਦਮਿਕਤਾ ਸਾਹਮਣੇ ਨਹੀਂ ਆ ਰਹੀ। ਲੱਗਦਾ ਹੈ ਕਿ ਪੰਜਾਬ ਦੇ ਦਾਨਿਸ਼ਵਰ ਆਪੋ ਆਪਣੇ ਸੰਕਟਾਂ ਨੂੰ ਪੰਜਾਬ ਦਾ ਸੰਕਟ ਬਣਾਉਣ ਦੇ ਰਾਹੇ ਪਏ ਹੋਏ ਹਨ। ਪੈਦਾ ਕੀਤੇ ਜਾਂ ਗਲ ਪੈ ਗਏ ਸੰਕਟਾਂ ਦੀ ਰਾਜਨੀਤੀ 'ਪੰਥ ਨੂੰ ਖਤਰੇ' ਦੀ ਨਿਰੰਤਰਤਾ ਵਿਚ ਹੀ ਸਮਝ ਆ ਸਕਦੀ ਹੈ।

ਵਿਦੇਸ਼ਾਂ ਵਿਚ ਜਾਣ-ਆਉਣ ਵਾਲਿਆਂ ਨੂੰ ਪਤਾ ਹੈ ਕਿ ਪੰਜਾਬ ਕੇਂਦਰਤ ਰਾਜਨੀਤੀ ਅਤੇ ਵਿਦੇਸ਼ ਕੇਂਦਰਤ ਰਾਜਨੀਤੀ ਦੇ ਤਣਾਉ ਨੇ ਆਮ ਸਿੱਖ ਨੂੰ ਬੰਧੂਆ ਵੋਟਰ ਅਤੇ ਬੰਧੂਆ ਸਮਰਥਕ ਹੋ ਜਾਣ ਲਈ ਮਜਬੂਰ ਕਰ ਦਿੱਤਾ ਹੈ। ਪੰਜਾਬ ਵਿਚ ਵਿਹਲੜਾਂ ਤੇ ਨਸ਼ੇੜੀਆਂ ਦੀ ਤੀਜੀ ਧਿਰ ਵੀ ਪੈਦਾ ਹੁੰਦੀ ਜਾ ਰਹੀ ਹੈ ਅਤੇ ਵੱਢੀ-ਖੋਰੀ ਸਿਆਸਤ ਨੂੰ ਊਰਜਿਤ ਵੀ ਕਰ ਰਹੀ ਹੈ ਤੇ ਉਤਸ਼ਾਹਿਤ ਵੀ। ਨਵੇਂ ਸਰੋਕਾਰਾਂ ਨੇ ਨਵੇਂ ਸੰਕਟ ਪੈਦਾ ਕਰ ਦਿੱਤੇ ਹਨ। ਕੋਮਲ ਮਾਨਸਿਕਤਾ ਵਾਲੀ ਪੇਂਡੂ ਜਨਤਾ ਬੰਧੂਆ ਵੋਟਰ ਅਤੇ ਬੰਧੂਆ ਸਮਰਥਕ ਵਿਚਾਲੇ ਵੰਡੀ ਗਈ ਹੈ। ਨਿੱਤ ਦੀਆਂ ਖੁਆਰੀਆਂ ਦਾ ਝੰਬਿਆ ਆਮ ਪੰਜਾਬੀ ਕੰਧਾਂ ਵਿਚ ਵੱਜਦਾ ਫਿਰਦਾ ਹੈ। ਚੜ੍ਹਦੀ ਕਲਾ ਦੇ ਵਾਰਸ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ।

ਚਰਚਾ ਨੂੰ ਇਸ ਟਿੱਪਣੀ ਨਾਲ ਸਮੇਟ ਰਿਹਾ ਹਾਂ ਕਿ ਪੰਜਾਬ ਏਜੰਡੇ ਦੇ ਇਰਦ ਗਿਰਦ ਸਿਆਸਤ ਦੀ ਧੁੰਧ ਫੈਲੀ ਹੋਈ ਹੈ। ਜੇ ਪ੍ਰਾਪਤ ਸਿਆਸੀ ਢਾਂਚੇ ਦੇ ਥੰਮ੍ਹ ਸਿਆਸਤਦਾਨ, ਬਿਊਰੋਕ੍ਰੇਸੀ ਅਤੇ ਮੀਡੀਏ ਨੂੰ ਮੰਨ ਲਿਆ ਜਾਵੇ ਤਾਂ ਇਨ੍ਹਾਂ ਤਿੰਨਾਂ ਵਿਚਾਲੇ ਅਪਵਿੱਤਰ ਗਠਜੋੜ ਦੀ ਜੱਗ ਜ਼ਾਹਰ ਸੱਚਾਈ ਨੂੰ ਵੀ ਮੰਨ ਲੈਣਾ ਚਾਹੀਦਾ ਹੈ। ਸੌਖਾ ਸਾਹ ਲੈਣ ਦੇ ਸੁਪਨੇ ਨਾਲ ਜੁੜਿਆ ਪੰਜਾਬ ਦਾ ਹਿਜਰਤੀ ਰੁਝਾਨ ਵੀ ਇਸੇ ਬੇਕਿਰਕ ਮਾਹੌਲ ਦੀ ਉਪਜ ਹੈ। ਅਜਿਹੇ ਵੇਲੇ ਪੰਜਾਬ ਏਜੰਡੇ ਬਾਰੇ ਸਾਂਝੀ ਸਮਝ 'ਤੇ ਪਹੁੰਚਣ ਲਈ ਵਿਚਾਰ ਵਟਾਂਦਰੇ ਲਈ ਮੰਚ ਮੁਹੱਈਆ ਕਰ ਕੇ ਬਥੇਰਿਆਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਬੌਧਿਕ ਵਚਨਬੱਧਤਾ ਨੂੰ ਪ੍ਰਣਾਏ ਪੰਜਾਬੀਆਂ ਨੂੰ ਇਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਸ ਪਾਸੇ ਤੁਰਾਂਗੇ ਤਾਂ ਪਤਾ ਲੱਗ ਜਾਵੇਗਾ ਕਿ ਪੰਜਾਬ ਦੇ ਕਿੰਨੇ ਪ੍ਰਤੀਸ਼ਤ ਲੋਕ ਮੌਜਾਂ ਮਾਣ ਰਹੇ ਹਨ ਅਤੇ ਕਿੰਨੀ ਜਨਤਾ ਉਸ ਮੌਜ ਮਸਤੀ ਦਾ ਖਾਜਾ ਹੋ ਜਾਣ ਦੀ ਹੋਣੀ ਭੁਗਤ ਰਹੀ ਹੈ। ਇਸ ਨਾਲ ਇਹ ਅਹਿਸਾਸ ਵੀ ਸਾਹਮਣੇ ਆ ਜਾਵੇਗਾ ਕਿ ਪੰਜਾਬ ਜੋ "ਗੁਰੂ ਦੇ ਨਾਮ 'ਤੇ ਜਿਊਂਦਾ" ਰਿਹਾ ਹੈ, ਉਹੀ ਪੰਜਾਬ "ਗੁਰੂ ਦੇ ਨਾਮ" ਦੀ ਸਿਆਸਤ ਦਾ ਸ਼ਿਕਾਰ ਕਿਵੇਂ ਅਤੇ ਕਿਉਂ ਹੁੰਦਾ ਜਾ ਰਿਹਾ ਹੈ?

# ਪੰਜਾਬੀਅਤ

## ਮਹੱਤਤਾ, ਉਤਰਾਅ-ਚੜ੍ਹਾਅ ਤੇ ਭਵਿਖ

***ਪ੍ਰੋ. ਪ੍ਰੀਤਮ ਸਿੰਘ ਵਲੈਤ ਦੀ ਆਕਸਫੋਰਡ ਬਰੁਕਸ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੇ ਅਧਿਆਪਕ ਹਨ। ਆਪਣੀਆਂ ਲਿਖਤਾਂ ਵਿਚ ਉਨ੍ਹਾਂ ਪੰਜਾਬ ਦੀ ਆਰਥਿਕਤਾ, ਸਿਆਸਤ, ਸਮਾਜਿਕ, ਧਾਰਮਕ ਅਤੇ ਸਭਿਆਚਾਰਕ ਪੱਖਾਂ ਬਾਰੇ ਬੜੀਆਂ ਨਰੋਈਆਂ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੀ ਕਿਤਾਬ 'ਪੰਜਾਬੀ ਆਇਡੈਂਟਿਟੀ ਇਨ ਏ ਗਲੋਬਲ ਕਾਨਟੈਕਸਟ' ਵਾਹਵਾ ਚਰਚਿਤ ਰਹੀ ਹੈ। ਇਸ ਲੇਖ ਵਿਚ ਉਨ੍ਹਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਆਪਣਾ ਨਜ਼ਰੀਆ ਪੇਸ਼ ਕੀਤਾ ਹੈ। -ਸੰਪਾਦਕ***

ਇਸ ਲੇਖ ਵਿਚ ਅਸੀਂ ਪੰਜ ਮੁੱਦਿਆਂ 'ਤੇ ਵਿਚਾਰ ਕਰਾਂਗੇ। ਪਹਿਲਾ: ਪੰਜਾਬੀਅਤ ਕੀ ਹੈ? ਦੂਜਾ: ਪੰਜਾਬੀਅਤ ਦੀ ਕੀ ਮਹੱਤਤਾ ਹੈ, ਜਾਂ ਇਸ ਲਈ ਸੰਘਰਸ਼ ਦੀ ਕੀ ਲੋੜ ਹੈ? ਤੀਜਾ: ਪੰਜਾਬੀਅਤ ਵਿਚ ਕੀ ਇਤਿਹਾਸਕ ਉਤਰਾਅ-ਚੜ੍ਹਾਅ ਆਏ? ਚੌਥਾ: ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਸਹਾਈ ਹਨ? ਪੰਜਵਾਂ: ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਨਾਂਹ-ਪੱਖੀ ਹਨ, ਜਾਂ ਇਸ ਦੀ ਨੁਹਾਰ ਵਿਗਾੜਦੀਆਂ ਹਨ?

ਪਹਿਲੇ ਮੁੱਦੇ ਤੋਂ ਸ਼ੁਰੂ ਕਰਦਿਆਂ ਕਹਿ ਸਕਦੇ ਹਾਂ ਕਿ ਪੰਜਾਬੀਅਤ ਉਹ ਸਭਿਆਚਾਰਕ ਸੰਸਾਰ ਹੈ ਜਿਸ ਨੂੰ ਖੁਦ ਨੂੰ ਪੰਜਾਬੀ ਕਹਿਣ ਵਾਲੇ ਲੋਕ ਆਪਣਾ ਮੰਨਦੇ ਹਨ। ਇਹ ਸਭਿਆਚਾਰਕ ਸੰਸਾਰ ਬੜਾ ਵਿਸ਼ਾਲ ਹੈ ਜਿਸ ਦੇ ਕੁਝ ਅੰਗ ਹਨ: ਆਰਥਿਕ ਜੀਵਨ ਚੱਕਰ ਜੋ ਕੌਮ ਦਾ ਆਧਾਰ ਹੈ ਤੇ ਇਸ ਨੂੰ ਲਗਾਤਾਰ ਪੇਸ਼ ਕਰਦਾ ਹੈ; ਸਾਂਝੀ ਭਾਸ਼ਾ/ਬੋਲੀ ਜੋ ਕੌਮ ਦੇ ਅੰਦਰੂਨੀ ਆਦਾਨ ਪ੍ਰਦਾਨ ਦਾ ਸਾਧਨ ਹੈ; ਜੀਵਨ ਜਾਚ ਜਿਸ ਵਿਚ ਭਾਈਚਾਰੇ ਦੇ ਮੈਂਬਰ ਆਨੰਦ ਮਾਣਦੇ ਹਨ, ਤੇ ਜਿਸ ਵਿਚ ਸ਼ਾਮਲ ਹੈ: ਸੰਗੀਤ, ਨੱਚਣਾ-ਟੱਪਣਾ



**ਪ੍ਰੋ. ਪ੍ਰੀਤਮ ਸਿੰਘ**
**ਆਕਸਫੋਰਡ ਬਰੁਕਸ ਵਰਸਿਟੀ (ਯੂ.ਕੇ.)**

ਅਤੇ ਹਾਸਾ-ਮਜ਼ਾਕ; ਰੋਜ਼ਾਨਾ ਜ਼ਿੰਦਗੀ ਜਿਸ ਵਿਚ ਸ਼ਾਮਲ ਹੈ: ਖਾਣਾ ਬਣਾਉਣਾ ਤੇ ਖਾਣ ਦੇ ਢੰਗ, ਸਫ਼ਾਈ ਰੱਖਣ ਤੇ ਜਿਨਸੀ ਸਬੰਧਾਂ ਬਾਰੇ ਵਿਚਾਰ ਤੇ ਵਿਹਾਰ, ਜਨਮ, ਮਰਨ ਤੇ ਸ਼ਾਦੀ ਦੀਆਂ ਰਸਮਾਂ, ਜ਼ਿੰਦਗੀ ਨੂੰ ਸੁੰਦਰ ਬਣਾਉਣ ਬਾਰੇ ਕਲਪਨਾਵਾਂ ਤੇ ਰੁਚੀਆਂ ਜਿਵੇਂ ਕੱਪੜਿਆਂ ਦੀ ਕਢਾਈ, ਚਿਤਰਕਾਰੀ, ਬੁੱਤ ਤਰਾਸ਼ੀ, ਗਹਿਣੇ ਪਹਿਨਣਾ ਆਦਿ; ਸਮਾਜਿਕ ਜੀਵਨ ਢਾਂਚਾ ਜਿਸ ਵਿਚ ਬਰਾਬਰੀ ਅਤੇ ਉਚੇ ਨੀਵੇਂ ਬਾਰੇ ਵਿਚਾਰ ਤੇ ਵਿਹਾਰ; ਮਰਦ ਔਰਤ ਸਬੰਧ; ਬਜ਼ੁਰਗੀ, ਬਚਪਨ, ਜੁਆਨੀ ਤੇ ਵੱਡੇ ਛੋਟੇ ਸਬੰਧਾਂ ਬਾਰੇ ਵਿਚਾਰ ਤੇ ਰੀਤੀ ਰਿਵਾਜ਼; ਇਜ਼ਤ, ਮਾਣ, ਅਪਮਾਨ, ਪਿਆਰ, ਦੋਸਤੀ, ਕੁਰਬਾਨੀ, ਬੇਵਫਾਈ, ਬਦਲਾ ਲੈਣਾ ਅਤੇ ਨਫਰਤ ਬਾਰੇ ਵਿਚਾਰ; ਮਨੁੱਖ ਦੇ ਕੁਦਰਤ ਤੇ ਰੱਬ ਨਾਲ ਸਬੰਧਾਂ ਬਾਰੇ ਵਿਚਾਰ ਆਦਿ। ਇਸ ਸੂਚੀ ਨੂੰ ਹੋਰ ਵਧਾਇਆ ਜਾ ਸਕਦਾ ਹੈ, ਪਰ ਇਕ ਚੀਜ਼ ਜੋ ਅਹਿਮੀਅਤ ਰੱਖਦੀ ਹੈ, ਉਹ ਹੈ ਸਿਆਸੀ ਖੁਦਮੁਖਤਾਰੀ ਦੇ ਤਜਰਬੇ ਦੀ ਯਾਦ: ਤਜਰਬਾ ਅਤੇ ਕਲਪਨਾ।

ਇਹ ਜ਼ਰੂਰੀ ਨਹੀਂ ਕਿ ਪੰਜਾਬੀਅਤ ਜਾਂ ਪੰਜਾਬੀ ਕੌਮ ਦੇ ਸਾਰੇ ਹਿੱਸੇ ਵਿਸ਼ਾਲ ਸਾਹਿਤਕ ਸੰਸਾਰ ਨਾਲ ਇਕੋ ਤਰ੍ਹਾਂ ਦੀ ਸਾਂਝ ਮਹਿਸੂਸ ਕਰਦੇ ਹੋਣ। ਲੋੜ ਇਹ ਮੰਨਣ ਦੀ ਹੈ ਕਿ ਕੁਝ ਹਿੱਸੇ ਵੱਧ ਤੇ ਕੁਝ ਘੱਟ ਸਾਂਝ ਮਹਿਸੂਸ ਕਰਦੇ ਹੋਣ, ਪਰ ਮਹੱਤਵਪੂਰਨ ਗੱਲ ਹੈ ਕਿ ਉਹ ਸਾਂਝ ਮਹਿਸੂਸ ਕਰਦੇ ਹਨ।

ਦੂਜਾ ਮੁੱਦਾ ਹੈ ਪੰਜਾਬੀਅਤ ਦੀ ਮਹੱਤਤਾ ਦਾ, ਜਾਂ ਇਸ ਦੀ ਲੋੜ ਦਾ। ਇਸ ਨੂੰ ਦੋ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ। ਇਕ ਪੱਖ ਤੋਂ ਮਾਂ ਬੋਲੀ ਦਾ ਸਿਰਜਣਾਤਮਕ ਰਚਨਾ ਪੈਦਾ ਕਰਨ ਵਿਚ ਕੇਂਦਰੀ ਰੋਲ। ਸਭ ਭਾਸ਼ਾ ਵਿਗਿਆਨੀ ਇਸ ਗੱਲ 'ਤੇ ਸਹਿਮਤ ਹਨ ਕਿ ਕੋਈ ਵੀ ਇਨਸਾਨ ਕਈ ਜ਼ੁਬਾਨਾਂ ਸਿੱਖ ਤੇ ਸਮਝ ਸਕਦਾ ਹੈ, ਪਰ ਸਿਰਜਣਾ ਲਈ ਮਾਂ ਬੋਲੀ ਦੀ ਥਾਂ ਦੂਜੀ ਬੋਲੀ ਨਹੀਂ ਲੈ ਸਕਦੀ। ਪੰਜਾਬੀਆਂ ਦੇ ਬੌਧਿਕ ਵਿਕਾਸ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਲਈ ਪੰਜਾਬੀਆਂ ਦਾ ਮਾਂ ਬੋਲੀ ਨਾਲ ਜੁੜੇ ਰਹਿਣਾ ਜ਼ਰੂਰੀ ਹੈ। ਮੈਂ ਇੰਗਲੈਂਡ ਤੇ ਭਾਰਤ, ਦੋਹਾਂ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਹੈ। ਇਕ ਗੱਲ ਤਿੱਖੇ ਰੂਪ ਵਿਚ ਸਾਹਮਣੇ ਆਈ ਹੈ ਕਿ ਜਿਸ ਤਰ੍ਹਾਂ ਇੰਗਲੈਂਡ ਵਿਚ ਮੇਰੇ ਅੰਗਰੇਜ਼ ਵਿਦਿਆਰਥੀ ਅੰਗਰੇਜ਼ੀ ਨਾਲ ਖੇਡਦੇ ਹਨ, ਇਸ ਨੂੰ ਤੋੜਦੇ-ਮਰੋੜਦੇ ਹਨ, ਇਸ ਨੂੰ ਵਿਚਾਰ ਪ੍ਰਗਟ ਕਰਨ ਲਈ ਵਰਤਦੇ ਹਨ, ਉਹ ਭਾਰਤੀ ਵਿਦਿਆਰਥੀਆਂ (ਭਾਵੇਂ ਉਹ ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਹੀ ਪੜ੍ਹੇ ਹੋਣ) ਨਾਲੋਂ ਅਣਗਿਣਤ ਤਰੀਕਿਆਂ ਵਿਚ ਅੱਗੇ ਹਨ, ਕਿਉਂਕਿ ਅੰਗਰੇਜ਼ੀ ਉਨ੍ਹਾਂ ਦੀ ਮਾਂ ਬੋਲੀ ਹੈ, ਪਰ ਭਾਰਤੀ ਵਿਦਿਆਰਥੀਆਂ ਨੇ ਸਿਰਫ਼ ਸਿੱਖੀ ਹੈ। ਅੰਗਰੇਜ਼ ਵਿਦਿਆਰਥੀ ਨਵੇਂ ਸ਼ਬਦ ਘੜਦੇ ਹਨ, ਭਾਰਤੀ ਵਿਦਿਆਰਥੀ ਸਿਰਫ਼ ਸਿੱਖੇ ਲਫ਼ਜ਼ ਹੀ ਦੁਹਰਾ ਸਕਦੇ ਹਨ। ਇਹ ਮਸਲਾ ਸਿਰਫ਼ ਪੰਜਾਬੀ ਦਾ ਹੀ ਨਹੀਂ, ਸਭ ਬਸਤੀਵਾਦੀ ਮੁਲਕਾਂ ਦੀਆਂ ਬੋਲੀਆਂ ਦਾ ਹੈ।

ਪੰਜਾਬੀਅਤ ਦੀ ਮਹੱਤਤਾ ਦਾ ਦੂਜਾ ਪੱਖ ਕੌਮੀ ਮਸਲੇ ਨਾਲ ਜੁੜਿਆ ਹੋਇਆ ਹੈ। ਭਾਰਤ ਬਹੁ-ਕੌਮੀ ਮੁਲਕ ਹੈ, ਭਾਵੇਂ 1947 ਤੋਂ ਬਾਅਦ ਭਾਰਤੀ ਸਟੇਟ ਨੇ ਇਸ ਨੂੰ ਕੌਮ ਦੇ ਰੂਪ ਵਿਚ ਘੜਨ ਦਾ ਯਤਨ ਕੀਤਾ ਹੈ। ਪੰਜਾਬੀ ਕੌਮੀਅਤ ਅਤੇ ਭਾਰਤ ਵਿਚਲੀਆਂ ਦੂਜੀਆਂ ਕੌਮੀਅਤਾਂ (ਬੰਗਲਾ, ਤਾਮਿਲ, ਤੇਲਗੂ, ਆਸਾਮੀ, ਮਲਿਆਲੀ ਆਦਿ) ਨੂੰ ਅੱਗੇ ਵਧਾਉਣ ਦਾ ਰਾਜਨੀਤਕ ਨਜ਼ਰੀਆ ਬਹੁ-ਵਾਚੀ, ਵੰਨ-ਸੁਵੰਨਤਾ ਤੇ ਜਮਹੂਰੀਅਤ ਵਾਲੇ ਰਾਜਸੀ ਸਭਿਆਚਾਰ ਨੂੰ ਤਾਕਤ ਦਿੰਦਾ ਹੈ ਜਦ ਕਿ ਇਨ੍ਹਾਂ ਕੌਮੀਅਤਾਂ ਦੀ ਵਿਲੱਖਣਤਾ ਨੂੰ ਦਬਾ ਕੇ ਇਕ ਕੌਮ ਪੈਦਾ ਕਰਨ ਦਾ ਸੰਕਲਪ ਤੇ ਰਾਜਸੀ ਵਿਹਾਰ ਕੇਂਦਰੀਵਾਦ ਤੇ ਜਮਹੂਰੀਅਤ ਵਿਰੋਧੀ ਬਣ ਜਾਂਦਾ ਹੈ। ਇਸ ਲਈ ਪੰਜਾਬੀਅਤ ਲਈ ਸੰਘਰਸ਼ ਜਮਹੂਰੀਅਤ ਲਈ ਸੰਘਰਸ਼ ਹੈ।

ਤੀਜਾ ਮੁੱਦਾ ਪੰਜਾਬੀਅਤ ਦੇ ਇਤਿਹਾਸਕ ਉਤਰਾਅ-ਚੜ੍ਹਾਅ ਦਾ ਹੈ। ਉਹ ਭੂਗੋਲਿਕ ਖਿੱਤਾ ਜਿਸ ਨੂੰ ਪੰਜਾਬ ਕਿਹਾ ਜਾਂਦਾ ਹੈ, ਦਾ ਇਤਿਹਾਸ ਬਹੁਤ ਪੁਰਾਣਾ ਹੈ। ਵੇਦਾਂ ਵਿਚ ਇਸ ਦਾ ਸਪਤਸਿੰਧੂ ਅਤੇ ਮਹਾਂਭਾਰਤ ਵਿਚ ਪੰਜ ਨਦ ਵਜੋਂ ਜ਼ਿਕਰ ਹੈ। ਪੰਜਾਬ ਸ਼ਬਦ ਦਾ ਜ਼ਿਕਰ ਸ਼ਾਇਦ ਪਹਿਲੀ ਵਾਰ ਇਬਨ ਬਤੂਤਾ ਦੀਆਂ ਲਿਖਤਾਂ ਵਿਚ ਆਉਂਦਾ ਹੈ ਜੋ ਚੌਦਵੀਂ ਸਦੀ ਵਿਚ ਪੰਜਾਬ ਆਇਆ ਸੀ। ਪੰਜਾਬੀ ਜ਼ੁਬਾਨ ਦਾ ਇਤਿਹਾਸ ਵੀ ਬਹੁਤ ਪੁਰਾਣਾ




ਹੈ। ਗਿਆਰ੍ਹਵੀਂ ਸਦੀ ਵਿਚ ਜਨਮੇ ਬਾਬਾ ਫਰੀਦ ਦਾ ਸੂਫ਼ੀਆਨਾ ਕਲਾਮ ਪੰਜਾਬੀ ਸਾਹਿਤ ਦਾ ਅਮੀਰ ਹਿੱਸਾ ਹੈ। ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਨੇ ਆਪਣੀ ਸਿੱਖਿਆ ਤੇ ਰਚਨਾ ਦਾ ਮਾਧਿਅਮ ਪੰਜਾਬੀ ਚੁਣ ਕੇ ਇਸ ਨੂੰ ਬਹੁਤ ਉਚੇ ਦਰਜੇ 'ਤੇ ਪਹੁੰਚਾ ਦਿੱਤਾ ਜਿਥੇ ਪਹਿਲਾਂ ਸੰਸਕ੍ਰਿਤ ਤੇ ਅਰਬੀ ਨੂੰ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਆਪਣੇ ਜਿਊਂਦੇ ਜੀਅ ਗੁਰੂ ਅੰਗਦ ਨੂੰ ਗੁਰਗੱਦੀ ਬਖਸ਼ ਕੇ ਪੰਜਾਬ ਦੇ ਨਿਵੇਕਲੇ ਧਰਮ-ਸਿੱਖ ਧਰਮ, ਦੀ ਨੀਂਹ ਰੱਖ ਦਿੱਤੀ। ਗੁਰੂ ਅੰਗਦ ਨੇ ਪੰਜਾਬੀ ਦੀ ਲਿਪੀ ਗੁਰਮੁਖੀ ਅਪਣਾ ਕੇ ਪੰਜਾਬੀ ਬੋਲੀ ਦੀ ਮਜ਼ਬੂਤੀ ਐਨੀ ਤਕੜੀ ਕਰ ਦਿੱਤੀ ਕਿ ਉਹ ਸਦਾ ਲਈ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਯੋਗ ਹੋ ਗਈ। ਪੰਜਾਬੀਅਤ ਦੇ ਇਤਿਹਾਸ ਵਿਚ ਗੁਰੂ ਨਾਨਕ ਤੇ ਗੁਰੂ ਅੰਗਦ ਦੇ ਇਸ ਮਹਾਨ ਯੋਗਦਾਨ ਨੂੰ ਸਮਝਣ ਦੀ ਲੋੜ ਹੈ। ਜੇ ਗੁਰੂ ਨਾਨਕ ਆਪਣੇ ਜਿਊਂਦੇ ਜੀਅ ਗੁਰੂ ਅੰਗਦ ਨੂੰ ਗੁਰਗੱਦੀ ਬਖਸ਼ ਕੇ ਅਤੇ ਉਨ੍ਹਾਂ ਅੱਗੇ ਮੱਥਾ ਟੇਕ ਕੇ ਸਿੱਖ ਧਰਮ ਦੀ ਨੀਂਹ ਨਾ ਰੱਖਦੇ ਤਾਂ ਗੁਰੂ ਨਾਨਕ ਦੀ ਸਿੱਖਿਆ ਨੂੰ ਮੰਨਣ ਵਾਲਿਆਂ ਦਾ ਨਾਨਕਪੰਥੀ ਸੰਪਰਦਾਇ ਹੋਣਾ ਸੀ ਜਿਸ ਤਰ੍ਹਾਂ ਕਬੀਰ ਨੂੰ ਮੰਨਣ ਵਾਲਿਆਂ ਦਾ ਕਬੀਰਪੰਥੀ ਸੰਪਰਦਾਇ ਸੀ। ਅਜਿਹੇ ਸੰਪਰਦਾਇ ਥੋੜ੍ਹੇ ਸਮੇਂ ਵਿਚ ਹੀ ਆਪਣਾ ਨਿਵੇਕਲਾ ਸਥਾਨ ਗੁਆ ਲੈਂਦੇ ਹਨ ਤੇ ਵੱਡੇ ਧਰਮ ਉਨ੍ਹਾਂ ਨੂੰ ਨਿਗਲ ਜਾਂਦੇ ਹਨ। ਗੁਰੂ ਅੰਗਦ ਨੂੰ ਗੁਰਗੱਦੀ ਬਖਸ਼ਣ ਨਾਲ ਗੁਰੂ ਨਾਨਕ ਨੇ ਇਤਿਹਾਸਕ ਮਹੱਤਤਾ ਵਾਲਾ ਫੈਸਲਾ ਕਰ ਕੇ ਨਵੇਂ ਧਰਮ ਨੂੰ ਮਜ਼ਬੂਤ ਸੰਸਥਾਈ ਨੀਂਹਾਂ 'ਤੇ ਖੜ੍ਹਾ ਕਰ ਦਿੱਤਾ।

ਮੈਨੂੰ ਗੁਰੂ ਨਾਨਕ ਦੇ ਇਸ ਫੈਸਲੇ ਦੀ ਮਹੱਤਤਾ ਸਮਝਣ ਵਿਚ ਕੁਝ ਦੇਰ ਲੱਗੀ। ਜਦੋਂ ਮੈਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਰਿਹਾ ਸੀ ਤਾਂ ਇਹ ਬਿਲਕੁਲ ਸਾਫ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਦੇ ਫਲਸਫ਼ੇ ਦਾ ਕਿਸੇ ਭੂਗੋਲਿਕ ਖੇਤਰ ਨਾਲ ਕੋਈ ਸਬੰਧ ਨਹੀਂ ਸੀ। ਉਹ ਸਾਰੀ ਮਨੁੱਖਤਾ ਲਈ ਸੀ। ਮੈਂ ਪੂਰੀ ਨਿਮਰਤਾ ਨਾਲ ਮੰਨਣਾ ਚਾਹਾਂਗਾ ਕਿ ਮੈਂ ਕੁਝ ਦੇਰ ਇਸ ਦੁਬਿਧਾ ਵਿਚ ਰਿਹਾ ਕਿ ਸਾਰੀ ਮਨੁੱਖਤਾ ਲਈ ਫਲਸਫਾ ਦੇਣਾ ਤੇ ਫਿਰ ਵੱਖਰਾ ਧਰਮ ਖੜ੍ਹਾ ਕਰਨਾ ਆਪਣੇ ਆਪ ਵਿਚ ਆਪਾ-ਵਿਰੋਧੀ ਗੱਲ ਨਹੀਂ? ਮੇਰੀ ਦੁਬਿਧਾ ਉਦੋਂ ਖਤਮ ਹੋਈ ਜਦੋਂ ਆਪਾ ਸੰਘਰਸ਼ ਵਿਚੋਂ ਮੈਨੂੰ ਇਹ ਗੱਲ ਫੁਰੀ ਕਿ ਗੁਰੂ ਨਾਨਕ, ਗੁਰੂ ਅੰਗਦ ਨੂੰ ਗੁਰਗੱਦੀ ਬਖਸ਼ ਕੇ ਸਾਰੀ ਮਨੁੱਖਤਾ ਲਈ ਆਪਣੇ ਫਲਸਫੇ ਨੂੰ ਅੱਗੇ ਲਿਜਾਣ ਤੇ ਵਧਾਉਣ ਲਈ ਜਥੇਬੰਦਕ ਢਾਂਚਾ ਕਾਇਮ ਕਰ ਰਹੇ ਸਨ। ਇਥੋਂ ਗੁਰੂ ਨਾਨਕ ਦੇ ਰੂਹਾਨੀਅਤ ਅਤੇ ਦੁਨਿਆਵੀ ਪੱਖਾਂ ਨੂੰ ਸੁਮੇਲ ਕਰਨ ਦੇ ਸਿਧਾਂਤ ਦੀ ਵੀ ਸਮਝ ਆਈ। ਇਸ ਸੁਮੇਲ ਨਾਲ ਪੰਜਾਬੀਅਤ ਨੂੰ ਮਜ਼ਬੂਤ ਕਰਨ ਲਈ ਗੁਰੂ ਨਾਨਕ ਪੰਜਾਬੀਅਤ ਦੇ ਪਿਤਾਮਾ ਹਨ। ਇਹ ਗੁਰੂ ਨਾਨਕ ਦੇ ਰੂਹਾਨੀਅਤ ਅਤੇ ਦੁਨਿਆਵੀ ਪੱਖਾਂ ਨੂੰ ਸੁਮੇਲ ਕਰਨ ਦੇ ਸਿਧਾਂਤ ਦੀ ਹੀ ਦੇਣ ਸੀ ਕਿ 18ਵੀਂ ਸਦੀ ਦੇ ਅੰਤ ਵਿਚ ਪੰਜਾਬੀ ਆਪਣਾ ਆਜ਼ਾਦ ਸਟੇਟ ਕਾਇਮ ਕਰਨ ਵਿਚ ਕਾਮਯਾਬ ਹੋ ਸਕੇ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ (1799-1849) ਜਿਸ ਵਿਚ ਸਿੱਖਾਂ ਦੀ ਆਬਾਦੀ ਵੱਧ ਤੋਂ ਵੱਧ 8 ਫ਼ੀਸਦੀ ਸੀ, ਪੰਜਾਬੀਆਂ ਦਾ ਸਾਂਝਾ ਰਾਜ ਸੀ। ਇਸ ਰਾਜ ਵਿਚ ਊਣਤਾਈਆਂ ਵੀ ਸਨ, ਜਿਵੇਂ ਕਸ਼ਮੀਰ ਤੇ ਅਫਗਾਨਿਸਤਾਨ ਦੇ ਇਲਾਕਿਆਂ 'ਤੇ ਕਬਜ਼ਾ ਕਰਨਾ ਸਮਰਾਜਵਾਦੀ ਰੁਚੀਆਂ ਦਾ ਰੁਝਾਨ ਸੀ, ਪਰ ਪੰਜਾਬੀ ਕੌਮ ਦੀ ਸਾਂਝੀ ਸਿਆਸੀ ਪ੍ਰਾਪਤੀ ਵਜੋਂ ਇਹ ਰਾਜ ਮਹੱਤਵਪੂਰਨ ਮੀਲ ਪੱਥਰ ਸੀ।

---

ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨਾ ਪੰਜਾਬੀ ਕੌਮ 'ਤੇ ਵੱਡੀ ਸੱਟ ਸੀ। ਪੰਜਾਬੀਆਂ ਨੇ ਸਿਰਫ ਆਪਣਾ ਰਾਜ ਭਾਗ ਹੀ ਨਹੀਂ ਗੁਆਇਆ, ਉਹ ਕੁਝ ਦਹਾਕਿਆਂ ਵਿਚ ਹੀ ਦੁਸ਼ਮਣੀ ਭਰੀਆਂ ਵੰਡੀਆਂ ਵਿਚ ਵੰਡੇ ਗਏ। ਅੰਗਰੇਜ਼ਾਂ ਵੱਲੋਂ ਈਸਾਈ ਧਰਮ ਦੇ ਪ੍ਰਚਾਰ ਨੂੰ ਹੱਲਾਸ਼ੇਰੀ ਦੇਣ ਦੇ ਉਲਟ ਪੰਜਾਬ ਦੇ ਤਿੰਨਾਂ ਧਾਰਮਿਕ ਫਿਰਕਿਆਂ-ਮੁਸਲਮਾਨ, ਹਿੰਦੂ ਤੇ ਸਿੱਖਾਂ, ਵਿਚ ਸੁਧਾਰ ਲਹਿਰਾਂ ਉਠੀਆਂ। ਉਮੀਦ ਤਾਂ ਇਹ ਕੀਤੀ ਜਾ ਸਕਦੀ ਸੀ ਕਿ ਅੰਗਰੇਜ਼ੀ ਸਾਮਰਾਜਵਾਦ ਦੀ ਧਾਰਮਿਕ ਨੀਤੀ ਖਿਲਾਫ਼ ਤਿੰਨੇ ਫਿਰਕੇ ਇਕੱਠੇ ਹੋ ਕੇ ਪੰਜਾਬੀ ਏਕਤਾ ਨੂੰ ਮਜ਼ਬੂਤ ਕਰਦੇ, ਪਰ ਹੋਇਆ ਇਹ ਕਿ ਉਨ੍ਹਾਂ ਦੇ ਆਪਸ ਵਿਚ ਹੀ ਵਖਰੇਵੇਂ ਵਧ ਗਏ। ਇਨ੍ਹਾਂ ਵਖਰੇਵਿਆਂ ਨੂੰ ਤਿੱਖਾ ਕਰਨ ਵਿਚ ਗੁਜਰਾਤ ਤੋਂ ਆਏ ਸੁਆਮੀ ਦਇਆ ਨੰਦ ਨੇ ਆਰੀਆ ਸਮਾਜ ਦੀਆਂ ਕਾਰਵਾਈਆਂ (ਸ਼ੁਧੀਕਰਨ ਜੋ ਅੱਜ ਦੀ 'ਘਰ ਵਾਪਸੀ' ਸਕੀਮ ਵਰਗੀ ਸੀ) ਦੁਆਰਾ ਬੜਾ ਨਾਂਹ-ਪੱਖੀ, ਕੇਂਦਰੀ ਰੋਲ ਅਦਾ ਕੀਤਾ। ਜਿਥੇ ਤਿੰਨ ਦਹਾਕੇ ਪਹਿਲਾਂ ਪੰਜਾਬੀਆਂ ਨੇ ਅੰਗਰੇਜ਼ਾਂ ਖਿਲਾਫ਼ ਕਮਾਲ ਦੀ ਸਾਂਝੀ ਜੰਗ (ਜੰਗ ਹਿੰਦ-ਪੰਜਾਬ) ਲੜੀ ਸੀ, ਉਥੇ ਹੁਣ ਪੰਜਾਬੀ ਕੌਮ ਦੀ ਸਾਂਝ ਖੇਰੂੰ-ਖੇਰੂੰ ਹੋ ਚੁੱਕੀ ਸੀ। 1901 ਵਿਚ ਪਾਸ ਕੀਤੇ ਲੈਂਡ ਏਲੀਏਨੇਸ਼ਨ ਐਕਟ ਨੇ ਇਹ ਵੰਡੀਆਂ ਹੋਰ ਤਿੱਖੀਆਂ ਕਰ ਦਿੱਤੀਆਂ। ਕਿਸਾਨੀ ਆਧਾਰ ਵਾਲੇ ਮੁਸਲਮਾਨ ਤੇ ਸਿੱਖ ਫਿਰਕੇ ਐਕਟ ਦੇ ਹੱਕ ਵਿਚ ਸਨ ਅਤੇ ਆੜ੍ਹਤੀਆ/ਸੂਦਖੋਰਾਂ ਵਿਚ ਆਧਾਰ ਵਾਲਾ ਹਿੰਦੂ ਫਿਰਕਾ ਇਸ ਐਕਟ ਦੇ ਖਿਲਾਫ ਸੀ, ਕਿਉਂਕਿ ਇਸ ਐਕਟ ਵਿਚ ਗੈਰ-ਕਾਸ਼ਤਕਾਰ ਜਾਤਾਂ ਦੇ ਜ਼ਮੀਨ ਖਰੀਦਣ ਦੇ ਹੱਕ ਘਟਾ ਦਿੱਤੇ ਗਏ ਸਨ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਕੌਮ ਦੇ ਤਿੰਨਾਂ ਧਾਰਮਿਕ ਫਿਰਕਿਆਂ ਦੇ ਵੱਡੇ ਜਾਗੀਰਦਾਰ ਤਬਕਿਆਂ ਨੇ ਸਾਂਝੀ ਪੰਜਾਬੀ ਪਾਰਟੀ (ਯੂਨੀਅਨਿਸਟ ਪਾਰਟੀ) ਬਣਾਈ ਜੋ ਕਾਂਗਰਸ ਪਾਰਟੀ ਤੇ ਮੁਸਲਿਮ ਲੀਗ, ਦੋਹਾਂ ਦੇ ਉਲਟ ਸੀ। ਇਹ ਸੀਮਤ ਕਿਸਮ ਦੀ ਪੰਜਾਬੀ ਏਕਤਾ ਰੱਖਣ ਦਾ ਆਖਰੀ ਯਤਨ ਸੀ ਅਤੇ ਇਸ ਪਾਰਟੀ ਦੇ ਨੇਤਾ (ਖਿਜ਼ਰ ਹਯਾਤ ਟਿਵਾਣਾ) ਨੇ ਮੁਲਕ ਦੀ ਵੰਡ ਵੇਲੇ ਇਹ ਜਤਨ ਵੀ ਕੀਤਾ ਕਿ ਸਾਰਾ ਪੰਜਾਬ ਇਕੱਠਾ ਰੱਖ ਕੇ ਅਲੱਗਾ ਤੀਜਾ ਮੁਲਕ ਬਣਾਇਆ ਜਾ ਸਕੇ ਜੋ ਨਾ ਹਿੰਦੁਸਤਾਨ ਤੇ ਨਾ ਹੀ ਪਾਕਿਸਤਾਨ ਦਾ ਹਿੱਸਾ ਹੋਵੇ; ਪਰ ਇਹ ਯਤਨ ਸਿਰੇ ਨਾ ਚੜ੍ਹਿਆ। ਪੰਜਾਬ ਨੂੰ ਜਲਦੀ ਵਿਚ ਵੰਡ ਦਿੱਤਾ ਗਿਆ ਜਿਸ ਨਾਲ ਬੜੇ ਵੱਡੇ ਪੈਮਾਨੇ 'ਤੇ ਹਿੰਸਾ ਤੇ ਮਾਰ-ਧਾੜ ਹੋਈ। ਕੋਈ ਇਕ ਕਰੋੜ ਪੰਜਾਬੀ ਰਫਿਊਜ਼ੀ ਬਣੇ ਅਤੇ ਪੰਜ ਲੱਖ ਹਿੰਸਾ ਵਿਚ ਮਾਰੇ ਗਏ। ਪੰਜਾਬੀ ਏਕਤਾ ਦਾ ਸੁਪਨਾ



ਪੰਜਾਬ ਵਿਚ ਸੰਘਰਸ਼ਾਂ ਦੇ ਰਾਹ ਪਏ ਦਲਿਤਾਂ ਦੀ ਝਲਕ। ਲਿਖਾਰੀ ਨੇ ਦਲਿਤਾਂ ਦੀ ਪੰਜਾਬੀ ਨਾਲ ਨੇੜਤਾ ਦਾ ਖੁਲਾਸਾ ਆਪਣੇ ਇਸ ਲੇਖ ਵਿਚ ਠੋਕ-ਵਜਾ ਕੇ ਪੂਰੇ ਧੜੱਲੇ ਨਾਲ ਕੀਤਾ ਹੈ।

ਘੱਟੋ-ਘੱਟ ਵਕਤੀ ਤੌਰ 'ਤੇ ਖਤਮ ਹੋ ਗਿਆ।

1947 ਤੋਂ ਬਾਅਦ ਪੰਜਾਬ ਦਾ ਵੱਡਾ ਰਕਬਾ, ਜਨਸੰਖਿਆ ਤੇ ਪੰਜਾਬੀ ਵਸੋਂ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਲਾਹੌਰ, ਪਾਕਿਸਤਾਨੀ ਪੰਜਾਬ ਦਾ ਹਿੱਸਾ ਬਣ ਗਏ ਅਤੇ ਛੋਟਾ ਹਿੱਸਾ ਹਿੰਦੁਸਤਾਨੀ ਪੰਜਾਬ ਦਾ ਹਿੱਸਾ ਬਣ ਗਿਆ। ਪਾਕਿਸਤਾਨ ਵਿਚ ਪੰਜਾਬ ਦੂਜੇ ਪ੍ਰਾਂਤਾਂ ਨਾਲੋਂ ਵੱਡਾ ਹੋਣ ਕਰ ਕੇ ਪੰਜਾਬੀਅਤ ਦੀ ਪਾਕਿਸਤਾਨ ਦੀ ਸਿਆਸਤ, ਆਰਥਿਕਤਾ ਤੇ ਸਮਾਜੀ ਜੀਵਨ ਉਤੇ ਸਰਦਾਰੀ ਤਾਂ ਹੋ ਗਈ, ਪਰ ਮਾਂ ਬੋਲੀ ਤੋਂ ਮੁਨਕਰ ਹੋ ਕੇ! ਹਿੰਦੁਸਤਾਨੀ ਪੰਜਾਬ ਛੋਟੇ ਸੂਬਿਆਂ ਵਿਚੋਂ ਇਕ ਸੀ, ਪਰ ਪੰਜਾਬੀਆਂ ਨੇ ਬੜੀਆਂ ਮੁਸ਼ਕਿਲਾਂ ਤੋਂ ਬਾਅਦ 1966 ਵਿਚ ਪੰਜਾਬੀ ਬੋਲਦੇ ਨਵੇਂ ਸੂਬੇ ਦੀ ਜਿੱਤ ਪ੍ਰਾਪਤ ਕਰ ਲਈ।

ਇਹ ਇਤਿਹਾਸਕ ਪ੍ਰਾਪਤੀ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਸੀ ਕਿ ਪੰਜਾਬੀ ਕਿਸੇ ਸਟੇਟ ਦੀ ਰਾਜ ਭਾਸ਼ਾ ਬਣੀ, ਭਾਵੇਂ ਫੈਡਰਲ ਢਾਂਚੇ ਵਿਚ ਉਸ ਸਟੇਟ ਦੀਆਂ ਤਾਕਤਾਂ ਸੀਮਤ ਸਨ। ਉਂਜ, ਇਸ ਸਬੰਧੀ ਵੱਡੀ ਊਣਤਾਈ ਇਹ ਰਹਿ ਗਈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਨਾ ਮਿਲੀ। ਕਿਸੇ ਵੀ ਸਟੇਟ ਦੀ ਸਭਿਆਚਾਰਕ ਤਰੱਕੀ ਲਈ ਜ਼ਰੂਰੀ ਹੁੰਦਾ ਹੈ ਕਿ ਆਪਣੀ ਆਜ਼ਾਦ ਰਾਜਧਾਨੀ ਹੋਵੇ!

ਹੁਣ ਅਸੀਂ ਮੁੜਦੇ ਹਾਂ ਚੌਥੇ ਮੁੱਦੇ ਵੱਲ: ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਸਹਾਈ ਸਨ? ਇਸ ਪੱਖੋਂ ਸਭ ਤੋਂ ਮਹੱਤਵਪੂਰਨ ਗੱਲ ਹੈ, ਪੰਜਾਬੀ ਭਾਸ਼ਾ ਦੇ ਆਧਾਰ 'ਤੇ ਬਣਿਆ ਸੂਬਾ। ਜ਼ੁਬਾਨ ਨੂੰ ਨਰੋਆ ਰੱਖਣ ਲਈ ਜ਼ਰੂਰੀ ਹੁੰਦਾ ਹੈ ਕਿ ਉਸ ਨੂੰ ਰਾਜ ਸ਼ਕਤੀ ਦੀ ਬਹੁ-ਪੱਖੀ ਮਦਦ ਮੁਹੱਈਆ ਹੋਵੇ। ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਜ਼ੁਬਾਨ ਨੂੰ ਭਾਵੇਂ ਕਈ ਮੁਸ਼ਕਿਲਾਂ ਆ ਸਕਦੀਆਂ ਹਨ, ਪਰ ਇਸ ਨੂੰ ਹੁਣ ਖਤਮ ਨਹੀਂ ਕੀਤਾ ਜਾ ਸਕਦਾ, ਕਿਉਂਕਿ ਪੰਜਾਬ ਸਰਕਾਰ ਨੂੰ (ਭਾਵੇਂ ਉਹ ਕਿਸੇ ਵੀ ਪਾਰਟੀ ਦੀ ਹੋਵੇ) ਸੰਵਿਧਾਨਕ, ਸਿਆਸੀ, ਸਮਾਜਿਕ ਤੇ ਸਭਿਆਚਾਰਕ ਕਾਰਨਾਂ ਕਰ ਕੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਯਤਨ ਕਰਨਾ ਹੀ ਪਏਗਾ।

ਇਹ ਪੰਜਾਬੀ ਭਾਸ਼ਾ ਦਾ ਰਾਜ ਭਾਸ਼ਾ ਹੋਣ ਦਾ ਹੀ ਸਿੱਟਾ ਹੈ ਕਿ ਪੰਜਾਬ ਵਿਚ ਦਸਵੀਂ ਜਮਾਤ ਪਾਸ ਕਰਨ ਵਾਲੇ ਹਰ ਵਿਦਿਆਰਥੀ ਨੂੰ ਪੰਜਾਬੀ ਵਿਚ ਪਾਸ ਹੋਣਾ ਪੈਂਦਾ ਹੈ। ਇਸ ਪਾਲਿਸੀ ਦੀ ਬਦੌਲਤ ਕਈ ਲੱਖਾਂ ਪਰਿਵਾਰ ਜਿਨ੍ਹਾਂ ਦੀਆਂ ਕਈ ਪੀੜ੍ਹੀਆਂ ਨੇ ਕਦੇ ਪੰਜਾਬੀ ਨਹੀਂ ਸੀ ਪੜ੍ਹੀ, ਦੇ ਬੱਚਿਆਂ ਨੂੰ ਚਾਹੇ/ਅਣਚਾਹੇ ਪੰਜਾਬੀ ਸਿੱਖਣੀ ਪੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਲੱਖਾਂ ਅਜਿਹੇ ਬੱਚੇ ਹਨ ਜੋ ਪੰਜਾਬੀ ਲਿਖਣ ਤੋਂ ਬਾਅਦ ਪੰਜਾਬੀ ਸਾਹਿਤ ਦੀ ਅਮੀਰੀ ਤੇ ਸੁੰਦਰਤਾ ਤੋਂ ਜਾਣੂ ਹੋਏ ਹਨ।

ਵਿਦਿਆ ਦਾ ਹੋ ਰਿਹਾ ਪਾਸਾਰ ਪੰਜਾਬੀ ਤੇ ਪੰਜਾਬੀਅਤ ਲਈ ਸਹਾਈ ਹੈ। ਇਸ ਦਾ ਇਕ ਅਸਰ ਇਹ ਹੈ ਕਿ ਪੰਜਾਬੀ ਅਖਬਾਰਾਂ ਦੀ ਵਿਕਰੀ ਚੋਖੀ ਵਧ ਰਹੀ ਹੈ। ਵਧ ਰਹੀ ਵਿਕਰੀ ਤੋਂ ਆਰਥਿਕ ਫਾਇਦਾ ਲੈਣ ਲਈ ਅਜਿਹੀਆਂ ਸੰਸਥਾਵਾਂ (ਜਿਵੇਂ ਆਰੀਆ ਸਮਾਜ) ਜੋ ਅੱਜ ਤੋਂ 60-70 ਸਾਲ ਪਹਿਲਾਂ ਪੰਜਾਬੀ ਵਿਰੋਧੀ ਹੁੰਦੀਆਂ ਸਨ, ਉਹ ਵੀ ਪੰਜਾਬੀ ਅਖਬਾਰ ਕੱਢਣ ਵਿਚ ਸਿਰ ਕੱਢਵਾਂ ਰੋਲ ਅਦਾ ਕਰ ਰਹੀਆਂ ਹਨ। ਇਹ ਆਰਥਿਕ, ਸਿਆਸੀ, ਸਮਾਜਿਕ ਤੇ ਵਿਦਿਅਕ ਤਬਦੀਲੀਆਂ ਪੰਜਾਬੀ ਵਿਰੋਧੀ ਤਾਕਤਾਂ ਨੂੰ ਪੰਜਾਬੀ ਪੱਖੀ ਨਜ਼ਰੀਆ ਲੈਣ ਲਈ ਮਜਬੂਰ ਕਰ ਰਹੀਆਂ ਹਨ। ਹੌਲੀ ਹੌਲੀ ਅਜਿਹੀ ਮਜਬੂਰੀ, ਮਜਬੂਰੀ ਨਾ ਰਹਿ ਕੇ ਸਹਿਜ ਸੁਭਾਅ ਤੁਹਾਡੇ ਜੀਵਨ ਦਾ ਕੁਦਰਤੀ ਅੰਗ ਬਣ ਜਾਂਦੀ ਹੈ।

ਗੁਰਮੁਖੀ ਲਿਪੀ ਦਾ ਹੋਣਾ ਪੰਜਾਬੀ ਭਾਸ਼ਾ ਨੂੰ ਬਹੁਤ ਤਾਕਤ ਦਿੰਦਾ ਹੈ। ਹਿੰਦੁਸਤਾਨ ਦਾ ਸੰਵਿਧਾਨ ਬਣਦੇ ਵਕਤ ਹਿੰਦੀ ਖੇਤਰ ਦੇ ਨੇਤਾਵਾਂ (ਨਹਿਰੂ, ਰਾਜਿੰਦਰ ਪ੍ਰਸਾਦ, ਪੰਤ) ਨੇ ਪੱਛਮੀ ਭਾਰਤ ਦੇ ਨੇਤਾਵਾਂ (ਗਾਂਧੀ, ਪਟੇਲ) ਨਾਲ ਮਿਲ ਕੇ ਹਿੰਦੀ ਨੂੰ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਉਚਾ ਰੁਤਬਾ (ਕੇਂਦਰ ਦੀ ਸਰਕਾਰੀ ਭਾਸ਼ਾ) ਦਿਵਾ ਦਿੱਤਾ। ਇਸ ਦਾ ਸਭ ਤੋਂ ਘਾਤਕ ਅਸਰ ਉਤਰੀ ਭਾਰਤ ਦੀਆਂ ਕਈ ਭਾਸ਼ਾਵਾਂ 'ਤੇ ਹੋਇਆ ਜਿਨ੍ਹਾਂ ਦਾ ਬੜਾ ਅਮੀਰ ਸਾਹਿਤ ਤੇ ਇਤਿਹਾਸ ਸੀ, ਪਰ ਉਨ੍ਹਾਂ ਦੀ ਆਪਣੀ ਲਿਪੀ ਨਹੀਂ ਸੀ। ਇਹ ਭਾਸ਼ਾਵਾਂ ਹਨ: ਮੈਥਿਲੀ, ਭੋਜਪੁਰੀ, ਬ੍ਰਜ, ਅਵਧੀ, ਮਗਧੀ, ਰਾਜਸਥਾਨੀ, ਹਰਿਆਣਵੀ, ਪਹਾੜੀ, ਡੋਗਰੀ ਆਦਿ। ਦੇਵਨਾਗਰੀ ਲਿਪੀ ਵਾਲੀ ਹਿੰਦੀ ਇਨ੍ਹਾਂ ਭਾਸ਼ਾਵਾਂ ਨੂੰ ਲਗਭਗ ਨਿਗਲ ਚੁੱਕੀ ਹੈ। ਜੇ ਗੁਰੂ ਅੰਗਦ ਦੇਵ ਗੁਰਮੁਖੀ ਲਿਪੀ ਦਾ ਵਿਕਾਸ ਕਰ ਕੇ ਪੰਜਾਬੀ ਭਾਸ਼ਾ ਨੂੰ ਤਾਕਤ ਨਾ ਬਖਸ਼ਦੇ, ਤਾਂ ਇਹ ਹੋ ਸਕਦਾ ਸੀ ਕਿ ਹਿੰਦੀ ਉਤਰੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਨਿਗਲ ਜਾਂਦੀ।

***ਗੁਰਮੁਖੀ ਲਿਪੀ ਦਾ ਹੋਣਾ ਪੰਜਾਬੀ ਭਾਸ਼ਾ ਨੂੰ ਬਹੁਤ ਤਾਕਤ ਦਿੰਦਾ ਹੈ। ਹਿੰਦੁਸਤਾਨ ਦਾ ਸੰਵਿਧਾਨ ਬਣਦੇ ਵਕਤ ਹਿੰਦੀ ਖੇਤਰ ਦੇ ਨੇਤਾਵਾਂ ਨੇ ਪੱਛਮੀ ਭਾਰਤ ਦੇ ਨੇਤਾਵਾਂ ਨਾਲ ਮਿਲ ਕੇ ਹਿੰਦੀ ਨੂੰ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਉਚਾ ਰੁਤਬਾ ਦਿਵਾ ਦਿੱਤਾ। ਇਸ ਦਾ ਘਾਤਕ ਅਸਰ ਉਤਰੀ ਭਾਰਤ ਦੀਆਂ ਭਾਸ਼ਾਵਾਂ 'ਤੇ ਹੋਇਆ ਜਿਨ੍ਹਾਂ ਦਾ ਅਮੀਰ ਸਾਹਿਤ ਤੇ ਇਤਿਹਾਸ ਸੀ, ਪਰ ਲਿਪੀ ਨਹੀਂ ਸੀ। ਦੇਵਨਾਗਰੀ ਲਿਪੀ ਵਾਲੀ ਹਿੰਦੀ ਇਨ੍ਹਾਂ ਭਾਸ਼ਾਵਾਂ ਨੂੰ ਲਗਭਗ ਨਿਗਲ ਚੁੱਕੀ ਹੈ। ਜੇ ਗੁਰੂ ਅੰਗਦ ਦੇਵ ਗੁਰਮੁਖੀ ਲਿਪੀ ਦਾ ਵਿਕਾਸ ਕਰ ਕੇ ਪੰਜਾਬੀ ਭਾਸ਼ਾ ਨੂੰ ਤਾਕਤ ਨਾ ਬਖਸ਼ਦੇ, ਤਾਂ ਇਹ ਹੋ ਸਕਦਾ ਸੀ ਕਿ ਹਿੰਦੀ ਉਤਰੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਨਿਗਲ ਜਾਂਦੀ।***



***ਗੁਰੂ ਅੰਗਦ ਦੇਵ ਵੱਲੋਂ ਗੁਰਮੁਖੀ ਸਿਖਾਉਣ ਬਾਰੇ ਬਣਾਇਆ ਚਿਤਰ।***

ਇਹ ਦੱਬੀਆਂ-ਕੁਚਲੀਆਂ ਹੁਣ ਜ਼ੁਬਾਨਾਂ ਹੌਲੀ ਹੌਲੀ ਸਿਰ ਚੁੱਕ ਰਹੀਆਂ ਹਨ। ਮੈਥਿਲੀਆਂ ਦੇ ਸੰਘਰਸ਼ ਨੇ ਮੈਥਿਲੀ ਨੂੰ ਸੰਵਿਧਾਨਕ ਰੁਤਬਾ ਦਿਵਾਇਆ ਹੈ। ਇਸੇ ਤਰ੍ਹਾਂ 2003 ਵਿਚ ਸੰਥਾਲੀਆਂ ਨੇ ਸੰਘਰਸ਼ ਨਾਲ ਆਪਣੀ ਜ਼ੁਬਾਨ ਲਈ ਸੰਵਿਧਾਨਕ ਰੁਤਬਾ ਲੈ ਲਿਆ ਹੈ ਜਿਨ੍ਹਾਂ ਦੀ ਆਪਣੀ ਲਿਪੀ ਓਲਚਿਕੀ ਹੈ। ਗੁਰਮੁਖੀ ਲਿਪੀ ਵਾਲੀ ਪੰਜਾਬੀ ਨੂੰ ਹਿੰਦੀ ਸਾਮਰਾਜਵਾਦ ਖਿਲਾਫ਼ ਅਜਿਹੀਆਂ ਸਭ ਬੋਲੀਆਂ ਦੇ ਸੰਘਰਸ਼ ਦੀ ਪੁਰਜ਼ੋਰ ਮਦਦ ਕਰਨੀ ਚਾਹੀਦੀ ਹੈ। ਇਹਦੇ ਨਾਲ ਪੰਜਾਬੀਅਤ ਤੇ ਪੰਜਾਬੀ ਦਾ ਜਮਹੂਰੀਅਤ ਪੱਖੀ ਚਿਹਰਾ-ਮੋਹਰਾ ਅੱਗੇ ਆਵੇਗਾ ਅਤੇ ਜਮਹੂਰੀ ਤਾਕਤਾਂ ਦੀ ਮਿਲਣ ਵਾਲੀ ਮਦਦ ਨਾਲ ਪੰਜਾਬੀਅਤ ਗੁਣ ਤੇ ਤਾਕਤ ਪੱਖੋਂ ਹੋਰ ਮਜ਼ਬੂਤ ਹੋਵੇਗੀ।

ਫਿਲਮਾਂ ਤੇ ਸੰਗੀਤ ਵਿਚ ਵਧ ਰਿਹਾ ਪੰਜਾਬੀ ਅਸਰ ਵੀ ਪੰਜਾਬੀਅਤ ਲਈ ਸਹਾਈ ਹੈ। ਪੰਜਾਬ ਦੇ ਕਈ ਛੋਟੇ ਧਾਰਮਿਕ ਫਿਰਕਿਆਂ- ਰਾਧਾ ਸੁਆਮੀ, ਨਾਮਧਾਰੀ ਤੇ ਨਿਰੰਕਾਰੀ, ਨੇ ਵੀ ਪੰਜਾਬੀ ਜ਼ੁਬਾਨ, ਪਹਿਰਾਵੇ ਤੇ ਪੰਜਾਬੀ ਸਭਿਆਚਾਰ ਨੂੰ ਦੂਰ-ਦੁਰਾਡੇ ਪਹੁੰਚਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਉਨ੍ਹਾਂ ਦੇ ਪੰਜਾਬੀ ਜ਼ੁਬਾਨ ਨੂੰ ਅੱਗੇ ਵਧਾਉਣ ਵਿਚ ਪਾਏ ਯੋਗਦਾਨ ਬਾਰੇ ਖੋਜ ਕਰਨਾ ਅਜੇ ਬਾਕੀ ਹੈ। ਜੇ ਉਨ੍ਹਾਂ ਦੇ ਪੰਜਾਬੀ ਬੋਲੀ ਨੂੰ ਫੈਲਾਉਣ ਦੇ ਰੋਲ ਦਾ ਮੁਕੰਮਲ ਮੁਲੰਕਣ ਕੀਤਾ ਜਾਏ ਤਾਂ ਇਨ੍ਹਾਂ ਫਿਰਕਿਆਂ ਦੀ ਸਿੱਖਾਂ ਦੀ ਮੁਲਧਾਰਾ ਨਾਲ ਧਾਰਮਿਕ ਮਸਲਿਆਂ 'ਤੇ ਪਈ ਕੁੜੱਤਣ ਕੁਝ ਘਟ ਸਕਦੀ ਹੈ। ਇਉਂ ਪੰਜਾਬੀ ਤੇ ਪੰਜਾਬੀਅਤ ਨੂੰ ਹੋਰ ਤਾਕਤ ਮਿਲੇਗੀ।

ਪੰਜਾਬ ਵਿਚ ਮਜ਼ਦੂਰਾਂ, ਕਿਸਾਨਾਂ ਤੇ ਦਲਿਤਾਂ ਦੇ ਸੰਘਰਸ਼ ਅਤੇ ਖੱਬੇ-ਪੱਖੀ ਲਹਿਰਾਂ ਨੇ ਪੰਜਾਬੀ ਜ਼ੁਬਾਨ ਨੂੰ ਅਮੀਰ ਕਰਨ ਵਿਚ ਅਣਮੁੱਲਾ ਰੋਲ ਅਦਾ ਕੀਤਾ ਹੈ। ਮੈਂ ਸਿਰਫ ਦੋ ਮਿਸਾਲਾਂ ਕੇ ਇਸ ਵਿਚਾਰ ਦੀ ਸਚਿਆਈ ਉਜਾਗਰ ਕਰਨਾ ਚਾਹਾਂਗਾ। ਕਾਰਲ ਮਾਰਕਸ ਦੀ ਬੜੀ ਮਿਹਨਤ ਤੇ ਉਚੇ ਦਰਜੇ ਦੀ ਕਾਬਲੀਅਤ ਨਾਲ ਲਿਖੀ ਮਹਾਨ ਕਿਤਾਬ 'ਦਾਸ ਕੈਪੀਟਲ' ਦਾ ਪੰਜਾਬੀ ਵਿਚ ਅਨੁਵਾਦ ਹੋਣ ਨਾਲ ਪੰਜਾਬੀ ਕੌਮਾਂਤਰੀ ਪੱਧਰ ਦੀਆਂ ਭਾਸ਼ਾਵਾਂ ਵਿਚ ਸ਼ਾਮਲ ਹੋ ਗਈ। ਇਸੇ ਤਰ੍ਹਾਂ ਅੰਬੇਦਕਰ ਦੀਆਂ ਲਿਖਤਾਂ ਦੇ ਅਨੁਵਾਦ ਨਾਲ ਪੰਜਾਬੀ ਸ਼ਬਦਾਵਲੀ ਬਹੁਤ ਅਮੀਰ ਹੋਈ ਹੈ।

ਦਲਿਤਾਂ ਦੀ ਪੰਜਾਬੀ ਨਾਲ ਨੇੜਤਾ ਵੀ ਪੰਜਾਬੀ ਲਈ ਵੱਡੀ ਤਾਕਤ ਦਾ ਸੋਮਾ ਹੈ। ਇਸ ਬਾਰੇ ਮਿਸਾਲ ਮੈਂ ਆਪਣੇ ਸ਼ਹਿਰ ਆਕਸਫੋਰਡ ਤੋਂ ਦੇਣੀ ਚਾਹਾਂਗਾ। ਇੰਗਲੈਂਡ ਵਿਚ ਹੁਣ 'ਏ' ਪੱਧਰ ਦੇ ਇਮਤਿਹਾਨ (ਜੋ ਸਕੂਲ ਪੱਧਰ ਦਾ ਆਖਰੀ ਇਮਤਿਹਾਨ ਹੁੰਦਾ ਹੈ) ਵਿਚ ਪੰਜਾਬੀ ਵਿਸ਼ਾ ਲੈਣ ਦੀ ਪੂਰੀ ਖੁੱਲ੍ਹ ਹੈ। ਇਕ ਸਾਲ ਆਕਸਫੋਰਡ ਵਿਚੋਂ 22 ਬੱਚੇ 'ਏ' ਪੱਧਰ ਦੀ ਪੰਜਾਬੀ ਦਾ ਇਮਤਿਹਾਨ ਦੇਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਦੀ ਪੰਜਾਬੀ ਅਧਿਆਪਕਾ ਨੇ ਦੱਸਿਆ ਕਿ ਉਨ੍ਹਾਂ 22 ਬੱਚਿਆਂ ਵਿਚੋਂ ਸਿਰਫ਼ ਇਕ ਸਿੱਖ ਸੀ ਤੇ ਇਕ ਹਿੰਦੂ, ਬਾਕੀ ਦੇ 20 ਦਲਿਤ ਸਨ ਜੋ ਧਾਰਮਿਕ ਤੌਰ 'ਤੇ ਈਸਾਈ ਸਨ। ਇਸ ਵਿਸ਼ੇ ਨੂੰ ਥੋੜ੍ਹਾ ਹੋਰ ਘੋਖਣ ਤੋਂ ਬਾਅਦ ਮੈਂ ਇਸ ਸਿੱਟੇ ਉਤੇ ਪੁੱਜਿਆ ਕਿ ਮਜ਼ਦੂਰ/ਦਲਿਤ ਪੰਜਾਬੀਆਂ ਲਈ ਆਪਣੇ ਬੱਚਿਆਂ ਨਾਲ ਗੂੜ੍ਹਾ ਰਿਸ਼ਤਾ ਬਣਾਉਣ ਲਈ ਜ਼ਰੂਰੀ ਸੀ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਸਿੱਖਣ ਜਦ ਕਿ ਪੜ੍ਹੇ-ਲਿਖੇ ਮੱਧ-ਸ਼੍ਰੇਣੀ ਵਰਗ ਦੇ ਹਿੰਦੂ ਅਤੇ ਸਿੱਖ ਆਪਣੇ ਬੱਚਿਆਂ ਨਾਲ ਅੰਗਰੇਜ਼ੀ ਵਿਚ ਵੀ ਆਸਾਨੀ ਨਾਲ ਰਿਸ਼ਤਾ ਪਾ ਸਕਦੇ ਸਨ। ਇਨ੍ਹਾਂ ਦਲਿਤ ਪੰਜਾਬੀਆਂ ਨੇ ਗਿਰਜਾ ਘਰ ਨੂੰ ਵੀ ਦਬਾ ਕੇ ਇਹ ਮਨਾਇਆ ਕਿ ਗਿਰਜਾ ਘਰ ਵਿਚ ਸਿੱਖਿਆ ਤੇ ਹੋਰ ਧਾਰਮਿਕ ਕਾਰਵਾਈਆਂ ਪੰਜਾਬੀ ਵਿਚ ਕਰਵਾਈਆਂ ਜਾਣ। ਈਸਟ ਆਕਸਫੋਰਡ ਕਮਿਊਨਿਟੀ ਸੈਂਟਰ ਦੀਆਂ ਸੇਵਾਵਾਂ ਦਾ ਟਾਈਮ ਟੇਬਲ ਹੁਣ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਲਿਖਿਆ ਹੋਇਆ ਹੈ। ਪੰਜਾਬ ਤੇ ਵਿਦੇਸ਼ਾਂ ਵਿਚ ਪੰਜਾਬੀ ਵਿਚ ਛਪਣ ਵਾਲੀਆਂ ਕਿਤਾਬਾਂ, ਅਖਬਾਰਾਂ ਤੇ ਰਸਾਲੇ ਪੜ੍ਹਨ ਵਾਲਿਆਂ ਦਾ ਤਕੜਾ ਹਿੱਸਾ ਦਲਿਤ ਪੰਜਾਬੀਆਂ ਦਾ ਹੈ। ਆਪਣੇ 2009 ਵਾਲੇ ਪਾਕਿਸਤਾਨ ਦੌਰੇ ਸਮੇਂ ਇਕ ਗੱਲ ਬੜੀ ਨਿੱਖਰ ਕੇ ਸਾਹਮਣੇ ਆਈ ਕਿ ਉਥੋਂ ਦੇ ਪੰਜਾਬ ਵਿਚ ਪੰਜਾਬੀ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿਚ ਜ਼ਿੰਦਾ ਰੱਖਣ ਵਿਚ ਗਰੀਬ ਈਸਾਈਆਂ ਦਾ ਬੜਾ ਸਿੱਕੇਬੰਦ ਰੋਲ ਹੈ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਜਮਾਤਾਂ ਵਿਚ ਵੰਡੇ ਕਿਸੇ ਵੀ ਸਮਾਜ ਵਿਚ ਉਪਰਲੇ ਤਬਕੇ ਦੀ ਭਾਸ਼ਾ ਭਾਰੂ ਹੁੰਦੀ ਹੈ। ਇਸ ਪੱਖੋਂ ਦੇਖਿਆ ਜਾਏ ਤਾਂ ਪੰਜਾਬੀ ਸਮਾਜ ਦਾ ਛੋਟਾ ਜਿਹਾ ਉਪਰਲਾ ਵਰਗ ਦਿਨੋ-ਦਿਨ ਅੰਗਰੇਜ਼ੀ ਅਤੇ ਕੁਝ ਹੱਦ ਤੱਕ ਹਿੰਦੀ ਵੱਲ ਮੁੜ ਰਿਹਾ ਹੈ। ਇਨ੍ਹਾਂ ਤੋਂ ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਤਬਕੇ ਦੇ ਆਰਥਿਕ, ਸਿਆਸੀ ਤੇ ਸਭਿਆਚਾਰਕ ਗਲਬੇ ਨੂੰ ਆਮ ਲੋਕ ਪੰਜਾਬੀ ਜ਼ੁਬਾਨ ਦੇ ਮਾਧਿਅਮ ਤੇ ਪੰਜਾਬੀ ਸੰਘਰਸ਼ਾਂ ਦੁਆਰਾ ਹੀ ਤੋੜ ਸਕਦੇ ਹਨ। ਇਸ ਸਮਾਜਿਕ ਤੇ ਭਾਸ਼ਾਈ ਸੱਚ ਨੂੰ ਸਮਝ ਕੇ ਹੀ ਸਾਨੂੰ ਪੰਜਾਬੀਅਤ ਦੇ ਛੁਪੇ ਹੋਏ ਇਨਕਲਾਬੀ ਰੋਲ ਦਾ ਅਹਿਸਾਸ ਹੋ ਸਕਦਾ ਹੈ। ਇਹ ਸੱਚ ਪਾਕਿਸਤਾਨੀ ਪੰਜਾਬ ਵਿਚ, ਭਾਰਤੀ ਪੰਜਾਬ ਨਾਲੋਂ ਵੀ ਜ਼ਿਆਦਾ ਤਿੱਖੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਉਥੇ ਪੰਜਾਬੀ ਤੇ ਪੰਜਾਬੀਅਤ ਦੇ ਸਭ ਤੋਂ ਵੱਡੇ ਮੁਦਈ ਅਗਾਂਹਵਧੂ ਵਿਚਾਰਾਂ ਵਾਲੇ ਬੁੱਧੀਜੀਵੀ, ਸਾਹਿਤਕਾਰ, ਕਲਾਕਾਰ ਅਤੇ ਸਿਆਸੀ ਧੜੇ ਹਨ। ਉਹ ਇਹ ਗੱਲ ਸਾਫ਼ ਸਮਝ ਗਏ ਹਨ ਕਿ ਉਥੇ ਆਮ ਮਿਹਨਤਕਸ਼ਾਂ ਦੇ ਸੰਘਰਸ਼ ਅੰਗਰੇਜ਼ੀ ਜਾਂ ਪਾਕਿਸਤਾਨ ਦੀ ਅਖੌਤੀ ਕੌਮੀ ਜ਼ੁਬਾਨ ਉਰਦੂ ਵਿਚ ਨਹੀਂ ਲੜੇ ਜਾ ਸਕਦੇ। ਆਮ ਮਿਹਨਤਕਸ਼ਾਂ ਦੇ ਦਿਲ-ਓ-ਦਿਮਾਗ ਨੂੰ ਸਿਰਫ਼ ਪੰਜਾਬੀ ਲਫ਼ਜ਼ ਤੇ ਮੁਹਾਵਰਾ ਹੀ ਟੁੰਬ ਸਕਦਾ ਹੈ।

ਹੁਣ ਅਸੀਂ ਮੁੜਦੇ ਹਾਂ ਪੰਜਵੇਂ ਤੇ ਆਖਰੀ ਮੁੱਦੇ ਵੱਲ: ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਰੁਕਾਵਟਾਂ ਹਨ? ਇਹ ਰੁਕਾਵਟੀ ਤਾਕਤਾਂ ਮੁੱਖ ਤੌਰ 'ਤੇ ਦੋ ਤਰ੍ਹਾਂ ਦੀਆਂ ਹਨ: ਬਾਹਰਲੀਆਂ ਤੇ ਅੰਦਰੂਨੀ। ਕੁਝ ਰੁਕਾਵਟਾਂ ਨਾਂਹ-ਪੱਖੀ ਜਾਂ ਵਿਗਾੜ-ਪਾਊ ਤਾਕਤਾਂ ਇਨ੍ਹਾਂ ਬਾਹਰਲੀਆਂ ਤੇ ਅੰਦਰੂਨੀ ਤਾਕਤਾਂ ਦੇ ਆਖਰੀ ਅਸਰ ਵਿਚੋਂ ਪੈਦਾ ਹੋਈਆਂ ਹਨ। ਬਾਹਰਲੀਆਂ ਰੁਕਾਵਟੀ ਤਾਕਤਾਂ ਵਿਚ ਮੁੱਖ ਤੌਰ 'ਤੇ ਦੋ ਹਨ: ਪਹਿਲਾ, ਸੰਸਾਰੀਕਰਨ ਜੋ ਅੰਗਰੇਜ਼ੀ ਦੇ ਵਧਣ-ਫੁੱਲਣ ਵਿਚ ਬੜੀ ਭਾਰੂ ਤਾਕਤ ਹੈ ਤੇ ਜਿਸ ਦਾ ਦੁਨੀਆਂ ਦੀਆਂ ਸਾਰੀਆਂ ਗੈਰ-ਅੰਗਰੇਜ਼ੀ ਜ਼ੁਬਾਨਾਂ 'ਤੇ ਮਾੜਾ ਅਸਰ ਹੈ। ਦੂਜਾ, ਭਾਰਤੀ ਰਾਜ ਪ੍ਰਬੰਧ ਵਿਚ ਹਿੰਦੀ ਨੂੰ ਪ੍ਰਮੁਖਤਾ ਦਿੱਤੀ ਗਈ ਹੈ। ਕਦੇ ਘੱਟ ਤੇ ਕਦੇ ਵੱਧ ਇਹ ਹਿੰਦੀ ਸਾਮਰਾਜਵਾਦ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਪੰਜਾਬੀਅਤ ਦਾ ਸੰਸਾਰੀਕਰਨ ਅਤੇ ਅੰਗਰੇਜ਼ੀ ਦੇ ਵਧ ਰਹੇ ਪ੍ਰਭਾਵ ਵੱਲ ਨਜ਼ਰੀਆ ਦੋ-ਪੱਖੀ ਹੋਣ ਦੀ ਲੋੜ ਹੈ। ਇਸ ਦੇ ਨਾਂਹ-ਮੁਖੀ ਅਸਰਾਂ ਦੇ ਬਾਵਜੂਦ ਇਸ ਨੂੰ ਇਤਿਹਾਸਕ ਸੱਚਾਈ ਮੰਨ ਕੇ ਇਸ ਨਾਲ ਰਚਨਾਤਮਕ ਢੰਗ ਨਾਲ ਜੂਝਣ ਦੀ ਲੋੜ ਹੈ। ਸੰਸਾਰੀਕਰਨ ਤਕਨਾਲੋਜੀ ਪੱਖੋਂ ਅਤੇ ਵਿਦੇਸ਼ਾਂ ਵਿਚ ਪੰਜਾਬੀਆਂ ਦੀ ਵਧ ਰਹੀ ਸੰਖਿਆ ਅਤੇ ਸਿਆਸੀ ਸਮਾਜਿਕ ਸਭਿਆਚਾਰਕ ਤਾਕਤ ਕਰ ਕੇ ਪੰਜਾਬੀਅਤ ਦੀ ਅਹਿਮੀਅਤ ਵਧਾਉਣ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰ ਰਿਹਾ ਹੈ। ਇਨ੍ਹਾਂ ਸੰਭਾਵਨਾਵਾਂ ਨੂੰ ਜੀ ਆਇਆਂ ਸਮਝ ਕੇ ਇਨ੍ਹਾਂ ਨੂੰ ਹੋਰ ਅੱਗੇ ਵਧਾਉਣ ਦੇ ਮੌਕੇ ਸੋਚਣ ਅਤੇ ਅਪਣਾਉਣ ਦੀ ਲੋੜ ਹੈ। ਇਹ ਨਜ਼ਰੀਆ ਅਪਣਾਉਣ ਨਾਲ ਸੰਸਾਰੀਕਰਨ ਦੀ ਏਕੀਕਰਨ ਦੀ ਘਾਤਕ ਸ਼ਕਤੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਨੇਕਤਾ ਦੇ ਸੰਸਾਰਕ ਦਾਇਰੇ ਨੂੰ ਹੋਰ ਚੌੜਾ ਕੀਤਾ ਜਾ ਸਕਦਾ ਹੈ।

ਪੰਜਾਬੀਅਤ ਦਾ ਅੰਗਰੇਜ਼ੀ ਵੱਲ ਨਜ਼ਰੀਆ ਵੀ ਰਚਨਾਤਮਕ ਸੰਘਰਸ਼ ਦਾ ਹੋਣਾ ਚਾਹੀਦਾ ਹੈ। ਅੰਗਰੇਜ਼ੀ ਬਿਨਾਂ ਸ਼ੱਕ ਸਭ ਤੋਂ ਅਮੀਰ ਕੌਮਾਂਤਰੀ ਭਾਸ਼ਾ ਬਣ ਗਈ ਹੈ ਅਤੇ ਦੁਨੀਆਂ ਦੇ ਹਰ ਖੇਤਰ ਵਿਚ ਗਿਆਨ ਦਾ ਵਾਧਾ ਕਰਨ ਵਿਚ ਇਸ ਭਾਸ਼ਾ ਦੀ ਮੋਢੀ ਥਾਂ ਹੈ। ਪੰਜਾਬੀਆਂ ਨੂੰ ਵਧੀਆ ਦਰਜੇ ਦੀ ਅੰਗਰੇਜ਼ੀ ਸਿੱਖਣੀ ਚਾਹੀਦੀ ਹੈ, ਪਰ ਵਿਦਿਆ ਦੇ ਪਹਿਲੇ ਸਾਲਾਂ ਵਿਚ ਇਸ ਦੀ ਥਾਂ ਪੰਜਾਬੀ ਮਾਂ ਬੋਲੀ ਦੀ ਸਰਦਾਰੀ ਹੋਣੀ ਚਾਹੀਦੀ ਹੈ। ਜਦ ਪੰਜਾਬੀ ਬੱਚੇ ਪਹਿਲੇ ਕੁਝ ਸਾਲਾਂ ਵਿਚ ਮਾਂ ਬੋਲੀ ਰਾਹੀਂ ਆਪਣੀਆਂ ਰਚਨਾਤਮਕ ਸ਼ਕਤੀਆਂ ਨੂੰ ਤਿੱਖੇ ਕਰ ਚੁੱਕੇ ਹੋਣ, ਉਸ ਤੋਂ ਬਾਅਦ ਅੰਗਰੇਜ਼ੀ ਸਿੱਖਣਾ ਲਾਹੇਵੰਦ ਹੋਵੇਗਾ। ਮੁੱਢਲੀ ਵਿਦਿਆ ਦੇ ਸਾਲਾਂ ਵਿਚ ਪੰਜਾਬੀ ਬੱਚਿਆਂ 'ਤੇ ਅੰਗਰੇਜ਼ੀ ਥੋਪਣਾ ਉਨ੍ਹਾਂ ਦੀਆਂ ਕਾਲਪਨਿਕ ਰਚਨਾਤਮਕ ਸ਼ਕਤੀਆਂ ਨੂੰ ਕੁਚਲਣ ਵਾਲੀ ਗੱਲ ਹੈ। ਅੰਗਰੇਜ਼ੀ ਸਿੱਖਣਾ ਜ਼ਰੂਰੀ ਹੈ, ਅੰਗਰੇਜ਼ੀ ਦੀ ਸਰਦਾਰੀ ਘਾਤਕ ਹੈ। ਪੰਜਾਬੀ ਨੂੰ ਜ਼ਿਆਦਾ ਖਤਰਾ ਹਿੰਦੀ ਤੋਂ ਹੈ (ਹਾਲਾਂਕਿ ਉਨਾ ਨਹੀਂ, ਜਿੰਨਾ ਉਤਰੀ ਭਾਰਤ ਦੀਆਂ ਉਨ੍ਹਾਂ ਜ਼ੁਬਾਨਾਂ ਨੂੰ ਹੈ ਜਿਨ੍ਹਾਂ ਦੀ ਆਪਣੀ ਲਿਪੀ ਨਹੀਂ, ਜਿਵੇਂ ਹਰਿਆਣੇ ਦੀ ਜ਼ੁਬਾਨ ਹਰਿਆਣਵੀ ਨੂੰ ਹੈ)। ਹਿੰਦੀ ਬੌਧਿਕ ਪੱਖੋਂ ਪੰਜਾਬੀ ਨਾਲੋਂ ਅਮੀਰ ਨਹੀਂ ਹੈ, ਜਿਵੇਂ ਅੰਗਰੇਜ਼ੀ ਅਮੀਰ ਹੈ।

ਦੱਖਣੀ ਤੇ ਪੂਰਬੀ ਭਾਰਤ ਦੇ ਸੂਬਿਆਂ ਦੀਆਂ ਭਾਸ਼ਾਵਾਂ ਦੇ ਲੋਕ ਹਿੰਦੀ ਨੂੰ ਸਿਆਸੀ ਮਜਬੂਰੀ ਸਮਝ ਕੇ ਪੜ੍ਹਦੇ ਹਨ, ਇਸ ਦੀ ਬੌਧਿਕ ਲੋੜ ਕਰ ਕੇ ਨਹੀਂ। ਤਾਮਿਲ ਵਰਗੀਆਂ ਜ਼ੁਬਾਨਾਂ ਸਾਹਿਤਕ ਅਮੀਰੀ ਪੱਖੋਂ ਹਿੰਦੀ ਤੋਂ ਕਈ ਗੁਣਾਂ ਅਮੀਰ ਹਨ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜੇ ਤਾਮਿਲਨਾਡੂ ਆਜ਼ਾਦ ਦੇਸ਼ ਹੋਵੇ ਤੇ ਭਾਰਤੀ ਸੰਘ ਦਾ ਹਿੱਸਾ ਨਾ ਹੋਵੇ, ਤਾਂ ਉਥੇ ਕਿਸੇ ਵੀ ਪੱਧਰ 'ਤੇ ਹਿੰਦੀ ਲਾਜ਼ਮੀ ਤੌਰ 'ਤੇ ਨਹੀਂ ਪੜ੍ਹਾਈ ਜਾਵੇਗੀ, ਪਰ ਅਜਿਹਾ ਆਜ਼ਾਦ ਤਾਮਿਲਨਾਡੂ ਵੀ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਨਾ ਜ਼ਰੂਰੀ ਸਮਝੇਗਾ। ਹਿੰਦੀ, ਹਿੰਦੀ ਖੇਤਰ ਦੀ ਉਸੇ ਤਰ੍ਹਾਂ ਖੇਤਰੀ ਭਾਸ਼ਾ ਹੈ ਜਿਵੇਂ ਬੰਗਾਲ ਦੀ ਬੰਗਲਾ, ਆਸਾਮ ਦੀ ਆਸਾਮੀ, ਆਂਧਰਾ ਪ੍ਰਦੇਸ਼ ਦੀ ਤੇਲਗੂ ਅਤੇ ਪੰਜਾਬ ਦੀ ਪੰਜਾਬੀ। ਇਸ ਖੇਤਰੀ ਭਾਸ਼ਾ ਨੂੰ ਦੂਜੇ ਖੇਤਰਾਂ ਉਤੇ ਅਖੌਤੀ ਕੌਮੀ ਭਾਸ਼ਾ ਵਜੋਂ ਇਸ ਲਈ ਥੋਪਿਆ ਗਿਆ ਹੈ, ਕਿਉਂਕਿ ਇਸ ਖੇਤਰ ਦੇ, ਤੇ ਇਨ੍ਹਾਂ ਦੇ ਹਮਾਇਤੀ ਪੱਛਮੀ ਭਾਰਤ (ਗੁਜਰਾਤ, ਮਹਾਰਾਸ਼ਟਰ) ਦੇ ਸਿਆਸਤਦਾਨਾਂ ਦਾ ਭਾਰਤੀ ਸੰਵਿਧਾਨ ਘੜਦੇ ਵਕਤ ਸਿਆਸੀ ਗਲਬਾ ਸੀ। ਇਸ ਸਿਆਸੀ ਗਲਬੇ ਵਾਲੀ ਜੁੰਡਲੀ ਨੂੰ ਦੂਜੇ ਖੇਤਰਾਂ ਦੇ ਕੁਝ ਸਿਆਸਤਦਾਨਾਂ ਨੇ ਮੌਕਾਪ੍ਰਸਤੀ ਕਰ ਕੇ ਹਿੰਦੀ ਨੂੰ ਅਖੌਤੀ ਕੌਮੀ ਭਾਸ਼ਾ ਕਰਾਰ ਦੇਣ ਵਿਚ ਮਦਦ ਦਿੱਤੀ। ਮਸਲਨ, ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਮੈਥਿਲੀ ਸਨ, ਪਰ ਉਨ੍ਹਾਂ ਹਿੰਦੀ ਦੀ ਹਮਾਇਤ ਕੀਤੀ ਅਤੇ ਹੁਣ ਤੱਕ ਮੈਥਿਲੀ ਲੋਕ ਰਾਜਿੰਦਰ ਪ੍ਰਸਾਦ ਨੂੰ 'ਗੱਦਾਰ' ਲਫ਼ਜ਼ ਵਰਤ ਕੇ ਯਾਦ ਕਰਦੇ ਹਨ।

ਪੰਜਾਬੀਆਂ ਨੂੰ ਠੋਕ ਵਜਾ ਕੇ ਅਤੇ ਧੜੱਲੇ ਨਾਲ ਗੈਰ-ਹਿੰਦੀ ਰਾਜਾਂ ਨਾਲ ਦੋਸਤੀ ਅਤੇ ਸਾਂਝ ਪਾ ਕੇ ਹਿੰਦੀ ਦੇ ਗਲਬੇ ਨੂੰ ਤੋੜਨ ਦੀ ਮੁਹਿੰਮ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਿੰਦੀ ਨੂੰ ਨਫ਼ਰਤ ਕੀਤੀ ਜਾਵੇ; ਹਿੰਦੀ ਬੜੀ ਮਿੱਠੀ ਤੇ ਸਾਹਿਤਕ ਅਮੀਰੀ ਵਾਲੀ ਭਾਸ਼ਾ ਹੈ। ਇਸ ਨੂੰ ਆਪਣੇ ਹਿੰਦੀ ਖੇਤਰਾਂ ਵਿਚ ਵਧਣਾ-ਫੁਲਣਾ ਚਾਹੀਦਾ ਹੈ, ਪਰ ਇਸ ਨੂੰ ਦੂਜੇ ਖੇਤਰਾਂ ਦੀਆਂ ਭਾਸ਼ਾਵਾਂ 'ਤੇ ਗਲਬਾ ਪਾਉਣ ਦਾ ਕੋਈ ਹੱਕ ਨਹੀਂ। ਹਿੰਦੀ ਨਾਲ ਹਿੰਦੀ ਖੇਤਰ ਦੀ ਖੇਤਰੀ ਭਾਸ਼ਾ ਦੇ ਤੌਰ 'ਤੇ ਦੋਸਤੀ, ਪਰ ਅਖੌਤੀ ਕੌਮੀ ਭਾਸ਼ਾ ਦੇ ਤੌਰ 'ਤੇ ਟੱਕਰ। ਇਹ ਹੈ ਮੁੱਦਾ।

ਜਿਥੋਂ ਤੱਕ ਪੰਜਾਬੀਅਤ ਨੂੰ ਵਿਗਾੜਨ ਵਾਲੇ ਅੰਦਰੂਨੀ ਪੱਖਾਂ ਦਾ ਸਬੰਧ ਹੈ, ਉਹ ਮੁੱਖ ਤੌਰ 'ਤੇ ਦੋ ਹਨ: ਜਾਤ-ਪਾਤ ਦਾ ਜ਼ਹਿਰ ਤੇ ਸਮਾਜਿਕ ਮਰਦ ਪ੍ਰਧਾਨਗੀ। ਗੁਰੂਆਂ ਦੇ ਇਨਸਾਨੀ ਬਰਾਬਰੀ ਦੇ ਮਹਾਨ ਸੁਨੇਹੇ ਤੇ ਸੰਸਥਾਵਾਂ (ਲੰਗਰ, ਪੰਗਤ, ਸੰਗਤ) ਨੇ ਜਾਤ-ਪਾਤ ਅਤੇ ਔਰਤ ਦੀ ਗੁਲਾਮੀ ਉਤੇ ਵੱਡੀ ਸੱਟ ਮਾਰੀ ਸੀ। ਇਸ ਦਾ ਪੰਜਾਬੀ ਸਭਿਆਚਾਰ ਉਤੇ ਬਿਨਾਂ ਸ਼ੱਕ ਬਹੁਤ ਪ੍ਰਭਾਵ ਪਿਆ, ਜਿਵੇਂ ਪੰਜਾਬੀ ਵਿਚ ਛੂਆ-ਛਾਤ ਹਿੰਦੂ ਬਹੁ-ਗਿਣਤੀ ਵਾਲੇ ਸੂਬਿਆਂ ਵਾਂਗ ਡੂੰਘਾ ਨਹੀਂ ਹੈ ਅਤੇ ਪੰਜਾਬੀ ਔਰਤ ਆਪਣੀ ਆਜ਼ਾਦਾਨਾ ਸਪਿਰਟ ਵਾਸਤੇ ਮਸ਼ਹੂਰ ਹੈ, ਪਰ ਜਾਤ-ਪਾਤ ਦਾ ਜ਼ਹਿਰ ਪੰਜਾਬੀ ਸਮਾਜ ਵਿਚ ਫਿਰ ਆਣ ਵੜਿਆ ਹੈ। ਕਈ ਸਦੀਆਂ ਤੋਂ ਮਰਦ ਪ੍ਰਧਾਨਗੀ ਅਤੇ ਮਰਦਊਪੁਣਾ ਬੜੇ ਘਿਨਾਉਣੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਸਭਿਆਚਾਰਕ ਤੌਰ 'ਤੇ ਮਰਦਊਪੁਣਾ ਪੰਜਾਬੀ ਗਾਣਿਆਂ ਵਿਚ ਘਟੀਆ ਕਿਸਮ ਦੇ ਲੜਾਕੇਪਣ ਦੀਆਂ ਕਠਿਨਾਈਆਂ ਵਿਚ ਜ਼ਾਹਰ ਹੁੰਦਾ ਹੈ ਅਤੇ ਸਮਾਜਿਕ/ਆਰਥਿਕ ਤੌਰ 'ਤੇ ਮੁੰਡੇ/ਪੁੱਤ ਲਈ ਤਰਜੀਹ ਅਤੇ ਧੀਆਂ ਦੇ ਘਾਣ (ਮਾਦਾ ਭਰੂਣ ਹੱਤਿਆ) ਦੇ ਡਰਾਉਣੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਪੰਜਾਬੀ ਸਮਾਜ ਦੀਆਂ ਇਹ ਅੰਦਰੂਨੀ ਕਮਜ਼ੋਰੀਆਂ ਜਦੋਂ ਬਾਹਰੀ ਕਿਰਿਆਵਾਂ (ਸੰਸਾਰੀਕਰਨ) ਨਾਲ ਮਿਲਦੀਆਂ ਹਨ ਤਾਂ ਇਨ੍ਹਾਂ ਦੇ ਮਿਲਾਪ ਵਿਚੋਂ ਪੈਦਾ ਹੁੰਦਾ ਹੈ ਘਟੀਆ ਖਪਤਵਾਦ। ਪੂੰਜੀਵਾਦ ਦੇ ਆਰਥਿਕ ਫੈਲਾਅ ਨਾਲ ਭਾਵੇਂ ਖਪਤਵਾਦ ਦੇ ਇਸ ਮਾਰੂ ਸਭਿਆਚਾਰਕ ਅਸਰ ਤੋਂ ਬਹੁਤ ਘੱਟ ਖਿੱਤੇ (ਜਿਵੇਂ ਲਾਤੀਨੀ ਅਮਰੀਕਾ ਦੇ ਕੁਝ ਦੇਸ਼) ਬਚੇ ਹਨ, ਪਰ ਪੰਜਾਬੀਆਂ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ 'ਤੇ ਤਾਂ ਇਹ ਮਾਰ ਬਹੁਤ ਡੂੰਘੀ ਹੈ। ਚੀਜ਼ਾਂ (ਘਰ, ਕਾਰਾਂ, ਗਹਿਣੇ, ਕੱਪੜੇ) ਦਾ ਦਿਖਾਵਾ, ਪੈਸਾ ਹਥਿਆਉਣ ਦੀ ਅੰਨ੍ਹੀ ਭੁੱਖ ਤੇ ਮੁਕਾਬਲੇਬਾਜ਼ੀ ਪੰਜਾਬੀ ਸਮਾਜ ਨੂੰ ਹੀਣਾ ਕਰ ਰਹੇ ਹਨ। ਪੰਜਾਬ ਵਿਚ ਆਏ ਪੂੰਜੀਵਾਦੀ ਹਰੇ ਇਨਕਲਾਬ ਨੇ ਜਿਥੇ ਪੰਜਾਬੀਆਂ ਨੂੰ ਆਮਦਨ ਪੱਖੋਂ ਕੁਝ ਉਪਰ ਚੁੱਕਿਆ ਹੈ, ਉਥੇ ਸਮਾਜਿਕ ਪੱਖੋਂ ਖੋਖਲੇ ਕੀਤਾ ਹੈ ਅਤੇ ਬਲਿਹਾਰੀ ਕੁਦਰਤ ਉਤੇ ਆਪਾ-ਮਾਰੂ ਹਿੰਸਾ ਕੀਤੀ ਹੈ।

ਆਰਥਿਕ, ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਦਲਦਲ ਵਿਚ ਫਸੀ ਪੰਜਾਬੀਅਤ ਨੂੰ ਦੇਖ ਕੇ ਜਿਥੇ ਡੂੰਘੀ ਨਿਰਾਸ਼ਾ ਹੁੰਦੀ ਹੈ, ਉਥੇ ਕੁਝ ਸ਼ਲਾਘਾਯੋਗ ਯਤਨ ਜਿਵੇਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਕੁਦਰਤ ਨਾਲ ਜੁੜਨ ਦੇ ਪ੍ਰੋਜੈਕਟ, ਪਿੰਗਲਵਾੜੇ ਦਾ ਕੁਦਰਤ ਨੂੰ ਬਚਾਉਣ ਤੇ ਮਜ਼ਲੂਮਾਂ ਨੂੰ ਸਹਾਰਾ ਦੇਣ ਦਾ ਪ੍ਰੋਜੈਕਟ, ਫਰੀਦਕੋਟ ਵਿਚ ਔਰਤਾਂ ਦੀ ਅਣਖ ਲਈ ਲੜੇ ਸੰਘਰਸ਼, ਕਈ ਪਿੰਡਾਂ ਵਿਚ ਦਲਿਤਾਂ ਤੇ ਗਰੀਬ ਕਿਸਾਨਾਂ ਦੇ ਸੰਘਰਸ਼, ਕਈ ਸਾਹਿਤ ਸਭਾਵਾਂ, ਅਖਬਾਰਾਂ ਤੇ ਟੀ.ਵੀ. ਚੈਨਲਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਵੰਗਾਰ, ਕੁਝ ਵਧੀਆ ਪੰਜਾਬੀ ਫਿਲਮਾਂ ਅਤੇ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਦੇ ਪ੍ਰੋਜੈਕਟ, ਉਮੀਦ ਦੀਆਂ ਕਿਰਨਾਂ ਰੌਸ਼ਨ ਕਰਦੇ ਹਨ।

ਕੋਈ ਵੀ ਕੌਮ ਆਪਣੇ ਆਪ ਹੀ ਸਹੀ ਰਸਤਾ ਨਹੀਂ ਲੱਭ ਲੈਂਦੀ। ਇਸ ਲਈ ਤਿੱਖੀ ਪੜਚੋਲ, ਲੰਮੀ ਸੋਚ ਅਤੇ ਉਦਮੀ ਕਾਰਵਾਈ ਦੀ ਲੋੜ ਹੁੰਦੀ ਹੈ। ਜੇ ਪੰਜਾਬੀਅਤ ਨੇ ਆਪਣੇ ਆਪ ਨੂੰ ਬੁਲੰਦੀਆਂ ਵੱਲ ਲਿਜਾਣਾ ਹੈ ਤਾਂ ਆਪਣੀ ਮਾਂ ਬੋਲੀ ਨਾਲ ਜੁੜਨਾ ਪਏਗਾ, ਆਪਣੀ ਧਰਤੀ/ਕੁਦਰਤ ਨਾਲ ਸਾਂਝ ਪਾਉਣੀ ਪਵੇਗੀ, ਜਰਵਾਣਿਆਂ ਨੂੰ ਵੰਗਾਰ ਕੇ ਨਿਮਾਣਿਆਂ ਦੇ ਅੰਗ-ਸੰਗ ਖੜ੍ਹਨਾ ਪਏਗਾ, ਮਰਦਊਪੁਣੇ ਨੂੰ ਤਿਲਾਂਜਲੀ ਦੇ ਕੇ ਸਮਾਜਿਕ ਬਰਾਬਰੀ ਨੂੰ ਸਤਿਕਾਰਨਾ ਅਤੇ ਅਪਣਾਉਣਾ ਪਏਗਾ, ਫੋਕੀ ਸ਼ੋਹਰਤ/ਦਿਖਾਵੇ ਵਾਲੇ ਸਭਿਆਚਾਰ ਤੋਂ ਮੁਕਤ ਹੋ ਕੇ ਉਚੇ-ਸੁੱਚੇ ਮਿਹਨਤਕਸ਼ ਤੇ ਸਾਂਝੀਵਾਲਤਾ ਵਾਲੇ ਸਭਿਆਚਾਰ ਦੇ ਨਿਸ਼ਾਨੇ ਵੱਲ ਵਧਣਾ ਪਏਗਾ, ਪਰਉਪਕਾਰੀ ਵਿਦਿਆ ਨੂੰ ਫੈਲਾਉਣਾ ਪਏਗਾ। ਇਨਕਲਾਬੀ ਤੇ ਸੁੰਦਰ ਪੰਜਾਬੀਅਤ ਦਾ ਭਵਿਖ ਇਨ੍ਹਾਂ ਵਿਚਾਰਾਂ ਦੇ ਟਕਰਾਓ ਅਤੇ ਸਮਾਜਿਕ/ਕੁਦਰਤੀ ਘੋਲਾਂ ਵਿਚੋਂ ਹੀ ਨਿਕਲੇਗਾ।

# ਆਖਰੀ ਮੁਗ਼ਲ ਤੇ ਅੰਗਰੇਜ਼

***ਉਘੇ ਲਿਖਾਰੀ ਵਿਲੀਅਮ ਡੈਲਰਿੰਪਲ ਨੇ ਆਪਣੀ ਪੁਸਤਕ 'ਦਿ ਲਾਸਟ ਮੁ.ਗਲ' ਵਿਚ ਬਹਾਦਰ ਸ਼ਾਹ ਜ਼ਫ਼ਰ ਅਤੇ ਉਸ ਦੌਰ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਇਸ ਵਿਚ ਬਸਤੀਵਾਦੀ ਹਾਕਮਾਂ ਦੀਆਂ ਸਾਜ਼ਿਸ਼ਾਂ ਬਾਰੇ ਬੜੇ ਅਹਿਮ, ਪਰ ਖੌਫਨਾਕ ਵੇਰਵੇ ਮਿਲਦੇ ਹਨ। ਦਿੱਲੀ ਉਤੇ ਕਬਜ਼ੇ ਲਈ ਅੰਗਰੇਜ਼ਾਂ ਨੇ ਕੀ-ਕੀ ਕੀਤਾ, ਇਹ ਤਫਸੀਲ ਡਾ. ਪਰਮਜੀਤ ਢੀਂਗਰਾ ਨੇ ਆਪਣੇ ਇਸ ਲੇਖ ਵਿਚ ਦਰਜ ਕੀਤੀ ਹੈ। ਉਨ੍ਹਾਂ ਇਹ ਲੇਖ 'ਦਿ ਲਾਸਟ ਮੁ.ਗਲ' ਨੂੰ ਆਧਾਰ ਬਣਾ ਕੇ ਲਿਖਿਆ ਹੈ। -ਸੰਪਾਦਕ***



**ਪਰਮਜੀਤ ਢੀਂਗਰਾ**

ਬਸਤੀਵਾਦੀ ਹਾਕਮਾਂ ਨੇ ਭਾਰਤੀ ਇਤਿਹਾਸ ਨੂੰ ਤੋੜਨ-ਮਰੋੜਨ ਅਤੇ ਇਸ ਦੀਆਂ ਚਿਰ-ਸਥਾਈ ਰਵਾਇਤਾਂ ਨੂੰ ਤਹਿਸ ਨਹਿਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਭਾਰਤ ਦੇ ਅਖੀਰਲੇ ਮੁ.ਗਲ ਸ਼ਾਸਕ ਬਹਾਦਰ ਸ਼ਾਹ ਜ਼ਫ਼ਰ ਨਾਲ ਜੋ ਉਨ੍ਹਾਂ ਕੀਤਾ, ਉਹ ਦਰਦ ਭਿੱਜੀ ਦਾਸਤਾਨ ਹੈ। ਉਸ ਦੇ ਸ਼ਾਹੀ ਠਾਠ-ਬਾਠ, ਗੌਰਵ, ਰੋਅਬ-ਦਾਬ ਨੂੰ ਉਨ੍ਹਾਂ ਨੇ ਆਪਣੀਆਂ ਕੁਟਿਲ ਨੀਤੀਆਂ ਅਤੇ ਹਾਕਮੀ ਦਾਬੇ ਨਾਲ ਮਿੱਟੀ ਵਿਚ ਮਿਲਾ ਦਿੱਤਾ।

ਬਰਮਾ ਦੀ ਰਾਜਧਾਨੀ ਰੰਗੂਨ (ਹੁਣ ਯੈਂਗੌਨ) ਸ਼ਹਿਰ, ਸਰਦੀਆਂ ਦੀ ਇਕ ਠੰਢੀ, ਧੁੰਦਲੀ ਸ਼ਾਮ, ਬਰਸਾਤ ਦਾ ਮੌਸਮ, ਸ਼ਾਮ ਦੇ ਚਾਰ ਵਜੇ, ਸਫ਼ੇਦ ਕਫ਼ਨ ਵਿਚ ਲਿਪਟੀ ਲਾਸ਼, ਕੁਝ ਅੰਗਰੇਜ਼ ਦਸਤੇ ਉਸ ਲਾਸ਼ ਨੂੰ ਜੇਲ੍ਹ ਦੀ ਚਾਰਦੀਵਾਰੀ ਪਿੱਛੇ ਬਣੀ ਗੁੰਮਨਾਮ ਕਬਰ ਵੱਲ ਚੁੱਪ-ਚੁਪੀਤੇ ਲਿਜਾ ਰਹੇ ਹਨ। ਇਹ ਜੇਲ੍ਹ ਰੰਗੂਨ ਦਰਿਆ ਦੇ ਗੰਧਲੇ ਪਾਣੀਆਂ ਕੰਢੇ ਬਣੇ ਸ਼ਵੇ ਦੇਗੋਨ ਪੈਗੋਡੇ ਦੇ ਸੁਨਹਿਰੀ ਕਲਸ਼ ਦੇ ਹੇਠਾਂ ਵੱਲ ਪਹਾੜ ਦੀ ਢਲਾਨ 'ਤੇ ਬਣੀ ਹੋਈ ਹੈ। ਇਸ ਦੀ ਚਾਰ ਦੀਵਾਰੀ ਦੇ ਚਾਰੇ ਪਾਸੇ ਬੰਦਰਗਾਹ ਅਤੇ ਤੀਰਥ ਸਥਾਨ ਸਨ, ਪਰ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਬਰਬਾਦ ਕਰ ਕੇ ਅਤੇ ਜਲਾ ਕੇ ਉਨ੍ਹਾਂ 'ਤੇ ਕਬਜ਼ਾ ਕਰ ਲਿਆ। ਲਿਜਾਇਆ ਜਾ ਰਿਹਾ ਜਨਾਜ਼ਾ ਉਸ ਸ਼ਖ਼ਸ ਦਾ ਹੈ ਜਿਸ ਨੂੰ 'ਹਕੂਮਤ ਦਾ ਕੈਦੀ' ਨਾਂ ਦਿੱਤਾ ਗਿਆ ਸੀ। ਉਸ ਦੇ ਜਨਾਜ਼ੇ ਨਾਲ ਸਿਰਫ਼ ਉਸ ਦੇ ਦੋ ਬੇਟੇ ਤੇ ਲੰਮੀ ਦਾੜ੍ਹੀ ਵਾਲਾ ਮੁੱਲਾਂ ਹਨ। ਔਰਤਾਂ ਨੂੰ ਜਨਾਜ਼ੇ ਨਾਲ ਜਾਣ ਦੀ ਇਜਾਜ਼ਤ ਨਹੀਂ ਸੀ। ਕੁਝ ਲੋਕ ਜਿਨ੍ਹਾਂ ਨੂੰ ਹਕੂਮਤ ਦੇ ਕੈਦੀ ਦੀ ਮੌਤ ਦੀ ਖ਼ਬਰ ਮਿਲ ਗਈ ਸੀ, ਜਨਾਜ਼ੇ ਦੇ ਪਿੱਛੇ-ਪਿੱਛੇ ਆ ਰਹੇ ਹਨ, ਪਰ ਹਥਿਆਰਬੰਦ ਸਿਪਾਹੀ ਉਨ੍ਹਾਂ ਨੂੰ ਉਸ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਦੋ ਤਿੰਨ ਜਣੇ ਪੁਲਿਸ ਦਾ ਘੇਰਾ ਤੋੜ ਕੇ ਅੰਦਰ ਵੜ ਗਏ ਅਤੇ ਲਾਸ਼ ਨੂੰ ਕਬਰ ਵਿਚ ਸਮਾਉਣ ਤੋਂ ਪਹਿਲਾਂ ਉਸ ਨੂੰ ਸ਼ਰਧਾ ਨਾਲ ਛੋਹ ਰਹੇ ਹਨ।

ਜਨਾਜ਼ੇ ਦੀ ਰਸਮ ਬੜੀ ਸੰਖੇਪ ਜਿਹੀ ਸੀ। ਬ੍ਰਿਟਿਸ਼ ਹਕੂਮਤ ਨੇ ਸਭ ਕੁਝ ਦਾ ਪਹਿਲਾਂ ਹੀ ਇੰਤਜ਼ਾਮ ਕੀਤਾ ਹੋਇਆ ਸੀ। ਨਾ ਸਿਰਫ਼ ਕਬਰ ਹੀ ਪਹਿਲਾਂ ਖੋਦ ਲਈ ਗਈ ਸੀ, ਸਗੋਂ ਕਾਫ਼ੀ ਸਾਰੇ ਚੂਨੇ ਤੇ ਨਮਕ ਦਾ ਵੀ ਪ੍ਰਬੰਧ ਕਰ ਲਿਆ ਗਿਆ ਸੀ ਤਾਂ ਕਿ ਤਾਬੂਤ ਤੇ ਲਾਸ਼, ਜਿੰਨੀ ਜਲਦੀ ਹੋ ਸਕੇ, ਗਲ-ਸੜ ਜਾਵੇ। ਜਨਾਜ਼ੇ ਦੀ ਨਮਾਜ਼ ਵੀ ਬੜੇ ਸੰਖੇਪ ਰੂਪ ਵਿਚ ਪੜ੍ਹੀ ਗਈ। ਕਿਸੇ ਨੂੰ ਰੋਣ ਜਾਂ ਅਫ਼ਸੋਸ ਕਰਨ ਦੀ ਆਗਿਆ ਨਹੀਂ ਸੀ। ਦਫ਼ਨਾਉਣ ਤੋਂ ਤੁਰੰਤ ਬਾਅਦ ਕਬਰ ਵਿਚ ਮਿੱਟੀ ਅਤੇ ਉਹਦੇ ਉਤੇ ਚੂਨਾ ਆਦਿ ਪਾ ਦਿੱਤਾ ਗਿਆ। ਉਸ ਉਪਰ ਘਾਹ ਰੱਖ ਦਿੱਤਾ ਗਿਆ ਤਾਂ ਕਿ ਇੱਕ ਦੋ ਮਹੀਨਿਆਂ ਵਿਚ ਇਸ ਕਬਰ ਦਾ ਨਾਮੋ-ਨਿਸ਼ਾਨ ਮਿਟ ਜਾਵੇ।

ਹਫ਼ਤੇ ਬਾਅਦ ਬ੍ਰਿਟਿਸ਼ ਕਮਿਸ਼ਨਰ ਕੈਪਟਨ ਐਚ.ਐਨ. ਡੇਵਿਸ ਨੇ ਇਸ ਘਟਨਾ ਦੀ ਰਿਪੋਰਟ ਲੰਡਨ ਭੇਜੀ ਜਿਸ ਵਿਚ ਲਿਖਿਆ ਸੀ:

ਮੈਂ ਬਾਕੀ ਬਚੇ ਹਕੂਮਤ ਦੇ ਕੈਦੀਆਂ ਨੂੰ ਮਿਲਣ ਗਿਆ ਸਾਂ ਜੋ ਸਿਰੇ ਦੇ ਘਟੀਆ, ਏਸ਼ੀਆਈ ਹਰਮਾਂ ਦੀ ਰਹਿੰਦ ਖੂੰਹਦ ਹਨ। ਸਭ ਕੁਝ ਠੀਕ ਠਾਕ ਹੈ। ਖਾਨਦਾਨ ਵਿਚ ਕਿਸੇ ਨੂੰ ਮੰਜੇ 'ਤੇ ਪਏ ਬੁੱਢੇ ਦੀ ਮੌਤ ਦਾ ਕੋਈ ਅਫ਼ਸੋਸ ਨਹੀਂ। ਉਸ ਦੀ ਮੌਤ ਬੁਢਾਪੇ ਦੀ ਕਮਜ਼ੋਰੀ ਅਤੇ ਹਲਕ ਦੇ ਲਕਵਾ ਮਾਰ ਜਾਣ ਕਾਰਨ ਉਸ ਦਿਨ ਸਵੇਰੇ ਪੰਜ ਵਜੇ ਹੋਈ ਜਿਸ ਸ਼ਾਮ ਉਸ ਨੂੰ ਦਫ਼ਨਾਇਆ ਗਿਆ। ਗੱਦੀਓਂ ਲਾਹੇ ਇਸ ਬਾਦਸ਼ਾਹ ਦੀ ਮੌਤ ਦਾ ਰੰਗੂਨ ਵਾਸੀ ਮੁਸਲਮਾਨਾਂ 'ਤੇ ਕੋਈ ਅਸਰ ਨਹੀਂ ਹੋਇਆ; ਸਿਵਾਏ ਕੁਝ ਜਨੂੰਨੀ ਲੋਕਾਂ ਦੇ ਜੋ ਹਰ ਰੋਜ਼ ਫ਼ਤਹਿ ਦੇ ਇੰਤਜ਼ਾਰ ਲਈ ਦੁਆ ਕਰਦੇ ਹਨ। ਬਾਂਸ ਦੀ ਜਾਲੀ ਕਬਰ ਦੇ ਆਸੇ-ਪਾਸੇ ਕਾਫ਼ੀ ਦੂਰ ਤਕ ਲਾ ਦਿੱਤੀ ਗਈ ਹੈ ਤੇ ਜਦੋਂ ਉਹ ਸੜ ਜਾਏਗੀ ਤਾਂ ਘਾਹ ਫਿਰ ਉਗ ਆਏਗਾ ਤੇ ਇਸ ਥਾਂ ਨੂੰ ਢਕ ਲਏਗਾ। ਫਿਰ ਕੋਈ ਨਿਸ਼ਾਨ ਬਾਕੀ ਨਹੀਂ ਬਚੇਗਾ ਕਿ ਮਹਾਨ ਮੁਗ਼ਲਾਂ ਦਾ ਆਖ਼ਰੀ ਬਾਦਸ਼ਾਹ ਇਥੇ ਆਰਾਮ ਫਰਮਾ ਰਿਹਾ ਹੈ।

ਹਕੂਮਤ ਦੇ ਜਿਸ ਕੈਦੀ ਦਾ ਜ਼ਿਕਰ ਡੇਵਿਸ ਨੇ ਕੀਤਾ ਹੈ, ਉਸ ਦਾ ਨਾਂ ਬਹਾਦਰ ਸ਼ਾਹ ਅਤੇ ਤਖੱਲਸ 'ਜ਼ਫ਼ਰ' ਭਾਵ ਫ਼ਤਹਿ ਸੀ। ਜ਼ਫ਼ਰ ਆਖ਼ਰੀ ਮੁਗ਼ਲ ਬਾਦਸ਼ਾਹ ਸੀ। ਚੰਗੇਜ਼ ਖਾਨ, ਤੈਮੂਰ, ਅਕਬਰ, ਜਹਾਂਗੀਰ ਤੇ ਸ਼ਾਹ ਜਹਾਨ ਦੇ ਖਾਨਦਾਨ ਦਾ ਅਸਲੀ ਵਾਰਸ। ਉਸ ਦਾ ਜਨਮ 1775 ਵਿਚ ਹੋਇਆ ਜਦੋਂ ਬ੍ਰਿਟਿਸ਼ ਸਾਮਰਾਜ ਹਾਲੇ ਤੱਟੀ ਇਲਾਕਿਆਂ ਵਿਚ ਮਾਮੂਲੀ ਜਿਹਾ ਤਾਕਤਵਰ ਹੀ ਬਣਿਆ ਸੀ ਤੇ ਹੋਰ ਤਾਕਤਵਾਰ ਬਣਨ ਲਈ ਤਿੰਨ ਥਾਵਾਂ ਤੋਂ ਹਿੰਦੋਸਤਾਨ ਵਿਚ ਵੜਨ ਦੀ ਤਾਕ ਵਿਚ ਸੀ। ਉਸ ਨੇ ਆਪਣੀ ਜ਼ਿੰਦਗੀ ਵਿਚ ਆਪਣੇ ਖਾਨਦਾਨ ਨੂੰ ਸ਼ਰਮਨਾਕ ਤਰੀਕੇ ਨਾਲ ਗੈਰ-ਅਹਿਮ ਹੁੰਦਿਆਂ ਅਤੇ ਅੰਗਰੇਜ਼ਾਂ ਨੂੰ ਝਿਜਕਦੇ ਹੋਏ ਤਾਜ਼ਰਾਂ ਤੋਂ ਜ਼ਬਰਦਸਤ ਫ਼ੌਜੀ ਤਾਕਤ ਵਿਚ ਤਬਦੀਲ ਹੁੰਦਿਆਂ ਦੇਖਿਆ।

ਜ਼ਫ਼ਰ ਕਾਫ਼ੀ ਲੰਮੀ ਉਮਰ ਬਾਅਦ ਤਖਤਨਸ਼ੀਨ ਹੋਇਆ। ਅੱਬਾ ਹਜ਼ੂਰ ਦੇ ਇੰਤਕਾਲ ਸਮੇਂ ਉਹਦੀ ਉਮਰ 65 ਸਾਲ ਸੀ। ਉਦੋਂ ਮੁਗ਼ਲਾਂ ਦੇ ਰਾਜਨੀਤਕ ਪਤਨ ਦਾ ਰੁਖ਼ ਬਦਲਣਾ ਸੰਭਵ ਨਹੀਂ ਸੀ। ਇਸ ਦੇ ਬਾਵਜੂਦ ਉਸ ਨੇ ਆਪਣੇ ਆਲੇ-ਦੁਆਲੇ ਸ਼ਾਨਦਾਰ, ਚਮਕਦਾ ਹੋਇਆ ਦਰਬਾਰ ਕਾਇਮ ਕੀਤਾ। ਉਹ ਆਪਣੇ ਖਾਨਦਾਨ ਦਾ ਬੜਾ ਕਾਬਿਲ, ਸਹਿਣਸ਼ੀਲ, ਯੋਗ ਅਤੇ ਸਤਿਕਾਰਤ ਬਾਦਸ਼ਾਹ ਸੀ। ਸ਼ਾਇਰਾਂ, ਚਿਤਰਕਾਰਾਂ ਦਾ ਸਰਪ੍ਰਸਤ, ਸੰਗੀਤ ਦਾ ਸ਼ੌਕੀਨ, ਬਾਗ਼ ਲਗਵਾਉਣ ਅਤੇ ਇਮਾਰਤਾਂ ਬਣਾਉਣ ਦਾ ਮਾਹਰ ਅਤੇ ਪਹੁੰਚਿਆ ਹੋਇਆ ਸੂਫ਼ੀ ਸ਼ਾਇਰ ਸੀ। ਉਹ ਨਾ ਸਿਰਫ਼ ਉਰਦੂ ਅਤੇ ਫ਼ਾਰਸੀ, ਸਗੋਂ ਬ੍ਰਜ ਅਤੇ ਪੰਜਾਬੀ ਵਿਚ ਵੀ ਕਲਾਮ ਰਚਦਾ ਸੀ। ਉਸ ਦੀ ਸਰਪ੍ਰਸਤੀ ਹੇਠ ਇਸ ਦੌਰ ਵਿਚ ਹਿੰਦੋਸਤਾਨੀ ਸਾਹਿਤ, ਲਲਿਤ ਕਲਾਵਾਂ ਅਤੇ ਸੰਸਕ੍ਰਿਤੀ ਦਾ ਨਵਾਂ ਜਨਮ ਹੋਇਆ ਜਿਸ ਦੀ ਮਿਸਾਲ ਆਧੁਨਿਕ ਇਤਿਹਾਸ ਵਿਚ ਮਿਲਣੀ ਮੁਸ਼ਕਿਲ ਹੈ। ਉਹ ਖ਼ੁਦ ਉਸਤਾਦ ਗ਼ਜ਼ਲਗੋ ਸੀ। ਉਸ ਕਰ ਕੇ ਇਸ ਸਮੇਂ ਮਿਰਜ਼ਾ ਗ਼ਾਲਿਬ ਅਤੇ ਜ਼ੌਕ ਵਰਗੇ ਪ੍ਰਸਿਧ ਸ਼ਾਇਰ ਉਭਰੇ।

ਫਰਾਂਸਿਸ ਡਬਲਿਊ. ਪ੍ਰੀਚੇਟ ਲਿਖਦਾ ਹੈ ਕਿ ਅੰਗਰੇਜ਼ ਬੜੀ ਚਲਾਕੀ ਨਾਲ ਮੁਗ਼ਲ ਬਾਦਸ਼ਾਹ ਦੀ ਤਾਕਤ ਨੂੰ ਹੌਲੀ ਹੌਲੀ ਖ਼ਤਮ ਕਰ ਰਹੇ ਸਨ। ਸਿੱਕਿਆਂ ਤੋਂ ਉਸ ਦਾ ਨਾਂ ਮਿਟਾ ਰਹੇ ਸਨ। ਦਿੱਲੀ 'ਤੇ ਕਬਜ਼ੇ ਦੀਆਂ ਵਿਉਂਤਾਂ ਘੜ ਰਹੇ ਸਨ ਤੇ ਦਿੱਲੀ ਦੇ ਲਾਲ ਕਿਲੇ ਵਿਚੋਂ ਮੁਗ਼ਲ ਹਕੂਮਤ ਦਾ ਮਲੀਆਮੇਟ ਕਰਨ ਲਈ ਮਨਸੂਬੇ ਘੜ ਰਹੇ ਸਨ। ਉਧਰ ਦਰਬਾਰ ਐਸ਼ੋ-ਇਸ਼ਰਤ ਵਿਚ ਡੁੱਬਿਆ ਹੋਇਆ ਸੀ, ਗ਼ਜ਼ਲਾਂ ਦੀ ਤਾਨ ਅਤੇ ਉਰਦੂ ਸ਼ਿਅਰਾਂ ਦੀ ਖ਼ੂਬਸੂਰਤੀ 'ਤੇ ਲੱਜ਼ਤ ਵਿਚ ਮਸਤ ਸੀ। ਜਿਉਂ-ਜਿਉਂ ਸਿਆਸੀ ਆਕਾਸ਼ 'ਤੇ ਹਨ੍ਹੇਰਾ ਛਾ ਰਿਹਾ ਸੀ, ਦਰਬਾਰ ਇਕ ਪਾਸੇ ਬਾਗ਼ਾਂ ਦੀ ਸੈਰ, ਮੁਸ਼ਾਇਰਿਆਂ, ਤਵਾਇਫ਼ਾਂ ਅਤੇ ਸ਼ਿਅਰਾਂ ਦੀ ਦਿਲਕਸ਼ੀ ਵਿਚ, ਤੇ ਦੂਜੇ ਪਾਸੇ ਸੂਫ਼ੀ ਸ਼ਰਧਾ ਤੇ ਪੀਰਾਂ ਦੀਆਂ ਮਜ਼ਾਰਾਂ 'ਤੇ ਹਾਜ਼ਰੀ ਭਰਨ ਵਿਚ ਗੁਆਚਿਆ ਹੋਇਆ ਸੀ। ਰਾਜਨੀਤੀ ਦੀ ਥਾਂ ਸਾਹਿਤਕ ਤੇ ਧਾਰਮਿਕ ਉਮੰਗ ਨੇ ਲੈ ਲਈ ਸੀ।

ਉਸ ਵਕਤ ਦੇ ਲਾਲ ਕਿਲੇ ਦਾ ਸਭ ਤੋਂ ਤਫ਼ਸੀਲੀ ਬਿਆਨ ਦਰਬਾਰ ਦੇ ਰੋਜ਼ਨਾਮਚੇ ਵਿਚ ਦਰਜ ਹੈ ਜੋ ਬ੍ਰਿਟਿਸ਼ ਰੈਜ਼ੀਡੈਂਟ ਦੇ ਖ਼ਬਰਨਵੀਸ ਨੇ ਲਿਖਿਆ ਸੀ। ਇਸ ਵਿਚ ਆਖ਼ਰੀ ਮੁਗ਼ਲ ਬਾਦਸ਼ਾਹ ਨੂੰ ਬੜਾ ਸਭਿਅਕ ਤੇ ਗੌਰਵਸ਼ਾਲੀ ਅਤੇ ਸਮਰਾਟ ਦੇ ਰੋਅਬ-ਦਾਬ ਵਾਲਾ ਦਿਖਾਇਆ ਗਿਆ ਹੈ।

ਮਈ 1857 ਦੀ ਇਕ ਸਵੇਰ ਨੂੰ ਤਿੰਨ ਸੌ ਘੋੜ ਸਵਾਰ ਸਿਪਾਹੀ ਮੇਰਠ ਤੋਂ ਦਿੱਲੀ ਆਣ ਵੜੇ ਤੇ ਜਿਹੜਾ ਵੀ ਈਸਾਈ ਪੁਰਸ਼, ਔਰਤ ਜਾਂ ਬੱਚਾ ਨਜ਼ਰ ਆਇਆ, ਉਨ੍ਹਾਂ ਕਤਲ ਕਰ ਦਿੱਤਾ ਤੇ ਜ਼ਫ਼ਰ ਨੂੰ ਆਪਣਾ ਬਾਦਸ਼ਾਹ ਅਤੇ ਆਗੂ ਐਲਾਨ ਦਿੱਤਾ। ਜ਼ਫ਼ਰ ਬ੍ਰਿਟਿਸ਼ਾਂ ਦਾ ਦੋਸਤ ਨਹੀਂ ਸੀ। ਉਨ੍ਹਾਂ ਨੇ ਤਾਂ ਉਲਟਾ ਉਸ ਨੂੰ ਉਹਦੇ ਪਿਤਾ ਦੀ ਵਿਰਾਸਤ ਤੋਂ ਵਾਂਝਾ ਕਰ ਦਿੱਤਾ ਸੀ ਤੇ ਰੋਜ਼ਾਨਾ ਉਸ ਨੂੰ ਬਿਨਾਂ ਮਤਲਬ ਬੇਇੱਜ਼ਤ ਕਰ ਰਹੇ ਸਨ, ਪਰ ਉਹ ਸੁਭਾਅ ਤੋਂ ਬਾਗ਼ੀ ਨਹੀਂ ਸੀ। ਬੜੀ ਮਜਬੂਰੀ ਅਤੇ ਕੋਈ ਹੱਲ ਨਾ ਹੋਣ ਕਰ ਕੇ ਹੀ ਉਹ ਬਾਗ਼ੀਆਂ ਦਾ ਸਰਦਾਰ ਬਣ ਗਿਆ ਤੇ ਉਹ ਵੀ ਅਜਿਹੀ ਬਗ਼ਾਵਤ ਦਾ ਜਿਸ ਬਾਰੇ ਸ਼ੁਰੂ ਤੋਂ ਅੰਦਾਜ਼ਾ ਸੀ ਕਿ ਉਹ ਫੇਲ੍ਹ ਹੋ ਜਾਵੇਗੀ। ਖਿੰਡੀ-ਪੁੰਡੀ ਬਿਨਾਂ ਅਫ਼ਸਰਾਂ ਦੀ ਫ਼ੌਜ ਵਿਚ ਬਿਨਾਂ ਤਨਖ਼ਾਹ ਦੇ ਪੇਂਡੂ ਸਿਪਾਹੀ ਭਰਤੀ ਕੀਤੇ ਹੋਏ ਸਨ ਤੇ ਉਹ ਦੁਨੀਆਂ ਦੀ ਸਭ ਤੋਂ ਤਾਕਤਵਰ ਫ਼ੌਜੀ ਤਾਕਤ ਨਾਲ ਭਿੜਨ ਲਈ ਕਾਹਲੇ ਸਨ।

ਮੁਗ਼ਲਾਂ ਦੀ ਆਲੀਸ਼ਾਨ ਰਾਜਧਾਨੀ ਦਿੱਲੀ ਜੋ ਆਪਣੀ ਸੰਸਕ੍ਰਿਤੀ ਤੇ ਵੱਖਰੀ ਪਛਾਣ ਵਜੋਂ ਵਧਣ-ਫੁੱਲਣ ਵਿਚ ਮਸਰੂਫ ਸੀ, ਰਾਤੋ ਰਾਤ ਮੈਦਾਨ-ਏ-ਜੰਗ ਬਣ ਗਈ। ਬਾਗ਼ੀਆਂ ਦੀ ਮਦਦ ਕਰਨ ਲਈ ਕੋਈ ਸਿਖਲਾਈ ਪ੍ਰਾਪਤ ਫ਼ੌਜੀ ਦਸਤਾ ਨਹੀਂ ਸੀ। ਨਾ ਉਨ੍ਹਾਂ ਕੋਲ ਹਥਿਆਰ, ਨਾ ਪੈਸਾ ਤੇ ਨਾ ਰਸਦ ਸੀ। ਨੰਗੇ ਧੜ ਲੜਨ ਵਾਲੇ ਇਹ ਸਿਪਾਹੀ ਅਣਆਈ ਮੌਤੇ ਮਰਨ ਲਈ ਦਿੱਲੀ ਵਿਚ ਆਣ ਵੜੇ ਸਨ। ਦਿੱਲੀ ਦੇ ਆਲੇ-ਦੁਆਲੇ ਫੈਲੀ ਬੇਤਰਤੀਬੀ ਤੇ ਅਰਾਜਕਤਾ ਕਰ ਕੇ ਉਨ੍ਹਾਂ ਦੀ ਪੂਰੀ ਘੇਰਾਬੰਦੀ ਹੋ ਗਈ। ਇਹ ਉਸ ਘੇਰਾਬੰਦੀ ਤੋਂ ਵੀ ਜ਼ਿਆਦਾ ਸੀ ਜੋ ਬਾਅਦ ਵਿਚ ਬ੍ਰਿਟਿਸ਼ ਫ਼ੌਜਾਂ ਕਰ ਕੇ ਹੋਈ; ਭੋਜਨ ਘਟਦਾ ਗਿਆ, ਚੀਜ਼ਾਂ ਮਹਿੰਗੀਆਂ ਹੋਣ ਲੱਗੀਆਂ, ਬਹੁਤ ਜਲਦੀ ਇਸ ਹਫ਼ੜਾ-ਦਫ਼ੜੀ ਵਿਚ ਸਿਪਾਹੀ ਅਤੇ ਦਿੱਲੀ ਦੀ ਜਨਤਾ ਭੁੱਖ ਨਾਲ ਬੇਹਾਲ ਹੋਣ ਲੱਗੀ। ਕੋਈ ਨਹੀਂ ਸੀ ਜੋ ਉਨ੍ਹਾਂ ਨੂੰ ਇਸ ਮੁਸੀਬਤ ਦੇ ਭੰਵਰ ਵਿਚੋਂ ਬਾਹਰ ਕੱਢ ਸਕੇ।

ਦਿੱਲੀ ਦੀ ਘੇਰਾਬੰਦੀ ਜ਼ਬਰਦਸਤ ਸੀ ਤੇ ਦੋਵੇਂ ਧਿਰਾਂ ਵਿਚਕਾਰ ਮਰਦੇ ਦਮ ਤਕ ਕੋਈ ਵੀ ਮੈਦਾਨ-ਏ-ਜੰਗ ਵਿਚੋਂ ਪਿੱਛੇ ਹਟਣ ਲਈ ਤਿਆਰ ਨਹੀਂ ਸੀ। ਦੋਵੇਂ ਪਾਸਿਓਂ ਅਨੇਕਾਂ ਬੰਦੇ ਮਾਰੇ ਗਏ ਤੇ ਲੜਨ ਵਾਲੇ ਆਪਣੀ ਜ਼ਿਹਨੀ ਤੇ ਜਿਸਮਾਨੀ ਬਰਦਾਸ਼ਤ ਦੀਆਂ ਹੱਦਾਂ ਪਾਰ ਕਰ ਗਏ। ਅਖੀਰ 14 ਸਤੰਬਰ ਨੂੰ ਬ੍ਰਿਟਿਸ਼ ਅਤੇ ਉਨ੍ਹਾਂ ਦੀ ਜਲਦਬਾਜ਼ੀ ਵਿਚ ਜਮ੍ਹਾਂ ਕੀਤੀ ਸਿੱਖ ਅਤੇ ਪਠਾਣ ਫ਼ੌਜ ਦੇ ਤਿੱਖੇ ਹਮਲੇ ਨੇ ਦਿੱਲੀ ਫ਼ਤਹਿ ਕਰ ਲਈ ਤੇ ਅਜਿਹੀ ਲੁੱਟ-ਮਾਰ ਤੇ ਕਤਲੇਆਮ ਹੋਇਆ, ਜਾਪਦਾ ਸੀ ਜਿਵੇਂ ਦਿੱਲੀ ਵਿਚ ਕਿਆਮਤ ਆ ਗਈ ਹੋਵੇ। ਇਕ ਹੀ ਮੁਹੱਲੇ ਕੂਚਾ ਚੇਲਾਨ ਵਿਚ 1400 ਲੋਕ ਮਾਰੇ ਗਏ, ਹਰ ਜਿਊਂਦੇ ਬੰਦੇ ਨੂੰ ਗੋਲੀ ਮਾਰਨ ਦਾ ਹੁਕਮ ਹੋਇਆ। ਇਸ ਬਾਰੇ ਬ੍ਰਿਟਿਸ਼ ਅਫ਼ਸਰ ਐਡਵਰਡ ਵਾਈਬਰਟ ਨੇ ਲਿਖਿਆ ਹੈ:

ਇਹ ਸ਼ਰੇਆਮ ਹੱਤਿਆਵਾਂ ਸਨ। ਮੈਂ ਬੜੀਆਂ ਖ਼ੌਫ਼ਨਾਕ ਅਤੇ ਲਹੂ ਭਿੱਜੀਆਂ ਲੜਾਈਆਂ ਦਾ ਚਸ਼ਮਦੀਦ ਹਾਂ, ਪਰ ਜੋ ਕੁਝ ਕੱਲ੍ਹ ਦਿੱਲੀ ਵਿਚ ਦੇਖਿਆ, ਉਹ ਰੱਬ ਕਿਸੇ ਨੂੰ ਨਾ ਦਿਖਾਏ। ਔਰਤਾਂ ਨੂੰ ਛੱਡ ਦਿੱਤਾ ਗਿਆ ਸੀ, ਪਰ ਉਨ੍ਹਾਂ ਦੇ ਪਤੀਆਂ ਅਤੇ ਬੇਟਿਆਂ ਨੂੰ ਕਤਲ ਹੁੰਦਾ ਦੇਖ ਕੇ ਉਨ੍ਹਾਂ ਔਰਤਾਂ ਦੀਆਂ ਚੀਕਾਂ ਤੇ ਕੁਰਲਾਹਟਾਂ ਬੜੀਆਂ ਤਕਲੀਫ਼ਦੇਹ ਸਨ। ਰੱਬ ਜਾਣਦਾ ਹੈ ਕਿ ਮੈਂ ਰਹਿਮ ਨਹੀਂ ਮਹਿਸੂਸ ਕਰ ਰਿਹਾ, ਪਰ ਜਦੋਂ ਕਿਸੇ ਦਾੜ੍ਹੀ ਵਾਲੇ ਬੁੱਢੇ ਨੂੰ ਅੱਖਾਂ ਸਾਹਮਣੇ ਗੋਲੀ ਮਾਰੀ ਜਾਵੇ ਤਾਂ ਕੋਈ ਪੱਥਰ ਦਿਲ ਹੀ ਹੋਵੇਗਾ ਜੋ ਬੇਪਰਵਾਹੀ ਨਾਲ ਇਹ ਦ੍ਰਿਸ਼ ਦੇਖ ਸਕੇ। ਜਿਹੜੇ ਸ਼ਹਿਰੀ ਕਤਲ ਹੋਣ ਤੋਂ ਬਚ ਗਏ, ਉਨ੍ਹਾਂ ਨੂੰ ਸ਼ਹਿਰੋਂ ਪਿੰਡਾਂ ਵੱਲ ਧੱਕ ਕੇ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ। ਦਿੱਲੀ ਖਾਲੀ ਖੰਡਰ ਬਣ ਕੇ ਰਹਿ ਗਈ।

ਸ਼ਾਹੀ ਖਾਨਦਾਨ ਨੇ ਚੁੱਪ-ਚਾਪ ਅਮਨ-ਅਮਾਨ ਨਾਲ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ। ਫਿਰ ਵੀ ਉਨ੍ਹਾਂ ਦੇ ਸੋਲਾਂ ਸ਼ਹਿਜ਼ਾਦਿਆਂ ਵਿਚੋਂ ਜ਼ਿਆਦਾਤਰ ਨੂੰ ਮੁਕੱਦਮੇ ਚਲਾ ਕੇ ਫਾਹੇ ਲਾ ਦਿੱਤਾ ਗਿਆ ਅਤੇ ਤਿੰਨਾਂ ਨੂੰ ਬਿਲਕੁਲ ਸਾਹਮਣਿਓਂ ਗੋਲੀ ਮਾਰੀ ਗਈ। ਪਹਿਲਾਂ ਉਨ੍ਹਾਂ ਦੇ ਹਥਿਆਰ ਲੈ ਲਏ, ਫਿਰ ਉਨ੍ਹਾਂ ਨੂੰ ਨੰਗਿਆਂ ਕਰਨ ਦਾ ਹੁਕਮ ਦਿੱਤਾ ਗਿਆ। ਕੈਪਟਨ ਵਿਲੀਅਮ ਹੋਡਸਨ ਲਿਖਦਾ ਹੈ: ਚੌਵੀ ਘੰਟਿਆਂ ਵਿਚ ਤੈਮੂਰ ਦੇ ਤੁਰਕ ਘਰਾਣੇ ਦੇ ਜ਼ਿਆਦਾਤਰ ਅਹਿਮ ਬੰਦਿਆਂ ਨੂੰ ਮੈਂ ਖ਼ਤਮ ਕਰ ਦਿੱਤਾ। ਸੁਭਾਅ ਪੱਖੋਂ ਮੈਂ ਜ਼ਾਲਮ ਨਹੀਂ, ਫਿਰ ਵੀ ਮੈਂ ਇਹ ਮੰਨਦਾ ਹਾਂ ਕਿ ਉਨ੍ਹਾਂ ਬਦਮਾਸ਼ਾਂ ਨੂੰ ਦੁਨੀਆਂ ਤੋਂ ਖ਼ਤਮ ਕਰਨ ਦਾ ਮੌਕਾ ਮਿਲਣ 'ਤੇ ਮੈਨੂੰ ਅਪਾਰ ਖ਼ੁਸ਼ੀ ਹੋਈ।

ਖਾਨਦਾਨ 'ਤੇ ਹੋ ਰਹੇ ਜ਼ੁਲਮ ਦਿਖਾਉਣ ਲਈ ਜ਼ਫ਼ਰ ਨੂੰ ਵੀ ਉਥੇ ਲਿਆਂਦਾ ਗਿਆ। ਇਕ ਬ੍ਰਿਟਿਸ਼ ਅਫ਼ਸਰ ਦਾ ਕਥਨ ਹੈ ਕਿ ਉਹ (ਜ਼ਫ਼ਰ) ਕੈਦਖਾਨੇ ਵਿਚ ਬੰਦ ਜਾਨਵਰ ਵਾਂਗ ਦਿਖਾਈ ਦੇ ਰਿਹਾ ਸੀ। ਉਸ ਨੂੰ ਦੇਖਣ ਵਾਲਿਆਂ ਵਿਚ ਟਾਈਮਜ਼ ਅਖ਼ਬਾਰ ਦਾ ਪੱਤਰਕਾਰ ਵਿਲੀਅਮ ਹਾਵਰਡ ਰੱਸਲ ਵੀ ਸੀ। ਉਸ ਨੇ ਲਿਖਿਆ ਹੈ ਕਿ ਇਹ ਕੈਦੀ ਪੱਛਮੀ ਬਸਤੀਵਾਦ ਖ਼ਿਲਾਫ਼ ਸਭ ਤੋਂ ਸੰਗੀਨ ਅਤੇ ਸ਼ਸਤਰਧਾਰੀ ਫ਼ੌਜੀ ਵਿਦਰੋਹ ਦਾ ਸਰਗਨਾ ਹੈ, ਪਰ ਇਸ ਦੇ ਉਲਟ ਰੱਸਲ ਲਿਖਦਾ ਹੈ ਕਿ ਉਹ ਬੁਝਦੀਆਂ ਭਟਕਦੀਆਂ ਅੱਖਾਂ ਵਾਲਾ ਸ਼ਖ਼ਸ ਸੀ ਜਿਸ ਦਾ ਹੇਠਲਾ ਬੁਲ੍ਹ ਲਟਕ ਰਿਹਾ ਸੀ ਅਤੇ ਬਗ਼ੈਰ ਦੰਦਾਂ ਦੇ ਮਸੂੜੇ ਨਜ਼ਰ ਆ ਰਹੇ ਸਨ। ਉਹ ਅਗਾਂਹ ਲਿਖਦਾ ਹੈ: ਕੀ ਇਹ ਉਹੀ ਆਦਮੀ ਹੈ ਜਿਸ ਨੇ ਮਹਾਨ ਮੁਗ਼ਲ ਖਾਨਦਾਨ ਨੂੰ ਬਰਕਰਾਰ ਰੱਖਣ ਦਾ ਮਨਸੂਬਾ ਬਣਾਇਆ ਸੀ। ਜਿਸ ਨੇ ਦੁਨੀਆਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਬਗ਼ਾਵਤ ਲਈ ਲੋਕਾਂ ਨੂੰ ਭੜਕਾਇਆ ਸੀ। ਉਸ ਦੇ ਹੋਠਾਂ ਵਿਚੋਂ ਇਕ ਵੀ ਸ਼ਬਦ ਨਹੀਂ ਸੀ ਨਿਕਲ ਰਿਹਾ, ਉਹ ਦਿਨ ਰਾਤ ਖ਼ਾਮੋਸ਼ੀ ਵਿਚ ਅੱਖਾਂ ਧਰਤੀ 'ਤੇ ਗੱਡੀ ਬੈਠਾ ਰਹਿੰਦਾ, ਜਿਵੇਂ ਉਹ ਆਪਣੀ ਹਾਲਤ ਤੋਂ ਬਿਲਕੁਲ ਬੇਖ਼ਬਰ ਹੋਵੇ। ਉਸ ਦੀਆਂ ਅੱਖਾਂ ਵਿਚ ਬੁਢਾਪੇ ਦੀ ਬੇਨੂਰੀ ਅਤੇ ਧੁੰਦ ਸੀ। ਕੁਝ ਲੋਕ ਉਸ ਨੂੰ ਆਪਣੀਆਂ ਲਿਖੀਆਂ ਗ਼ਜ਼ਲਾਂ ਪੜ੍ਹਦਿਆਂ ਅਤੇ ਉਨ੍ਹਾਂ ਨੂੰ ਕੰਧਾਂ 'ਤੇ ਕਿਸੇ ਜਲੀ ਹੋਈ ਮਾਚਸ ਦੀ ਤੀਲੀ ਨਾਲ ਲਿਖਦਿਆਂ ਦੇਖ ਸਕਦੇ ਸਨ, ਇਹ ਜ਼ਰੂਰ ਹੈ ਕਿ ਉਹ ਬੁੱਢਾ ਅਤੇ ਕਮਜ਼ੋਰ ਹੋ ਗਿਆ ਸੀ, ਪਰ ਕੁਝ ਲੋਕਾਂ ਦਾ ਉਸ ਨੂੰ ਅਹਿਸਾਨ ਫਰਾਮੋਸ਼ ਕਹਿਣਾ ਉਸ ਨਾਲ ਜ਼ਿਆਦਤੀ ਹੈ, ਜਿਨ੍ਹਾਂ ਨੇ ਉਸ ਦੇ ਬਾਪ ਦਾਦੇ ਦੀ ਸਾਰੀ ਸਲਤਨਤ ਹੌਲੀ ਹੌਲੀ ਉਸ ਕੋਲੋਂ ਖੋਹ ਲਈ ਤੇ ਉਸ ਕੋਲ ਇਕ ਖਾਲੀ ਕਿਤਾਬ ਤੇ ਉਸ ਤੋਂ ਵੀ ਵੱਧ ਖਾਲੀ ਖ਼ਜ਼ਾਨਾ ਅਤੇ ਇਕ ਅਜਿਹਾ ਮਹਿਲ ਬਚਿਆ ਰਹਿ ਗਿਆ ਜੋ ਗ਼ਰੀਬ ਸ਼ਹਿਜ਼ਾਦੀਆਂ ਨਾਲ ਭਰਿਆ ਪਿਆ ਸੀ।

ਅਗਲੇ ਕੁਝ ਮਹੀਨਿਆਂ ਵਿਚ ਜ਼ਫ਼ਰ ਦੇ ਉਜੜੇ ਕਿਲੇ ਵਿਚ ਉਸ 'ਤੇ ਮੁਕੱਦਮਾ ਚਲਾਇਆ ਗਿਆ ਤੇ ਉਸ ਨੂੰ ਦੇਸ਼ ਨਿਕਾਲੇ ਦੀ ਸਜ਼ਾ ਸੁਣਾਈ ਗਈ। ਇਸ ਤੋਂ ਵੱਡੀ ਸਿਤਮਜ਼ਰੀਫੀ ਕੀ ਹੋ ਸਕਦੀ ਹੈ ਕਿ ਉਸ ਦਾ ਸਾਰਾ ਰਾਜ ਭਾਗ ਲੁੱਟ ਕੇ ਉਸ ਨੂੰ ਜਲਾਵਤਨ ਕਰ ਦਿੱਤਾ ਗਿਆ!

ਜ਼ਫ਼ਰ ਦੀ ਮੌਤ ਦੇ ਨਾਲ ਹੀ ਉਹਦੇ ਦਰਬਾਰ ਦੀ ਸਾਰੀ ਤਹਿਜ਼ੀਬ ਗਾਇਬ ਹੋ ਗਈ ਜਿਸ ਨੂੰ ਉਹਨੇ ਬੜੀ ਮਿਹਨਤ ਅਤੇ ਦਿਆਨਤਦਾਰੀ ਨਾਲ ਪਾਲਿਆ ਸੀ। ਮਿਰਜ਼ਾ ਗ਼ਾਲਿਬ ਨੇ ਠੀਕ ਹੀ ਲਿਖਿਆ ਹੈ ਕਿ ਇਹ ਸਭ ਚੀਜ਼ਾਂ ਤਦ ਤਕ ਕਾਇਮ ਸਨ, ਜਦ ਤਕ ਬਾਦਸ਼ਾਹ ਦੀ ਹਕੂਮਤ ਸੀ। ਜ਼ਫ਼ਰ ਦੀ ਮੌਤ ਤਕ ਉਸ ਦੇ ਕਿਲੇ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ। ਉਸ ਦਿੱਲੀ ਨੂੰ ਜਿਸ ਨੂੰ ਉਸ ਨੇ ਸੰਵਾਰਿਆ, ਸਜਾਇਆ ਸੀ, ਜਿਸ ਨਾਲ ਉਸ ਨੂੰ ਅੰਤਾਂ ਦਾ ਮੋਹ ਸੀ, ਤਬਾਹ ਕਰ ਦਿੱਤੀ ਗਈ। ਉਸ ਦੇ ਜ਼ਿਆਦਾਤਰ ਵਿਸ਼ਵਾਸਪਾਤਰ, ਦਰਬਾਰੀ, ਸ਼ਾਇਰ, ਸ਼ਹਿਜ਼ਾਦੇ, ਮੁੱਲਾਂ, ਸੌਦਾਗਰ, ਸੂਫ਼ੀ ਤੇ ਆਲਮ ਜਾਂ ਤਾਂ ਚੁਣ ਚੁਣ ਕੇ ਫਾਹੇ ਲਾ ਦਿੱਤੇ ਗਏ, ਜਾਂ ਉਨ੍ਹਾਂ ਨੂੰ ਸ਼ਹਿਰ-ਬਦਰ ਕਰ ਦਿੱਤਾ ਗਿਆ। ਕਈਆਂ ਨੂੰ ਰਾਜ ਦੁਆਰਾ ਬਣਾਏ ਗਏ ਨਵੇਂ ਬੰਦੀਖਾਨਿਆਂ ਵਿਚ, ਜਾਂ ਫਿਰ ਅੰਡੇਮਾਨ ਕਾਲੇ ਪਾਣੀਆਂ 'ਚ ਭੇਜ ਦਿੱਤਾ ਗਿਆ। ਜਿਹੜੇ ਬਚ ਗਏ, ਉਹ ਜ਼ਿਲਤ ਭਰੀ, ਗ਼ਰੀਬੀ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤੇ ਗਏ। ਬਚ ਗਏ ਦਰਬਾਰੀਆਂ ਵਿਚੋਂ ਗ਼ਾਲਿਬ ਹੀ ਕਿਸਮਤ ਵਾਲਾ ਸੀ।

ਆਪਣੀ ਜ਼ਿੰਦਗੀ ਦੀ ਤ੍ਰਾਸਦੀ ਦੇ ਬਾਵਜੂਦ ਜ਼ਫ਼ਰ ਨੂੰ ਪਤਾ ਸੀ ਕਿ ਇਹ ਦੁਨੀਆਂ ਇੰਜ ਹੀ ਘੁੰਮਦੀ ਰਹੇਗੀ, ਕੁੱਤੇ ਜਿੰਨਾ ਮਰਜ਼ੀ ਭੌਂਕੀ ਜਾਣ, ਜ਼ਿੰਦਗੀ ਦਾ ਵਿਸ਼ਾਲ ਕਾਰਵਾਂ ਇੰਜ ਹੀ ਗੁਜ਼ਰਦਾ ਜਾਏਗਾ। ਕੈਦ ਹੋ ਕੇ ਜਲਾਵਤਨੀ ਵਿਚ ਲਿਖੀ ਉਹਦੀ ਪ੍ਰਸਿਧ ਗ਼ਜ਼ਲ ਅੱਜ ਵੀ ਉਸ ਦੀ ਆਖ਼ਰੀ ਦਾਸਤਾਨ ਦਾ ਅਹਿਮ ਹਿੱਸਾ ਹੈ:

ਲਗਤਾ ਨਹੀਂ ਹੈ ਦਿਲ ਮੇਰਾ ਉਜੜੇ ਦਿਆਰ ਮੇਂ
ਕਿਸ ਕੀ ਬਨੀ ਹੈ ਆਲਮੇ ਨਾਪਾਏਦਾਰ ਮੇਂ
ਉਮਰੇ ਦਰਾਜ਼ ਮਾਂਗ ਕਰ ਲਾਏ ਥੇ ਚਾਰ ਦਿਨ
ਦੋ ਆਰਜ਼ੂ ਮੇਂ ਕਟ ਗਏ ਦੋ ਇੰਤਜ਼ਾਰ ਮੇਂ
ਬੁਲਬੁਲ ਕੋ ਪਾਸਬਾਂ ਸੇ ਨਾ ਸੈਯਾਦ ਸੇ ਗਿਲਾ
ਕਿਸਮਤ ਮੇਂ ਕੈਦ ਲਿਖੀ ਥੀ ਫਸਲੇ ਬਹਾਰ ਮੇਂ
ਕਹਿ ਦੋ ਇਨ ਹਸਰਤੋਂ ਸੇ ਕਹੀਂ ਔਰ ਜਾ ਬਸੇਂ
ਇਤਨੀ ਜਗ੍ਹਾ ਕਹਾਂ ਹੈ ਦਿਲੇ ਦਾਗ਼ਦਾਰ ਮੇਂ
ਕਿਤਨਾ ਹੈ ਬਦਨਸੀਬ ਜ਼ਫ਼ਰ ਦਫ਼ਨ ਕੇ ਲੀਏ
ਦੋ ਗਜ਼ ਜ਼ਮੀਨ ਭੀ ਨਾ ਮਿਲੀ ਕੂ-ਏ-ਯਾਰ ਮੇਂ।



ਬਹਾਦਰ ਸ਼ਾਹ ਜ਼ਫ਼ਰ




ਰੰਗੂਨ (ਹੁਣ ਯੈਂਗੌਨ) 'ਚ ਬਹਾਦਰ ਸ਼ਾਹ ਜ਼ਫ਼ਰ ਦੇ ਮਕਬਰੇ 'ਤੇ ਲਾਇਆ ਪੱਥਰ।

***ਜਨਾਜ਼ੇ ਦੀ ਰਸਮ ਬੜੀ ਸੰਖੇਪ ਜਿਹੀ ਸੀ। ਬ੍ਰਿਟਿਸ਼ ਹਕੂਮਤ ਨੇ ਸਭ ਕੁਝ ਦਾ ਪਹਿਲਾਂ ਹੀ ਇੰਤਜ਼ਾਮ ਕੀਤਾ ਹੋਇਆ ਸੀ। ਨਾ ਸਿਰਫ਼ ਕਬਰ ਹੀ ਪਹਿਲਾਂ ਖੋਦ ਲਈ ਗਈ ਸੀ, ਸਗੋਂ ਕਾਫ਼ੀ ਸਾਰੇ ਚੂਨੇ ਤੇ ਨਮਕ ਦਾ ਵੀ ਪ੍ਰਬੰਧ ਕਰ ਲਿਆ ਗਿਆ ਸੀ ਤਾਂ ਕਿ ਤਾਬੂਤ ਤੇ ਲਾਸ਼, ਜਿੰਨੀ ਜਲਦੀ ਹੋ ਸਕੇ, ਗਲ-ਸੜ ਜਾਵੇ। ਜਨਾਜ਼ੇ ਦੀ ਨਮਾਜ਼ ਵੀ ਸੰਖੇਪ ਪੜ੍ਹੀ ਗਈ। ਕਿਸੇ ਨੂੰ ਰੋਣ ਜਾਂ ਅਫ਼ਸੋਸ ਕਰਨ ਦੀ ਆਗਿਆ ਨਹੀਂ ਸੀ। ਦਫ਼ਨਾਉਣ ਤੋਂ ਬਾਅਦ ਕਬਰ ਵਿਚ ਮਿੱਟੀ, ਫਿਰ ਚੂਨਾ ਆਦਿ ਪਾ ਦਿੱਤਾ ਗਿਆ। ਉਸ ਉਪਰ ਘਾਹ ਰੱਖ ਦਿੱਤਾ ਗਿਆ ਤਾਂ ਕਿ ਇੱਕ ਦੋ ਮਹੀਨਿਆਂ ਵਿਚ ਇਸ ਕਬਰ ਦਾ ਨਾਮੋ-ਨਿਸ਼ਾਨ ਮਿਟ ਜਾਵੇ।***

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਜੰਞ ਦੀ ਤਿਆਰੀ ਵਾਲੀਆਂ ਰਸਮਾਂ

***ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੂੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਜੰਞ ਦੀ ਤਿਆਰੀ ਵਾਲੀਆਂ ਰਸਮਾਂ ਅਤੇ ਗੀਤਾਂ ਬਾਰੇ ਚਰਚਾ ਛੇੜੀ ਹੈ। -ਸੰਪਾਦਕ***

ਪੰਜਾਬੀ ਸਭਿਆਚਾਰ ਵਿਚ ਵਿਆਹ ਵਾਲੇ ਦਿਨ ਨਹਾਉਣ ਦੀ ਰਸਮ ਵਿਸ਼ੇਸ਼ ਬਣ ਜਾਂਦੀ ਹੈ। ਇਸ ਨੂੰ ਖਾਰੇ ਦੀ ਰਸਮ ਕਿਹਾ ਜਾਂਦਾ ਹੈ। ਪਹਿਲਾਂ ਪਹਿਲ ਵਿਆਹ ਵਾਲੀ ਕੁੜੀ ਨੂੰ ਨੈਣ ਮਲ਼-ਮਲ਼ ਕੇ ਨਹਾਉਂਦੀ ਸੀ। ਕੁੜੀ ਦੀ ਮਾਂ ਸਮੇਤ ਵਿਆਹ ਵਿਚ ਸ਼ਾਮਿਲ ਹੋਣ ਆਈਆਂ ਸਭ ਸਕੀਆਂ ਸੰਬੰਧਣਾਂ ਗੁਸਲਖ਼ਾਨੇ ਦੇ ਆਲੇ-ਦੁਆਲੇ ਘੇਰਾ ਬੰਨ੍ਹ ਕੇ ਖੜ੍ਹੀਆਂ ਸੁਹਾਗ ਗਾਉਂਦੀਆਂ ਸਨ। ਇਸ ਰਸਮ ਦਾ ਮੁੱਖ ਉਦੇਸ਼ ਸਰੀਰ ਦੀ ਸ਼ੁੱਧਤਾ ਦੇ ਨਾਲ-ਨਾਲ ਮੁੰਡੇ ਜਾਂ ਕੁੜੀ ਦੇ ਮਾਮੇ ਦੇ ਰਿਸ਼ਤੇ ਦੀ ਪਛਾਣ ਕਰਾਉਣਾ ਅਤੇ ਮਾਣ ਵਧਾਉਣਾ ਸੀ। ਮਾਮੇ ਵਲੋਂ ਵਿਆਂਦੜ ਮੁੰਡੇ/ਕੁੜੀ ਦੀ ਝੋਲੀ ਵਿਚ ਸ਼ਗਨ ਪਾਇਆ ਜਾਂਦਾ ਸੀ। ਵਿਆਂਦੜ ਮੁੰਡੇ ਜਾਂ ਕੁੜੀ ਦਾ ਮਾਮਾ ਸਿਰ ਤੋਂ ਵਾਰਨਾ ਕਰ ਕੇ ਲਾਗੀਆਂ ਨੂੰ ਲਾਗ ਦਿੰਦਾ ਸੀ। ਇਸ ਵਕਤ ਪਹਿਨਣ ਲਈ ਕੱਪੜੇ ਵੀ ਮਾਮਿਆਂ ਵਲੋਂ ਦਿੱਤੇ ਜਾਂਦੇ ਸਨ। ਮੁੰਡੇ ਦੇ ਸੂਟ ਨੂੰ 'ਜੋੜਾ ਜਾਮਾ' ਅਤੇ ਕੁੜੀ ਦਿਆਂ ਕੱਪੜਿਆਂ ਨੂੰ 'ਸੁੱਭਰ ਜੋੜਾ' ਕਿਹਾ ਜਾਂਦਾ ਸੀ। ਕੁੜੀ ਦਾ ਹਾਰ-ਸ਼ਿੰਗਾਰ ਨੈਣ, ਭੈਣਾਂ-ਭਾਬੀਆਂ ਅਤੇ ਸਹੇਲੀਆਂ ਕਰਦੀਆਂ ਸਨ। ਪਿਛਲੇ ਦੋ ਦਿਨਾਂ ਤੋਂ ਮਾਈਏਂ ਪਈ ਕੁੜੀ ਦਾ ਰੂਪ ਦੂਣ ਸਵਾਇਆ ਹੋ ਜਾਂਦਾ ਸੀ। ਸਖੀਆਂ-ਸਹੇਲੀਆਂ ਵਾਰ-ਵਾਰ ਇਹ ਕਹਿੰਦੀਆਂ ਸਨ- "ਰੂਪ ਬਹੁਤ ਚੜ੍ਹਿਆ ਹੈ।"

ਇਸ ਰਸਮ 'ਚ ਬਹੁਤ ਤਬਦੀਲੀ ਆ ਗਈ ਹੈ। ਹੁਣ ਕੁੜੀ ਨੂੰ ਨਹਾਉਣ ਵੇਲ਼ੇ ਘੇਰਾ ਘੱਤ ਕੇ ਸੁਹਾਗ ਨਹੀਂ ਗਾਏ ਜਾਂਦੇ। ਸੂਟ ਕੁੜੀ ਦੀ ਆਪਣੀ ਪਸੰਦ ਦਾ ਹੁੰਦਾ ਹੈ। ਇਹ ਸੂਟ ਨਾਨਕੇ ਜਾਂ ਤਾਂ ਕੁੜੀ ਨੂੰ ਪਸੰਦ ਕਰਵਾ ਕੇ ਖ਼ਰੀਦਦੇ ਹਨ ਜਾਂ ਫਿਰ ਪੈਸੇ ਦੇ ਦਿੰਦੇ ਹਨ। ਕੁੜੀ ਨੂੰ ਤਿਆਰ ਕਰਨ ਲਈ ਵੀ ਬਿਊਟੀ ਪਾਰਲਰ ਵਾਲੀ ਆਉਂਦੀ ਹੈ।

ਪਹਿਲਾਂ ਇਸ ਰਸਮ ਦੇ ਨਾਲ ਹੀ ਕੁੜੀ ਵਾਲੇ ਘਰ ਜੰਞ ਦੀ ਉਡੀਕ ਹੁੰਦੀ ਸੀ ਅਤੇ ਮੁੰਡੇ ਵਾਲੇ ਘਰ ਸਿਹਰਾ ਬੰਦੀ ਤੋਂ ਬਾਅਦ ਘੋੜੀ ਚੜ੍ਹਨ ਦੀ ਰਸਮ ਹੁੰਦੀ ਸੀ। ਅਮੀਰ ਪਰਿਵਾਰਾਂ ਵਲੋਂ ਪਹਿਲਾਂ ਜੰਞ ਦੋ, ਤਿੰਨ ਜਾਂ ਪੰਜ ਦਿਨ ਤੇ ਰਾਤਾਂ ਰੱਖੀ ਜਾਂਦੀ ਸੀ। ਮੱਧ-ਵਰਗੀ ਜਾਂ ਗ਼ਰੀਬ ਪਰਿਵਾਰਾਂ ਵਿਚ ਕੁੜੀ ਵਾਲੇ ਘਰ ਜੰਞ ਇਕ ਦਿਨ ਰਹਿੰਦੀ ਸੀ। ਮੈਂ ਆਪਣੀ ਸੁਰਤ ਵਿਚ ਜੰਞ ਸਵੇਰੇ ਜਾ ਕੇ ਸ਼ਾਮ ਨੂੰ ਮੁੜਦੀ ਹੀ ਵੇਖੀ ਹੈ। ਹੁਣ ਵਿਆਹ ਤਿੰਨ-ਚਾਰ ਘੰਟਿਆਂ ਵਿਚ ਵੀ ਹੋ ਜਾਂਦਾ ਹੈ। ਪਰਦੇਸਾਂ ਵਿਚ ਵਿਆਹ ਧਾਰਮਿਕ ਸਥਾਨ ਤੇ ਹੁੰਦਾ ਹੈ ਅਤੇ ਉਸ ਤੋਂ ਬਾਅਦ ਰਿਸੈਪਸ਼ਨ ਬੈਂਕੁਏਟ ਹਾਲ ਵਿਚ ਕੀਤੀ ਜਾਂਦੀ ਹੈ।

### *ਮੁੰਡੇ ਵਾਲੇ ਘਰ ਖਾਰੇ ਦੀ ਰਸਮ ਅਤੇ ਗੀਤ*

ਵਿਆਹ ਵਾਲੇ ਮੁੰਡੇ ਨੂੰ ਨਹਾਉਣ ਵੇਲੇ ਨਿਮਨ ਲਿਖਤ ਗੀਤ ਗੁਸਲਖ਼ਾਨੇ ਦੇ ਬਾਹਰ ਖੜ੍ਹ ਕੇ ਹੀ ਗਾਏ ਜਾਂਦੇ ਸਨ। ਦਾਦਕੀਆਂ ਅਤੇ ਨਾਨਕੀਆਂ ਇਹ ਗੀਤ ਵਾਰੀ ਸਿਰ ਗਾਉਂਦੀਆਂ ਸਿੱਠਣੀਆਂ ਦਿੰਦੀਆਂ ਆਪਣੀ ਧਿਰ ਦੀ ਉਪਮਾ ਕਰਦੀਆਂ ਸਨ। ਇਹ ਰਸਮਾਂ ਨਜ਼ਦੀਕੀ ਰਿਸ਼ਤੇਦਾਰਾਂ ਦੀ ਹਾਜ਼ਰੀ ਨਾਲ ਹੀ ਸੋਂਹਦੀਆਂ ਸਨ। ਇਹ ਰਸਮ ਲਗਭਗ ਲੋਪ ਹੋ ਰਹੀ ਹੈ:

ਕਿਹੜੀ ਸਵਿਤਰੀ ਪਾਣੀਏਂ ਨੂੰ ਚੱਲੀਏ,
ਭਾਬੋ ਸਵਿਤਰੀ ਪਾਣੀਏਂ ਨੂੰ ਚੱਲੀਏ।
ਭਰ ਮੁੜੀਆਂ ਭਰਾ ਮੁੜੀਆਂ,
ਜੀਤੋ ਨੂੰ ਖ਼ਸਮ ਕਰਾ ਮੁੜੀਆਂ।

***ਦਾਦਕੀਆਂ:***

ਕਿਹਦਾ ਪੋਤਾ ਨਾਵ੍ਹੇ ਨੀ
ਕਿਨ੍ਹੇ ਡੋਲ੍ਹਿਆ ਪਾਣੀ,
ਬਾਬੇ ਪੋਤਾ ਨਾਵ੍ਹੇ ਨੀ
ਉਹਨੇ ਡੋਲ੍ਹਿਆ ਪਾਣੀ।
ਨਾਨਾ ਝੁੱਡੂ ਤਿਲਕ ਪਿਆ,
ਢੂਹੀ ਗਈ ਓ ਲਤਾੜੀ,
ਖ਼ਬਰ ਕਰੋ ਇਹਦੀ ਜ਼ੋਰੋ ਨੂੰ,
ਕਰੇ ਤੱਤੜਾ ਪਾਣੀ।
ਤੱਤੜਾ ਪਾਣੀ ਕੀ ਕਰੇ,
ਢੂਹੀ ਗਈ ਓ ਲਤਾੜੀ,
ਕਿਹਦਾ ਪੋਤਾ ਨਾਵ੍ਹੇ ਨੀ
ਕਿਨ੍ਹੇ ਡੋਲ੍ਹਿਆ ਪਾਣੀ।

***ਨਾਨਕੀਆਂ:***

ਕਿਹਦਾ ਦੋਹਤਾ ਨਾਵ੍ਹੇ ਨੀ
ਕਿਨ੍ਹੇ ਡੋਲ੍ਹਿਆ ਪਾਣੀ,
ਨਾਨੇ ਦੋਹਤਾ ਨਾਵ੍ਹੇ ਨੀ
ਉਹਨੇ ਡੋਲ੍ਹਿਆ ਪਾਣੀ।
ਬਾਬਾ ਝੁੱਡੂ ਤਿਲਕ ਪਿਆ,
ਢੂਹੀ ਗਈ ਓ ਲਤਾੜੀ,
ਖ਼ਬਰ ਕਰੋ ਇਹਦੀ ਜ਼ੋਰੋ ਨੂੰ,
ਕਰੇ ਤੱਤੜਾ ਪਾਣੀ।

***ਨਾਨਕੀਆਂ:***

ਫ਼ੁੱਲਾਂ ਭਰੀ ਚੰਗੇਰ ਇਕ ਫ਼ੁੱਲ ਲੋੜੀਦਾ,
ਇਸ ਵੇਲ਼ੇ ਜ਼ਰੂਰ ਮਾਮਾ ਲੋੜੀਂਦਾ।

***ਦਾਦਕੀਆਂ:***

ਫ਼ੁੱਲਾਂ ਭਰੀ ਚੰਗੇਰ ਇਕ ਫ਼ੁੱਲ ਲੋੜੀਦਾ,
ਇਸ ਵੇਲੇ ਜ਼ਰੂਰ ਚਾਚਾ ਲੋੜੀਦਾ।

ਜੋੜਾ ਜਾਮਾ ਪਵਾਉਣ ਵੇਲੇ ਨਾਨੇ ਦੀ ਖੱਟੀ-ਕਮਾਈ ਅਤੇ ਨਾਨੀ ਵਲੋਂ ਮਿਹਨਤ, ਰੀਝਾਂ ਅਤੇ ਚਾਵਾਂ ਨਾਲ ਕੱਤ ਕੇ ਬਣਾਏ ਜੋੜੇ ਜਾਮੇ ਦੀ ਅਰਥ ਭਰਪੂਰ ਪ੍ਰਸ਼ੰਸਾ ਕੀਤੀ ਜਾਂਦੀ ਸੀ। ਆਮ ਤੌਰ 'ਤੇ ਜੋੜਾ ਜਾਮਾ ਚਿੱਟੇ ਰੰਗ ਦਾ ਹੁੰਦਾ ਸੀ। ਅਜੋਕੇ ਸਮੇਂ ਵਿਚ ਮੁੰਡੇ ਦੇ ਕੱਪੜੇ ਵੀ ਉਸ ਦੀ ਪਸੰਦ ਦੇ ਹੁੰਦੇ ਹਨ।

ਜੋੜੇ ਲਿਆਵੋ, ਜੋੜੇ ਲਿਆਵੋ।
ਨਾਨੀ ਦਾ ਕੱਤਿਆ, ਰੰਗ ਬਿਨਾਂ।
ਨਾਨੀ ਦਾ ਕੱਤਿਆ,
ਮੇਰੇ ਨਾਨੇ ਦਾ ਖੱਟਿਆ, ਰੰਗ ਬਿਨਾਂ।
ਨਾਨੇ ਦਾ ਖੱਟਿਆ, ਰੰਗ ਬਿਨਾਂ।
ਅੰਗ ਲਗਾਵੋ, ਅੰਗ ਲਗਾਵੋ।
ਬੰਨੀ ਦੇ ਬੰਨਰੇ, ਰੰਗ ਬਿਨਾਂ।

ਵਰਦੀ ਪਹਿਨਦੇ ਕਿਉਂ ਨਈਂ,
ਵਰਦੀ ਪਹਿਨਦੇ ਕਿਉਂ ਨਈਂ।
ਅਸੀਂ ਕੌਣ ਵੇਲ਼ੇ ਦੀਆਂ ਖੜ੍ਹੀਆਂ,
ਸਾਡੇ ਪੈਰਾਂ ਦੀਆਂ ਘਸ ਗਈਆਂ ਤਲ਼ੀਆਂ।
ਲੰਬੜਦਾਰਾਂ ਨੇ ਲਈ ਲੰਬੜਦਾਰੀ,
ਚੌਂਕੀਦਾਰਾਂ ਨੇ ਰੋਕ ਲਈਆਂ ਗਲ਼ੀਆਂ।
ਵਰਦੀ ਪਹਿਨਦੇ ਕਿਉਂ ਨਈਂ,
ਵਰਦੀ ਪਹਿਨਦੇ ਕਿਉਂ ਨਈਂ।

ਖਾਰੇ ਉਤੋਂ ਵੇ ਠਾਲੋ,
ਮੇਰੀ ਨਾਨੀ ਦਿਓ ਜਾਇਓ।
ਲੱਖ ਰੁਪਈਏ ਦੇ ਦਇਉ,
ਮੇਰੀ ਨਾਨੀ ਦਿਓ ਜਾਇਓ।
ਲਾਗ ਲਾਗੀਆਂ ਨੂੰ ਦੇ ਦਇਉ,
ਮੇਰੀ ਨਾਨੀ ਦਿਓ ਜਾਇਓ।

### *ਕੁੜੀ ਵਾਲੇ ਘਰ ਖਾਰੇ ਦੀ ਰਸਮ ਤੇ ਗੀਤ*

ਵਿਆਹ ਵਾਲੀ ਕੁੜੀ ਨੂੰ ਖਾਰੇ ਬਿਠਾਉਂਦੇ ਸਮੇਂ ਕੁੜੀ ਦੇ ਸੁਹਾਗ ਵਿਚ ਕੁੜੀ ਦੇ ਜਨਮ ਤੋਂ ਬਾਬਲ ਨੂੰ ਵਿਆਹ ਦੀ ਚਿੰਤਾ ਦਾ ਸੰਕੇਤ ਹੁੰਦਾ ਸੀ । ਇਸ ਚਿੰਤਾ ਦਾ ਮੁੱਖ ਕਾਰਨ 'ਦਾਜ' ਹੀ ਰਿਹਾ ਹੈ:

ਹਰੇ ਨ੍ਹਾਈ ਹਰੇ ਧੋਈ,
ਹਰੇ ਠੰਢਾ ਪਾਣੀਆਂ,
ਦੇ੍ਹ ਮਾਮਾ ਵੈੜ੍ਹ-ਵੱਛੀ,
ਤੇਰਾ ਪੁੰਨ ਕਰ ਜਾਣੀਏਂ।
ਅੱਗੇ ਤਾਂ ਦਿੰਦਾ ਸੈਂ ਅੱਜੀਂ-ਪੱਜੀਂ,
ਹੁਣ ਦਿੱਤੜਾ ਦਾਨ ਪਛਾਣੀਏਂ।

ਖਾਰੇ ਬਦਲ ਦਿੱਤੇ ਹੁਣ ਕੀ ਗੱਲ ਹੋਈ,
ਖਾਰੇ ਬਦਲ ਦਿੱਤੇ ਹੁਣ ਕੀ ਗੱਲ ਹੋਈ।
ਧੀਏ ਲਾਡਲੀਏ ਹੁਣ ਕੀ ਗੱਲ ਹੋਈ,
ਧੀਏ ਲਾਡਲੀਏ ਹੁਣ ਕੀ ਗੱਲ ਹੋਈ।
ਮਾਮੇ ਨੇ ਮਣਸ ਦਿੱਤੀ ਵਸ ਚਲਦਾ ਨਾ ਕੋਈ,
ਬਾਬਲ ਹੁਣ ਨਾ ਕਹੀਂ ਬੇਟੀ ਮੇਰੀ,
ਰਹੀ ਨਾ ਮੈਂ ਤੇਰੀ।
ਬਾਬਲ ਹੁਣ ਤਾਂ ਰਹਿ ਗਈ
ਜੋਗੀ ਵਾਲੀ ਫ਼ੇਰੀ।
ਹੁਣ ਤਾਂ ਸੱਦੇਂਗਾ ਪਾਮਾਂਗੀ ਫ਼ੇਰੀ,
ਰਹੀ ਨਾ ਮੈਂ ਤੇਰੀ।
ਮਾਮੇ ਨੇ ਮਣਸ ਦਿੱਤੀ!

ਜਿੱਦਣ ਬੇਟੀ ਜਨਮੀ ਸੀ,
ਮੇਰੇ ਫ਼ਿਕਰ ਪਿਆ ਪਰਿਵਾਰ।
ਸੁਣੋ ਮਨ ਲਾਇ ਸੁਣੋ ਮੇਰੀ ਬੇਨਤੀ।
ਧੀ ਹੋਵੇ ਤਾਂ ਧੰਨ ਹੋਵੇ,
ਨਹੀਂ ਤਾਂ ਧੀ ਨਾ ਰੱਖਿਓ ਕੋਈ।
ਸੁਣੋ ਮਨ ਲਾਇ ਸੁਣੋ ਮੇਰੀ ਬੇਨਤੀ।
ਧੀ ਰੱਖੀ ਸਾਡੇ ਆਤਮਾ ਰਾਮ ਨੇ,
ਜਿਨ ਦਿੱਤੜਾ ਡੇਢ ਹਜ਼ਾਰ।
ਸੁਣੋ ਮਨ ਲਾਇ ਸੁਣੋ ਮੇਰੀ ਬੇਨਤੀ।

### *ਸਿਹਰਾਬੰਦੀ ਦੀ ਰਸਮ ਅਤੇ ਗੀਤ*

ਜੰਞ ਦੀ ਤਿਆਰੀ ਸਿਹਰਾਬੰਦੀ ਦੀ ਰਸਮ ਨਾਲ ਸ਼ੁਰੂ ਹੁੰਦੀ ਸੀ। ਲਾੜੇ ਦੇ ਚਿਹਰੇ ਨੂੰ ਢੱਕਣ



ਲਈ ਬਣਾਏ ਜਾਂਦੇ ਪਰਦੇ ਨੂੰ ਸਿਹਰਾ ਕਿਹਾ ਜਾਂਦਾ ਸੀ। 'ਸਿਹਰਾਬੰਦੀ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਸਿਹਰਾ ਬੰਨ੍ਹਣਾ'। ਮਾਲਣ ਕਲੀਆਂ ਦਾ ਗੁੰਦਿਆ ਸਿਹਰਾ ਲੈ ਕੇ ਵਿਆਹ ਵਾਲੇ ਘਰ ਪੁੱਜਦੀ ਸੀ। ਲਾੜੇ ਦਾ ਬਾਪ ਜਾਂ ਦਾਦਾ ਉਸ ਸਿਹਰੇ ਦਾ ਮੁੱਲ ਤਾਰਦੇ ਅਤੇ ਉਸ ਦਾ ਲਾਗ ਦਿੰਦੇ ਸਨ। ਇਸ ਲਈ ਸਿਹਰਾਬੰਦੀ ਦੇ ਗੀਤਾਂ ਵਿਚ ਮਾਲਣ ਸ਼ਬਦ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਵਿਆਹ ਵਾਲੇ ਦਿਨ ਜੰਞ ਸਹੁਰੇ ਪਿੰਡ ਢੁੱਕਦੇ ਹੀ ਵਿਆਂਦੜ ਮੁੰਡੇ ਨੂੰ ਸਹੁਰੇ ਪਿੰਡ ਵਲੋਂ 'ਲਾੜਾ' ਕਿਹਾ ਜਾਂਦਾ ਸੀ। ਉਹ ਇਕ ਤਰ੍ਹਾਂ ਨਾਲ ਸਮੁੱਚੇ ਸਮਾਗਮ ਦਾ ਨਾਇਕ ਹੁੰਦਾ ਸੀ। ਇਸ ਲਈ ਉਸ ਦੀ ਵੱਖਰੀ ਪਛਾਣ ਬਣਾਉਣ ਲਈ ਅਤੇ ਸਭ ਦੇ ਮਨ ਵਿਚ ਉਤਸੁਕਤਾ ਪੈਦਾ ਕਰਨ ਲਈ, ਉਸ ਦਾ ਚਿਹਰਾ ਸਿਹਰੇ ਨਾਲ ਢੱਕ ਦਿੱਤਾ ਜਾਂਦਾ ਸੀ।

ਹੁਣ ਵੀ ਭੈਣਾਂ ਬਣੇ ਬਣਾਏ ਸਿਹਰੇ ਖਰੀਦ ਕੇ ਲਿਆਉਂਦੀਆਂ ਹਨ ਅਤੇ ਸਿਹਰਾ ਬੰਨ੍ਹਦੇ ਫ਼ੋਟੋ ਖਿਚਵਾਉਂਦੀਆਂ ਹਨ। ਸਿਹਰਾ ਬੰਨ੍ਹਣ ਦਾ ਰਿਵਾਜ ਲੋਪ ਹੋ ਰਿਹਾ ਹੈ। ਸਿਹਰਾ ਬੰਦੀ ਦੀ ਰਸਮ ਟਾਂਵੀ-ਟਾਂਵੀ ਹੀ ਰਹਿ ਗਈ ਹੈ, ਕਿਉਂਕਿ ਹੁਣ ਲਾੜਾ ਪਹਿਲਾਂ ਹੀ ਸਹੁਰੇ ਪਰਿਵਾਰ ਵਿਚ ਸਭ ਨੂੰ ਮਿਲਿਆ-ਗਿਲਿਆ ਹੁੰਦਾ ਹੈ। ਉਸ ਨੂੰ ਦੇਖਣ ਦੀ ਉਤਸੁਕਤਾ ਵੀ ਪਹਿਲਾਂ ਵਾਂਗ ਨਹੀਂ ਹੁੰਦੀ। ਸੱਸ ਦੇ ਮਨ ਵਿਚ 'ਚੁੱਕ ਪੱਲੂ ਸੱਸੂ ਦੇਖਣ ਲੱਗੀ, ਧੰਨ ਜਣੇਂਦੜੀ ਮਾਂ' ਵਾਲ਼ੀ ਭਾਵਨਾ ਸਿਹਰੇ ਕਾਰਨ ਹੀ ਪੈਦਾ ਹੁੰਦੀ ਸੀ।

ਅਜੋਕੇ ਸਮੇਂ ਵਿਚ ਜ਼ਿਆਦਾਤਰ ਲਾੜੇ ਦੀ ਪੱਗ ਤੇ ਕਲਗ਼ੀ ਹੀ ਸਜਾ ਦਿੱਤੀ ਜਾਂਦੀ ਹੈ। 'ਲਾੜੇ' ਦੀਆਂ ਭਾਬੀਆਂ ਥਾਲੀ ਵਿਚ ਸੁਰਮਾ, ਸਲਾਮੀ ਅਤੇ ਮਿੱਠਾ ਰੱਖ ਕੇ ਲੈ ਆਉਂਦੀਆਂ ਹਨ। ਉਸ ਵਕਤ ਲਾੜੇ ਨੂੰ ਸਭ ਸਕੇ ਸੰਬੰਧੀਆਂ ਵਲੋਂ ਸਲਾਮੀ (ਝੋਲੀ ਵਿਚ ਰੁਪਈਏ ਪਾਏ ਜਾਂਦੇ ਹਨ) ਪਾਈ ਜਾਂਦੀ ਹੈ। ਸਭ ਤੋਂ ਪਹਿਲਾਂ ਮਾਂ ਵਲੋਂ ਸਲਾਮੀ ਪਾ ਕੇ ਅਸੀਸ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਮੰਗਲ ਗੀਤ ਗਾਏ ਜਾਂਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਭੈਣਾਂ ਘੋੜੀ ਚੜ੍ਹ ਰਹੇ ਵੀਰ ਦੇ ਸ਼ਗਨ ਮਨਾਉਂਦੀਆਂ ਹਨ। ਭਾਬੀਆਂ ਘੋੜੀ ਚੜ੍ਹ ਰਹੇ ਦੇਵਰ ਦੇ ਨੈਣਾਂ ਵਿਚ ਸੁਰਮਾ ਪਾਉਂਦੀਆਂ ਹਨ। ਭਾਬੋ ਵੱਲੋਂ ਦੇਵਰ ਦੀਆਂ ਅੱਖਾਂ ਵਿਚ ਸੁਰਮ ਸਲਾਈ ਪਾਉਣਾ ਦੇਵਰ-ਭਰਜਾਈ ਦੇ ਰਿਸ਼ਤੇ ਵਿਚ ਖੁੱਲ੍ਹ-ਖੇਲ੍ਹ ਹੋਣ ਦੇ ਸੰਕੇਤ ਜ਼ਾਹਿਰ ਕਰਦਾ ਹੈ। ਭਾਬੀਆਂ ਨੂੰ ਸੁਰਮਾ ਪੁਆਈ ਦਾ ਲਾਗ ਦਿੱਤਾ ਜਾਂਦਾ ਹੈ। ਮਾਂ ਸਮੇਤ ਹੋਰ ਰਿਸ਼ਤੇਦਾਰ ਪਿਆਰ ਅਤੇ ਅਸ਼ੀਰਵਾਰ ਦਿੰਦੇ ਹਨ। ਇਸ ਰਸਮ ਦਾ ਉਦੇਸ਼ ਲਾੜੇ ਨੂੰ ਸਜਾਉਣਾ, ਨਜ਼ਦੀਕੀ ਰਿਸ਼ਤਿਆਂ ਦੀ ਪਛਾਣ ਕਰਵਾਉਣਾ ਅਤੇ ਮਾਣ ਵਧਾਉਣਾ ਹੈ।

ਪਹਿਲਾਂ ਇਸ ਮੌਕੇ ਹਿਫ਼ਾਜ਼ਤ ਲਈ ਲਾੜੇ ਦੇ ਹੱਥ ਵਿਚ ਕਿਰਪਾਨ ਫੜਾਈ ਜਾਂਦੀ ਸੀ। ਸਰਬਾਲਾ ਵੀ ਤਿਆਰ ਕੀਤਾ ਜਾਂਦਾ ਸੀ ਜੋ ਸਾਰੀਆਂ ਰਸਮਾਂ ਦੌਰਾਨ ਲਾੜੇ ਦੇ ਨਾਲ ਪਰਛਾਵੇਂ ਵਾਂਗ ਰਹਿੰਦਾ ਸੀ। ਉਹ ਉਸ ਦੀ ਹਰ ਨਿੱਕੀ-ਮੋਟੀ ਜ਼ਰੂਰਤ ਦਾ ਖ਼ਿਆਲ ਵੀ ਰੱਖਦਾ ਸੀ। ਸਰਬਾਲਾ ਅਕਸਰ ਲਾੜੇ ਦਾ ਛੋਟਾ ਭਰਾ ਹੀ ਹੁੰਦਾ ਸੀ। ਜੇ ਕਰ ਸਕਾ ਭਰਾ ਨਾ ਹੋਵੇ ਤਾਂ ਰਿਸ਼ਤੇ ਵਿਚੋਂ ਕਿਸੇ ਵੀ ਚਾਚੇ, ਤਾਏ, ਮਾਮੇ ਜਾਂ ਭੂਆ ਦੇ ਪੁੱਤ ਨੂੰ ਸਰਬਾਲਾ ਬਣਾਇਆ ਜਾਂਦਾ ਸੀ। ਉਸ ਦੀ ਝੋਲੀ ਵਿਚ ਵੀ ਬਕਾਇਦਾ ਸ਼ਗਨ ਪਾਏ ਜਾਂਦੇ ਸਨ। ਇਹ ਰਸਮ ਅੱਜ ਵੀ ਹੋ ਰਹੀ ਹੈ:

ਪਹਿਲੀ ਸਲਾਮੀ ਤੇਰੀ ਮਾਤਾ ਘਰੋਂ ਆਈ,
ਮਾਤਾ ਦਾ ਕੱਤਿਆ ਬਾਬਲ ਬਣਾਇਆ,
ਢੇਰਾਂ ਤੋਂ ਚੱਕ ਕੇ ਤੰਮੋਲਾਂ* ਨੂੰ ਲਾਇਆ।
ਦੂਜੀ ਸਲਾਮੀ ਤੇਰੀ ਮਾਮੀ ਘਰੋਂ ਆਈ,
ਦੂਜੀ ਸਲਾਮੀ ਤੇਰੀ ਮਾਮੀ ਘਰੋਂ ਆਈ।
ਮਾਮੀ ਦਾ ਕੱਤਿਆ ਮਾਮੇ ਬਣਾਇਆ,
ਢੇਰਾਂ ਤੋਂ ਚੱਕ ਕੇ ਤੰਮੋਲਾਂ ਨੂੰ ਲਾਇਆ।
ਤੀਜੀ ਸਲਾਮੀ ਤੇਰੀ ਮਾਤਾ ਘਰੋਂ ਆਈ,
ਸੱਸੂ ਨੂੰ ਵੇਚ ਸਲਾਮੀ ਲਿਆਈ।
ਸੱਸੂ ਦਾ ਕੱਤਿਆ ਸਹੁਰੇ ਬਣਾਇਆ।
ਢੇਰਾਂ ਤੋਂ ਚੱਕ ਕੇ ਤੰਮੋਲਾਂ ਨੂੰ ਲਾਇਆ।
*ਤੰਮੋਲਾਂ: ਪੱਗਾਂ

ਨੀ ਤੂੰ ਪਾ-ਪਾ ਭਾਬੋ ਸੁਰਮੇ ਸਿਲਾਈ,
ਦੇਵਰ ਨੈਣ ਸੰਵਾਰੇ।
ਵੇ ਤੂੰ ਦੇ ਦੇ ਦਿਓਰਾ ਪੰਜ ਰੁਪਈਏ,
ਭਾਬੋ ਨੱਥ ਘੜਾਵੇ।

ਪਹਿਲੀ ਸਿਲਾਈ ਰਸ ਭਰੀ ਦਿਓਰਾ,
ਵੇ ਦੂਜੀ ਸਿਲਾਈ ਤਾਰ।
ਤੀਜੀ ਸਿਲਾਈ ਤਾਂ ਪਾਵਾਂ,
ਜੇ ਗਲ ਨੂੰ ਪਾਵੇਂ ਵੇ ਦਿਓਰ ਮੇਰਿਆ ਹਾਰ।

ਪਹਿਲੀ ਸਿਲਾਈ ਰਸ ਭਰੀ ਦਿਓਰਾ,
ਵੇ ਦੁਜੀ ਸਿਲਾਈ ਤਾਰ।
ਤੀਜੀ ਸਿਲਾਈ ਤਾਂ ਪਾਵਾਂ,
ਜੇ ਮੋਹਰਾਂ ਦੇਵੇਂ ਵੇ ਚਾਰ।

ਪਾ ਦੇ ਭਾਬੀਏ ਸੁਰਮਾ ਰਾਮ ਦੀ ਰੱਤੀ ਦਾ,
ਰਾਮ ਦੀ ਰੱਤੀ ਦਾ,
ਸੁਰਮਾ ਵੀਰੇ ਦੀ ਖੱਟੀ ਦਾ।
ਰਾਮ ਦੀ ਰੱਤੀ ਦਾ,
ਸੁਰਮਾ ਵੀਰੇ ਦੀ ਖੱਟੀ ਦਾ।
ਦੇਵਰ ਦਿੱਤੇ ਪੰਜ ਰੁਪਈਏ,
ਪੰਜਾਂ ਦੀ ਨੱਥਣੀ ਘੜਾ ਲੈ ਭਾਬੀਏ,
ਸੁਰਮਾ ਰਾਮ ਦੀ ਰੱਤੀ ਦਾ।
ਪਾ ਦੇ ਭਾਬੀਏ ਸੁਰਮਾ,
ਰਾਮ ਦੀ ਰੱਤੀ ਦਾ।

ਭਾਬੋ ਸੁਰਮਾ ਜੋ ਪਾਵੇ,
ਦੇਵਰ ਅੱਖੀਆਂ ਮਾਰੇ।
ਭਾਬੋ ਸੁਰਮਾ ਜੋ ਪਾਵੇ,
ਦੇਵਰ ਅੱਖੀਆਂ ਮਾਰੇ।

ਬਾਬੇ ਬਾਗ਼ ਲੁਆਇਆ,
ਮਾਲਣ ਚੁਗ ਲਿਆ ਰੇ ਕਲੀਆਂ।
ਤੂੰ ਗੁੰਦ ਤੂੰ ਗੁੰਦ ਮਾਲਣੇ,
ਮੇਰੇ ਰਾਮ ਚੰਦਰ ਜੀ ਦਾ ਸਿਹਰਾ,
ਨੀ 50-60 ਲੜੀਆਂ।
ਨਾਨੇ ਬਾਗ਼ ਲੁਆਇਆ,
ਮਾਲਣ ਚੁਗ ਲਿਆ ਰੇ ਕਲੀਆਂ।
ਤੂੰ ਗੁੰਦ ਤੂੰ ਗੁੰਦ ਮਾਲਣੇ,
ਮੇਰੇ ਰਾਮ ਚੰਦਰ ਜੀ ਦਾ ਸਿਹਰਾ,
ਨੀ 50-60 ਲੜੀਆਂ।
ਮਾਮੇ ਬਾਗ਼ ਲੁਆਇਆ,
ਮਾਲਣ ਚੁਗ ਲਿਆ ਰੇ ਕਲੀਆਂ।
ਤੂੰ ਗੁੰਦ ਤੂੰ ਗੁੰਦ ਮਾਲਣੇ,
ਮੇਰੇ ਰਾਮ ਚੰਦਰ ਜੀ ਦਾ ਸਿਹਰਾ,
ਨੀ 50-60 ਲੜੀਆਂ।

ਚੁਗ ਲਿਆਇਓ ਚੰਬਾ ਤੇ ਗ਼ੁਲਾਬ ਜੀ,
ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।
ਇਹਦੀ ਨਾਰ ਚੰਬੇ ਦੀ ਜੀ ਤਾਰ,
ਜੀ ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।
ਵੀਰਾ ਕੀ ਕੁਝ ਪੜ੍ਹਦੀਆਂ ਸਾਲੀਆਂ,
ਵੀਰਾ ਕੀ ਕੁਝ ਪੜ੍ਹੇ ਤੇਰੀ ਨਾਰ।
ਜੀ ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।
ਭੈਣੇਂ ਸਾਲੀਆਂ ਪੜ੍ਹਦੀਆਂ ਪੋਥੀਆਂ,
ਮੇਰੀ ਨਾਰ ਪੜ੍ਹੇ ਦਰਬਾਰ,
ਜੀ ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।
ਵੀਰਾ ਕੀ ਕੁਝ ਕੱਢਦੀਆਂ ਸਾਲੀਆਂ,
ਵੀਰਾ ਕੀ ਕੁਝ ਕੱਢੇ ਤੇਰੀ ਨਾਰ।
ਜੀ ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।
ਭੈਣੇਂ ਸਾਲੀਆਂ ਤਾਂ ਕੱਢਦੀਆਂ ਚਾਦਰਾਂ,
ਮੇਰੀ ਨਾਰ ਕੱਢੇ ਰੁਮਾਲ।
ਜੀ ਚੁਗ ਲਿਆਇਓ।
ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ।

ਵੇ ਲਹੌਰੋਂ ਮਾਲਣ ਆਈ ਵੀਰਾ,
ਤੇਰਾ ਸਿਹਰਾ ਗੁੰਦ ਲਿਆਈ ਵੀਰਾ।
ਇਸ ਸਿਹਰੇ ਦਾ ਕੀ ਮੁੱਲ ਵੀਰਾ,
ਨੌਂ ਲੱਖ ਤਾਂ ਡੂਢ ਹਜ਼ਾਰ ਭੈਣੇਂ।

ਸਿਹਰਾ ਪਹਿਨਦੇ ਬੰਨੇ ਨੂੰ ਗਰਮੀ ਆਈ,
ਏਨੂੰ ਗਰਮੀ ਆਈ, ਪੱਖਾ ਝੱਲੇ ਨਾਈ।
ਏਨੂੰ ਗਰਮੀ ਆਈ, ਪੱਖਾ ਝੱਲੇ ਨਾਈ।
ਪਾਸ ਖਲੋਤੇ ਭਾਈ, ਵਾਰਨੇ ਕਰਦੀ ਤਾਈ।
ਇਹਦਿਆਂ ਹਾਰਾਂ ਨੂੰ, ਹਾਰ ਸ਼ਿੰਗਾਰਾਂ ਨੂੰ।

ਵੀਰਾ ਵੇ, ਤੇਰੇ ਦੇਖਣੇ ਨੂੰ ਲੱਖਾਂ ਖੜ੍ਹੇ।
ਲੱਖਾਂ ਖੜ੍ਹੇ, ਵੇ ਕਰੋੜਾਂ ਖੜ੍ਹੇ।
ਵੀਰਾ ਵੇ, ਤੇਰੇ ਸਿਹਰੇ ਨੂੰ ਸੁੱਚੇ ਜੜੇ।
ਵੀਰਾ ਵੇ, ਤੇਰੇ ਸਿਹਰੇ ਨੂੰ ਸੁੱਚੇ ਜੜੇ।
ਸੁੱਚੇ ਜੜੇ, ਵੇ ਸਿਤਾਰੇ ਜੜੇ।
ਸੁੱਚੇ ਜੜੇ, ਵੇ ਸਿਤਾਰੇ ਜੜੇ।
ਵੀਰਾ ਵੇ, ਤੇਰੇ ਦੇਖਣੇ ਨੂੰ ਲੱਖਾਂ ਖੜ੍ਹੇ।

ਐਸ.ਐਸ. ਮੀਸ਼ਾ-2

# ਲੀਕ ਦੇ ਆਰ-ਪਾਰ



*ਸ਼ਾਇਰ ਸੋਹਨ ਸਿੰਘ ਮੀਸ਼ਾ ਦਾ ਪੰਜਾਬੀ ਕਾਵਿ-ਜਗਤ ਵਿਚ ਆਪਣਾ ਰੰਗ ਹੈ। ਉਸ ਦੀਆਂ 'ਚੁਰਸਤਾ', 'ਚੀਕ ਬੁਲਬੁਲੀ' ਅਤੇ 'ਲੀਕ' ਵਰਗੀਆਂ ਕਵਿਤਾਵਾਂ ਭੁਲਾਇਆਂ ਵੀ ਨਹੀਂ ਭੁਲਾਈਆਂ ਜਾ ਸਕਦੀਆਂ। ਇਨ੍ਹਾਂ ਕਵਿਤਾਵਾਂ ਵਿਚ ਉਸ ਬੰਦੇ ਦੀ ਬਾਤ ਹੈ ਜਿਹੜਾ ਖੁਦ ਨਾਲ ਬੜੀ ਭਿਅੰਕਰ ਲੜਾਈ ਵਿਚ ਪਿਆ ਹੋਇਆ ਹੈ। ਇਸ ਲੜਾਈ ਦੇ ਨਾਲ ਹੀ ਉਤਰਦੀ ਬੇਵਸੀ ਨੂੰ ਸ਼ਾਇਰ ਨੇ ਬਹੁਤ ਬਾਰੀਕੀ ਨਾਲ ਫੜਿਆ ਹੈ। ਇੰਨੀ ਹੀ ਸ਼ਿੱਦਤ ਨਾਲ ਇਸ ਸ਼ਾਇਰ ਬਾਰੇ ਸਾਡੇ ਸਹਿਯੋਗੀ ਗੁਰਦਿਆਲ ਸਿੰਘ ਬੱਲ ਨੇ ਇਸ ਲੰਮੇ ਲੇਖ ਵਿਚ ਇਨ੍ਹਾਂ ਕਵਿਤਾਵਾਂ ਅਤੇ ਪਿਛੋਕੜ ਵਿਚ ਕੰਮ ਕਰਦੀ ਸਿਆਸਤ ਬਾਰੇ ਗੁਫਤਗੂ ਰਚਾਈ ਹੈ। ਬੱਲ ਵੱਲੋਂ ਛੇੜੀਆਂ ਰਮਜ਼ਾਂ ਦੇ ਭੇਤ ਜਿਉਂ ਜਿਉਂ ਖੁੱਲ੍ਹਦੇ ਹਨ, ਸੱਚ ਸਿਰ ਭਾਰ ਹੁੰਦਾ ਜਾਪਣ ਲੱਗਦਾ ਹੈ। ਉਹ ਤੱਥਾਂ ਅਤੇ ਤਰਤੀਬਾਂ ਦੀ ਜੁਗਲਬੰਦੀ ਸਿਰਜਦਾ ਹੈ ਜਿਸ ਵਿਚ ਹਾਲਾਤ ਵਿਚ ਫਾਥੇ ਬੰਦੇ ਦੇ ਨਕਸ਼ ਉਘੜਨ ਲਗਦੇ ਹਨ। -ਸੰਪਾਦਕ*

ਐਸ.ਐਸ. ਮੀਸ਼ਾ ਦਾ ਸਰਗਰਮ ਸਿਰਜਣਾਤਮਿਕ ਕਾਲ 1957-77 ਦਾ ਕਿਹਾ ਜਾ ਸਕਦਾ ਹੈ। ਪੰਜਾਬ ਵਿਚ ਖੱਬੇ ਪੱਖੀ ਚਿੰਤਨ ਦੀ ਸਰਦਾਰੀ ਦਾ ਦੌਰ ਵੀ ਇਹੋ ਸੀ। ਜ਼ਿੰਦਗੀ ਦੀਆਂ ਹਾਂਦਰੂ ਕਦਰਾਂ, ਇਨਸਾਨੀ ਸੁਤੰਤਰਤਾ ਅਤੇ ਸਵੈ ਦੇ ਪ੍ਰਗਟਾਵੇ ਦੀ ਖੁੱਲ੍ਹ ਦੇ ਪੂਰੀ ਸ਼ਿੱਦਤ ਨਾਲ ਮੁਦਈ ਹੋਣ ਦੇ ਬਾਵਜੂਦ, ਮਸੀਹੀ ਸੁਪਨੇਸਾਜ਼ੀ ਦੇ ਖਤਰਿਆਂ ਦੇ ਭੇਤੀ ਹੋਣ ਕਾਰਨ ਉਹ ਨੇਂਹਵਾਦੀ-ਇਨਕਲਾਬੀ ਜਾਂ ਸ਼ੋਰੀਲੀ ਸੁਰ ਵਿਸਥਾਪਤੀ ਪੱਖੀ ਕਿਸੇ ਧਾਰਾ ਵਿਚ ਆ ਨਹੀਂ ਸੀ ਸਕਦਾ, ਹਾਲਾਂਕਿ ਉਨ੍ਹਾਂ ਨੂੰ ਅਕਸਰ ਨਾ ਕੇਵਲ ਆਪਣੇ ਖੱਬੇ ਦਾਅ ਦੇ ਸਮਕਾਲੀ ਮਿੱਤਰਾਂ ਦੇ ਵਿਅੰਗ ਅਤੇ ਮਿਹਣੇ ਸੁਣਨੇ ਪਏ। ਕਈ ਵਾਰ ਤਾਂ ਗਹਿਰੇ ਮਾਨਸਿਕ ਸੰਕਟ ਵਿਚੋਂ ਵੀ ਗੁਜ਼ਰਨਾ ਪਿਆ। ਫਿਰ ਜ਼ਿੰਦਗੀ ਦੇ ਆਖਰੀ ਵਰ੍ਹਿਆਂ ਦੌਰਾਨ ਪੰਜਾਬ ਅੰਦਰ ਧਾਰਮਿਕ ਬੁਨਿਆਦਪ੍ਰਸਤੀ ਦੀ ਜਿਸ ਤਰ੍ਹਾਂ ਦੀ ਲਹਿਰ



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਚੱਲੀ, ਉਸ ਨੇ ਮੀਸ਼ੇ ਦੇ ਆਂਤਰਿਕ ਸੰਤੁਲਨ ਹੋਰ ਵੀ ਅਸਤ-ਵਿਅਸਤ ਕਰ ਦਿੱਤਾ ਅਤੇ ਇਹ ਮਾਹੌਲ ਆਖਰਕਾਰ ਉਸ ਨੂੰ ਲੈ ਕੇ ਲੈ ਗਿਆ।

ਮੀਸ਼ਾ ਯਾਰਾਂ ਦਾ ਯਾਰ ਸੀ। ਉਸ ਦਿਨ ਕਾਂਜਲੀ ਵਾਲੀ ਝੀਲ ਵਿਚ 'ਆਤਮ ਹੱਤਿਆ' ਜੇ ਉਹ ਨਾ ਕਰਦਾ ਤਾਂ ਅਗਲੇ ਦਿਨ ਉਸ ਨੇ ਜੋਗਿੰਦਰ ਸ਼ਮਸ਼ੇਰ ਨੂੰ ਮਿਲਣ ਦਿੱਲੀ ਜਾਣਾ ਸੀ। ਸੁਰਜੀਤ ਹਾਂਸ ਵਰਗੇ ਹਿਮਾਲੀਆ ਬੁਲੰਦੀਆਂ ਵਾਲੇ ਅਧਿਆਪਕ ਸਮੇਤ ਆਪਣੇ ਹਰ ਮਿੱਤਰ ਨਾਲ ਮਿੱਤਰਤਾ ਉਸ ਨੇ ਸਾਹ ਸਾਹ ਨਾਲ ਨਿਭਾਈ। ਉਸ ਦੀ ਆਤਮਾ ਵਿਚ ਕਹਿਰਾਂ ਦੀ ਭਟਕਣ ਸੀ। ਕਿਸੇ ਅਸੀਮ ਸੁੰਦਰਤਾ ਤੇ ਸਦੀਵੀ ਮੁਹੱਬਤ ਦੀ ਤਲਾਸ਼ ਸੀ। ਉਸ ਦੀ ਸਾਰੀ ਜ਼ਿੰਦਗੀ ਪਹੇਲੀ ਵਰਗੀ ਲੰਮੀ ਨਜ਼ਮ ਸੀ। ਯੂਨਾਨੀ ਮਿਥਿਹਾਸ ਅਤੇ ਸਾਇਰਨਜ਼ (ਸੰਗੀਤ ਦੀਆਂ ਪਰੀਆਂ) ਦਾ ਗੀਤ ਉਹ ਸਦਾ ਸੁਣਨਾ ਚਾਹੁੰਦਾ ਸੀ ਅਤੇ ਆਪਣੇ ਅਜ਼ੀਜ਼ ਮਨਮੋਹਨ ਤੇ ਚਹੇਤੀ ਸਾਥਣ ਨਾਲ ਗੀਤ ਸੁਣਨ ਦੀ ਲਲਕ ਵਸ ਹੀ ਉਸ ਦਿਨ ਝੀਲ ਅੰਦਰ ਚਲਾ ਗਿਆ। ਉਸ ਦੇ ਪਿਆਰੇ ਪੰਜਾਬ ਅੰਦਰ ਮਾਹੌਲ ਜਿਸ ਕਿਸਮ ਦਾ ਬਣ ਗਿਆ ਸੀ, ਉਸ ਨੂੰ ਪੱਕਾ ਪਤਾ ਸੀ ਕਿ ਉਸ ਦੇ ਧੀਮੇ ਬੋਲਾਂ ਦੀ ਕੋਈ ਭੂਮਿਕਾ ਹੁਣ ਰਹਿ ਨਹੀਂ ਸੀ ਗਈ!

'ਚੁਰਸਤਾ' ਨਜ਼ਮ ਉਹਨੇ ਆਪਣੇ ਕਾਲਜ ਵਾਲੇ ਦਿਨਾਂ ਦੌਰਾਨ ਲਿਖੀ ਸੀ। ਇਸ ਨਜ਼ਮ ਦੇ ਪੈਰਾਡਾਈਮ ਤੋਂ ਬਾਹਰ ਉਹਨੇ ਕਦੀ ਭੁੱਲ ਕੇ ਵੀ ਕਦਮ ਨਾ ਰੱਖਿਆ ਅਤੇ ਇਸੇ ਅਲੋਕਾਰ ਸੰਜਮ ਵਿਚ ਉਸ ਦੀ ਵਡਿਆਈ ਸੀ। ਸਵਾਲ ਹੈ ਕਿ ਫਿਰ ਉਹਨੇ ਆਪਣੀ ਧੀਮੇ ਸੁਰ ਵਾਲੀ ਕਲਾਤਮਿਕ ਪ੍ਰਤਿਭਾ ਨਾਲ 'ਅਰਸ਼ ਤੇ ਕੁਮੰਦ ਪਾਉਣ' ਦੀ ਆਪਣੀ ਚਾਹਤ ਦੀ ਕੀਮਤ ਕਿਵੇਂ ਤਾਰੀ? ਕਵਿਤਾਵਾਂ ਕਿਸ ਅੰਦਾਜ਼ ਵਿਚ ਲਿਖੀਆਂ? ਰਤਾ 'ਸੋਝੀ' ਸਿਰਲੇਖ ਵਾਲੀ ਨਜ਼ਮ ਪੜ੍ਹੀਏ:

ਤੇਰੀ ਮੋਨਾਲੀਜ਼ਾ ਜਿਹੀ ਮੁਸਕਾਨ ਦੇਖ ਕੇ
ਸੋਚ ਰਿਹਾ ਸਾਂ/ਇਹ ਜੱਗ ਰਚਨਾ
ਸਾਡੀ ਹਰ ਮਨਸ਼ਾ ਦੀ ਪਾਲਕ
---
ਜੇ ਚਾਹਾਂ ਤਾਂ ਰਾਤੀਂ ਤਾਰੇ
ਤੇਰੀਆਂ ਜ਼ੁਲਫਾਂ ਵਿਚ ਉਤਰਨ
ਸਾਰੇ ਦੇ ਸਾਰੇ।

ਇਸੇ ਨਜ਼ਮ ਦੀਆਂ ਟੁਣੇਹਾਰ ਸਤਰਾਂ ਹਨ:

ਤੇਰੀਆਂ ਬੁਲ੍ਹੀਆਂ ਨੂੰ ਰੰਗਣ ਲਈ
ਸੁੱਤੀ ਉਠਦੀ ਊਸ਼ਾ ਸੁੱਚੇ ਮੂੰਹ ਆਵੇਗੀ
---
ਜੇਕਰ ਤੇਰੇ ਪਿਆਰ ਸਵਾਦਾਂ
ਸੰਗ ਅਲਸਾਏ ਅੰਗਾਂ ਉਤੋਂ
ਨੀਂਦ ਅਜੇ ਨਾ ਲੱਥੀ ਹੋਵੇ
ਰਾਤ ਲੰਮੇਰੀ ਹੋ ਜਾਵੇਗੀ
ਰੁਕ ਥੋੜ੍ਹਾ ਚਿਰ ਲੋ ਜਾਵੇਗੀ
---
ਸੋਚ ਰਿਹਾ ਸਾਂ/ਤੇਰੇ ਮੂੰਹ ਨੂੰ ਚੁੰਮਣਾ
ਮੁਕਤੀ ਪਾ ਲੈਣਾ ਹੈ
ਇਸ ਜੀਵਨ ਦਾ ਸਭੋ ਕੁਝ ਬਣਾ ਲੈਣਾ ਹੈ
ਪਰ ਹੁਣ ਤੂੰ ਚੰਨ ਮੁਖ ਮੋੜਿਆ
ਸੁਪਨ ਤੋੜਿਆ
ਤਾਰੇ ਸਭ ਕਰੋਪੀ ਹੋਏ ਨਜ਼ਰੀਂ ਆਏ
---
ਕੀ ਹੋਇਆ ਜੇ ਸੋਝੀ ਟੁੰਬੇ, ਦੁੱਖਾਂ ਤੋਂ
ਜੀ ਘਬਰਾਇਆ ਹੈ
'ਮੂਰਖ ਲੋਕ ਸਦਾ ਸੁੱਖ ਸੌਂਦੇ'
ਆਦਮ ਹਵਾ ਦੀ ਗੱਲ ਕਿਹੜੀ
ਸੋਝੀ ਦਾ ਫਲ ਖਾ ਕੇ
ਕਿਸ ਨੇ ਸੁੱਖ ਪਾਇਆ ਹੈ

'ਜ਼ਿੰਦਗੀ ਦੀ ਇਕ ਪਿਆਲੀ' ਸਿਰਲੇਖ ਹੇਠਲੀ ਚੜ੍ਹਦੀ ਉਮਰ ਦੀ ਨਜ਼ਮ ਵਿਚ ਆਪਣੇ ਰਸਹੀਣ ਆਲੇ-ਦੁਆਲੇ ਪ੍ਰਤੀ ਅਚਾਨਕ ਥੋੜ੍ਹਾ ਉਚੀ ਸੁਰ ਵਿਚ ਉਨ੍ਹਾਂ ਦੇ ਮਨ ਅੰਦਰਲਾ ਆਕ੍ਰੋਸ਼ ਜ਼ਰਾ ਦੇਖੋ:

ਕਾਫੀ ਚੱਪਣੀ ਜਿੰਨੀ ਡੂੰਘੀ
ਦੇਸ਼ ਦੀ ਹਾਲਤ ਕਿੰਨੀ ਮੰਦੀ
ਰਿਸ਼ਵਤਖੋਰੀ ਅਤਿਆਚਾਰੀ
ਭੁੱਖ ਨੰਗ ਤੇ ਬੇਰੁਜ਼ਗਾਰੀ
ਇਹ ਨਕਟਾਈ ਇਸ ਸੂਟ ਨਾਲ
ਸੋਹਣਾ ਮੈਚ ਹੈ ਕਰਦੀ
ਪਰ, ਇਕੋ ਨਜ਼ਰ ਕਾਲਜਾ ਧੂੰਹਦੀ
ਇਕੋ ਗੱਲ ਕਾਲਜਾ ਲੂੰਹਦੀ
ਦੇਸ਼ ਦੀ ਹਾਲਤ ਕਿੰਨੀ ਮੰਦੀ
ਹੋਵੇ ਸ਼ਰਮ ਹਯਾ ਜੇ ਚੂਲੀ
ਕਾਫੀ ਨੱਕ ਡੋਬਣ ਨੂੰ ਕਾਫੀ।

'ਦਾਅਵਤ ਤੋਂ ਬਾਅਦ' ਆਪਣੇ ਇਰਦ-ਗਿਰਦ ਮਧ-ਵਰਗੀ ਜੀਵਨ ਦੇ ਦਿਖਾਵੇ ਅਤੇ ਨੀਰਸ ਖੋਖਲੇਪਣ 'ਤੇ ਇਕ ਵਾਰ ਮੁੜ, ਸਹੀ ਸੁਰ ਵਿਚ ਆਪਣੇ ਧੀਮੇ ਬੋਲਾਂ ਨਾਲ ਵਾਰ ਕਰਦੀ ਸਾਹਕਾਰ ਨਜ਼ਮ ਹੈ:

ਰਾਤ ਕਾਫੀ ਹੋ ਗਈ ਹੈ ਜਾਨੇ-ਮਨ
ਸੌਂ ਜਾਓ ਹੁਣ
ਸਾਂਭ ਹੋ ਜਾਊ ਸਵੇਰੇ ਸਭ ਸਾਮਾਨ
ਛੱਡੋ ਹੁਣ ਇਸ ਦਾ ਧਿਆਨ
ਇਸ ਤਰ੍ਹਾਂ ਹੀ ਰਹਿਣ ਦੇਵੋ
ਮੇਜ਼ 'ਤੇ ਬਚੇ ਫੁਲਕੇ, ਜੂਠੇ ਬਰਤਨ
ਖਾਲੀ ਡੂੰਘੇ, ਲਿਬੜੇ ਹੋਏ ਨੈਪਕਨ
ਰਾਤ ਕਾਫੀ ਹੋ ਗਈ ਹੈ ਜਾਨੇ-ਮਨ।
---
ਤੁਰ ਗਏ ਮਹਿਮਾਨ ਵੀ
ਹੁਣ ਬੇਸ਼ਕ ਮੱਥੇ ਤਿਊੜੀ ਆਉਣ ਦੇਵੋ
ਸੁਣ ਕੇ ਚਗਲੇ ਹੋਏ ਲਤੀਫੇ ਚੁਗਲੀਆਂ
ਅੱਕ ਗਏ ਹੋਣੇ ਨੇ ਹੋਠ
ਲਿਪਸਟਿਕ ਦੇ ਹਾਲ ਹੀ
ਪੂੰਝ ਦੇਵੋ ਇਨ੍ਹਾਂ ਤੋਂ ਮੁਸਕਾਨ ਵੀ।

ਸੱਚੇ ਪਾਤਸ਼ਾਹ ਗੁਰੂ ਨਾਨਕ ਹਜ਼ੂਰ ਨੂੰ ਨਮੋ ਮੀਸ਼ਾ ਵੀ ਕਹਿੰਦਾ ਹੈ, ਪਰ ਉਸ ਦਾ ਅੰਦਾਜ਼ ਵੱਖਰਾ ਹੈ। ਝੂਠੇ ਦੰਭ, ਕਰਮ ਕਾਂਡਾਂ ਅਤੇ ਦਿਖਾਵੇ ਖਿਲਾਫ ਉਨ੍ਹਾਂ ਦੇ ਇਨਕਾਰ ਨੂੰ ਜਾਨਣ ਲਈ 'ਬਾਬਾ ਨਾਨਕ' ਸਿਰਲੇਖ ਹੇਠਲੀ ਉਨ੍ਹਾਂ ਦੀ ਨਜ਼ਮ ਦੀਆਂ ਕੁਝ ਸਤਰਾਂ ਇਉਂ ਹਨ:

ਮੈਂ ਭੁਲਿਆ ਭਟਕਿਆ ਰਾਹੀ
ਤੈਨੂੰ ਚੇਤੇ ਕਰ ਲੈਂਦਾ ਹਾਂ।
ਕਦੇ ਕਦਾਈਂ, ਵਰ੍ਹੇ ਛਮਾਹੀਂ
ਉਂਜ ਮੇਰਾ ਰਾਹ
ਤੇਰੇ ਦੱਸੇ ਹੋਏ ਰਾਹ ਤੋਂ ਬੜਾ ਅਲੱਗ ਹੈ
ਆਪਣੇ ਨਿੱਕੇ ਜਿਹੇ ਘੇਰੇ ਵਿਚ
ਮੈਂ ਹਥਿਆਰ ਵਿਹੂਣਾ ਬਾਬਰ
ਮੇਰੇ ਅੰਦਰ ਕੌਡਾ ਰਾਖਸ਼
ਮੇਰੇ ਅੰਦਰ ਸੱਜਣ ਠੱਗ ਹੈ
---
ਇਕ ਦਿਨ ਮੈਂ ਇਕ ਤੀਰਥ ਜਾ ਕੇ
ਸੀਸ ਨਿਵਾਇਆ
ਉਸ ਤੀਰਥ ਦਾ ਭਾਈ ਤੇਰੀ ਬਾਣੀ ਪੜ੍ਹ ਕੇ
ਆਪਣਾ ਪੇਟ ਪਾਲਦਾ
ਤੇ ਲੋਕਾਂ ਦੇ ਪਾਪ ਟਾਲਦਾ
---
ਉਸ ਨੇ ਤੇਰੇ ਸ਼ਬਦਾਂ ਦਾ ਪਰ
ਪਾਰਾਵਾਰ ਕਦੀ ਨਾ ਪਾਇਆ
ਮੈਂ ਉਸ ਤੀਰਥ ਸੀਸ ਨਿਵਾਇਆ



ਪਰ ਤੂੰ ਮੈਨੂੰ ਉਥੇ ਵੀ ਨਜ਼ਰੀ ਨਾ ਆਇਆ
---

'ਵਾਰਸ' ਨਜ਼ਮ ਨਾਲ ਉਹ 'ਚੁਰਸਤੇ' ਵਿਚ ਖੜ੍ਹਾ ਕਿਸੇ ਆਸ ਵਿਚ 'ਦਸਤਕ' ਤਾਂ ਦਿੰਦਾ ਹੈ, ਪਰ ਮਨ ਹੀ ਮਨ ਕਹਿੰਦਾ ਹੈ:

ਜਾਣ ਦੇ ਮੂਰਖ ਮਨਾ,
ਹੁਣ ਭੁੱਲ ਵੀ ਜਾ, ਜਾਣ ਦੇ
ਧਰਤ ਉਤੇ ਸੁਰਗ ਦੇ ਜਲਵੇ
ਉਤਾਰੇ ਸੀ ਕਦੀ।
ਵਿਲਕਦੇ ਸਾਗਰ ਦੇ ਕੰਢੇ ਉਤੇ ਜਿੰਦੇ ਮੇਰੀਏ,
ਰੇਤ ਦੇ ਸਨ ਮਹਿਲ,
ਉਹ ਜੋ ਤੂੰ ਉਸਾਰੇ ਸੀ ਕਦੀ।
---
ਉਜੜ ਚੁੱਕੇ ਸ਼ਹਿਰ ਦੇ
ਹੁਣ ਖੰਡਰਾਂ ਵਿਚ ਕੁਝ ਨਹੀਂ,
ਏਸ ਹੁਣ ਦੀ ਘੜੀ ਦੀ
ਕੁਝ ਹੋ ਸਕੇ ਤਾਂ ਕਦਰ ਕਰ।
ਸ਼ੀਸ਼ਿਆਂ ਦੇ ਟੁਕੜਿਆਂ ਤੋਂ,
ਮੋੜ ਲੈ ਹੁਣ ਸੋਚ ਨੂੰ,
ਐ ਦਿਲਾ ਹੁਣ ਸਬਰ ਕਰ,
ਹੁਣ ਸਬਰ ਕਰ, ਹੁਣ ਸਬਰ ਕਰ।

ਅਜੋਕੇ ਸਮਿਆਂ ਵਿਚ ਸਾਡੀ ਸਭਿਅਤਾ ਵਿਕਾਸ ਦੇ ਸਿਖਰਾਂ 'ਤੇ ਪਹੁੰਚੀ; ਅਜਿਹੇ ਜਲਵੇ ਖੜ੍ਹੇ ਕੀਤੇ ਜਿਨ੍ਹਾਂ ਦਾ ਕੋਈ ਲੇਖਾ, ਕੋਈ ਸ਼ੁਮਾਰ ਨਹੀਂ ਹੈ ਅਤੇ ਇਨ੍ਹਾਂ ਦੀ ਖ਼ਬਰ ਮੀਸ਼ੇ ਵਰਗੇ ਮਲੰਗ ਬੇਪ੍ਰਵਾਹ ਯਾਤਰੂ ਤੋਂ ਵੱਧ ਹੋਰ ਕੀਹਨੂੰ ਹੋਣੀ ਹੈ, ਪਰ ਇਸ ਦੌਰ ਨੇ ਬੰਦੇ ਤੋਂ ਕੀਮਤ ਬਹੁਤ ਵੱਡੀ ਵਸੂਲੀ ਹੈ- ਮੁਹੱਬਤ ਵਰਗੇ ਸਭ ਤੋਂ ਭਰਪੂਰ ਅਤੇ ਪਾਕੀਜ਼ ਅਹਿਸਾਸ ਵਿਚੋਂ ਸਾਰਾ ਸਾਹ-ਸਤ ਹੀ ਨਿਚੋੜ ਦਿੱਤਾ ਹੈ। 'ਜਾਣ ਦੇ' ਨਜ਼ਮ ਵਿਚ ਉਹ ਇਸ ਅਹਿਸਾਸ ਨੂੰ ਪ੍ਰਗਟ ਕਿਵੇਂ ਅਤੇ ਕਿਸ ਸ਼ਿੱਦਤ ਨਾਲ ਕਰਦਾ ਹੈ, ਜ਼ਰਾ ਪੜ੍ਹੋ:

ਜਾਣ ਦੇ
ਹੁਣ ਹੋਰ ਕੱਕੀ ਰੇਤ ਦੇ ਘਰ ਨਾ ਬਣਾ
ਹੋਰ ਕੱਚੇ ਵਾਅਦਿਆਂ ਦੇ
ਰਾਂਗਲੇ ਫਨੂਸ ਮੁੜ ਕੇ ਨਾ ਉਡਾ
ਜਾਣ ਦੇ ਜੋ ਹੋਣ ਵਾਲਾ/ਜਾਣ ਦੇ ਜੋ ਹੋਵੇਗਾ
---
ਕੱਲ੍ਹ ਮੈਥੋਂ ਬਿਨਾ ਵੀ
ਮੁਸਕਾਣ ਲੱਗ ਪੈਣਾ ਹੈ ਤੂੰ
ਤੇ ਕਿਸੇ ਪੀਡੀ ਜਿਹੀ ਗਲਵਕੜੀ ਦੇ ਨਿੱਘ ਨੂੰ
ਹੋਰ ਦੋ ਦਿਨਾਂ ਬਾਅਦ
ਫਿਰ ਅਜ਼ਮਾਉਣ ਲੱਗ ਪੈਣਾ ਹੈ ਤੂੰ
---
(ਪਰ) ਫਿਰ ਕਦੀ ਸ਼ਾਇਦ ਕਦੀ
ਘਰ ਦੇ ਕਾਰੋਬਾਰ ਤੋਂ ਥੱਕੀ ਹੋਈ
ਕੁਝ ਨਵੀਂ ਵੇਖੀ ਫਿਲਮ ਦੇ ਅਸਰ ਹੇਠ
ਮਾਣ ਮੱਤੇ ਰੌਂਅ 'ਚ ਵਹਿ ਕੇ
ਭੇਤ ਦੀ ਸਾਂਝਣ ਗੁਵਾਂਢਣ ਕੋਲ ਬਹਿ ਕੇ
ਫੋਲ ਕੇ ਵੇਖੇਂ ਮੇਰੀ ਪਹਿਲੀ ਕਿਤਾਬ
ਤੇ ਕਹੇਂ ਕੁਝ ਫਖਰ ਹਨ
ਇਹਨਾਂ ਕਵਿਤਾਵਾਂ 'ਚ ਮੇਰਾ ਜ਼ਿਕਰ ਹੈ
ਉਸ ਵਿਚਾਰੇ ਨੂੰ ਅਜੇ ਵੀ
ਖੌਰੇ ਕਿੰਨਾ ਫਿਕਰ ਹੈ।
---
ਝਟ ਹੀ ਫਿਰ ਜਾਗ ਪਏਗਾ
ਫਿਕਰ ਤੈਨੂੰ ਮੇਜ਼ 'ਤੇ ਚਾਹ ਲਾਉਣ ਦਾ
ਵਕਤ ਹੋ ਜਾਏਗਾ
ਬਾਲਾਂ ਦੇ ਸਕੂਲੋਂ ਆਉਣ ਦਾ
ਪਿਆਰ ਮੇਰੇ ਦੀ ਕਥਾ
ਇਕ ਵਸੀਲਾ ਹੋਵੇਗਾ
ਆਪਣਾ ਤੇ ਆਪਣੇ ਤੋਂ ਛੋਟੀਆਂ
ਸਖੀਆਂ ਦਾ ਜੀ ਪ੍ਰਗਟਾਉਣ ਦਾ
ਜਾਣ ਦੇ... ਹੁਣ ਜਾਣ ਦੇ...।

ਆਜ਼ਾਦ ਭਾਰਤ ਵਿਚ ਮੁਲਕ ਦੇ ਰਹਿਨੁਮਾਵਾਂ ਨੇ ਜਿਸ ਕਿਸਮ ਦੇ ਚੰਦ ਚੜ੍ਹਾਉਣੇ ਸ਼ੁਰੂ ਕੀਤੇ, ਉਹ ਮੀਸ਼ੇ ਨੂੰ ਬਾਹਲੇ ਜਚੇ ਨਹੀਂ ਸਨ। ਜੋਗਿੰਦਰ ਸ਼ਮਸ਼ੇਰ ਦੀ ਪ੍ਰੇਰਨਾ ਸਦਕਾ ਉਹ ਕਮਿਊਨਿਸਟ ਪਾਰਟੀ ਵਿਚ ਰਲਿਆ। ਕਾਮਰੇਡ ਸਟਾਲਿਨ ਅਤੇ ਕਾਮਰੇਡ ਬੇਰੀਏ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਦੀ ਕਾਰਕਰਦਗੀ ਬਾਰੇ ਖਰੁਸ਼ਚੋਵ ਦੀ ਰਿਪੋਰਟ ਅਤੇ ਨਾਲ ਹੀ ਉਨ੍ਹਾਂ ਵਕਤਾਂ ਦੇ ਬਹੁਤੇ ਸਥਾਨਕ ਕਾਮਰੇਡਾਂ ਦੇ ਬੇਲਚਕ ਤਰਕ ਜਿਸ ਅੰਦਰ ਖੁਲ੍ਹੇ ਜਮਹੂਰੀ ਨਿਜ਼ਾਮ ਦੇ ਨਿਰਮਾਣ ਦੇ ਜਾਮਨ ਵਖਰੇਵੇਂ ਜਾਂ ਭਿੰਨਤਾ ਦੇ ਸੁਹੱਪਣ ਨੂੰ ਤਸਲੀਮ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ, ਨੂੰ ਵਿੰਹਦਿਆਂ ਸ਼ੁਰੂ 'ਚ ਹੀ ਉਸ ਦਾ ਮੋਹ ਭੰਗ ਹੋ ਗਿਆ, ਪਰ ਅਨੇਕਾਂ ਜ਼ਾਹਿਰਾ ਅਤੇ ਲੁਕਵੀਆਂ ਬੇਇਨਸਾਫੀਆਂ ਦੀ ਬੁਨਿਆਦ 'ਤੇ ਖੜ੍ਹੇ ਨਿਜ਼ਾਮ ਅਤੇ ਲੋਕ ਦੁਸ਼ਮਣ ਸਥਾਪਤੀ ਖਿਲਾਫ ਰੰਜ ਉਨ੍ਹਾਂ ਦੀ ਆਤਮਾ ਵਿਚੋਂ ਕਦੀ ਪਾਸੇ ਨਾ ਹੋਇਆ। ਇਸੇ ਰੰਜ ਅਤੇ ਕਹਿਰਾਂ ਦੇ ਆਕ੍ਰੋਸ਼ ਨੂੰ 'ਚੀਕ ਬੁਲਬਲੀ' ਨਜ਼ਮ ਅੰਦਰ ਆਖਰ ਜ਼ੁਬਾਨ ਜਦੋਂ ਦਿੱਤੀ ਤਾਂ ਉਸ ਦੇ ਪ੍ਰਸ਼ੰਸਕਾਂ ਨੂੰ ਤਾਂ ਛੱਡੋ, ਨਿੰਦਕ ਵੀ ਧੰਨ ਧੰਨ ਕਰ ਉਠੇ:

ਨੰਦੂ ਛੜੇ ਦੀ ਗੱਲ ਚੇਤੇ ਹੈ
ਜਿਸ ਨੂੰ ਪਿੰਡ ਨੇ ਰੋਜ਼ ਤਿਕਾਲੀਂ
ਇਕ ਦੋ ਚੀਕਾਂ ਮਾਰਨ ਦੀ
ਖੁੱਲ੍ਹ ਦੇ ਦਿੱਤੀ ਸੀ
ਭਰੀ ਪਰੇ ਵਿਚ ਗਲ ਪੱਲਾ ਪਾ
ਜਦ ਸੀ ਉਸ ਨੇ ਅਰਜ਼ ਗੁਜ਼ਾਰੀ
ਮੇਰੀ ਕੋਈ ਲਾਗ ਡਾਟ ਨਾ
ਮੇਰੀ ਆਪਣੀ ਧੀ ਭੈਣ, ਪਿੰਡ ਦੀ ਹਰ ਨਾਰੀ
ਦਾਰੂ ਪੀ ਕੇ ਚਿੱਤ ਘਾਬਰਦਾ
ਘਾਊਂ ਮਾਊਂ ਹੁੰਦਾ
ਡੱਕ ਨਾ ਹੁੰਦੀ ਆਈ ਚੀਕ ਹੈ ਜਾਂਦੀ ਮਾਰੀ।
---
ਮੈਨੂੰ ਬੇਸ਼ੱਕ/ਦਾਰੂ ਕਦੀ ਕਦਾਈਂ ਲੱਭਦਾ
ਪਰ ਮੈਂ ਏਸ ਬੇਕਿਰਕ ਸ਼ਹਿਰ ਵਿਚ
ਕਿੰਨੇ ਚਿਰ ਤੋਂ ਆਪਣੇ ਅੰਦਰ
ਇਕ ਚੀਕ ਤੇ ਨਾਲ ਬੁਲਬੁਲੀ ਡੱਕੀ ਫਿਰਦਾਂ
ਚੁੱਪ ਚੁਪੀਤਾ ਇਕ ਖਲਬਲੀ ਚੱਕੀ ਫਿਰਦਾ
---
ਕਿੰਨੀ ਵਾਰੀ
ਚੋਣ ਮੁਹਿੰਮ ਦੇ ਜਲਸੇ ਵਿਚ
ਤਕਰੀਰ ਸੁਣਦਿਆਂ
ਜਨ ਗਣ ਮਨ ਦੀ ਜੈ ਹੋ, ਜੈ ਹੋ
ਸੋਗ ਸਭਾ ਦੀ ਚੁੱਪ ਦੇ ਮੌਕੇ
ਚਿਤ ਘਾਬਰਿਆ
ਚੀਕ ਬੁਲਬੁਲੀ ਮਸਾਂ ਮਸਾਂ ਰੋਕੀ ਹੈ
---
ਪਰ ਹੁਣ ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪੱਸਲੀਆਂ ਭੰਨਦੀ ਹੈ
ਰਾਤੀਂ ਅੱਖੀਂ ਨੀਂਦ ਨਾ ਪੈਂਦੀ।
---
ਹੁਣ ਜੀਅ ਕਰਦਾ/ਕੱਲ੍ਹ ਕਚਹਿਰੀ ਲਾਗੇ
ਗਾਂਧੀ ਚੌਕ 'ਚ ਖੜ੍ਹ ਕੇ
ਸਾਰਾ ਗੁਭ ਗੁਲਾਟ ਕਢ ਲਵਾਂ
ਏਨੇ ਚਿਰ ਦੀ ਡਕੀ ਹੋਈ
ਖੁਲ੍ਹ ਕੇ ਚੀਕ ਬੁਲਬੁਲੀ ਮਾਰਾਂ
ਮੁਸਕੇਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ ਸਫਰ ਦੀ ਸੋਟੀ ਖੋਹ ਕੇ
ਆਪਣਾ ਹੀ ਸਿਰ ਪਾੜਾਂ
ਲਹੂ ਪਲੱਥਾਂ/ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ, ਰਾਮ ਪੁਕਾਰਾਂ।

ਮੀਸ਼ਾ ਸਹੀ ਰਸਤੇ ਦਾ ਪਤਾ ਲਗਾਉਣ ਲਈ ਵਰ੍ਹਿਆਂ ਤਕ 'ਚੁਰਸਤੇ' ਵਿਚ ਪੂਰੇ ਸਬਰ ਨਾਲ ਖੜ੍ਹੇ 'ਗੋਦੋ' ਦੀ ਉਡੀਕ ਕਰਦਾ ਰਿਹਾ, 'ਕੱਚ ਦੇ ਵਸਤਰ' ਪਾ ਕੇ ਉਹਨੇ ਹੱਡ ਮਾਸ ਦੇ ਅਨੇਕਾਂ ਹੁਸੀਨ 'ਆਤਮਹੀਣ ਬੁੱਤਾਂ' ਅਗੇ ਸਜਦੇ ਕੀਤੇ, ਆਪਣੇ ਹੀ ਅੰਦਾਜ਼ ਵਿਚ ਤਰਲੇ ਮਾਰੇ, ਬਥੇਰੀਆਂ 'ਦਸਤਕਾਂ' ਦਿੱਤੀਆਂ; ਪਰ ਗੱਲ ਜਦੋਂ ਕਿਧਰੇ ਵੀ ਬਣੀ ਨਾ, ਤਾਂ ਉਸੇ ਤਰ੍ਹਾਂ ਆਪਣੇ ਮਨਮੋਹਕ, 'ਮੀਸ਼ੀਅਨ' ਅੰਦਾਜ਼ ਵਿਚ ਹੱਸਦਿਆਂ ਹੱਸਦਿਆਂ 'ਸਾਇਰਨਜ਼' ਦਾ ਰਹੱਸਮਈ ਗੀਤ ਸੁਣਨ ਦੀ ਉਮਰ ਭਰ ਦੀ ਰੀਝ ਨੂੰ ਪੁਗਾਉਣ ਲਈ ਕਾਂਜਲੀ ਝੀਲ ਅੰਦਰ ਬੰਦੇ ਦੇ ਨਿਜ਼ਾਮ ਨੂੰ ਤਾਂ ਛੱਡੋ, ਰੱਬ ਸੱਚੇ ਦੀ ਸਮੁੱਚੀ ਐਬਸਰਡ ਲੀਲ੍ਹਾ ਨੂੰ ਵੀ ਅੰਤਿਮ ਫਤਹਿ ਬੁਲਾਉਂਦੇ ਹੋਏ ਆਪਣੀ ਪਹਿਲੀ ਅਤੇ ਆਖਰੀ 'ਚੀਕ ਬੁਲਬਲੀ' ਮਾਰ ਲਈ। ਅਜਿਹੀ 'ਚੀਕ ਬੁਲਬਲੀ' ਮਾਰਨ ਦਾ ਸੰਕਲਪ ਤਾਂ ਉਹਨੇ ਆਪਣੀ ਚੜ੍ਹਦੀ ਉਮਰੇ 'ਚੁਰੱਸਤੇ' ਵਿਚ ਖਲੋਤਿਆਂ, ਸ਼ੁਰੂ ਵਿਚ ਹੀ ਲੈ ਲਿਆ ਸੀ, ਪਰ ਆਪਣੇ ਇਸ 'ਕੌਤਕ' ਨੂੰ ਸੁਹਜਮਈ ਆਭਾ ਦੇਣ ਲਈ ਜਿਸ ਚਾਅ, ਉਮਾਹ ਅਤੇ ਅੰਦਾਜ਼ ਨਾਲ ਉਹਨੇ ਸਾਰੀ ਉਮਰ ਤਿਆਰੀ ਕੀਤੀ, ਉਸ ਦਾ ਕੋਈ ਪਾਰਾਵਾਰ ਨਹੀਂ। 'ਚੀਕ ਬੁਲਬਲੀ' ਮਾਰਨ ਤੋਂ ਪਹਿਲਾਂ ਦੇ ਕੁਝ ਮਹੀਨੇ ਤਾਂ ਹੱਦ ਹੀ ਹੋਈ: ਗੁਲਜ਼ਾਰ ਸਿੰਘ ਸੰਧੂ ਦੀ ਗਵਾਹੀ

(ਬਾਕੀ ਅਗਲੇ ਸਫੇ 'ਤੇ)

ਅਨੁਸਾਰ, 'ਤਿਆਰੀ ਕਰਦਿਆਂ' ਉਹ ਬਟਾਲੇ, ਅੰਮ੍ਰਿਤਸਰ, ਚੰਡੀਗੜ੍ਹ, ਦਿੱਲੀ ਤੱਕ ਆਪਣੇ ਹਰ ਸੱਜਣ-ਸਹੇਲੀ ਨੂੰ ਆਖਰੀ ਵਾਰ ਜੱਫੀਆਂ ਪਾ-ਪਾ ਕੇ ਮਿਲਣ ਲਈ ਜਿਵੇਂ ਭੱਜਾ ਫਿਰ ਰਿਹਾ ਸੀ!

ਸੁਰਜੀਤ ਹਾਂਸ ਮਹੀਨੇਵਾਰ ਪਰਚੇ 'ਸਿਰਨਾਵਾਂ' (ਸੰਪਾਦਕ ਜਨਕਰਾਜ ਸਿੰਘ) ਵਿਚ 'ਮੇਰੇ ਵਾਲਾ ਮੀਸ਼ਾ' ਲੇਖ ਵਿਚ ਦੱਸਦਾ ਹੈ- ਮੀਸ਼ਾ ਮਰਨ ਤੋਂ ਦੋ ਹਫਤੇ ਪਹਿਲਾਂ ਮੇਰੇ ਕੋਲ ਦੁਪਹਿਰੇ ਬੀਅਰ ਪੀਂਦਾ ਪੀਂਦਾ ਕਹਿੰਦਾ- ਉਠ। ਪੁਤਲੀ ਘਰ ਜਾ ਕੇ ਸਿਰ ਮੁਨਾਉਣ ਲੱਗ ਪਿਆ। ਫਿਰ ਇੰਟਰਨੈਸ਼ਨਲ ਹੋਟਲ ਲੈ ਵੜਿਆ। ਮੈਂ ਪੁੱਛਿਆ, ਉਥੇ ਕੀ ਕਰਨਾ। ਕਹਿੰਦਾ- ਬਸ, ਦੇਖ ਸਹੀ। ਅਸੀਂ ਜਿਹੀ ਬੀਅਰ ਘਰ ਪੀਤੀ, ਉਹੋ ਜਿਹੀ ਉਥੋਂ ਪੀ ਕੇ ਘਰ ਆ ਗਏ।

ਇਸੇ ਲੇਖ ਵਿਚ ਹਾਂਸ, ਮੀਸ਼ੇ ਦੀ ਕਾਵਿ ਸਮਰੱਥਾ ਬਾਰੇ ਫਤਵਾ ਦਿੰਦਾ ਹੈ- ਹੁਸ਼ਿਆਰਪੁਰ ਯੂਨੀਵਰਸਿਟੀ ਕਾਲਜ ਵਿਚ ਨਜ਼ਮਾਂ ਅਕਸਰ ਪਰਚਿਆਂ ਵਿਚ ਛਪਦੀਆਂ ਰਹਿੰਦੀਆਂ ਸਨ। ਇਹਦੀ ਮੋਹਣ ਸਿੰਘ ਨਾਲ ਸਾਜ਼-ਬਾਜ਼ ਸੀ। ਇਹਦਾ ਆਦਰਸ਼ ਅਜਿਹੀ ਕਵਿਤਾ ਸੀ ਜਿਹੜੀ ਲੋਕਾਂ ਨੂੰ ਸਮਝ ਆ ਜਾਵੇ। ਕੁਝ ਪ੍ਰਗਤੀਵਾਦ ਦਾ ਅਸਰ ਸੀ। ਮੈਂ ਕਮਿਊਨਿਸਟਾਂ ਦੀ ਹੋਲਟਾਈਮਰੀ ਨਵੀਂ ਨਵੀਂ ਛੱਡ ਕੇ ਆਇਆ ਸਾਂ, ਇਸ ਕਰ ਕੇ ਮੇਰੇ 'ਤੇ ਲੋਕਾਂ ਨੂੰ ਸਮਝ ਆਉਣ ਵਾਲੀ ਕਵਿਤਾ ਦਾ ਸਿਧਾਂਤਕ ਦਬ ਦਬਾ ਨਹੀਂ ਸੀ। ਮੇਰਾ ਮੱਤ ਸੀ ਕਿ ਕਵੀ ਅਨੁਭਵ-ਵਰਤਾ ਹੋਣਾ ਚਾਹੀਦਾ ਹੈ। ਅਨੁਭਵ ਦੀ ਖੋਟ ਖਬਰੇ ਕਿਥੇ ਲੈ ਜਾਵੇ? ਮੀਸ਼ਾ ਮੇਰੀ ਗੱਲ ਮੰਨਦਾ ਨਹੀਂ ਸੀ। ਕਿਉਂ ਮੰਨੇ? ਉਹਦੀਆਂ ਕਵਿਤਾਵਾਂ ਛਪਦੀਆਂ ਸਨ!

ਹੁਣ ਮੀਸ਼ੇ ਦੀ ਨਜ਼ਮ 'ਸ਼ਿਕਾਇਤ' ਰਤਾ ਦੇਖੋ! ਸ਼ਾਇਦ ਕਮਿਊਨਿਸਟ ਆਦਰਸ਼ ਤੋਂ ਮੋਹ ਭੰਗ ਸਮੇਂ ਦੀ ਮਨੋਅਵਸਥਾ ਬਾਰੇ ਹੈ ਇਹ ਨਜ਼ਮ:

ਅਸੀਂ ਸ਼ਿਕਾਇਤ ਕਰ ਨਹੀਂ ਸਕਦੇ
ਕੀ ਕਹੀਏ, ਹੁਣ ਕਿਸ ਨੂੰ ਕਹੀਏ
ਤੇਰੇ ਬਾਰੇ, ਕੌਣ ਸੁਣੇਗਾ
ਤੇ ਫਿਰ ਸੁਣ ਕੇ ਕੀ ਆਖੇਗਾ?
ਆਪਣਾ ਆਪ ਮਿਟਾ ਕੇ ਆਪਾਂ
ਤੇਰਾ ਰੂਪ ਬਣਾ ਦਿੱਤਾ ਸੀ
ਤੇਰੀਆਂ ਨਜ਼ਰਾਂ ਥਾਣੀਂ ਦੁਨੀਆ ਵੇਖ ਰਹੇ ਸਾਂ
ਮਰਜ਼ੀ ਨਾ ਸੀ, ਆਪਣੀ ਕੋਈ
ਭਲੇ ਬੁਰੇ ਦੀ,
ਤੇਰੀ ਮਰਜ਼ੀ ਨੂੰ ਕਸਵੱਟੀ ਜਾਣ ਲਿਆ ਸੀ
ਸਾਰੇ ਜੱਗ ਦੀ, ਤੇਰੇ ਕੋਲ ਸ਼ਿਕਾਇਤ ਕੀਤੀ
ਕਿਹੜੇ ਮੂੰਹੋਂ, ਤੇਰੀ ਕਿਤੇ ਸ਼ਿਕਾਇਤ ਕਰੀਏ
ਤੇਰੀ ਗੱਲ ਕਰਨੀ ਤਾਂ
ਆਪੇ ਆਪਣਾ ਪਾਜ ਖੋਲ੍ਹਣਾ
ਆਪੇ ਆਪਣੀ ਭੰਡੀ ਕਰਨੀ
ਆਪੇ ਆਪਣੀ ਚੁਗਲੀ ਖਾਣੀ
---
ਜੋ ਹੋਇਆ ਹੈ
ਸਬਰ ਪਟਾਰੀ ਪਾ ਰੱਖਾਂਗੇ
ਤੇਰੇ 'ਤੇ ਇਲਜ਼ਾਮ ਕਦੀ ਵੀ
ਧਰ ਨਹੀਂ ਸਕਦੇ
ਅਸੀਂ ਸ਼ਿਕਾਇਤ ਕਰ ਨਹੀਂ ਸਕਦੇ।

ਇਹ ਨਜ਼ਮ ਸਟਾਲਿਨ ਵਰਤਾਰੇ ਨਾਲ ਸਬੰਧਤ ਹੈ, ਨਾਲ ਹੀ ਇਹ ਉਸ ਕਹਿਰੀ ਵਰਤਾਰੇ ਤੋਂ ਮੋਹ ਭੰਗ ਦੀ ਜਦ ਵਿਚ ਆਏ ਉਨ੍ਹਾਂ ਵਕਤਾਂ ਦੇ ਅਨੇਕ ਸੰਵੇਦਨਸ਼ੀਲ ਸੱਜਣਾਂ ਦੀ ਸੰਤਾਪਮਈ ਮਨੋਅਵਸਥਾ ਬਾਰੇ ਪ੍ਰਤੀਨਿਧ ਨਜ਼ਮ ਹੈ। ਇਸ ਨੂੰ ਪੜ੍ਹਦਿਆਂ-ਵਿਚਾਰਦਿਆਂ ਵਿਕਟਰ ਸਰਜ ਦੀ 'ਕੇਸ ਆਫ ਕਾਮਰੇਡ ਟੂਲਾਯੇਵ', ਆਰਥਰ ਕੋਇਸਲਰ ਦੀ 'ਡਾਰਕਨੈੱਸ ਐਟ ਨੂਨ', ਹੰਗੇਰੀਅਨ ਕਮਿਊਨਿਸਟ ਪਾਰਟੀ ਦੇ ਨਿਰਮਾਤਾ-ਨਿਰਦੇਸ਼ਕ ਲਾਸਲੋ ਰੋਇਕ ਤੇ 'ਵਲੰਟੀਅਰਜ਼ ਆਫ ਦਿ ਗੈਲੋਜ਼' ਸਿਰਲੇਖ ਹੇਠ ਸਟਾਲਿਨੀ ਦੌਰ ਦੀਆਂ ਭਿਆਨਕ ਯਾਦਾਂ ਦੀ ਪੁਸਤਕ ਦੇ ਲੇਖਕ ਬੇਲਾਜੈਸ਼ ਦੀਆਂ ਤਰਾਸਦੀਆਂ ਚੇਤੇ ਆ ਗਈਆਂ ਹਨ।

ਮੀਸ਼ੇ ਦੇ ਖੱਬੇ ਦਾਅ ਖੜ੍ਹੇ ਮਿੱਤਰ 'ਚੁਰੱਸਤਾ' ਨਜ਼ਮ ਦਾ ਸਦਾ ਹੀ ਮਖੌਲ ਉਡਾਉਂਦੇ ਰਹੇ; ਉਸ ਨੂੰ ਸਤਾਉਂਦੇ ਵੀ ਰਹੇ। ਉਸ ਉਪਰ ਇਸ ਕਿਸਮ ਦੇ ਮਾਨਸਿਕ ਵਾਰ ਦੀ ਸਿਖਰ ਨਕਸਲੀ ਦੌਰ ਦੌਰਾਨ ਉਸ ਸਮੇਂ ਆਈ ਜਦੋਂ ਸਮਕਾਲੀ ਸ਼ਾਇਰ ਜਗਤਾਰ ਨੇ ਲਾਲ ਪਰਚਮ ਉਠਾਇਆ; ਮੀਸ਼ੇ ਨੂੰ ਨਜ਼ਮ ਰਾਹੀਂ ਸ਼ਰਮ ਦਿਵਾਈ; ਉਸ ਦੀ ਜ਼ਮੀਰ ਨੂੰ ਵੰਗਾਰਨ ਦੀ ਕੋਸ਼ਿਸ਼ ਕੀਤੀ। ਜਗਤਾਰ ਦੀ ਉਸ ਨਜ਼ਮ ਦੇ ਬੋਲ ਸਨ:

ਇਹ ਗੱਲ ਮੈਂ/ਉਨ੍ਹਾਂ ਲੋਕਾਂ ਨੂੰ ਵੀ ਕਹਿਣੀ ਹੈ
ਜਿਹੜੇ ਲੋਕੀਂ/ਚਾਂਦੀ ਦੇ ਛਿੱਤਰਾਂ ਤੋਂ ਡਰਦੇ
ਆਪਣੇ ਅੰਦਰ/ਆਪਣੀ ਚੀਕ ਦਬਾਈ ਬੈਠੇ।

ਇਸੇ ਪ੍ਰਥਾਏ ਸੀ.ਪੀ.ਐਮ. ਦੀ 'ਲੋਕ ਲਹਿਰ' ਅਖਬਾਰ ਦੇ ਸੰਪਾਦਕ ਸੁਹੇਲ ਦੀ 'ਸਿਰਜਣਾ' (ਅਪਰੈਲ 1969) ਦੇ ਅੰਕ ਵਿਚ ਮੀਸ਼ੇ ਬਾਰੇ ਵਿਅੰਗਮਈ ਨਜ਼ਮ 'ਆਕਾਸ਼ ਦੇਸ਼ ਦਾ ਨਾਟਕ' ਦੀਆਂ ਚੰਦ ਸਤਰਾਂ:

ਹਰ ਵਾਦ ਦਾ ਅਧਿਐਨ ਕਰ ਕੇ
ਹਰ ਖੇਤਰ ਦਾ ਧੰਦਾ ਕਰ ਕੇ
ਮੈਂ 'ਚੁਰੱਸਤੇ' ਵਿਚ ਆ ਖੜ੍ਹਿਆ
ਅਕਲ ਹੋਸ਼ 'ਤੇ ਜੰਦਰਾ ਲਾ ਕੇ
ਪਿਛਲੇ ਉਤੇ ਮਿੱਟੀ ਪਾ ਕੇ
ਹੌਸਲਾ ਕਰ ਕੇ ਅਗੇ ਵਧਿਆ
ਗਾਂਧੀਵਾਦ ਦਾ ਪੱਲਾ ਫੜਿਆ!

ਜਗਤਾਰ ਜਾਂ ਸੁਹੇਲ ਦੀਆਂ ਇਹ ਸਤਰਾਂ ਤਾਂ ਨਮੂਨਾ ਮਾਤਰ ਹਨ। ਇਸ ਤਰ੍ਹਾਂ ਦੀ ਮਿਹਣੇਬਾਜ਼ੀ ਉਸ ਨਾਲ ਸਾਰੀ ਉਮਰ ਚਲਦੀ ਰਹੀ। ਮੀਸ਼ੇ ਨੂੰ ਇਕ ਤਾਂ ਰੇਡੀਓ ਸਟੇਸ਼ਨ ਦੀ ਸਰਕਾਰੀ ਨੌਕਰੀ ਛੁੱਟ ਜਾਣ ਦਾ ਖੌਫ ਸੀ, ਦੂਸਰਾ ਨਵੇਂ ਪੁਰਾਣੇ, ਹੈਜੇਮੋਨਿਕ ਬਿਰਤੀ ਵਾਲੇ ਖੱਬੇ ਪੱਖੀ ਮਿੱਤਰਾਂ ਦੇ ਵਿਅੰਗ, ਤੇ ਫਿਰ ਕਈ ਉਚ ਅਫਸਰਾਂ ਨਾਲ ਨਿੱਘੇ ਯਾਰਾਨੇ ਦੇ ਬਾਵਜੂਦ ਪੁਲਿਸ ਦੀ ਹੱਤਕ ਭਰੀ 'ਪੁਛ-ਗਿਛ' ਤੋਂ ਜ਼ਾਹਿਰ ਹੈ ਕਿ ਨਿਰੰਤਰ 'ਦਹਿਸ਼ਤ' ਦੀ ਜ਼ਦ ਵਿਚ ਉਹ ਆਇਆ ਰਿਹਾ ਸੀ। ਇਸ ਮਨੋਦਸ਼ਾ ਬਾਰੇ ਕਲਾਸਿਕ ਨਜ਼ਮ 'ਲੀਕ' ਇਨ੍ਹਾਂ ਮਿੱਤਰਾਂ ਲਈ ਹਾਜ਼ਰ ਹੈ:

ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ
ਤਲਵਾਰ ਨਾਲ, ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ
ਧਰਤੀ ਦੇ ਪਿੰਡੇ ਗੋਰੇ 'ਤੇ
ਜਾਂ ਚਿੱਟੇ ਕਾਗਜ਼ ਕੋਰੇ 'ਤੇ
ਖਿੱਚਦੇ ਨੇ ਲੀਕ ਬਰੀਕ ਜਿਹੀ
ਮੇਰੇ ਦਿਲ 'ਚੋਂ ਉਠਦੀ ਚੀਕ ਜਿਹੀ
'ਦੱਸ ਭੇਤ ਆਪਣੇ ਖਾਸੇ ਦਾ
ਤੂੰ ਲੀਕੋਂ ਕਿਹੜੇ ਪਾਸੇ ਦਾ?'
ਇਹ ਪੁਛਣ 'ਤੇ ਨਾ ਕੁਝ ਕਹਾਂ
ਸੋਚੀਂ ਪੈ ਜਾਵਾਂ, ਚੁੱਪ ਰਹਾਂ।
ਖੁਦਗਰਜ਼ ਕਹਿਣ, ਗੱਦਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ!
ਮੈਂ ਸਭ ਮੁਸਕਾ ਕੇ ਸਹਿ ਜਾਨਾਂ
ਤੇ ਕਹਿੰਦਾ ਕਹਿੰਦਾ ਰਹਿ ਜਾਨਾਂ
ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ।

ਕਾਰਲ ਮਾਰਕਸ ਦਾ ਮਹਾਨ ਮਾਨਵਵਾਦੀ ਖਵਾਬ ਜਿਸ ਦੇ ਨਕਸ਼ ਉਹਨੇ 25 ਵਰ੍ਹਿਆਂ ਦੀ ਉਮਰ ਵਿਚ '1844 ਵਾਲੇ ਖਰੜੇ' ਵਾਲੀ ਅਦਭੁਤ ਪੁਸਤਕ ਵਿਚ ਉਲੀਕੇ, ਬਾਰੇ ਤਾਂ ਕੋਈ ਰੌਲਾ ਨਹੀਂ ਹੈ; ਇਨਸਾਨ ਦੀ ਅਜ਼ਮਤ ਦੀ ਬਹਾਲੀ ਦੀ ਜ਼ਰੂਰਤ ਬਾਰੇ ਅਜਿਹੀ ਉਦਾਤ 'ਨਜ਼ਮ' ਕੋਈ ਕੀ ਲਿਖੇਗਾ! ਮੁਢਲੀ ਸਰਮਾਇਆਦਾਰੀ ਦੀ ਬੇਕਿਰਕ ਲੁੱਟ-ਖਸੁੱਟ ਦੀ ਜ਼ਦ ਵਿਚ ਆ ਰਹੀ ਮਿਹਨਤਕਸ਼ ਜਮਾਤ ਨੂੰ ਨੇੜਿਓਂ ਤੱਕਣ ਤੋਂ ਬਾਅਦ ਦੁਨੀਆਂ ਦੇ ਦੁੱਖ ਦਰਦ ਬਾਰੇ ਅਜਿਹਾ ਸਰੋਕਾਰ ਕਪਿਲ ਵਸਤੂ ਦੇ ਸਹਿਜ਼ਾਦੇ ਸਿਧਾਰਥ ਤੋਂ ਬਾਅਦ ਸ਼ਾਇਦ ਹੀ ਕਿਸੇ ਨੇ ਇੰਨੀ ਸ਼ਿੱਦਤ ਨਾਲ ਪ੍ਰਗਟਾਇਆ ਹੋਵੇ; ਪਰ ਬੰਦੇ ਦੀ ਮੁਕਤੀ ਦੇ ਰਾਹ ਲਈ ਮਾਰਕਸ ਨੇ 'ਕਮਿਊਨਿਸਟ ਮੈਨੀਫੈਸਟੋ' ਦੀ ਜਦੋਂ ਰਚਨਾ ਕੀਤੀ ਤਾਂ ਉਸ ਦੇ ਬੇਲਚਕ 'ਜੇਤੂ ਤਰਕ' ਵਿਚ ਵਖਰੇਵੇਂ ਲਈ, ਭਿੰਨਤਾ ਲਈ ਕੋਈ ਥਾਂ ਨਹੀਂ ਸੀ। ਸ਼ਾਇਦ ਇਹੋ ਕਾਰਨ ਸੀ ਕਿ ਪੈਗੰਬਰ ਦੇ ਮਹਾਨ ਖਵਾਬ ਨੂੰ ਅਮਲ ਵਿਚ ਉਤਾਰਨ ਦੀ ਜ਼ਿੰਮੇਵਾਰੀ ਜਦੋਂ ਕਾਮਰੇਡ ਸਟਾਲਿਨ ਵਰਗੇ ਆਗੂ ਨੇ ਸੰਭਾਲੀ ਤਾਂ ਉਥੇ ਤਾਨਾਸ਼ਾਹੀ ਹੀ ਰਹਿ ਗਈ- ਸਮਾਜਵਾਦੀ ਸਮਾਜ ਦੀ ਉਸਾਰੀ ਦੇ ਸਮੁੱਚੇ ਪ੍ਰੋਜੈਕਟ ਦੌਰਾਨ ਵਖਰੇਵੇਂ ਲਈ ਸਤਿਕਾਰ, ਵੰਨ-ਸੁਵੰਨਤਾ ਦਾ ਅਧਿਕਾਰ ਜਾਂ ਪਰੋਲੇਤਾਰੀ ਜਮਹੂਰੀਅਤ ਵਰਗੇ ਆਦਰਸ਼ ਕਦੀ ਕਿਸੇ ਨੂੰ ਨਜ਼ਰ ਤਕ ਨਾ ਆਏ।

ਖੈਰ! ਮੀਸ਼ੇ ਨੂੰ ਮਿਲਣ, ਜਾਂ ਕਹੋ- ਘੱਟ ਜਾਂ ਵੱਧ ਸਮੇਂ ਲਈ ਉਸ ਦੀ ਸੰਗਤ ਮਾਣਨ ਦਾ ਮੌਕਾ ਚਾਰ-ਪੰਜ ਵਾਰੀ ਮਿਲਿਆ। ਆਖਰੀ ਵਾਰ ਉਸ ਦੇ ਮਰਨ ਤੋਂ ਕੁਝ ਸਮਾਂ ਪਹਿਲਾਂ ਰਾਤ ਨੂੰ ਚੰਡੀਗੜ੍ਹ ਏਅਰਪੋਰਟ ਲਾਗੇ ਮੇਜਰ ਪਿਆਰਾ ਸਿੰਘ ਦੇ ਘਰੇ ਮਹਿੰਦਰ ਸਿੰਘ ਢਿੱਲੋਂ (ਕਾਲੇਪਾਣੀ) ਅਤੇ ਪੱਤਰਕਾਰ ਪੀ.ਕੇ. ਨਿਝਾਵਨ ਨਾਲ ਮਹਿਫਲ ਜੁੜੀ। ਪੰਜਾਬ ਦੀ ਨਾਜ਼ਕ ਸਥਿਤੀ ਬਾਰੇ ਉਹ ਚਿੰਤਾ ਦਾ ਇਜ਼ਹਾਰ ਕਰ ਰਿਹਾ ਸੀ। ਇਸ ਅਚਾਨਕ ਮੁਲਾਕਾਤ ਤੱਕ ਨਿਝਾਵਨ ਨੇ 'ਸ੍ਰੀ ਗੁਰੂ ਗੋਬਿੰਦ ਗੀਤਾ: ਗੁਰੂ ਗੋਬਿੰਦ ਸਿੰਘ'ਜ਼ ਡਾਇਲਾਗ ਆਫ ਡੈਸਟਿਨੀ ਵਿਦ ਬੰਦਾ' ਵਾਲੀ ਪੁਸਤਕ ਲਿਖ ਲਈ ਹੋਈ ਸੀ। ਮੀਸ਼ੇ ਨੂੰ ਉਮੀਦ ਸੀ ਕਿ ਅਜਿਹੀ ਪੁਸਤਕ ਦੀ ਸਿਰਜਣਾ ਨਾਲ ਹਿੰਦੂਆਂ-ਸਿੱਖਾਂ ਨੂੰ ਇਕ ਦੂਸਰੇ ਨਾਲ, ਪੀੜੀਆਂ ਵਿਰਾਸਤੀ ਸਾਂਝਾਂ ਦੀ ਅਹਿਮੀਅਤ ਨੂੰ ਸਮਝਣ ਵਿਚ ਮਦਦ ਮਿਲੇਗੀ। ਉਸ ਅਨੁਸਾਰ, ਪੰਜਾਬ ਦਾ ਭਲਾ ਇਸ ਵਿਚ ਸੀ, ਪਰ ਉਸ ਨੂੰ ਸੰਦੇਹ ਵੀ ਸੀ, ਤੇ ਉਹ ਹੱਸਦਿਆਂ ਹੱਸਦਿਆਂ ਕਹੀ ਜਾਂਦਾ ਸੀ- "ਨਿਝਾਵਨ, ਮੈਨੂੰ ਡਰ ਹੈ ਕਿ ਡੋਰੂ ਜਿਸ ਕਿਸਮ ਦਾ ਖੜਕ ਰਿਹਾ ਹੈ, ਤੇਰੀਆਂ 'ਚੀਕਾਂ' ਵੱਲ ਕੰਨ ਕਿਸੇ ਨਹੀਂ ਧਰਨਾ"। ਨਿਝਾਵਨ, ਢਿੱਲੋਂ, ਮੀਸ਼ੇ ਅਤੇ ਮੇਜਰ ਪਿਆਰਾ ਸਿੰਘ, ਸਭ ਦਾ ਸਾਂਝਾ ਫਿਕਰ ਸੀ ਕਿ ਪੰਜਾਬ ਨੂੰ ਬਲਦੀ ਦੇ ਬੂਥੇ ਧੱਕੇ ਜਾਣ ਤੋਂ ਬਚਾਇਆ ਕਿੰਝ ਜਾਵੇ!

ਇਸ ਤੋਂ ਪਹਿਲਾਂ 1971 ਦੇ ਸ਼ੁਰੂਆਤੀ ਦਿਨਾਂ ਦੌਰਾਨ ਜਲੰਧਰ ਰਹਿੰਦਿਆਂ ਆਪਣੇ ਮਿੱਤਰ ਕੁਲਬੀਰ ਹੁੰਦਲ ਨਾਲ ਕਿਸੇ ਕੰਮ ਲਈ ਮੀਸ਼ੇ ਨੂੰ ਉਸ ਦੇ ਦਫਤਰ ਮਿਲਣ ਜਾਣਾ ਪਿਆ ਅਤੇ ਇਹ ਮੁਲਾਕਾਤ ਯਾਦਗਾਰੀ ਹੋ ਨਿਬੜੀ। ਕੁਲਬੀਰ ਸਠਿਆਲੇ ਕਾਲਜ ਪੜ੍ਹਦਿਆਂ ਦੋ ਵਰ੍ਹੇ ਉਸ ਦਾ ਵਿਦਿਆਰਥੀ ਰਿਹਾ ਸੀ। ਮੀਸ਼ੇ ਨੇ ਉਸ ਨੂੰ ਬਘੇਲ ਸਿੰਘ ਬੱਲ ਬਾਰੇ ਪੁੱਛਿਆ; ਗਿਆਨ ਗੁਰਾਇਆ ਬਾਰੇ ਗੱਲਾਂ ਕੀਤੀਆਂ ਅਤੇ ਫਿਰ ਬਚਿਤਰ ਕਾਮਰੇਡ ਮੰਗਲ ਸਿੰਘ ਦਨਿਆਲ ਬਾਰੇ ਗੱਲਾਂ ਕਰ ਕਰ ਹੱਸਦੇ ਰਹੇ। ਉਦੋਂ ਉਸ ਨੇ ਬਾਬਾ ਬੂਝਾ ਸਿੰਘ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਨਿੰਦਿਆ ਕਰਦਿਆਂ ਸਰਕਾਰ ਨੂੰ ਲਾਹਣਤ ਪਾਈ, ਪਰ ਉਸ ਦੀ ਗੱਲਬਾਤ ਤੋਂ ਲਗਦਾ ਸੀ ਕਿ ਉਹ ਨਕਸਲੀਆਂ ਦੀ ਵਿਅਕਤੀਗਤ ਕਤਲਾਂ ਵਾਲੀ ਲਾਈਨ ਤੋਂ ਵੱਧ ਖੌਫਜ਼ਦਾ ਸੀ ਅਤੇ ਉਸ ਦੇ ਨਤੀਜਿਆਂ ਤੋਂ ਚਿੰਤਤ ਵੀ ਸੀ।

ਇਸੇ ਦੌਰਾਨ ਉਸ ਦੇ ਕਮਰੇ ਵਿਚ ਪਿਆ ਬੋਰਿਸ ਪਾਸਤਰਨਾਕ ਦਾ ਨਾਵਲ 'ਡਾ. ਜ਼ਿਵਾਗੋ' ਨਜ਼ਰੀਂ ਪੈ ਗਿਆ। ਕੁਝ ਪੁਛਣ ਤੋਂ ਪਹਿਲਾਂ ਹੀ ਮੁਸਕਰਾਉਣ ਲੱਗ ਪਿਆ- ਇਹ ਨਾਵਲ ਲੰਮੀ 'ਨਜ਼ਮ' ਹੀ ਹੈ। ਅਖੇ, ਪਾਸਤਰਨਾਕ ਨੇ ਸਾਰੀ ਉਮਰ ਡਰ ਡਰ ਕੇ ਕੱਟਣ ਤੋਂ ਬਾਅਦ ਸਟਾਲਿਨ ਦੇ ਫੌਤ ਹੋ ਜਾਣ ਪਿਛੋਂ ਉਸ ਦੇ ਨਿਜ਼ਾਮ ਖਿਲਾਫ ਇਸ ਨਾਵਲ ਵਿਚ 'ਚੀਕ ਬੁਲਬਲੀ' ਹੀ ਮਾਰੀ ਹੋਈ ਹੈ। ਨਾਲ ਹੀ ਉਹਨੇ ਯੇਗੋਸਲਾਵ ਲੇਖਕਾ ਗਰੋਜ਼ਦਾਨਾ ਆਲੋਵਿਚ ਦਾ ਸ਼ਿਵ ਕੁਮਾਰ ਦੁਆਰਾ ਤਰਜਮਾਇਆ 'ਇਕ ਸਵਰਗੀ ਝੂਠਾ' ਕਾਵਿ-ਨਾਵਲ ਬਦੋ-ਬਦੀ ਸੌਂਪ ਦਿੱਤਾ। ਇਤਫਾਕਵਸ ਮੀਸ਼ੇ ਨਾਲ ਉਸ ਯਾਦਗਾਰੀ ਮੁਲਾਕਾਤ ਤੋਂ ਕੁਝ ਦਿਨ ਪਹਿਲਾਂ ਹੀ ਮੈਂ ਰੂਸੀ ਇਨਕਲਾਬੀ ਨੇਹਵਾਦੀਆਂ ਦੀਆਂ ਵਿਰੋਧਤਾਈਆਂ ਨੂੰ ਤਾਰ ਤਾਰ ਕਰਦਾ ਦਾਸਤੋਵਾਸਕੀ ਦਾ ਕਲਾਸਿਕ ਨਾਵਲ 'ਡੈਵਿਲਜ਼' ਖਤਮ ਕੀਤਾ ਸੀ। ਇਸ ਨਾਵਲ ਦਾ ਸਾਰਾ ਸਾਰ-ਤੱਤ ਰੂਹ ਦੇ ਧੁਰ ਅੰਦਰ ਤਕ ਕਿਰਚ ਵਾਂਗੂ ਲਹਿ ਗਿਆ ਸੀ।

'ਡੈਵਿਲਜ਼' ਦਾ ਕੇਂਦਰੀ ਥੀਮ ਮੀਸ਼ੇ ਦੀ 'ਲੀਕ' ਨਜ਼ਮ ਦੇ 'ਮਹਾਂ ਸੰਤਾਪ' ਦੇ ਕਾਫੀ ਨੇੜੇ ਹੈ। ਨਾਵਲ ਦਾ ਮੁਖ ਨਾਇਕ ਨਿਕੋਲਾਈ ਸਟਾਵਰੋਗਿਨ ਕੱਟੜ ਇੰਤਹਾਪਸੰਦ ਇਨਕਲਾਬੀਆਂ, ਸ਼ਹਿਨਸ਼ਾਹਪ੍ਰਸਤਾਂ, ਨੇਹਵਾਦੀਆਂ ਅਤੇ ਸ਼ਤੋਵ ਦੇ ਰੂਪ ਵਿਚ ਵੀਰ ਕਰਮਜੀਤ ਸਿੰਘ ਵਰਗੇ ਸੁਪਨਸਾਜ਼ਾਂ ਤੱਕ ਦੁਨੀਆਂ ਭਰ ਦੀਆਂ ਆਵਾਜ਼ਾਂ ਅਤੇ ਵਖਰੇਵੇਂ ਆਪਣੇ ਅੰਦਰ ਆਤਮਸਾਤ ਕਰੀ ਬੈਠਾ ਹੈ। ਸਭ ਉਸ ਨੂੰ ਆਪਣੀ ਆਪਣੀ ਜੀਵਨ-ਦ੍ਰਿਸ਼ਟੀ ਦਾ ਸੋਮਾ ਮੰਨਦੇ ਹਨ, ਉਸ ਤੋਂ ਰਹਿਨੁਮਾਈ ਦੀ ਤਵੱਕੋ ਕਰਦੇ ਹਨ, ਉਸ ਨੂੰ ਅੱਗੇ ਲਗਣ ਲਈ ਆਖਦੇ ਹਨ, ਪਰ ਉਹ ਉਨ੍ਹਾਂ ਵੱਲ ਚੁੱਪ-ਚਾਪ ਬਸ ਝਾਕੀ ਜਾਂਦਾ ਹੈ; ਵਾਹ ਲਗਦੀ ਕਦੀ 'ਕੁੰਦਾ' ਤੱਕ ਨਹੀਂ। ਮਾਨੋ, ਅਜਿਹੀ 'ਲੀਕ' ਹੀ ਕੋਈ ਛੁਰੇ ਵਾਂਗ ਉਸ ਦੀ ਧੁਰ ਆਤਮਾ ਅੰਦਰ ਲੱਥੀ ਹੋਈ ਹੈ! ਅਸੀਂ ਤਾਂ ਇਸ ਤੋਂ ਅੱਗੇ ਇਹ ਕਹਿਣ ਲਈ ਵੀ ਦ੍ਰਿੜ ਹਾਂ ਕਿ ਦਾਸਤੋਵਸਕੀ ਦੇ ਭਾਂਤ-ਸੁਭਾਂਤੇ, ਸਭ ਪਾਤਰ ਚੁਰੱਸਤੇ ਵਿਚ ਫਸੇ 'ਲੀਕ' ਤੋਂ ਪਾਰ ਪਾਉਣ ਅਤੇ ਜੀ ਭਿਆਣੇ 'ਚੀਕ ਬੁਲਬਲੀ' ਮਾਰਨ ਲਈ ਹੀ ਤਰਲੋਮੱਛੀ ਹੋ ਰਹੇ ਹਨ। ਇਹ ਮਹਾਂ ਪੁਰਖ ਦਾ ਸਮੁੱਚਾ ਸਿਰਜਨਾਤਮਿਕ ਜਗਤ ਅਜਿਹੇ ਇਨਸਾਨ ਦੀਆਂ ਚੀਕਾਂ ਅਤੇ ਗੂੰਜਾਂ ਹੀ ਤਾਂ ਹਨ; ਮੀਸ਼ੇ ਵਰਗਿਆਂ ਵੰਨ-ਸੁਵੰਨਿਆਂ, ਧੁਰੋਂ ਸਰਾਪੀਆਂ ਰੂਹਾਂ ਦਾ ਜਾਨ ਕੱਢ ਲੈਣ ਵਾਲਾ ਕੋਹਰਾਮ ਹੀ ਤਾਂ ਹੈ। ਕਾਮੂ ਨੇ 'ਡੈਵਿਲਜ਼' ਦਾ ਦਿ ਪੋਸੈੱਸਡ' ਸਿਰਲੇਖ ਹੇਠ ਨਾਟਕੀ ਰੂਪਾਂਤਰੀਕਰਨ ਕਰਦਿਆਂ ਕਿਹਾ ਸੀ ਕਿ 20ਵੀਂ ਸਦੀ ਵਿਚ ਸਟਾਲਿਨ ਨੇ ਸਮਾਜਵਾਦੀ ਪਰਚਮ ਹੇਠ ਧਰਤੀ ਉਪਰ ਸਵਰਗ ਉਤਾਰਨ ਅਤੇ ਅਡੋਲਫ ਹਿਟਲਰ ਨੇ ਜਰਮਨ ਕੌਮ ਦੀ ਸਰਦਾਰੀ ਸਥਾਪਤ ਕਰਨ ਦੀ ਬੇਰਹਿਮ ਸੁਪਨਸਾਜ਼ੀ ਦੇ ਨਾਂ 'ਤੇ ਇਨਸਾਨ ਦੁਸ਼ਮਣੀ ਦੇ ਜੋ ਕਾਰੇ ਕੀਤੇ, ਉਸ ਮਾਨਸਿਕਤਾ ਨੂੰ ਸਮਝਣ ਲਈ ਦਾਸਤੋਵਸਕੀ ਨੇ ਆਪਣੇ 'ਜ਼ੁਰਮ ਤੇ ਸਜ਼ਾ' ਅਤੇ 'ਡੈਵਿਲਜ਼' ਨਾਵਲਾਂ ਰਾਹੀਂ 50 ਸਾਲ ਪਹਿਲਾਂ ਹੀ ਕੁੰਜੀ ਦੇ ਦਿੱਤੀ ਸੀ।

(ਚਲਦਾ)



ਕਪੂਰਥਲੇ ਵਾਲੀ ਸ਼ਾਂਤ ਕਾਂਜਲੀ ਨਦੀ ਜਿਥੇ ਮੀਸ਼ਾ ਸਮਾ ਗਿਆ ਸੀ।

# ਤਲਾਕ ਤਲਾਕ ਤਲਾਕ ਅਤੇ ਔਰਤਾਂ ਦੇ ਹੱਕ

## ਸਮੇਂ ਦੀ ਪੁਕਾਰ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਅੱਜ ਕੱਲ੍ਹ ਜਿਸ ਲਫਜ਼ ਦੀ ਚਰਚਾ ਜ਼ੋਰਾਂ 'ਤੇ ਹੈ, ਉਹ ਹੈ- ਤਲਾਕ ਤਲਾਕ ਤਲਾਕ। ਇਸ ਲਫਜ਼ ਦਾ ਸਿੱਧਾ ਸਬੰਧ ਔਰਤ ਨਾਲ ਹੈ। ਔਰਤ ਔਰਤ ਹੈ, ਭਾਵੇਂ ਉਹ ਕਿਸੇ ਵੀ ਧਰਮ, ਜਾਤੀ, ਨਸਲ ਜਾਂ ਮੁਲਕ ਨਾਲ ਸਬੰਧ ਰੱਖਦੀ ਹੋਵੇ।

ਭਾਰਤ ਵਿਚ ਵੱਸਦੇ ਮੁਸਲਿਮ ਭਾਈਚਾਰੇ ਦੀਆਂ ਔਰਤਾਂ ਇਸ ਜ਼ੁਲਮ ਖਿਲਾਫ ਆਵਾਜ਼ ਉਠਾ ਰਹੀਆਂ ਹਨ। ਔਰਤਾਂ ਉਤੇ ਬਹੁ-ਗਿਣਤੀ ਮਰਦਾਂ ਦਾ ਅਤਿਆਚਾਰ ਹਰ ਦਿਨ ਵਧ ਰਿਹਾ ਹੈ। ਮਰਦ ਜਦ ਵੀ ਚਾਹੇ, ਤਿੰਨ ਵਾਰੀ ਤਲਾਕ ਤਲਾਕ ਤਲਾਕ ਕਹਿ ਕੇ ਆਪਣੀ ਔਰਤ ਨੂੰ ਘਰੋਂ ਬਾਹਰ ਕੱਢ ਸਕਦਾ ਹੈ; ਉਹ ਔਰਤ ਸਜ ਵਿਆਹੀ ਹੋਵੇ, ਜਾਂ ਫਿਰ ਚਾਰ ਬੱਚਿਆਂ ਦੀ ਮਾਂ ਹੀ ਕਿਉਂ ਨਾ ਹੋਵੇ! ਤਲਾਕ ਨਾਮ ਦਾ ਪਹਾੜ ਕਿਸੇ ਵੀ ਸਮੇਂ ਔਰਤ ਦੇ ਸਿਰ 'ਤੇ ਡਿਗ ਸਕਦਾ ਹੈ ਅਤੇ ਉਦੋਂ ਮਾਂ ਦੇ ਨਾਲ ਉਸ ਦੇ ਬੱਚੇ ਵੀ ਅਨਾਥ ਹੋ ਜਾਂਦੇ ਹਨ।

ਸੁਪਰੀਮ ਕੋਰਟ ਦੇ ਨਾਲ ਨਾਲ ਪੂਰੇ ਮੁਲਕ ਅਤੇ ਦੁਨੀਆਂ ਭਰ ਵਿਚ ਇਸ ਗੁਨਾਹ ਅਤੇ ਗੁਨਾਹਗਾਰਾਂ ਦੀ ਚਰਚਾ ਹੈ। ਹਰ ਟੀ.ਵੀ. ਚੈਨਲ 'ਤੇ ਹਰ ਉਮਰ ਦੀ ਔਰਤ ਆਪਣੀ ਬਰਬਾਦ ਹੋਈ ਜ਼ਿੰਦਗੀ ਦੀ ਦੁਹਾਈ ਦੇ ਰਹੀ ਹੈ। ਭਾਈਚਾਰੇ ਨਾਲ ਸਬੰਧਤ ਕੁਝ ਕੁ ਲੀਡਰ ਦਬਵੀਂ ਆਵਾਜ਼ ਵਿਚ ਕਦੀ ਕਦੀ ਔਰਤ ਦੇ ਹੱਕ ਵਿਚ ਬੋਲਦੇ ਸੁਣੀਦੇ ਹਨ, ਪਰ ਬਹੁਤ ਘੱਟ। ਦੂਜੇ ਪਾਸੇ ਬਹੁ-ਗਿਣਤੀ ਕੱਟੜ ਧਾਰਮਿਕ ਆਗੂ ਅਤੇ ਬੁਲਾਰੇ ਇਸ ਮਾਮਲੇ 'ਤੇ ਗੁਨਾਹ ਅਤੇ ਗੁਨਾਹਕਾਰਾਂ ਦਾ ਡਟ ਕੇ ਸਾਥ ਦੇ ਰਹੇ ਹਨ।

21ਵੀਂ ਸਦੀ ਦੀ ਪੜ੍ਹੀ-ਲਿਖੀ ਤੇ ਅਗਾਂਹਵਧੂ ਸੁਘੜ ਔਰਤ ਆਪਣੇ ਅਤੇ ਆਪਣੇ ਬੱਚਿਆਂ ਦੇ ਹੱਕਾਂ ਦੀ ਰਾਖੀ ਲਈ ਸਿਰ 'ਤੇ ਕੱਫਣ ਬੰਨ੍ਹ ਕੇ ਮੈਦਾਨ ਵਿਚ ਉਤਰ ਚੁੱਕੀ ਹੈ, ਕਾਨੂੰਨ ਦੇ ਦਰ 'ਤੇ ਦਸਤਕ ਦੇ ਰਹੀ ਹੈ ਕਿ ਉਹ ਕੋਈ ਲਾਸ਼ ਨਹੀਂ, ਜਿਊਂਦੀ ਜਾਗਦੀ ਔਰਤ ਹੈ, ਉਸ ਦੀ ਆਵਾਜ਼ ਸੁਣੋ ਅਤੇ ਉਸ ਨੂੰ ਵੀ ਜ਼ਿੰਦਗੀ ਜਿਊਣ ਦਾ ਹੱਕ ਮਿਲੇ। ਉਹ ਵੀ ਇਸੇ ਸਮਾਜ ਦਾ ਹਿੱਸਾ ਹੈ, ਇਸ ਲਈ ਉਸ ਨੂੰ ਉਸ ਦੇ ਹੱਕ ਦਿਓ...।

ਜੇ ਔਰਤ ਦੇ ਹੱਕਾਂ ਦੀ ਗੱਲ ਕੀਤੀ ਜਾਵੇ ਤਾਂ ਸਦੀਆਂ ਤੋਂ ਨਹੀਂ, ਬਲਕਿ ਜੁੱਗਾਂ ਤੋਂ ਉਹ ਆਪਣੇ ਜੀਵਨ ਦੇ ਅਧਿਕਾਰਾਂ ਤੋਂ ਵਾਂਝੀ ਹੈ ਅਤੇ ਮਰਦ ਦੀ ਗੁਲਾਮ ਹੈ। ਅੱਜ ਵੀ ਇਹ ਇਸੇ ਗੁਲਾਮੀ ਦੀ ਦਲ-ਦਲ ਵਿਚ ਫਸੀ ਹੋਈ ਹੈ। ਇਸਲਾਮ ਵਿਚ ਮਰਦ ਨੂੰ ਚਾਰ ਨਿਕਾਹ ਕਰਨ ਜਾਂ ਚਾਰ ਔਰਤਾਂ ਰੱਖਣ ਦੀ ਖੁੱਲ੍ਹ ਹੈ। ਮਰਦ ਘਰ ਜਾਂ ਪਰਿਵਾਰ ਵਿਚ ਕਿਤੇ ਵੀ ਬੈਠਾ ਹੋਵੇ, ਬਾਜ਼ਾਰ ਵਿਚ ਹੋਵੇ ਜਾਂ ਕੰਮ 'ਤੇ ਗਿਆ ਹੋਵੇ ਜਾਂ ਕਿਸੇ ਦੂਜੇ ਮੁਲਕ ਵਿਚ ਹੋਵੇ, ਜਦ ਉਹਦਾ ਦਿਲ ਚਾਹੇ, ਉਹ ਫੋਨ ਉਤੇ ਵੀ ਆਪਣੀ ਔਰਤ ਤੋਂ 'ਛੁਟਕਾਰਾ' ਪਾ ਸਕਦਾ ਹੈ, ਬੱਸ ਤਿੰਨ ਵਾਰੀ ਤਲਾਕ ਤਲਾਕ ਤਲਾਕ ਆਖਿਆਂ ਇਹ ਕਹਾਣੀ ਖਤਮ! ਨਾ ਕੋਈ ਦਲੀਲ, ਨਾ ਅਪੀਲ। ਨਾ ਹੀ ਕੋਈ ਧਰਮ ਜਾਂ ਸਮਾਜ ਇਸ ਬੇਸਹਾਰਾ ਔਰਤ ਦੀ ਫਰਿਆਦ ਸੁਣਨ ਨੂੰ ਤਿਆਰ ਹੁੰਦਾ ਹੈ। ਔਰਤ ਦਰ-ਦਰ ਧੱਕੇ ਖਾਂਦੀ ਹੈ ਅਤੇ ਮਰਦ ਐਯਾਸ਼ੀ ਵਾਲਾ ਜੀਵਨ ਬਿਤਾਉਂਦਾ ਹੈ।

ਉਂਜ, ਤਲਾਕ ਨਾਮ ਦੀ ਇਸ ਬਿਮਾਰੀ ਨੇ ਪਿਛਲੇ ਸਮੇਂ ਦੌਰਾਨ ਹਰ ਧਰਮ ਤੇ ਕੌਮ ਅੰਦਰ ਆਪਣੇ ਪੈਰ ਪਸਾਰ ਲਏ ਹਨ। ਅੱਧੀ ਸਦੀ ਪਹਿਲਾਂ ਤੱਕ ਇਸ ਦਾ ਨਾਮ ਬਹੁਤ ਘੱਟ ਸੁਣਨ ਨੂੰ ਮਿਲਦਾ ਸੀ, ਪਰ ਅੱਜ ਇਹ ਬਿਮਾਰੀ ਸਮਾਜ ਦੇ ਹਰ ਵਰਗ, ਹਰ ਸ਼ਹਿਰ ਤੇ ਪਰਿਵਾਰ ਵਿਚ ਆਣ ਬੈਠੀ ਹੈ। ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਦਾ ਜਨਾਜ਼ਾ ਨਿਕਲ ਚੁਕਾ ਹੈ। ਅੱਜ ਵਿਆਹ ਹੁੰਦਾ ਹੈ, ਤੇ ਕੁਝ ਹਫਤੇ ਜਾਂ ਮਹੀਨਿਆਂ ਬਾਅਦ ਦੋਵੇਂ ਪਰਿਵਾਰ ਟੁੱਟ ਚੁਕੇ ਹੁੰਦੇ ਹਨ। ਸਭ ਦੇਖਦੇ ਰਹਿ ਜਾਂਦੇ ਹਨ। ਅੱਜ ਭਾਵੇਂ ਅਸੀਂ ਮੁਸਲਿਮ ਭਾਈਚਾਰੇ ਨਾਲ ਸਬੰਧਤ ਔਰਤਾਂ ਦੀ ਜ਼ਿੰਦਗੀ ਦਾ ਰੋਣਾ ਰੋ ਰਹੇ ਹਾਂ, ਪਰ ਘੱਟ ਤਾਂ ਦੂਜੇ ਧਰਮਾਂ ਵਾਲਿਆਂ ਨੇ ਵੀ ਨਹੀਂ ਗੁਜ਼ਾਰੀ!

ਜ਼ਰਾ ਤ੍ਰੇਤਾ ਦੁਆਪੁਰ ਦੀਆਂ ਪੋਥੀਆਂ ਫਰੋਲੀਏ ਤਾਂ ਔਰਤ ਦੀਆਂ ਚੀਕਾਂ ਹੀ ਸੁਣਾਈ ਦੇਣਗੀਆਂ। ਯੁਗ ਪੁਰਸ਼ ਅਖਵਾਉਣ ਵਾਲੇ ਸ੍ਰੀ ਰਾਮ ਚੰਦਰ ਨੇ ਆਪਣੀ ਔਰਤ ਸੀਤਾ ਦੀ ਅਗਨੀ ਪ੍ਰੀਖਿਆ ਲੈਣ ਤੋਂ ਬਾਅਦ ਵੀ ਉਸ ਨੂੰ ਘਰੋਂ ਕੱਢ ਦਿੱਤਾ ਸੀ। ਉਸ ਵਕਤ ਉਹ ਮਾਂ ਬਣਨ ਵਾਲੀ ਸੀ। ਦੁਆਪੁਰ ਦੇ ਪੰਜ ਪਾਂਡਵਾਂ ਨੇ ਤਾਂ ਔਰਤ ਨੂੰ ਇੰਜ ਵੰਡ ਲਿਆ ਸੀ, ਜਿਵੇਂ ਉਹ ਕੋਈ ਪਕਵਾਨ ਹੋਵੇ। ਤੁਲਸੀ ਦਾਸ ਤਾਂ ਔਰਤ ਦੇ ਦਰਜੇ ਨੂੰ ਇੰਨਾ ਥੱਲੇ ਲੈ ਗਿਆ ਕਿ ਉਸ ਨੂੰ ਇਹ ਵੀ ਭੁੱਲ ਗਿਆ ਕਿ ਉਸ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਸੀ।

ਸਦੀਆਂ ਤੋਂ ਦੱਬੀ ਕੁਚਲੀ ਅਤੇ ਜ਼ੁਲਮ ਸਹਿੰਦੀ ਔਰਤ ਦੇ ਹੱਕ ਵਿਚ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਨੇ ਆਵਾਜ਼ ਉਠਾਈ ਅਤੇ ਆਖਿਆ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਨੇ ਜਿਊਂਦਿਆਂ ਔਰਤਾਂ ਨੂੰ ਜਬਰੀ ਅੱਗ ਵਿਚ ਸਾੜ ਕੇ ਮਾਰਨ ਦੀ ਸਤੀ ਰਸਮ ਬੰਦ ਕਰਵਾਉਣ ਲਈ ਆਵਾਜ਼ ਬੁਲੰਦ ਕੀਤੀ, ਪਰ ਅਫਸੋਸ ਕਿ ਧਰਮ ਦੇ ਲੀਡਰਾਂ ਨੇ ਆਪਣੀਆਂ ਸੌੜੀਆਂ ਸੋਚਾਂ ਨੂੰ ਸਾਹਮਣੇ ਰੱਖ ਦੂਜੇ ਧਰਮਾਂ ਦੇ ਆਗੂਆਂ ਵਾਂਗ ਹੀ ਸਿੱਖ ਧਰਮ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਧਾਰਮਿਕ ਹੱਕਾਂ ਤੋਂ ਪਿਛਾਂਹ ਧਕੇਲ ਕੇ ਖੜ੍ਹਾ ਕੀਤਾ ਹੋਇਆ ਹੈ। ਸਿੱਖ ਔਰਤ ਹਰਿਮੰਦਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੀ, ਗ੍ਰੰਥੀ ਨਹੀਂ ਬਣ ਸਕਦੀ, ਪੰਜਾਂ ਪਿਆਰਿਆਂ ਦੀ ਡਿਊਟੀ ਵਿਚ ਹਿੱਸਾ ਨਹੀਂ ਲੈ ਸਕਦੀ। ਇਥੋਂ ਤੱਕ ਕਿ ਕਈ ਆਪੂੰ ਬਣੇ ਧਾਰਮਿਕ ਲੀਡਰ ਤਾਂ ਔਰਤ ਨੂੰ ਪਤਿਤ ਵੀ ਆਖ ਜਾਂਦੇ ਹਨ। ਵਾਹ! ਕੈਸੀ ਦੁਰਗਤੀ ਹੋ ਰਹੀ ਹੈ ਔਰਤ ਦੀ। ਕਿਤੇ ਪਤੀ, ਕਿਤੇ ਪਰਿਵਾਰ, ਕਿਤੇ ਸਮਾਜ ਅਤੇ ਕਿਤੇ ਧਰਮ ਵਾਲੇ-ਸਾਰੇ ਹੀ ਔਰਤ ਦੇ ਹੱਕਾਂ 'ਤੇ ਡਾਕੇ ਮਾਰ ਰਹੇ ਹਨ।

ਖੈਰ! ਤਲਾਕ ਵਾਲੇ ਮਾਮਲੇ 'ਤੇ ਸਮੁੱਚੀ ਔਰਤ ਜਾਤੀ ਦਾ ਫਰਜ਼ ਬਣਦਾ ਹੈ ਕਿ ਹਰ ਔਰਤ ਇਨ੍ਹਾਂ ਔਰਤਾਂ ਦੇ ਹੱਕ ਵਿਚ ਆਵਾਜ਼ ਉਠਾਵੇ, ਹਰ ਔਰਤ ਇਨ੍ਹਾਂ ਦੇ ਹੱਕ ਵਿਚ ਬੋਲੇ ਅਤੇ ਆਪਣਾ ਬਣਦਾ ਸਹਿਯੋਗ ਦੇਵੇ ਤਾਂ ਕਿ ਜੁੱਗਾਂ ਤੋਂ ਚੱਲ ਰਹੀ ਇਸ ਬੇਮਾਇਨੀ ਅਤੇ ਘਟੀਆ ਰਵਾਇਤ ਨੂੰ ਠੱਲ੍ਹ ਪਾਈ ਜਾ ਸਕੇ। ਅੱਜ ਸਮਾਂ ਹਾਕਾਂ ਮਾਰ ਰਿਹਾ ਹੈ ਕਿ ਹਰ ਸੂਝਵਾਨ ਔਰਤ ਨੂੰ ਧਰਮ ਤੋਂ ਉਪਰ ਉਠ ਕੇ ਇਨ੍ਹਾਂ ਔਰਤਾਂ ਦੀ ਆਵਾਜ਼ ਵਿਚ ਆਵਾਜ਼ ਮਿਲਾਉਣੀ ਚਾਹੀਦੀ ਹੈ। ਇਹ ਸਮੇਂ ਦੀ ਪੁਕਾਰ ਹੈ; ਨਹੀਂ ਤਾਂ ਔਰਤ ਆਪਣੇ ਗਲ ਵਿਚੋਂ ਗੁਲਾਮੀ ਦਾ ਜੂਲਾ ਕਦੀ ਵੀ ਨਹੀਂ ਲਾਹ ਸਕੇਗੀ।

# ਰਾਓ ਦਾ 'ਰਾਬਤਾ'



ਜਗਜੀਤ ਸਿੰਘ ਸੇਖੋਂ

ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਅਤੇ ਅਦਾਕਾਰਾ ਕ੍ਰਿਤੀ ਸੈਨਨ ਦੀ ਫਿਲਮ 'ਰਾਬਤਾ' ਵਿਚ ਸਿਰੇ ਦਾ ਅਦਾਕਾਰ ਰਾਜ ਕੁਮਾਰ ਰਾਓ ਵੀ ਹੈ। ਇਸ ਫ਼ਿਲਮ ਦਾ ਪਹਿਲਾ ਪ੍ਰੋਮੋ ਜਾਰੀ ਹੋਇਆ ਤਾਂ ਕਿਸੇ ਨੇ ਰਾਜ ਕੁਮਾਰ ਰਾਓ ਨੂੰ ਪਛਾਣਿਆ ਵੀ ਨਾ। ਦਰਅਸਲ, ਉਹ ਇਸ ਫਿਲਮ ਵਿਚ ਬਜ਼ੁਰਗ ਦੀ ਭੂਮਿਕਾ ਨਿਭਾਅ ਰਿਹਾ ਹੈ। 'ਰਾਬਤਾ' ਦੀ ਕਹਾਣੀ ਪੁਨਰ-ਜਨਮ 'ਤੇ ਆਧਾਰਤ ਹੈ। ਰਾਜ ਕੁਮਾਰ ਰਾਓ ਵਾਲੇ ਕਿਰਦਾਰ ਦਾ ਸਬੰਧ ਸ਼ਿਵ ਅਤੇ ਸਾਇਰਾ (ਸੁਸ਼ਾਂਤ-ਕ੍ਰਿਤੀ) ਦੇ ਪਿਛਲੇ ਜਨਮ ਨਾਲ ਹੈ। ਫਿਲਮ ਦੀ ਕਹਾਣੀ ਵਿਚ ਰਾਜ ਕੁਮਾਰ ਰਾਓ ਵਾਲਾ ਕਿਰਦਾਰ ਖ਼ਾਸ ਹੈ। ਇਸੇ ਕਰ ਕੇ ਫਿਲਮ ਦੇ ਨਿਰਦੇਸ਼ਕ ਦਿਨੇਸ਼ ਵਿਜ਼ਨ ਨੇ ਸੋਚਿਆ ਕਿ ਕਿਉਂ ਨਾ ਇਸ ਕਿਰਦਾਰ ਨੂੰ ਅਨੋਖੇ ਰੂਪ ਵਿਚ ਪੇਸ਼ ਕੀਤਾ ਜਾਵੇ! ਫਿਲਮ ਵਿਚ ਰਾਜ ਕੁਮਾਰ ਨੂੰ ਸਵਾ ਤਿੰਨ ਸੌ ਸਾਲ ਦੀ ਉਮਰ ਦੇ ਬੁੱਢੇ ਦੇ ਕਿਰਦਾਰ ਵਿਚ ਪੇਸ਼ ਕਰਨ ਲਈ ਵਿਸ਼ਸ਼ ਮੇਕਅੱਪ ਦਾ ਸਹਾਰਾ ਲਿਆ ਗਿਆ। ਇਸ ਸਿਲਸਿਲੇ ਵਿਚ ਹਾਲੀਵੁਡ ਦੇ ਨਾਮੀ ਮੇਕਅਪ ਆਰਟਸਿਟ ਗੁਬੀ ਜੋਹਾਲ ਨੂੰ ਭਾਰਤ ਬੁਲਾਇਆ ਗਿਆ। ਪਹਿਲਾਂ ਰਾਜ ਕੁਮਾਰ 'ਤੇ ਸੋਲਾਂ ਵੱਖ ਵੱਖ ਦਿੱਖ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਫਿਰ ਆਦਿਵਾਸੀ ਨੁਮਾ ਦਿੱਖ ਫਾਈਨਲ ਕਰ ਲਈ ਗਈ। ਰਾਜ ਕੁਮਾਰ ਨੂੰ ਇਸ ਦਿੱਖ ਵਿਚ ਢਾਲਣ ਲਈ ਰੋਜ਼ਾਨਾ ਕਈ ਘੰਟੇ ਮੇਕਅੱਪ ਆਰਟਿਸਟ ਸਾਹਮਣੇ ਬੈਠਣਾ ਪੈਂਦਾ ਸੀ। ਮੇਕਅੱਪ ਦੀਆਂ ਪਰਤਾਂ ਚੜ੍ਹਨ ਤੋਂ ਬਾਅਦ ਉਸ ਨੂੰ ਗਰਮੀ ਵੀ ਬਹੁਤ ਲੱਗਦੀ ਸੀ ਤੇ ਸਰੀਰ ਆਕੜ ਜਾਂਦਾ ਸੀ, ਪਰ ਉਹ ਚੁੱਪ-ਚਾਪ ਸਭ ਕੁਝ ਸਹਿ ਕੇ ਕੈਮਰੇ ਸਾਹਮਣੇ ਆ ਜਾਂਦਾ। ਇਸ ਤਰ੍ਹਾਂ ਦੀ ਅਨੋਖੀ ਭੂਮਿਕਾ ਨਿਭਾਉਣ ਦਾ ਮੌਕਾ ਉਸ ਨੂੰ ਪਹਿਲੀ ਵਾਰ ਮਿਲਿਆ ਸੀ। ਫਿਰ ਜਦੋਂ ਡਬਿੰਗ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਵੱਖਰੀ ਹੀ ਆਵਾਜ਼ ਵਿਚ ਆਪਣੇ ਸੰਵਾਦ ਡੱਬ ਕੀਤੇ ਤਾਂ ਕਿ ਉਹ ਆਵਾਜ਼ ਉਨ੍ਹਾਂ ਦੇ ਕਿਰਦਾਰ ਦੇ ਨਾਲ ਮੈਚ ਕਰ ਸਕੇ।





# ਛਮਕ ਸ਼ਰਮਾ

ਆਮਨਾ ਕੌਰ

ਪਤਲੀ ਪਤੰਗ ਛਮਕ ਜਿਹੀ ਮੁਟਿਆਰ ਐਵਲਿਨ ਸ਼ਰਮਾ ਅੱਧੀ ਪੰਜਾਬਣ ਹੈ ਅਤੇ ਅੱਧੀ ਜਰਮਨ। ਉਹਦਾ ਬਾਪੂ ਪੰਜਾਬੀ ਹੈ ਅਤੇ ਮਾਂ ਜਰਮਨ। ਮਾਪਿਆਂ ਦੀ ਇਸ ਲਾਡਲੀ ਅਦਾਕਾਰਾ ਦਾ ਜਨਮ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿਚ 12 ਜੁਲਾਈ 1986 ਨੂੰ ਹੋਇਆ ਸੀ। ਆਪਣੇ ਕਰੀਅਰ ਦਾ ਆਰੰਭ ਉਸ ਨੇ ਅੰਗਰੇਜ਼ੀ ਫਿਲਮ 'ਟਰਨ ਲੈਫਟ' ਨਾਲ 2006 ਵਿਚ ਕੀਤਾ ਸੀ, ਪਰ ਉਸ ਦਾ ਕਰੀਅਰ ਕਿਸੇ ਰੁਕ ਅਗਾਂਹ ਨਹੀਂ ਵਧ ਸਕਿਆ। ਫਿਰ 2012 ਵਿਚ ਉਸ ਦੀ ਹਿੰਦੀ ਫਿਲਮ 'ਫਰੌਮ ਸਿਡਨੀ ਵਿਦ ਲਵ' ਆਈ। ਇਸ ਫਿਲਮ ਨਾਲ ਵੀ ਕੋਈ ਖਾਸ ਗੱਲ ਨਾ ਬਣ ਸਕੀ।

ਇਸ ਤੋਂ ਬਾਅਦ ਉਸ ਦੀਆਂ ਕਈ ਫਿਲਮਾਂ ਆਈਆਂ ਜਿਨ੍ਹਾਂ ਵਿਚ 'ਨੌਟੰਕੀ ਸਾਲਾ', 'ਯਹ ਜਵਾਨੀ ਹੈ ਦੀਵਾਨੀ', 'ਇਸ਼ਕ', 'ਯਾਰੀਆਂ', 'ਮੈਂ ਤੇਰਾ ਹੀਰੋ', 'ਕੁਛ ਕੁਛ ਲੋਚਾ ਹੈ', 'ਇਸ਼ਕੇਦਾਰੀਆਂ' ਸ਼ਾਮਲ ਹਨ। ਉਸ ਨੇ ਪੰਜਾਬੀ ਫਿਲਮ 'ਗੱਦਾਰ' ਵਿਚ ਵੀ ਕੰਮ ਕੀਤਾ। ਇੰਨੀਆਂ ਫਿਲਮਾਂ ਵਿਚ ਕੰਮ ਮਿਲਣ ਤੋਂ ਬਾਅਦ ਉਸ ਦਾ ਕਰੀਅਰ ਕੁਝ ਕੁ ਰਵਾਂ ਹੋ ਗਿਆ ਅਤੇ ਉਸ ਦੀ ਗਿਣਤੀ ਚੰਗੀਆਂ ਅਦਾਕਾਰਾਵਾਂ ਵਿਚ ਹੋਣ ਲੱਗ ਪਈ। ਹੁਣ ਉਸ ਦੀਆਂ ਸਾਰੀਆਂ ਆਸਾਂ ਫਿਲਮ 'ਦਿ ਰਿੰਗ' ਉਤੇ ਲੱਗੀਆਂ ਹੋਈਆਂ ਹਨ। ਇਸ ਫਿਲਮ ਵਿਚ ਉਸ ਤੋਂ ਇਲਾਵਾ ਸ਼ਾਹਰੁਖ ਖਾਨ ਅਤੇ ਅਨੁਸ਼ਕਾ ਸ਼ਰਮਾ ਮੁੱਖ ਭੂਮਿਕਾਵਾਂ ਵਿਚ ਹਨ। ਇਹ ਫਿਲਮ ਚਰਚਿਤ ਫਿਲਮਸਾਜ਼ ਇਮਤਿਆਜ਼ ਅਲੀ ਵਲੋਂ ਬਣਾਈ ਜਾ ਰਹੀ ਹੈ ਅਤੇ ਇਹ ਅਗਸਤ ਵਿਚ ਰਿਲੀਜ਼ ਹੋਣੀ ਹੈ। ਅਨੁਸ਼ਕਾ ਸ਼ਰਮਾ ਮੁਤਾਬਕ, ਐਵਲਿਨ ਸ਼ਰਮਾ ਵਿਚ ਬਹੁਤ ਅਗਾਂਹ ਜਾਣ ਵਾਲੇ ਗੁਣ ਹਨ।

ਐਵਲਿਨ ਸ਼ਰਮਾ ਆਪਣੀਆਂ ਅਸਫ਼ਲਤਾਵਾਂ ਨੂੰ ਪਹਿਲਾਂ ਦਿਲ 'ਤੇ ਲਾ ਬੈਠੀ ਸੀ ਅਤੇ ਘੋਰ ਉਦਾਸ ਰਹਿਣ ਲੱਗ ਪਈ ਸੀ, ਪਰ ਇਸੇ ਦੌਰਾਨ ਅਦਾਕਾਰ ਅਮਿਤ ਸਾਧ ਨੇ ਉਸ ਦੀ ਬਹੁਤ ਮਦਦ ਕੀਤੀ ਅਤੇ ਉਹ ਹੌਲੀ ਹੌਲੀ ਇਸ ਉਦਾਸੀ ਵਿਚੋਂ ਨਿਕਲ ਆਈ। ਹੁਣ ਤਾਂ ਉਸ ਨੇ ਬਾਂਦਰਾ ਵਿਚ ਆਪਣਾ ਨਵਾਂ ਘਰ ਵੀ ਖਰੀਦ ਲਿਆ ਹੈ। ਤਿੰਨ ਬੈੱਡਰੂਮ ਵਾਲੇ ਇਸ ਘਰ ਦਾ ਡਿਜ਼ਾਈਨ ਉਸ ਨੇ ਜਰਮਨੀ ਅੰਦਾਜ਼ ਦਾ ਤਿਆਰ ਕਰਵਾਇਆ ਹੈ।



# ਪ੍ਰਿਅੰਕਾ ਚੋਪੜਾ ਦਾ ਕੋਟ



ਹਾਲ ਹੀ ਵਿਚ ਅਮਰੀਕਾ ਵਿਚ ਹੋਏ ਇਕ ਸਮਾਗਮ ਦੌਰਾਨ ਹਿੰਦੀ ਫਿਲਮ ਅਦਾਕਾਰਾ ਪ੍ਰਿਅੰਕਾ ਚੋਪੜਾ ਦੇ ਕੋਟ ਦੀ ਬੜੀ ਚਰਚਾ ਹੋਈ ਅਤੇ ਕੁਝ ਲੋਕਾਂ ਨੇ ਇਸ ਨੂੰ ਪਸੰਦ ਵੀ ਬਹੁਤ ਕੀਤਾ। ਅਜਿਹੇ ਕੋਟ ਆਮ ਕਰ ਕੇ ਧਿਆਨ ਖਿੱਚਣ ਲਈ ਵਿਆਹ ਦੀ ਰਸਮ ਜਾਂ ਅਜਿਹੇ ਹੋਰ ਸਮਾਗਮਾਂ ਮੌਕੇ ਪਾਏ ਜਾਂਦੇ ਹਨ। ਅਜਿਹੀਆਂ ਦਰਸ਼ਨੀ ਪੁਸ਼ਾਕਾਂ ਦੀ ਰਚਨਾ ਉਸ ਸਮੇਂ ਹੋਈ ਸੀ, ਜਦੋਂ ਅੰਗਰੇਜ਼ਾਂ ਦੀ ਹਕੂਮਤ ਸੀ। ਕਹਿੰਦੇ ਹਨ ਕਿ ਉਨ੍ਹਾਂ ਦੇ ਰਾਜ ਦੌਰਾਨ ਸੂਰਜ ਨਹੀਂ ਸੀ ਛਿਪਦਾ ਹੁੰਦਾ। ਦਰਅਸਲ, ਉਸ ਵਕਤ ਗੁਲਾਮ ਦੇਸ਼ਾਂ ਦੇ ਲੋਕਾਂ ਦੀ ਮਿਹਨਤ ਦਾ ਸਾਰਾ ਮੁਨਾਫ਼ਾ ਇੰਗਲੈਂਡ ਪੁੱਜਦਾ ਸੀ ਅਤੇ ਇਹ ਸਮਾਰਾਜਵਾਦ ਦਾ ਸੁਨਹਿਰਾ ਦੌਰ ਸੀ। ਉਸ ਸਮੇਂ ਹੀ ਅਜਿਹੀਆਂ ਪੁਸ਼ਾਕਾਂ ਜਿਨ੍ਹਾਂ ਦੀ ਲੰਬਾਈ ਆਮ ਨਾਲੋਂ ਕਿਤੋਂ ਵੱਧ ਹੁੰਦੀ ਸੀ, ਹੋਂਦ ਵਿਚ ਆਈਆਂ ਸਨ। ਹੁਣ ਰਿਵਾਜ਼ ਵਜੋਂ ਅਜਿਹੀਆਂ ਪੁਸ਼ਾਕਾਂ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਸਮੇਂ ਦਾ ਚੱਕਰ ਦੇਖੋ ਕਿ ਅਜਿਹੀ ਗੁਲਾਮ ਮਾਨਸਿਕਤਾ ਨੂੰ ਦਰਸਾਉਣ ਵਾਲਾ ਕੋਟ ਕਿਸੇ ਭਾਰਤੀ ਸੁੰਦਰੀ ਨੇ ਪਹਿਨਿਆ ਹੈ ਅਤੇ ਉਸ ਦੀ ਹਰ ਥਾਂ ਚਰਚਾ ਹੋ ਰਹੀ ਹੈ। ਸਮੇਂ ਦਾ ਵਿਅੰਗ ਇਹ ਵੀ ਹੈ ਕਿ ਇਕ ਪਾਸੇ ਤਾਂ ਭਾਰਤ ਦਾ ਇਕ ਹਿੱਸਾ ਜੋ ਸਾਧਨਹੀਣ ਹੈ, ਆਪਣਾ ਤਨ ਢਕਣ ਲਈ ਤਰਸ ਰਿਹਾ ਹੈ, ਦੂਜੇ ਬੰਨੇ ਅਜਿਹੀਆਂ ਮਹਿੰਗੀਆਂ ਪੁਸ਼ਾਕਾਂ ਦੀ ਨੁਮਾਇਸ਼ ਲਾਈ ਜਾ ਰਹੀ ਹੈ। ਹੋਰ ਤਾਂ ਹੋਰ, ਇਸ ਨਾਲ ਵੱਖ ਵੱਖ ਕਹਾਣੀਆਂ ਵੀ ਜੋੜੀਆਂ ਜਾ ਰਹੀਆਂ ਹਨ। ਇਸ ਮਸਲੇ ਨਾਲ ਜੁੜੀ ਆਦਿਵਾਸੀਆਂ ਦੀ ਕਹਾਣੀ ਯਾਦ ਆ ਗਈ ਹੈ। ਆਦਿਵਾਸੀ ਇਲਾਕੇ ਦੀ ਕੋਈ ਕੁੜੀ ਕੁਝ ਸਮਾਂ ਸ਼ਹਿਰ ਬਿਤਾ ਕੇ ਆਈ ਤਾਂ ਉਸ ਨੇ ਬਲਾਊਜ਼ ਪਹਿਨਿਆ ਹੋਇਆ ਸੀ। ਸਾਰੇ ਲੋਕ ਉਸ ਦਾ ਬਲਾਊਜ਼ ਦੇ ਕੇ ਦੰਗ ਰਹਿ ਗਏ ਅਤੇ ਉਦੋਂ ਹਰ ਕੋਈ ਉਸ ਨੂੰ ਦੇਖਣ ਲਈ ਉਮੜ ਪਿਆ ਸੀ।

ਅਸਲ ਵਿਚ ਭਾਰਤ ਦਾ ਸਮੁੱਚਾ ਪ੍ਰਬੰਧ ਹਮੇਸ਼ਾ ਸਾਧਨਹੀਣਤਾ ਦਾ ਉਤਸਵ ਮਨਾ ਕੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਦਾ ਰਿਹਾ ਹੈ। ਸਾਧਨਹੀਣਾਂ ਦਾ ਸ਼ੋਸ਼ਣ ਕਿਸ ਪੱਧਰ ਉਤੇ ਅਤੇ ਕਿਸ ਤਰ੍ਹਾਂ ਨਾਲ ਹੁੰਦਾ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ! ਮੁੰਬਈ ਦੇ ਉਘੇ ਕਲਾਕਾਰ ਜੇ.ਪੀ. ਸਿੰਘਲ ਨੇ ਆਦਿਵਾਸੀ ਕੁੜੀਆਂ ਵੱਲੋਂ ਬਣਾਏ ਚਿਤਰ ਵੇਚ ਵੇਚ ਕੇ ਰੁਪਇਆਂ ਦਾ ਢੇਰ ਲਾ ਲਿਆ। ਕਲਾ ਦੇ ਨਾਂ 'ਤੇ ਔਰਤਾਂ ਦੇ ਸਰੀਰ ਦੇ ਚਿਤਰ ਵਿਕੇ ਵੀ ਬਹੁਤ। ਹੁਣ ਪਤਾ ਲੱਗਿਆ ਹੈ ਕਿ ਆਦਿਵਾਸੀਆਂ ਦੇ ਇਕ ਇਲਾਕੇ ਵਿਚ ਖੂਬ ਗੋਰੇ ਚਿੱਟੇ ਆਦਿਵਾਸੀ ਰਹਿੰਦੇ ਹਨ ਅਤੇ ਹੁਣ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਆਦਿਵਾਸੀਆਂ ਦੀ ਇਹ ਪ੍ਰਜਾਤੀ ਕਿਤੇ ਖ਼ਤਮ ਨਾ ਹੋ ਜਾਵੇ। ਇਸੇ ਲਈ ਸਮੁੱਚੇ ਇਲਾਕੇ ਨੂੰ ਇਕ ਤਰ੍ਹਾਂ ਨਾਲ ਘੇਰ ਕੇ ਇਨ੍ਹਾਂ ਲੋਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਆਦਿਵਾਸੀਆਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਲਿਆਉਣ ਲਈ ਸਰਕਾਰ ਦੀ ਕੋਈ ਉਤਸੁਕਤਾ ਕਿਧਰੇ ਨਜ਼ਰ ਨਹੀਂ ਆਉਂਦੀ। ਹੁਣ ਤਾਂ ਮਾਓਵਾਦੀਆਂ ਨੂੰ ਕੁਚਲਣ ਦੇ ਨਾਂ ਉਤੇ ਉਲਟਾ ਆਦਿਵਾਸੀਆਂ ਦਾ ਹੀ ਕਤਲੇਆਮ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਖੌਫ਼ਨਾਕ ਕਰਨ ਲਈ ਉਨ੍ਹਾਂ ਦੀ ਇਮਦਾਦ ਵਿਚ ਅੱਗੇ ਆ ਰਹੇ ਹਰ ਵਕੀਲ, ਪੱਤਰਕਾਰ ਜਾਂ ਬੁੱਧੀਜੀਵੀ ਨੂੰ ਉਥੋਂ ਖਦੇੜਿਆ ਜਾ ਰਿਹਾ ਹੈ। ਜਿਹੜੇ ਲੋਕ ਉਥੇ ਡਟੇ ਹੋਏ ਹਨ, ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ।



## ਜ਼ਿੰਦਗੀ ਦਾ ਨਾਦ

# ਫੁੱਲ ਟੁੱਟੇ ਤਾਂ...

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਡਾ. ਭੰਡਾਲ ਨੇ ਦੱਸਿਆ ਸੀ ਕਿ ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ। ਮਿੱਤਰਤਾ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਮਿੱਤਰਤਾ 'ਚ ਮੋੜ-ਮੁੜਾਈ ਨਹੀਂ ਹੁੰਦੀ ਅਤੇ ਨਾ ਹੀ ਬਾਣੀਏ ਦੇ ਵਹੀ-ਖਾਤੇ ਵਾਂਗੂੰ ਜੋੜ-ਘਟਾਉ ਵਰਗੀਆਂ ਮਾਨਸਿਕ ਗੁੰਝਲਾਂ 'ਚੋਂ ਗੁਜਰਨ ਦੀ ਲੋੜ ਹੁੰਦੀ ਏ। ਪਿਛਲੇ ਲੇਖ ਵਿਚ ਉਨ੍ਹਾਂ ਮੋਹ-ਪਿਆਰ ਦੀ ਗੱਲ ਕਰਦਿਆਂ ਕਿਹਾ ਸੀ ਕਿ ਮੁਹੱਬਤ ਅਮੁੱਲ ਏ, ਇਹ ਤਾਂ ਦਿਲਾਂ ਦਾ ਸੌਦਾ ਏ, ਜੋ ਨਫੇ/ਨੁਕਸਾਨ ਦੀ ਤੱਕੜੀ 'ਚ ਨਹੀਂ ਤੁੱਲਦਾ। ਹਥਲੇ ਲੇਖ ਵਿਚ ਫੁੱਲਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਏ, ਮਨਾਂ 'ਚ ਖੁਸ਼ੀ ਦੇ ਦੀਵੇ ਜਗਾਉਣ ਵਾਲਾ ਚਮਨ ਦਾ ਫੁੱਲ ਕਮਰੇ 'ਚ ਜਾਂਦਿਆਂ ਹੀ ਮੁਰਝਾ ਜਾਂਦਾ ਏ। ਪਲ ਭਰ ਦੀ ਮਸਨੂਈ ਅਰਪਣਾ ਜਾਂ ਖੁਸ਼ੀ ਲਈ ਕਤਲ ਹੋ ਰਹੇ ਫੁੱਲ ਨੂੰ ਕਿਹੜੇ ਅਰਥਾਂ ਦੀ ਤਸ਼ਬੀਹ ਦਿਉਗੇ? ਉਨ੍ਹਾਂ ਨਸੀਹਤ ਕੀਤੀ ਹੈ ਕਿ ਫੁੱਲ ਨਾ ਤੋੜੋ। ਇਨ੍ਹਾਂ ਨਾਲ ਗੁਲਜ਼ਾਰਾਂ ਨੂੰ ਭਾਗ ਲਗਣ ਦਿਉ ਅਤੇ ਕੁਦਰਤ ਦੇ ਵਿਹੜੇ ਚਮਨ ਦੀ ਆਰਤੀ ਉਤਾਰਨ ਦਿਉ। -ਸੰਪਾਦਕ*

ਅੰਮ੍ਰਿਤ ਵੇਲਾ। ਸ਼ਹਿਰ ਦੇ ਖੂਬਸੂਰਤ ਬਾਗ ਵਿਚ ਸੈਰ ਕਰ ਰਹੇ ਲੋਕ। ਕੁਦਰਤ ਦੇ ਆਗੋਸ਼ 'ਚ ਲੋਕਾਂ ਦੇ ਮੁਖੜੇ 'ਤੇ ਸਕੂਨ, ਸੰਤੁਸ਼ਟੀ ਤੇ ਸਹਿਜ ਦੀ ਝਲਕ। ਕਾਦਰ ਦੇ ਅਸੀਮ ਤੇ ਅਜ਼ੀਮ ਪਸਾਰੇ 'ਚ ਪੰਛੀਆਂ ਦੇ ਬੋਲ ਫਿਜ਼ਾ ਨੂੰ ਰੁਮਕਣੀ ਬਖਸ਼ਦੇ। ਨਿੰਮੀ-ਨਿੰਮੀ ਲੋਅ 'ਚ ਕਲੀਆਂ ਦੇ ਰੁੱਖਾਂ ਅਤੇ ਫੁੱਲਦਾਰ ਬੂਟਿਆਂ 'ਤੇ ਖਿੜੇ ਫੁੱਲ, ਅਧਖਿੜੇ ਤੇ ਡੋਡੀਆਂ ਨੂੰ ਤੋੜਨ 'ਚ ਰੁੱਝੇ ਕੁਝ ਲੋਕ। ਧਾਰਮਕ ਅਸਥਾਨ ਜਾਂ ਘਰ ਦੇ ਫੁੱਲਦਾਨ 'ਚ ਸਜਾਉਣ ਲਈ ਟਾਹਣੀ ਤੋਂ ਤੋੜੇ ਜਾ ਰਹੇ ਫੁੱਲਾਂ ਦਾ ਫਿਜ਼ਾ 'ਚ ਫੈਲਿਆ ਰੁਦਨ। ਕਿਸ ਨੂੰ ਤੌਫੀਕ ਏ ਇਹ ਰੁਦਨ ਸੁਣਨ ਦੀ? ਕੌਣ ਜਾਣਦਾ ਏ ਪੀੜ ਪਰਾਈ? ਕੌਣ ਸਮਝਾਵੇ ਕਿ ਫੁੱਲ ਮਹਿਕਾਂ ਖਿੰਡਾਉਣ ਲਈ, ਚੌਗਿਰਦੇ 'ਚ ਰੰਗਾਂ ਦਾ ਸੰਧਾਰਾ ਵੰਡਣ ਲਈ, ਦੇਖਣ ਵਾਲੀ ਅੱਖ 'ਚ ਸੁੰਦਰਤਾ ਦਾ ਮੁਜੱਸਮਾ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਧਰਨ ਲਈ ਅਤੇ ਸੁੰਦਰਤਾ ਨੂੰ ਮਾਣਨ ਲਈ ਹੁੰਦਾ ਏ। ਮਨਾਂ 'ਚ ਖੁਸ਼ੀ ਦੇ ਦੀਵੇ ਜਗਾਉਣ ਵਾਲਾ ਚਮਨ ਦਾ ਫੁੱਲ ਕਮਰੇ 'ਚ ਜਾਂਦਿਆਂ ਹੀ ਮੁਰਝਾ ਜਾਂਦਾ ਏ। ਪਲ ਭਰ ਦੀ ਮਸਨੂਈ ਅਰਪਣਾ ਜਾਂ ਖੁਸ਼ੀ ਲਈ ਕਤਲ ਹੋ ਰਹੇ ਫੁੱਲ ਨੂੰ ਕਿਹੜੇ ਅਰਥਾਂ ਦੀ ਤਸ਼ਬੀਹ ਦਿਉਗੇ? ਕਿਸ ਤਰ੍ਹਾਂ ਦੀ ਸੋਚ ਦਾ ਚਿਰਾਗ ਮਸਤਕ ਦੇ ਵਿਹੜੇ ਜਗਾਉਗੇ? ਫੁੱਲ ਤੋੜਨ ਲਈ ਰੁੱਖਾਂ ਨਾਲ ਚੰਬੜੇ ਹੋਏ ਇਹ ਲੋਕ, ਟਾਹਣੀਆਂ ਤੇ ਕਰੂੰਬਲਾਂ 'ਚੋਂ ਫੁੱਟਦੇ ਨੀਰ ਨੂੰ ਦੇਖਣ ਤੋਂ ਅਸਮਰਥ ਹਨ।

ਫੁੱਲ ਕਿਸੇ ਵੀ ਰੂਪ 'ਚ ਹੋਵੇ, ਉਸ ਦੇ ਬੇਵਕਤ ਟੁੱਟਣ 'ਤੇ ਪੌਣ ਹਟਕੋਰਾ ਬਣਦੀ ਏ। ਭਾਵੇਂ ਉਹ ਡੋਡੀ ਹੋਵੇ, ਅੱਧ-ਖਿੜਿਆ ਹੋਵੇ ਜਾਂ ਸੰਧੂਰੀ ਰੁੱਤ ਹੰਢਾ ਰਿਹਾ ਖਿੜਿਆ ਫੁੱਲ ਹੋਵੇ।


ਜਦੋਂ ਫੁੱਲ ਟੁੱਟਦਾ ਏ ਤਾਂ ਚਮਨ ਉਦਾਸ ਹੋ ਜਾਂਦਾ ਏ। ਬਿਰਖ ਦੇ ਹਾਸੇ ਸਰਾਪੇ ਜਾਂਦੇ ਨੇ। ਉਸ ਦੀਆਂ ਟਾਹਣੀਆਂ 'ਤੇ ਲੇਰਾਂ ਤੇ ਹਉਕਿਆਂ ਦੀ ਪਿਉਂਦ ਲੱਗਦੀ ਏ। ਮਾਲੀ ਦੇ ਕੋਏ ਖਾਰੇ ਪਾਣੀ ਦੀ ਝੀਲ ਬਣਦੇ ਨੇ। ਉਸ ਦੇ ਲੰਮੇ ਸਮੇਂ ਦੀ ਘਾਲਣਾ ਤੇ ਮਿਹਨਤ ਅਜਾਈਂ ਜਾਂਦੀ ਏ, ਉਤਸ਼ਾਹ ਮਰ ਜਾਂਦਾ ਏ ਅਤੇ ਉਸ ਦੇ ਸੁਪਨਿਆਂ ਦਾ ਖਿੜਿਆ, ਟਹਿਕਦਾ ਤੇ ਮਹਿਕਦਾ ਚਮਨ ਦਮ ਤੋੜ ਜਾਂਦਾ ਏ। ਭਲਾ! ਟੁੱਟੇ ਜਾਂ ਤਿੜਕੇ ਸੁਪਨੇ ਦੀ ਅਰਜੋਈ ਕੌਣ ਸੁਣਦਾ ਏ? ਵਕਤ ਦੀ ਸਰਦਲ 'ਤੇ ਇਕ ਰੋਣ ਧਰਿਆ ਜਾਂਦਾ ਏ, ਫਿਜ਼ਾ ਨੂੰ ਇਕ

> **ਫੁੱਲ ਟੁੱਟਣ ਦਾ ਸੱਲ ਮਾਲਣ ਦੇ ਦੀਦਿਆਂ 'ਚੋਂ ਪੜ੍ਹਨਾ, ਵਕਤ ਦੀ ਸਭ ਤੋਂ ਔਖੀ ਇਬਾਦਤ। ਫੁੱਲ ਟੁੱਟਦਾ ਏ ਤਾਂ ਖੁਸ਼ਬੂ ਰੋਂਦੀ ਏ, ਉਸ ਦੀ ਅਉਧ ਸਿਸਕੀਆਂ ਦੇ ਹਵਾਲੇ ਹੁੰਦੀ ਏ। ਉਸ ਦੇ ਸਾਹਾਂ 'ਚ ਸੋਗ ਪਰਿਕਰਮਾ ਕਰਦਾ ਏ। ਇਕ ਸੰਦਲੀ ਸੁਪਨਾ ਮਰ ਜਾਂਦਾ ਏ।**

ਹੂਕ ਵਰੀ ਜਾਂਦੀ ਏ ਅਤੇ ਭੌਰਿਆਂ ਦੇ ਬੋਲ ਗੁੰਗੇ ਹੋ ਜਾਂਦੇ ਨੇ।

ਖਿੜਨ ਰੁੱਤ ਦੇ ਨਾਂਵੇਂ ਜਦੋਂ ਪਤਝੜ ਰੁੱਤ ਲਿਖੀ ਜਾਵੇ, ਜਿਉਣ ਰੁੱਤ ਉਤੇ ਮਰਨ ਰੁੱਤ ਉਕਰੀ ਜਾਵੇ, ਮੌਲਣ ਰੁੱਤ ਦੇ ਨਾਂਵੇਂ ਮਸਲਣ ਰੁੱਤ ਲਿਖੀ ਜਾਵੇ ਤਾਂ ਵਕਤ, ਬੇਵਕਤੀ ਮੌਤ ਮਰਦਾ ਏ। ਬੇਸ਼ਗਨੀ ਦੀਆਂ ਰੁੱਤਾਂ ਸਮਿਆਂ ਦਾ ਸਰਾਪ ਬਣਦੀਆਂ ਨੇ।

ਆਪਣੇ ਮਿੱਤਰ ਪਿਆਰੇ ਦੀ ਬੇਵਕਤੀ ਮੌਤ ਉਪਰ ਭੋਗ 'ਤੇ ਜਾ ਰਿਹਾ ਵਿਅਕਤੀ ਬੀਤੇ ਦੀਆਂ ਯਾਦ 'ਚ ਗੁਆਚਿਆ ਪਿੰਡ ਦਾ ਰਸਤਾ ਭੁੱਲ ਗਿਆ ਅਤੇ ਜਦੋਂ ਮਿੱਤਰ ਦੇ ਪਿੰਡ ਦੀ ਸੜਕ 'ਤੇ ਚੜ੍ਹਿਆ ਤਾਂ ਸੋਚਦਾ ਹੈ, "ਮੈਂ ਕਿਸ ਰੂਪ 'ਚ ਮਿੱਤਰ ਦੇ ਪਿੰਡ ਜਾ ਰਿਹਾ ਹਾਂ। ਸੜਕ ਉਦਾਸ ਏ। ਬਿਰਖ ਉਦਾਸ ਏ। ਕਿਹੜੀ ਉਮਰ ਸੀ, ਅਣਜਾਣੇ ਰਸਤੇ ਤੁਰਨ ਦੀ, ਜਿਥੋਂ ਕੋਈ ਵਾਪਸ ਨਹੀਂ ਪਰਤਦਾ।" ਮਰ ਗਿਆਂ ਦੀਆਂ ਯਾਦਾਂ ਦਾ ਕਾਫਲਾ ਹੀ ਸਾਡਾ ਇਕ ਕੀਮਤੀ ਖਜ਼ਾਨਾ ਰਹਿ ਜਾਂਦਾ ਏ ਜੋ ਬੀਤੇ ਪਲਾਂ ਦੀ ਨਿਸ਼ਾਨਦੇਹੀ ਕਰਦਾ ਏ। ਪਿੰਡ ਨੂੰ ਜਾਂਦੀ ਸੜਕ ਦੀ ਧੂੜ ਜੋ ਕਦੇ ਸੁਰਮੇ ਵਰਗੀ ਸੀ ਅੱਜ ਅੱਖਾਂ 'ਚ ਕੁੱਕਰੇ ਬਣ ਰੜਕਦੀ ਏ। ਇਹ ਪਿੰਡ ਉਹ ਨਹੀਂ ਜੋ ਅੱਜ ਤੋਂ ਕੁਝ ਸਮਾਂ ਪਹਿਲਾਂ ਉਸ ਦੇ ਵਿਆਹ ਦੀਆਂ ਖੁਸ਼ੀਆਂ 'ਚ ਸ਼ਰੀਕ ਹੋਇਆ ਸੀ। ਪਿੰਡ ਉਦਾਸ ਏ। ਇਸ ਦੀ ਫਿਜ਼ਾ 'ਚ ਸਿਸਕੀਆਂ ਨੇ। ਹਰ ਕੰਧ 'ਤੇ ਗਮ ਦੀਆਂ ਲੀਕਾਂ ਨੇ। ਇਥੇ ਹੀ ਕਿਧਰੇ ਦੋਸਤ ਦੀਆਂ ਆਵਾਜ਼ਾਂ ਗੁੰਮਸ਼ੁਦਗੀ ਨੂੰ ਹੰਢਾਉਂਦੀਆਂ ਹੋਣਗੀਆਂ। ਕੌਣ ਵੰਡ ਗਿਆ ਏ ਪਿੰਡ ਨੂੰ ਸੁੰਨਸਾਨਤਾ? ਮਿੱਤਰਾਂ ਨਾਲ ਹੀ ਮਿੱਤਰਾਂ ਦੇ ਦਰ ਤੁਹਾਨੂੰ ਉਡੀਕਦੇ ਨੇ, ਪਿੰਡ ਚੰਗਾ ਲੱਗਦਾ ਏ। ਮਿੱਤਰ ਤੋਂ ਬਗੈਰ ਤਾਂ ਹਰ ਵਸਤ ਤੁਹਾਡੇ ਲਈ ਗੈਰ ਹੋ ਜਾਂਦੀ ਏ।



ਫੁੱਲ ਟੁੱਟਣ ਦਾ ਸੱਲ ਮਾਲਣ ਦੇ ਦੀਦਿਆਂ 'ਚੋਂ ਪੜ੍ਹਨਾ, ਵਕਤ ਦੀ ਸਭ ਤੋਂ ਔਖੀ ਇਬਾਦਤ। ਫੁੱਲ ਟੁੱਟਦਾ ਏ ਤਾਂ ਖੁਸ਼ਬੂ ਰੋਂਦੀ ਏ, ਉਸ ਦੀ ਅਉਧ ਸਿਸਕੀਆਂ ਦੇ ਹਵਾਲੇ ਹੁੰਦੀ ਏ। ਉਸ ਦੇ ਸਾਹਾਂ 'ਚ ਸੋਗ ਪਰਿਕਰਮਾ ਕਰਦਾ ਏ। ਇਕ ਸੰਦਲੀ ਸੁਪਨਾ ਮਰ ਜਾਂਦਾ ਏ।

ਇਕ ਨੌਜਵਾਨ ਇਕੱਲਾ ਨਹੀਂ ਮਰਦਾ, ਤਿੱਲ ਤਿੱਲ ਕਰਕੇ ਮਰਦਾ ਏ ਸਮੁੱਚਾ ਪਰਿਵਾਰ, ਹਉਕਿਆਂ ਦੀ ਬਸਤੀ ਬਣ ਜਾਂਦਾ ਏ ਉਨ੍ਹਾਂ ਦਾ ਸੰਸਾਰ, ਹੰਝੂ ਬਣ ਜਾਂਦੇ ਨੇ ਮਾਂ-ਪਿਉ, ਰੋਂਦੀ ਏ ਭੈਣ ਦੀ ਰੱਖੜੀ, ਡੌਲਿਓਂ ਟੁੱਟਦੀ ਏ ਬਾਂਹ, ਇੱਛਰਾਂ ਬਣ ਜਾਂਦੀ ਏ ਮਾਂ, ਖੁਆਰ ਹੁੰਦਾ ਏ ਬੁਢਾਪਾ, ਰਾਖ ਬਣਦਾ ਏ ਮਾਂਗ ਦਾ ਸੰਧੂਰ, ਖੁਸ ਜਾਂਦੀ ਏ ਬੱਚਿਆਂ ਦੇ ਸਿਰ ਤੋਂ ਸੰਘਣੀ ਛਾਂ, ਗੁੰਮਨਾਮੀ ਦੀ ਜੂਨ ਹੰਢਾਉਂਦਾ ਏ ਨਾਂ ਅਤੇ ਸਿਸਕੀ ਬਣ ਜਾਂਦਾ ਏ ਘਰ, ਗਰਾਂ।

ਕੁਝ ਫੁੱਲ ਕੁਦਰਤੀ ਮਾਰ ਦਾ ਸ਼ਿਕਾਰ ਹੋ ਜਾਂਦੇ ਨੇ, ਕੁਝ ਮਨੁੱਖ ਦੀਆਂ ਆਪ ਹੁਦਰੀਆਂ ਦਾ ਸ਼ਿਕਾਰ ਹੋ ਜਾਂਦੇ ਨੇ। ਹਾਦਸੇ ਤੇ ਹੋਣੀਆਂ ਦੀ ਕਬਰ 'ਚ ਦੱਬੇ ਫੁੱਲਾਂ ਦੀ ਕਰੁਣਾਮਈ ਗਾਥਾ ਹਰ ਅੱਖ ਦਾ ਨੀਰ ਬਣਦੀ ਏ। ਪਰ ਮਨੁੱਖ ਨੇ ਫੁੱਲਾਂ ਨੂੰ ਪੁੰਗਰਨ ਤੋਂ ਪਹਿਲਾਂ ਹੀ ਖਤਮ ਕਰਨ ਦਾ ਵੱਲ ਸਿੱਖ ਲਿਆ ਏ ਜੇ ਉਹ ਫੁੱਲ ਕਿਸੇ ਦੀ ਸੋਚ ਜਾਂ ਸਮਾਜਿਕ ਸੋਚ ਦੇ ਅਨੁਕੂਲ ਨਾ ਹੋਵੇ। ਕੁੱਖ 'ਚ ਪੁੰਗਰਦੇ ਬੀਜ ਨੂੰ ਕਤਲ ਕਰਨ ਲੱਗਿਆਂ, ਮਨੁੱਖੀ ਮਨ ਰਤਾ ਵੀ ਪਸੀਜਦਾ ਨਹੀਂ। ਜਰਾ ਵੀ ਤਰਸ ਨਹੀਂ ਆਉਂਦਾ। ਮਨੁੱਖ ਦੀ ਹੈਵਾਨੀਅਤ, ਇਨਸਾਨੀਅਤ ਦੇ ਮੱਥੇ ਦਾ ਕਲੰਕ ਬਣ ਗਈ ਏ।

ਬੜਾ ਲੰਮਾ ਹੁੰਦਾ ਏ ਇਕ ਬੀਜ ਤੋਂ ਫੁੱਲ ਤੀਕ ਦਾ ਸਫਰ। ਇਕ ਲੰਬੀ ਘਾਲਣਾ ਏ, ਇਕ ਸਿਰੜ ਏ, ਇਕ ਸਮਰਪਣ ਏ ਅਤੇ ਜੇ ਫੁੱਲ ਖਿੜਨ ਤੋਂ ਪਹਿਲਾਂ ਹੀ ਡਾਲੀ ਨਾਲੋਂ ਟੁੱਟ ਜਾਵੇ ਤਾਂ ਉਮਰਾਂ ਦਾ ਰੋਣਾ ਡਾਲੀ ਦਾ ਨਸੀਬ ਬਣਦਾ ਏ। 17 ਕੁ ਸਾਲ ਦੇ ਅਲੂਏਂ ਫੁੱਲ ਦੀ ਅੰਤਿਮ ਅਰਦਾਸ ਮੌਕੇ ਸਟੇਜ ਸਕੱਤਰ ਦੇ ਤੌਰ 'ਤੇ ਕਹੇ ਹੋਏ ਮੇਰੇ ਦੋਸਤ ਦੇ ਉਹ ਲਫਜ਼ ਮੇਰੀ ਸੋਚ 'ਚ ਵਾਰ ਵਾਰ ਦਸਤਕ ਦਿੰਦੇ ਮੈਨੂੰ ਹੁਣ ਵੀ ਬੇਚੈਨ ਕਰ ਜਾਂਦੇ ਨੇ, "ਇਹ ਸਮਾਗਮ ਸ਼ਰਧਾਂਜਲੀ ਸਮਾਗਮ ਨਹੀਂ। ਅਜੇ ਤਾਂ ਉਸ ਬੱਚੇ ਨੇ ਸੁਪਨਾ ਲੈਣਾ ਸੀ, ਸੁਪਨਾ ਪੂਰਾ ਕਰਨਾ ਸੀ, ਮਾਂ-ਪਿਓ ਦੇ ਸੁਪਨਿਆਂ ਦੀ ਤਾਮੀਰਦਾਰੀ ਕਰਨੀ ਸੀ। ਭੈਣ-ਭਰਾਵਾਂ ਨਾਲ ਸੁਪਨਿਆਂ ਦੀ ਸਾਂਝ ਪਾਉਣੀ ਸੀ। ਇਹ ਉਸ ਸੁਪਨੇ ਦੇ ਤੁਰ ਜਾਣ ਦਾ ਸੋਗ ਏ। ਮਰ ਗਏ ਸੁਪਨੇ ਲਈ ਅਕੀਦਤ ਦੇ ਫੁੱਲ ਨੇ ਜੋ ਅਸੀਂ ਭੇਟ ਕਰ ਰਹੇ ਹਾਂ। ਸ਼ਰਧਾਂਜਲੀ ਤਾਂ ਪੂਰਨ, ਸੰਤੁਸ਼ਟ ਉਮਰ ਭੋਗ ਕੇ ਤੁਰ ਗਿਆਂ ਨੂੰ ਹੀ ਭੇਟ ਕੀਤੀ ਜਾਂਦੀ ਏ।"

ਵਕਤ ਤੋਂ ਪਹਿਲਾਂ ਤੁਰ ਗਏ, ਹਿੱਕ 'ਚ ਚਿਖਾ ਬਾਲ ਜਾਂਦੇ ਨੇ ਜਿਸ ਦੇ ਸੇਕ 'ਚ ਹਰ ਸ਼ਖਸ ਓਨਾ ਕੁ ਝੁਲਸਦਾ ਏ ਜਿੰਨਾ ਕੁ ਨੇੜ ਹੋਵੇ, ਮੋਹ ਹੋਵੇ, ਅਪਣੱਤ ਹੋਵੇ। ਛੋਟੀ ਉਮਰੇ ਤੁਰ ਗਿਆਂ ਦੇ ਖਿਡੌਣੇ ਰੋਂਦੇ ਨੇ, ਕਿਤਾਬਾਂ ਰੋਂਦੀਆਂ ਨੇ, ਅੱਖਰ ਰੋਂਦੇ ਨੇ, ਖੇਡਾਂ ਰੋਂਦੀਆਂ ਨੇ, ਕੰਧਾਂ 'ਤੇ ਵਾਹੀਆਂ ਮੂਰਤਾਂ ਰੋਂਦੀਆਂ ਨੇ, ਸ਼ਰਾਰਤਾਂ ਰੋਂਦੀਆਂ ਨੇ। ਘਰ ਦੇ ਹਰ ਕੋਨੇ 'ਚ ਉਨ੍ਹਾਂ ਦੇ ਕਦਮਾਂ ਦੀ ਆਹਟ ਤੇ ਤੋਤਲੇ ਬੋਲ ਗੂੰਜਦੇ ਨੇ। ਉਨ੍ਹਾਂ ਨਾਲ ਜੁੜੀਆਂ ਯਾਦਾਂ ਦਾ ਇਤਿਹਾਸ ਸਿਸਕਦਾ ਏ।

ਫੁੱਲ, ਫੁੱਲਦਾਨ 'ਚ ਸਜਾ ਕਮਰੇ ਦੀ ਚਾਰ-ਦੀਵਾਰੀ 'ਚ ਘੁੱਟਣ ਭਰੀ ਪਲ ਭਰ ਦੀ ਜ਼ਿੰਦਗੀ ਜਿਉਣ ਲਈ ਨਹੀਂ ਹੁੰਦੇ, ਉਹ ਤਾਂ ਚੌਗਿਰਦੇ 'ਚ ਸੁੰਦਰਤਾ ਬਿਖੇਰਦੇ ਚਾਰੇ ਪਾਸੀਂ ਖੁਸ਼ੀਆਂ ਦਾ ਸੰਧਾਰਾ ਵੰਡਣ ਲਈ ਹੁੰਦੇ ਨੇ।

ਟੁੱਟਿਆ ਫੁੱਲ ਦੁਬਾਰਾ ਟਾਹਣੀ ਨਾਲ ਨਹੀਂ ਜੋੜਿਆ ਜਾ ਸਕਦਾ। ਫੁੱਲ ਵਿਹੂਣੀ ਟਾਹਣੀ ਫੁੱਲ ਦੇ ਵਿਯੋਗ 'ਚ ਹਰ ਸਾਹੇ ਸੋਗ ਦਾ ਵਣਜ ਕਰਦੀ ਆਖਰ ਨੂੰ ਟੁੱਟੇ ਹੋਏ ਫੁੱਲ ਦੀ ਡੰਡੀ ਵਾਂਗਰਾਂ ਸੁੱਕੀ ਹੋਈ ਲਗਰ ਬਣ ਜਾਂਦੀ ਏ।

ਵਲੂੰਧਰ ਕੇ ਤੋੜੇ ਹੋਏ ਫੁੱਲ ਰੱਬ ਨੂੰ ਰਿਝਾ ਨਹੀਂ ਸਕਦੇ। ਜੇ ਰੱਬ ਨੂੰ ਰਿਝਾਉਣਾ ਏ ਤਾਂ ਉਸ ਦੇ ਦਰ 'ਤੇ ਮਨ ਦੇ ਖਿੜੇ ਹੋਏ ਕਮਲ ਦੀ ਸੁੰਦਰਤਾ, ਸਵੱਛਤਾ, ਸਾਦਗੀ ਤੇ ਸਮਰਪਣ ਅਰਪਿਤ ਕਰੋ। ਤੁਹਾਡੀ ਸੇਵਾ ਜ਼ਰੂਰ ਕਬੂਲ ਹੋਵੇਗੀ। ਮਨ ਦੀਆਂ ਮੰਗੀਆਂ ਮੁਰਾਦਾਂ ਜ਼ਰੂਰ ਪਾਉਗੇ।

ਫੁੱਲ, ਫੁੱਲਾਂ ਦੀ ਸੰਗਤ 'ਚ ਸ਼ੋਭਦੇ ਨੇ। ਉਹ ਤਾਂ ਕੰਢਿਆਂ ਦੇ ਸਾਥ 'ਚ ਵੀ ਮਹਿਕਾਂ ਤੇ ਰੰਗਾਂ ਦੀ ਛਹਿਬਰ ਲਾਉਣ ਤੋਂ ਗੁਰੇਜ ਨਹੀਂ ਕਰਦੇ।

ਕੋਮਲ ਤਾਸੀਰ ਦੇ ਮਾਲਕ ਫੁੱਲ, ਹਾਬੜੀਆਂ ਪੌਣਾਂ 'ਚ ਮਹਿਕਾਂ ਰਲਾ ਉਨ੍ਹਾਂ ਨੂੰ ਰੁਮਕਣ ਦਾ ਵੱਲ ਸਿਖਾਉਂਦੇ ਨੇ। ਤਾਹੀਓਂ ਤਾਂ ਪੱਤੀਆਂ ਨਾਲ ਖਹਿ ਕੇ ਲੰਘਦੀ ਪੌਣ, ਉਨ੍ਹਾਂ ਨੂੰ ਹਿਲੋਰਿਆਂ ਦੀ ਗੁੜਤੀ ਦਿੰਦੀ ਏ।

ਫੁੱਲ ਨਾ ਤੋੜੋ। ਇਨ੍ਹਾਂ ਨਾਲ ਗੁਲਜ਼ਾਰਾਂ ਨੂੰ ਭਾਗ ਲਗਣ ਦਿਉ ਅਤੇ ਕੁਦਰਤ ਦੇ ਵਿਹੜੇ ਚਮਨ ਦੀ ਆਰਤੀ ਉਤਾਰਨ ਦਿਉ।

ਅੰਬਰ ਦੇ ਵਿਹੜੇ 'ਚ ਚੰਨ-ਤਾਰਿਆਂ ਵਰਗੇ ਫੁੱਲਾਂ ਨੂੰ ਨਿਹਾਰਿਓ, ਤੁਹਾਨੂੰ ਅੰਬਰ ਦੇ ਵਿਹੜੇ



'ਚ ਪਸਰੀ ਸੁੰਦਰਤਾ ਦੇ ਸਾਖਸ਼ਾਤ ਦੀਦਾਰ ਹੋਣਗੇ।

ਫੁੱਲ ਦਾ ਧਰਮ ਏ ਖੁਸ਼ੀਆਂ ਤੇ ਖੇੜਿਆਂ ਦਾ ਨਿਰਸੁਆਰਥ ਵੰਡਣਾ, ਧਰਮ ਜਾਂ ਜਾਤ ਦੇ ਵਖਰੇਵੇਂ ਤੋਂ ਉਪਰ ਉਠ ਹਰ ਮਸਤਕ 'ਚ ਸੁਹਜ ਉਪਜਾਉਣਾ, ਹਰ ਮਨ ਦੀ ਬੀਹੀ 'ਚ ਕੋਮਲਤਾ ਦਾ ਗੇੜਾ ਲਾਉਣਾ, ਕਿਸੇ ਦੀ ਉਦਾਸੀ ਜਾਂ ਉਪਰਾਮਤਾ ਦਾ ਉਪਾਅ ਕਰਨਾ, ਸੋਗ ਦੀ ਮੁੱਠ 'ਚ ਚਾਅ ਧਰਨਾ, ਫਿਕਰਮੰਦੀ 'ਚ ਵੀ ਵਕਤ ਦੇ ਨਾਮ ਫਕੀਰੀ ਕਰਨਾ ਅਤੇ ਪੀਲੀ ਰੁੱਤ ਦੇ ਨਾਂਵੇਂ ਸੰਧੂਰੀ ਰੁੱਤ ਕਰਨਾ।

ਕਦੇ ਫੁੱਲਾਂ ਨਾਲ ਗੱਲਾਂ ਕਰਦੇ ਆਪੇ 'ਚ ਗਵਾਚੇ ਬੱਚੇ ਨੂੰ ਮੋਹ ਨਾਲ ਨਿਹਾਰਿਓ। ਉਸ ਦੀਆਂ ਬਚਗਾਨਾ ਹਰਕਤਾਂ ਨੂੰ ਵਾਚਿਓ। ਉਸ ਨੂੰ ਕਾਇਨਾਤ ਦੀ ਸੁੰਦਰ ਵਾਦੀ 'ਚ ਗਵਾਚੇ ਨੂੰ ਗਹੁ ਨਾਲ ਵੇਖਿਓ। ਉਸ ਦੇ ਮੁਖੜੇ 'ਤੇ ਫੈਲੇ ਹੋਏ ਨੂਰ, ਸਕੂਨ, ਚਾਅ ਤੇ ਸੰਤੁਸ਼ਟੀ 'ਚੋਂ ਤੁਸੀਂ ਅਸੀਮ ਤੇ ਉਚਤਮ ਸੁਖਨ ਤਲਾਸ਼ ਸਕਦੇ ਹੋ। ਨਿੱਕੇ ਨਿੱਕੇ ਫੁੱਲਾਂ ਦਾ ਆਪਣੀ ਆਪਣੀ ਬੋਲੀ 'ਚ ਰਚਾਇਆ ਸੰਵਾਦ, ਸਿਆਣਿਆਂ ਦੇ ਕਦੋਂ ਪੱਲੇ ਪੈਂਦਾ ਏ?

ਖੁਦਾ ਕਰੇ! ਕਦੇ ਕੋਈ ਫੁੱਲ ਲੂਅ ਦੀ ਰੁੱਤ ਨਾ ਹੰਢਾਵੇ। ਪਤਝੜਾਂ ਦੀ ਹੋਣੀ ਮਸਤਕ 'ਤੇ ਨਾ ਉਕਰਾਵੇ। ਸੋਚਾਂ 'ਚ ਸੋਗ ਨਾ ਉਪਜਾਵੇ। ਸਾਹਾਂ 'ਚ ਮਹਿਕ ਦੀ ਅਰਥੀ ਨਾ ਟਿਕਾਵੇ ਕਿਉਂਕਿ ਇਕ ਫੁੱਲ ਦੇ ਉਦਾਸ ਹੋਣ 'ਤੇ ਉਪਰਾਮ ਹੋ ਜਾਂਦੀ ਏ ਬਹਾਰ, ਰੁੱਸ ਜਾਂਦੀ ਏ ਗੁਲਜ਼ਾਰ, ਵਿੱਟਰ ਜਾਂਦੇ ਨੇ ਸ਼ੁਭ ਵਿਚਾਰ ਅਤੇ ਤਿੜਕ ਜਾਂਦਾ ਏ ਰਾਂਗਲਾ ਸੁਪਨ ਸੰਸਾਰ।

ਫੁੱਲ ਨੂੰ ਫੁੱਲ ਦੀ ਜੂਨ ਹੰਢਾਉਣ ਦਿਓ। ਸੁਖਨ, ਸਕੂਨ, ਸੁੰਦਰਤਾ, ਸੁਹਜ ਤੇ ਸੁਚਮਤਾ ਵਰਗੇ ਅਹਿਸਾਸ ਮਨੁੱਖੀ ਮਨਾਂ 'ਚ ਉਪਜਾਉਣ ਦਿਓ ਅਤੇ ਇਨ੍ਹਾਂ ਦੀ ਸਦੀਵਤਾ 'ਚੋਂ ਮਨੁੱਖ ਦੀ ਸਦੀਵਤਾ ਦਾ ਨਗਮਾ ਬੁੱਲੀਂ ਗੁਣਗਣਾਉਣ ਦਿਓ।

### ਤ੍ਰੇਲ ਤੇ ਸੂਰਜ

ਘਾਹ ਉਤੇ ਮੈਂ ਪਈ ਤ੍ਰੇਲ ਹਾਂ
ਨੈਣ ਨੈਣ ਹੋ ਰਹੀਆਂ,
'ਦਰਸ-ਪਯਾਸ' ਵਿਚ ਨੈਣ ਭਰ ਰਹੇ,
ਪਾਣੀ ਪਾਣੀ ਹੋਈਆਂ,
'ਦਰਸ-ਪਯਾਸ' ਹੁਣ ਰੂਪ ਮਿਰਾ ਹੈ
ਮੈਂ ਵਿਚ ਹੋਰ ਨ ਬਾਕੀ,
ਚੜ੍ਹ ਅਰਸ਼ੋਂ, ਆ ਅੰਗ ਲਗਾ,
ਮੈਂ ਵਿਛੀ ਤਿਰੇ ਰਾਹ ਪਈਆਂ।

### ਪਸਾਰੀ ਕਿ ਮਖੀਰ?

ਤੋੜ ਗੁਲਾਬ ਪਸਾਰੀ ਲਯਾਇਆ
ਮਲ ਮਲ ਖੰਡ ਰਲਾਈ,
ਭੀ ਕਉੜੱਤਣ ਰਹੀ ਸਵਾਦ ਵਿਚ
ਬਣੀ ਨ ਉਹ ਮਠਿਆਈ,
ਮੱਖੀ ਬਣ, ਕਣ ਰਸ ਜੇ ਚੁਣਦਾ,
ਤੋੜ ਨ ਆਬ ਗੁਆਂਦਾ,
ਮਾਲੀ ਨਾਲੋਂ ਨੇਹੁੰ ਨ ਟੁਟਦਾ,
ਰਸ ਪੀਂਦਾ ਸੁਖਦਾਈ।

### ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ 'ਮਹਿਕ' ਦੀ ਲਾਈ!
ਲੱਖ ਗਾਹਕ ਜੇ ਸੁੰਘੇ ਆ ਕੇ
ਖਾਲੀ ਇਕ ਨ ਜਾਈ,
ਤੂੰ ਜੇ ਇਕ ਤੋੜ ਕੇ ਲੈ ਗਿਓਂ,
ਇਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ।

### ਹੋਸ਼-ਮਸਤੀ

'ਕਿਉਂ ਹੋਯਾ?' ਤੇ 'ਕੀਕੂੰ ਹੋਯਾ?'
ਖਪ ਖਪ ਮਰੇ ਸਿਆਣੇ,
ਓਸੇ ਰਾਹ ਪਵੇਂ ਕਿਉਂ ਜਿੰਦੇ!
ਜਿਸ ਰਾਹ ਪੂਰ ਮੁਹਾਣੇ,
ਭਟਕਣ ਛੱਡ, ਲਟਕ ਲਾ ਇਕੋ,
ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ।

### ਰਉਂ ਰੁੱਖ

ਸਾਗਰ ਪੁਛਦਾ: 'ਨਦੀਏ! ਸਾਰੇ
ਬੂਟੇ ਬੂਟੀਆਂ ਲਯਾਵੇਂ,
ਪਰ ਨਾ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ?'
ਨਦੀ ਆਖਦੀ: 'ਆਕੜ ਵਾਲੇ,
ਸਭ ਬੂਟੇ ਪਟ ਸੱਕਾਂ,
'ਪਰ ਜੋ ਝੁਕੇ ਵਗੇ ਰਉਂ ਰੁੱਖ ਨੂੰ
ਪੇਸ਼ ਨਾ ਉਸ ਤੇ ਜਾਵੇ।'

### ਬ੍ਰਿਛ

ਧਰਤੀ ਦੇ ਹੇ ਤੰਗ-ਦਿਲ ਲੋਕੋ!
ਨਾਲ ਅਸਾਂ ਕਿਉਂ ਲੜਦੇ?
ਚੌੜੇ ਦਾਉ ਅਸਾਂ ਨਹੀਂ ਵਧਣਾ,
ਸਿੱਧੇ ਜਾਣਾ ਚੜ੍ਹਦੇ;
ਘੇਰੇ ਤੇ ਫੈਲਾਉ ਅਸਾਡੇ
ਵਿਚ ਅਸਮਾਨਾਂ ਹੋਸਣ;
ਗਿੱਠ ਥਾਉਂ ਧਰਤੀ ਤੇ ਮੱਲੀ,
ਅਜੇ ਤੁਸੀਂ ਹੋ ਲੜਦੇ?

### ਮਹਿੰਦੀ ਦੇ ਬੂਟੇ ਕੋਲ

ਮਹਿੰਦੀਏ ਨੀ ਰੰਗ ਰੱਤੀਏ ਨੀ!
ਕਾਹਨੂੰ ਰਖਿਆ ਈ ਰੰਗ ਲੁਕਾ ਸਹੀਏ!
ਹੱਥ ਰੰਗ ਸਾਡੇ ਸ਼ਰਮਾਕਲੇ ਨੀ
ਵੰਨੀ ਅੱਜ ਸੁਹਾਗ ਦੀ ਲਾ ਲਈਏ,
ਗਿੱਧੇ ਮਾਰਦੇ ਸਾਂ ਜਿਨ੍ਹਾਂ ਨਾਲ ਹੱਥਾਂ
ਰੰਗ ਰੱਤੜੇ ਦੇ ਗਲੇ ਪਾ ਦੇਈਏ।
ਗਲ ਪਾ ਗਲਵੱਕੜੀ ਖੁਹਲੀਏ ਨਾ,
ਰੰਗ ਲਾ ਰੰਗ-ਰੱਤੜੇ ਸਦਾ ਰਹੀਏ।

*-ਭਾਈ ਵੀਰ ਸਿੰਘ*


LET THE
OBSESSION BEGIN
10
vivo
IPL
ON WILLOW HD
VIVO IPL - April 5th to May 21st
ICC Champions Trophy 2017 – June 1st to June 18th
WORLD CRICKET
$40
FOR 6 MONTHS
1-888-554-6754
SLING.COM/CRICKET
sling
TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires Internet-connected compatible device. Compatible devices include: PC or Mac, Roku, IOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional international streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.